36 ISSN 2321- 4449

# ਕਹਾਣੀ ਧਾਰਾ



ਜਨਵਰੀ-ਮਾਰਚ,2015

ਮੁੱਲ : 40/-

Year: 10 Issue No. 36
'KAHANI DHARA'(PUNJABI QUARTERLY) Jan.-March., 2015 R.N.I. Regd No. PUN PUN 2006 / 19971



## ਪਰਵਾਜ਼ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਪੁਸਤਕਾਂ

1. ਮੇਰੀ ਅਧੂਰੀ ਕਹਾਣੀ (ਸਵੈ ਜੀਵਨੀ)
ਮੋਹਨ ਸਿੰਘ ਕੁੱਕੜਪਿੰਡੀਆਂ ਮੁੱਲ :260 ਰੁ., ਪੰਨੇ :255
ISBN:978-81-922343-0-4, Year:2011

2. ਕਾਲ ਕਾਲਾਂਤਰ (ਕਹਾਣੀ ਸੰਗ੍ਰਹਿ)
ਸਰੂਪ ਸਿਆਲਵੀ, ਮੁੱਲ: 150, ਪੰਨੇ: 160
ISBN:978-81-922343-1-1, Year:2011

3. ਭਗਵੰਤ ਰਸੂਲਪੁਰੀ ਦੀ ਕਥਾ ਪ੍ਰਕਿਰਿਆ (ਆਲੋਚਨਾ)
ਸੰਪ. ਰਜਨੀਸ਼ ਬਹਾਦਰ ਸਿੰਘ, ਮੁੱਲ:150 ਰੁ., ਪੰਨੇ:112
ISBN:978-81-922343-2-8, Year:2012

4. ਕਦਮ ਕਦਮ ਚੌਰਾਹੇ (ਕਹਾਣੀ ਸੰਗ੍ਰਹਿ)ਬਿਦਰ ਬਸਰਾ,
ਮੁੱਲ:100 ਰੁ., ਪੰਨੇ: 112
ISBN:978-81-922343-3-5, Year:2012

5. ਮੇਰਾ ਬਚਪਨ ਮੇਰੇ ਮੋਢੇ (ਸਵੈ ਜੀਵਨੀ)
ਸ਼ਿਓਰਾਜ ਸਿੰਘ ਬੇਚੈਨ, ਅਨੁ. ਬਲਬੀਰ ਮਾਧੋਪੁਰੀ
ਮੁੱਲ: 200 ਰੁ., ਪੰਨੇ :192
ISBN:978-81-922343-4-2, Year:2012

6. ਪ੍ਰਤੀਨਿੱਧ ਦਲਿਤ ਕਹਾਣੀਆਂ (ਕਹਾਣੀ ਸੰਗ੍ਰਹਿ)
ਸੰਪਾਦਕ ਭਗਵੰਤ ਰਸੂਲਪੁਰੀ, ਮੁੱਲ:100, ਪੰਨੇ :192
ISBN:978-81-922343-5-9, Year:2013

7. 47-ਏ ਦਿੱਲੀ (ਕਹਾਣੀ ਸੰਗ੍ਰਹਿ)
ਮਹਿੰਦਰ ਸਿੰਘ ਤਤਲਾ, ਮੁੱਲ :150 ਰੁ., ਪੰਨੇ :144
ISBN:978-81-922343-6-6, Year:2013

8. ਕੁਵੇਲੇ ਤੁਰਿਆ ਪਾਂਧੀ (ਕਹਾਣੀ ਸੰਗ੍ਰਹਿ)
ਭਗਵੰਤ ਰਸੂਲਪੁਰੀ, ਮੁੱਲ: 160, ਪੰਨੇ :112
ISBN:978-81-922343-7-3, Year:2013

9. ਮੈਂ ਸ਼ੈਤਾਨ ਤੇ ਇੰਦੂਮਣੀ (ਕਹਾਣੀ ਸੰਗ੍ਰਹਿ)
ਭਗਵੰਤ ਰਸੂਲਪੁਰੀ, ਮੁੱਲ: 180, ਪੰਨੇ: 144
ISBN:978-81-922343-8-0, Year:2013

10. ਪਰਵਾਸ ਤੋਂ ਆਵਾਸ ਵੱਲ (ਕਹਾਣੀ ਸੰਗ੍ਰਹਿ)
ਸੰਪਾਦਕ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ,
ਹਰਜਿੰਦਰ ਪੰਧੇਰ, ਮੁੱਲ: 340 ਰੁ. ਪੰਨੇ :336
ISBN:978-81-922343-9-7, Year:2013

11. ਜ਼ਲਾਲਤ (ਸਵੈ ਜੀਵਨੀ) ਸਰੂਪ ਸਿਆਲਵੀ,
ਮੁੱਲ: 260 ਰੁਪੇ, ਪੰਨੇ :224
ISBN:978-93-83716-00-5, Year:2013

12. ਤੁਰਿਆ ਚੱਲ (ਕਵਿਤਾ) ਕਰਮ ਚੰਦ ਸੇਖੋਂ,
ਮੁੱਲ: 100 ਰੁ., ਪੰਨੇ: 144
ISBN:978-93-83716-01-2, Year:2013

13. ਵਿਦਰੋਹੀ ਸੁਰ (ਇਤਿਹਾਸ)
ਮਾ. ਮਲਕੀਤ ਸਿੰਘ+ਕਰਮ ਸਿੰਘ ਵਕੀਲ,
ਪੰਨੇ: 232, ਮੁੱਲ: 350
ISBN:978-93-83716-02-9, Year:2014

14. ਮੈਂ ਕੋਈ ਕੁਫ਼ਰ ਤੋਲਿਆ (ਵਿਅੰਗ)
ਬਲਰਾਜ ਸਿੰਘ, ਪੰਨੇ: 144, ਮੁੱਲ :150 ਰੁਪੈ.
ISBN:978-93-83716-03-6, Year:2014

15. ਦਾਨਾਬਾਦ ਬਨਾਮ ਸਿੰਘੋਵਾਲ (ਕਵਿਤਾ ਸੰਗ੍ਰਹਿ)
ਮੋਹਨ ਮਤਿਆਲਵੀ, ਪੰਨੇ: 112, ਮੁੱਲ: 150
ISBN:978-93-83716-04-3, Year:2014

16. ਮੈਂ ਕਿਉਂ ਜੀਅ ਰਿਹਾ (ਕਹਾਣੀ ਸੰਗ੍ਰਹਿ)
ਕਰਮਜੀਤ ਸਿੰਘ ਨਡਾਲਾ, ਪੰਨੇ: 144, ਮੁੱਲ: 160
ISBN:978-93-83716-05-0, Year:2014

17. ਦਾਰੋ ਘਤਿਤੀ (ਕਹਾਣੀ ਸੰਗ੍ਰਹਿ)
ਪ੍ਰੀਤ ਨੀਤਪੁਰ, ਪੰਨੇ: 160, ਮੁੱਲ: 200
ISBN:978-93-83716-06-7, Year:2014

18. ਸਾਹਿਤਕਾਰੀ ਅਤੇ ਸਾਹਿਤਕ ਪਰਿਪੇਖ(ਆਲੋਚਨਾ)
ਨਰਿੰਜਨ ਤਸਨੀਮ (ਪ੍ਰੋ.) ਪੰਨੇ: 160, ਮੁੱਲ: 230
ISBN:978-93-83716-07-4, Year:2014

19. ਅਣਖੀ ਬਿਰਤਾਂਤ ਦਾ ਸਮਾਜ ਸ਼ਾਸਤਰ
(ਆਲੋਚਨਾ)ਡਾ. ਨੀਲਮ ਸ਼ਰਮਾ, ਪੰਨੇ: 96, ਮੁੱਲ: 180
ISBN:978-93-83716-08-1, Year:2014

20. ਸਭਿਆਚਾਰਕ ਬਦਲਾਓ ਅਤੇ ਪੰਜਾਬੀ ਕਹਾਣੀ
(ਆਲੋਚਨਾ) ਡਾ.ਨੀਲਮ ਸ਼ਰਮਾ, ਪੰਨੇ:160, ਮੁੱਲ:230
ISBN:978-93-83716-09-8, Year:2014

21. ਡਾ. ਅੰਬੇਡਕਰ ਵਿਚਰਾਧਾਰਾ ਅਤੇ ਕਾਰਜ (ਚਿੰਤਨ)
ਮੁਖਤਿਆਰ ਸਿੰਘ ਅਰਸ਼ੀ, ਪੰਨੇ : 96, ਮੁੱਲ :150
ISBN:978-93-83716-10-4, Year:2014

22. ਮਾਂਏਂ ਮੇਰਾ ਦਿਲ ਕੰਬਿਆ (ਕਵਿਤਾਵਾਂ)
ਸੁਰਜੀਤ ਸੁਮਨ, ਪੰਨੇ : 96, ਮੁੱਲ : 150
ISBN:978-93-83716-11-1, Year:2014

23. ਪੰਜਾਬੀ ਦਲਿਤ ਕਹਾਣੀ ਅਧਾਰ ਤੇ ਅਧਿਐਨ
(ਆਲੋਚਨਾ) ਰਜਨੀਸ਼ ਬਹਾਦਰ ਸਿੰਘ,
ਪੰਨੇ :256 ਮੁੱਲ :375
ISBN:978-93-83716-12-8, Year:2014

24. ਪਰਵਾਸੀ ਪੰਜਾਬੀ ਕਹਾਣੀ ਸੰਵੇਦਨਾ (ਆਲੋਚਨਾ)
ਡਾ. ਰਿਪਨਜੀਤ ਕੌਰ, ਪੰਨੇ :128, ਮੁੱਲ: 200
ISBN:978-93-83716-13-5, Year:2014

**ਪੁਸਤਕਾਂ ਮੰਗਵਾਉਣ ਲਈ ਸੰਪਰਕ ਕਰੋ**

E.mail:parwazparkashan@gmail.com, Mob. 94170-64350

*ਜਨਵਰੀ-ਮਾਰਚ,2015 ਅੰਕ :36*

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

**e-mail:**
kahanidhara@gmail.com
kahani_dhara@yahoo.co.in
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,
10 ਅੰਕ: ਡਾਲਰ:40, ਤੇ ਪੌਂਡ: 35
ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ
ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ **Bright Printing Press, Mohalla Kishanpura, Jalandhar** ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਫਰਵਰੀ, 2015)

ਟਾਇਟਲ ਪੇਟਿੰਗ: **Aarti Sehgal Sharma,Jal. Ph. 981499-6666**

**ਤਰਤੀਬ :**

1. ਸੰਪਾਦਕੀ:
ਸਾਹਿਤਕ ਪੱਤਰਕਾਰੀ ਦਾ ਧਰਮ 1
2. ਕਹਾਣੀਆਂ :
1. ਮੰਦਾਕਿਨੀ / ਗੋਵਰਧਨ ਗੱਬੀ 2
2. ਨਸਲ / ਡਾ. ਦਵਿੰਦਰ ਮੰਡ 21
3. ਬਾਧੇ ਬਹੁ ਫੰਧਾ / ਇੱਛੂਪਾਲ 25
4. ਕੀ ਅੰਤ ਐ / ਦਰਸ਼ਨ ਜੋਗਾ 34
5. ਭਵਿੱਖ ਦਾ ਕਤਲ/ ਲਖਵੀਰ ਚੰਦ 42
3. ਮੁਲਾਕਾਤ :
ਪ੍ਰੇਮ ਗੋਰਖੀ ਨਾਲ ਇਕ ਗੈਰ ਰਸਮੀ ਮੁਲਾਕਾਤ/ ਕਿਰਪਾਲ ਕਜ਼ਾਕ 52
4. ਆਲੋਚਨਾ :
- ਚੌਥੇ ਪੜਾਅ ਦੀ ਕਥਾਕਾਰੀ ਵਿੱਚ ਅਜਮੇਰ ਸਿੱਧੂ ਦਾ ਰਚਨਾ-ਸੰਸਾਰ
- ਪ੍ਰੋ. ਜੇ.ਬੀ. ਸੇਖੋਂ 59
- ਪਰਵਾਸੀ ਜੀਵਨ ਵਿਚ ਸਮਾਜਿਕ ਤਣਾਅ ਦੇ ਵਿਭਿੰਨ ਪਾਸਾਰਾਂ ਦਾ ਕਥਾ ਬਿਰਤਾਂਤ : ਬਾਰਾਂ ਬੂਹੇ
- ਡਾ. ਸੰਤੋਖ ਸਿੰਘ 66
- ਦਾਰੋ ਘਤਿੱਤੀ-ਨਿਮਨ ਧਿਰਾਂ ਦੇ ਸੰਕਟ 'ਤੇ ਸੰਘਰਸ/
-ਡਾ. ਸਤਿੰਦਰ ਸਿੰਘ ਰੈਬੀ 73
- ਜ਼ਿੰਦਗੀ ਦੇ ਮੇਲੇ /
-ਡਾ. ਬਲਦੇਵ ਸਿੰਘ 'ਬੱਦਨ' 78
5. ਜਨ ਬੋਧ :
ਦਾਰਸ਼ਨਿਕ ਵਾਲਟਰ ਬੇਂਜਾਮਿਨ ਦੀਆਂ ਲਿਖਤਾਂ
ਅਨੁਵਾਦ : ਭਗਵੰਤ ਰਸੂਲਪੁਰੀ 81
7. ਯਾਦਾਂ ਦੇ ਵਰਕੇ-ਹਰਭਜਨ ਦਾਸ 92
6. ਪੁਸਤਕ ਰੀਵਿਊ 93
7. ਹੁੰਗਾਰਾ 96



# ਸੰਪਾਦਕੀ: ਸਾਹਿਤਕ ਪੱਤਰਕਾਰੀ ਦਾ ਧਰਮ

ਸਾਹਿਤ ਨੂੰ ਪਾਠਕਾਂ ਤੱਕ ਪਹੁੰਚਾਉਣਾ, ਉਸ ਦਾ ਮੁਲੰਕਣ ਕਰਨਾ ਅਤੇ ਚੰਗੇ, ਮਾੜੇ ਅਤੇ ਦਰਮਿਆਨੇ ਸਾਹਿਤ ਦੀ ਨਿਸ਼ਾਨਦੇਹੀ ਕਰਨ 'ਚ ਅਹਿਮ ਯੋਗਦਾਨ ਸਾਹਿਤਕ ਪੱਤਰਕਾਰੀ ਦਾ ਰਿਹਾ ਹੈ। ਇਹ ਅਖ਼ਬਾਰੀ ਪੱਤਰਕਾਰੀ ਤੋਂ ਬਿਲਕੁਲ ਵੱਖਰੀ ਧਾਰਨਾ ਹੈ। ਦੁਨੀਆਂ ਦੀ ਸਾਹਿਤਕ ਪੱਤਰਕਾਰੀ ਵੱਲ ਨਜ਼ਰ ਮਾਰੀਏ ਤਾਂ ਅਸੀਂ ਦੇਖਦੇ ਹਾਂ ਕਿ ਵੱਡੇ ਲੇਖਕ ਹੀ ਵੱਡੇ ਤੇ ਚਰਚਿਤ ਸਾਹਿਤਕ ਪਰਚਿਆਂ ਦੇ ਸੰਪਾਦਕ ਰਹੇ ਹਨ। ਭਾਰਤੀ ਪੱਧਰ ਉੱਤੇ ਛਪਣ ਵਾਲੇ ਮੈਗਜ਼ੀਨ ਉੱਨੀਵੀਂ ਸਦੀ ਦੇ ਅਖੀਰ ਵਿਚ ਆਰੰਭ ਹੁੰਦੇ ਹਨ ਅਤੇ ਅਣਵੰਡੇ ਪੰਜਾਬ ਵਿਚ ਉਰਦੂ ਦੇ ਅਨੇਕਾਂ ਚਰਚਿਤ ਰਸਾਲੇ ਸ਼ੁਰੂ ਹੁੰਦੇ ਹਨ। ਉਪਰੰਤ ਪੰਜਾਬੀ ਦੇ ਮੈਗ਼ਜ਼ੀਨ ਵੀਹਵੀਂ ਸਦੀ ਦੇ ਸ਼ੁਰੂ ਵਿਚ ਆਰੰਭ ਹੁੰਦੇ ਹਨ। ਸੂਝਵਾਨ ਸਾਹਿਤਕ ਸੰਪਾਦਕ ਆਪਣੇ ਰਸਾਲੇ ਵਿਚ ਰਚਨਾਵਾਂ ਦੀ ਚੋਣ ਆਪਣੀ ਸਾਹਿਤਕ ਪ੍ਰਤਿੱਭਾ ਨਾਲ ਕਰਦਾ ਹੈ। ਸਾਹਿਤਕ ਰਚਨਾਵਾਂ ਨੂੰ ਪਰਖਣਾ, ਸਮਝਣਾ ਅਤੇ ਉਸ ਦੇ ਮਿਆਰ ਨੂੰ ਨਿਸਚਤ ਕਰਨਾ, ਚੰਗੇ ਸਾਹਿਤ ਨੂੰ ਉਭਾਰਨ ਵਰਗੇ ਕਾਰਜ ਸੁਲਝਿਆ ਹੋਇਆ ਲੇਖਕ ਸੰਪਾਦਕ ਹੀ ਕਰ ਸਕਦਾ ਹੈ। 1920 ਦੇ ਆਸ ਪਾਸ ਪੰਜਾਬੀ ਸਾਹਿਤਕ ਪੱਤਰਕਾਰੀ ਦਾ ਮੁੱਢ ਬੱਝਦਾ ਹੈ। 'ਪੰਜਾਬੀ ਦਰਬਾਰ', 'ਸਾਰੰਗ', 'ਫੁਲਵਾੜੀ', 'ਪ੍ਰੀਤਮ', 'ਕਵਿਤਾ', 'ਪ੍ਰੀਤਲੜੀ', 'ਪੰਜ ਦਰਿਆ' ਇਨ੍ਹਾਂ ਦੇ ਸੰਪਾਦਕ ਉੱਚੇ ਕੱਦ ਵਾਲੇ ਲੇਖਕ ਸਨ।

ਇਨ੍ਹਾਂ ਪਰਚਿਆਂ ਵਿਚ ਜੋ ਸਾਹਿਤ ਪ੍ਰਕਾਸ਼ਿਤ ਹੁੰਦਾ ਸੀ, ਉਹ ਮੁੱਢਲੇ ਦੌਰ ਦੇ ਸਾਹਿਤ ਵਜੋਂ ਆਪਣੀ ਪਛਾਣ ਬਣਾਉਂਦਾ ਹੈ। ਇਸ ਸਾਹਿਤ ਦੀ ਸੁਰ ਵਧੇਰੇ ਕਰਕੇ ਸਮਾਜ ਸੁਧਾਰਕ ਤੇ ਉੱਚੀਆਂ ਜੀਵਨ ਕਦਰਾਂ ਕੀਮਤਾਂ ਦੀ ਰਹਿੰਦੀ ਹੈ। ਇਹ ਪਰਚੇ ਸਾਹਿਤਕ ਪੱਤਰਕਾਰੀ ਵਿਚ ਮੀਲ ਪੱਥਰ ਸਾਬਤ ਹੁੰਦੇ ਹਨ। ਫਿਰ 'ਆਰਸੀ' ਤੇ 'ਨਾਗਮਣੀ' ਪੱਤਰ ਸ਼ੁਰੂ ਹੁੰਦੇ ਹਨ। ਇਸੇ ਦੌਰ 'ਚ 'ਸਿਰਜਣਾ' ਪਰਚਾ ਆਰੰਭ ਹੁੰਦਾ ਹੈ। ਜਿਸ 'ਚ ਪ੍ਰਗਤੀਵਾਦੀ ਸਾਹਿਤ ਖਾਸ ਕਰਕੇ ਕਹਾਣੀ ਨੂੰ ਪੰਜਾਬੀ ਸਾਹਿਤ ਦਾ ਅੰਗ ਬਣਾਇਆ ਜਾਂਦਾ ਹੈ। ਇਸ ਕਿਸਮ ਦੇ ਸਾਹਿਤ 'ਤੇ ਸੰਵਾਦ ਵੀ ਤੁਰਦਾ ਹੈ। 'ਲਕੀਰ' ਪ੍ਰਗਤੀਵਾਦ ਤੋਂ ਉਲਟ ਨਵੀਆਂ ਧਾਰਨਾਵਾਂ ਵਾਲਾ ਸਾਹਿਤ ਪ੍ਰਮੋਟ ਕਰਦਾ ਹੈ। ਮਾਨਵੀ ਰਿਸ਼ਤਿਆਂ ਦੀ ਟੁੱਟ ਭੱਜ ਅਤੇ ਵਰਜਿਤ ਰਿਸ਼ਤਿਆਂ ਦੀ ਗੱਲ ਖੁੱਲ੍ਹ ਕੇ ਤੁਰਦੀ ਹੈ। ਇਸੇ ਸਮੇਂ 'ਚ 'ਲੋਅ' ਅਤੇ 'ਅੱਖਰ' ਪਰਚੇ ਆਰੰਭ ਹੁੰਦੇ ਹਨ। ਇਸੇ ਦੌਰਾਨ ਹੀ 'ਕਹਾਣੀ ਪੰਜਾਬ', 'ਸਮਦਰਸ਼ੀ', 'ਸਮਕਾਲੀ ਸਾਹਿਤ', 'ਚਿਰਾਗ਼' ਦੇ ਮਗਰ 'ਪ੍ਰਵਚਨ', 'ਕਲਾ ਸਿਰਜਕ', 'ਹਾਸ਼ੀਆ ਲੋਕ', ਪੰਚਮ', 'ਕਹਾਣੀ ਧਾਰਾ' ਆਰੰਭ ਹੁੰਦੇ ਹਨ। ਕੁਝ ਪੁਸਤਕ ਲੜੀਆਂ ਵੀ ਪ੍ਰਕਾਸ਼ਤ ਹੋਣ ਲੱਗਦੀਆਂ ਹਨ। ਇਨ੍ਹਾਂ ਦੇ ਸੰਪਾਦਕ ਲੇਖਕ ਆਪਣੇ ਪਰਚਿਆਂ ਦੀ ਆੜ 'ਚ ਸਾਹਿਤ ਵਿਚ ਆਪਣੀ ਸਪੇਸ ਨਿਰਧਾਰਤ ਕਰਦੇ ਹਨ। ਕੁਝ ਤਾਕਤਵਾਰ ਸੰਪਾਦਕ ਆਪਣੀ ਮਰਜ਼ੀ ਨਾਲ ਸਾਹਿਤ ਤੇ ਸਾਹਿਤਕ ਜੁਗਾੜਬੰਦੀ, ਆਪਣੀ ਜੁੰਡਲੀ ਨੂੰ ਚੁੱਕਦੇ ਤੇ ਦੂਜੇ ਨੂੰ ਠਿੱਬੀ ਲਾਉਣ ਦੀ ਪੂਰੀ ਵਾਹ ਲਾਉਂਦੇ ਹਨ। ਇਨ੍ਹਾਂ ਦਾ ਅਸਰ ਪੰਜਾਬੀ ਸਾਹਿਤਕ ਜਗਤ ਵਿਚ ਵੇਖਣ ਨੂੰ ਵੀ ਮਿਲਦਾ ਹੈ। ਕੁਝ ਆਪਣੇ ਗਰੁਪ ਦੇ ਲੇਖਕਾਂ ਨੂੰ ਪਲੇਥਣ ਲਾਉਣਾ ਦਾ ਦੂਜਿਆਂ ਮਗਰ ਕੁਹਾੜਾ ਚੁੱਕ ਲੈਣ ਵਿਚ ਇਹ ਸੰਪਾਦਕ ਕਿਤੇ ਵੀ ਮੌਕੇ ਨਹੀਂ ਗਵਾਉਂਦੇ। ਸਾਹਿਤ ਦੀ ਧਾਰਾ ਨੂੰ ਆਪਣੀ ਮਰਜ਼ੀ ਨਾਲ ਮੋੜਨ ਦੀ ਪੂਰੀ ਵਾਹ ਲਾਉਂਦੇ ਹਨ। ਦੂਜੇ ਪਾਸੇ ਇਨ੍ਹਾਂ ਪਰਚਿਆਂ ਦੇ ਸੰਪਾਦਕ ਸਾਹਿਤਕ ਸਿਆਸਤ ਤੇ ਸਵਾਲ ਵੀ ਖੜੇ ਕਰਦੇ ਹਨ। ਇਨਾਮਾਂ ਦੀ ਸਿਆਸਤ ਤੇ ਤਿੱਖੇ ਵਾਰ ਕਰਨ 'ਚ ਵੀ ਪਿੱਛੇ ਨਹੀਂ ਰਹਿੰਦੇ। ਸਾਹਿਤ ਦੀ ਧਾਰਾ ਨੂੰ ਗਤੀ ਦੇਣ ਵਿਚ ਇਨ੍ਹਾਂ ਪਰਚਿਆਂ ਦੀ ਅਹਿਮ ਦੇਣ ਹੈ। ਗੈਰ ਲੇਖਕਾਂ ਦੇ ਰਸਾਲੇ ਸਾਹਿਤ ਵਿਚ ਕਿਤੇ ਵੀ ਨਹੀਂ ਖੜਦੇ।

**-ਭਗਵੰਤ ਰਸੂਲਪੁਰੀ**

## ਕਹਾਣੀ / ਮੰਦਾਕਿਨੀ / ਗੋਵਰਧਨ ਗੱਬੀ

"ਅੱਛਾ ਇਹ ਦੱਸ, ਜਿਸ ਨੂੰ ਕੱਲ੍ਹ ਮਿਲਣ ਜਾ ਰਹੀ ਹੈਂ ਜੋ ਸਪੈਸ਼ਲ ਦੇਹਰਾਦੂਨ ਤੋਂ ਆ ਰਿਹੈ ਤੇਰਾ ਦੋਸਤ ਕਿਵੇਂ ਬਣਿਐ ? ਮੇਰਾ ਮਤਲਬ ਕਿਵੇਂ ਫਸਾਇਐ ?"

ਪ੍ਰੀਤਮ ਮਜ਼ਾਕੀਆ ਲਹਿਜ਼ੇ ਵਿਚ ਪੁੱਛਦਾ ਹੈ।

"ਪ੍ਰੀਤਮ ਜੀ, ਤੁਹਾਨੂੰ ਤਾਂ ਪਤਾ ਹੀ ਹੈ ਕਿ ਮੈਂ ਕਿਸੇ ਨੂੰ ਫਸਾਉਂਦੀ ਨਹੀਂ ਲੋਕ ਆਪਣੇ ਆਪ ਹੀ ਫਸ ਜਾਂਦੇ ਨੇ ਮੈਨੂੰ ਜਾਲ਼ ਵਿਛਾਉਣ ਦੀ ਲੋੜ ਹੀ ਨਹੀਂ ਪੈਂਦੀ ।"

ਮੰਦਾਕਿਨੀ ਖੱਬੀ ਅੱਖ ਦਬਾਉਂਦੀ ਤੇ ਮੀਸਣਾ ਜਿਹਾ ਮੁਸਕਰਾਉਂਦੀ ਹੋਈ ਜੁਆਬ ਦਿੰਦੀ ਹੈ।

"ਹਾਂ, ਉਹ ਤਾਂ ਮੈਨੂੰ ਪਤਾ ਹੈ ਪਰ ਇਹ ਤਾਂ ਦੱਸ ਨਵੇਂ ਪੰਛੀ ਦਾ ਕਿੰਨਵਾਂ ਨੰਬਰ ਹੈ ਤੇਰ੍ਹਵਾਂ ਕਿ ਇਕੱਤੀਵਾਂ ?"

"ਫਿਰ ਉਹੀ ਗੱਲ ਇੱਕ ਗੱਲ ਕਹਾਂ, ਤੁਹਾਡੀ ਦੂਸਰਿਆਂ ਨੂੰ ਟੀਕੇ ਲੱਗਾ ਕੇ ਮਜ਼ੇ ਲੈਣ ਦੀ ਆਦਤ ਅਜੇ ਵੀ ਨਹੀਂ ਗਈ ।"

"ਉਹ ਯਾਰ ਐਵੇਂ ਤਾਂ ਨਹੀਂ ਕਹਿੰਦੇ ਕਿ ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ ਅਸਲ ਵਿਚ ਹੋਰ ਕਿਸੇ ਨੂੰ ਤਾਂ ਨਹੀਂ ਪਰ ਤੈਨੂੰ ਛੇੜਨ 'ਚ ਮੈਨੂੰ ਬਹੁਤ ਮਜ਼ਾ ਆਉਂਦਾ ਹੈ ।"

"ਪਲੀਜ਼ ਮੇਰਾ ਮੂਡ ਨਾ ਖ਼ਰਾਬ ਕਰਿਓ ਮੈਂ ਤੁਹਾਡੇ ਨਾਲ ਆਪਣੇ ਦੁੱਖ ਦਰਦ ਸਾਂਝੇ ਕਰਦੀ ਹਾਂ ਤੇ ਤੁਸੀਂ ਮੇਰਾ ਮਜ਼ਾਕ ਉੱਡਾਉਂਦੇ ਹੋ ।"

ਇਸ ਤੋਂ ਪਹਿਲਾਂ ਕਿ ਪ੍ਰੀਤਮ ਕੁੱਝ ਬੋਲਦਾ ਵੇਟਰ ਕੌਫ਼ੀ ਲੈ ਕੇ ਆ ਜਾਂਦਾ ਹੈ।

ਦੋਨੋਂ ਕੌਫ਼ੀ ਦੀਆਂ ਚੁਸਕੀਆਂ ਲੈਣ ਲਗਦੇ ਹਨ।

ਅਚਾਨਕ ਮੰਦਾਕਿਨੀ ਦੇ ਮੋਬਾਈਲ ਫ਼ੋਨ ਉੱਪਰ ਬੜੇ ਰੋਮਾਂਟਿਕ ਜਿਹੇ ਫ਼ਿਲਮੀ ਗਾਣੇ ਦੀ ਧੁੰਨ ਵੱਜਦੀ ਹੈ।

"ਪ੍ਰੀਤਮ ਜੀ, ਮੈਂ ਹੁਣੇ ਆਈ ਜ਼ਰਾ ।"

ਬੋਲਦੀ ਹੋਈ ਤੇ ਮੋਬਾਈਲ ਕੰਨ ਨੂੰ ਲਗਾ ਮੰਦਾਕਿਨੀ ਉੱਠ ਕੇ ਥੋੜ੍ਹੀ ਪਰਾਂ ਜਾ ਖੜਦੀ ਹੈ।

ਮੰਦਾਕਿਨੀ ਨੂੰ ਫ਼ੋਨ ਉੱਤੇ ਗੱਲਾਂ ਕਰਦੇ ਦੇਖ ਪ੍ਰੀਤਮ ਨੂੰ ਪੰਦਰਾਂ ਸੋਲ੍ਹਾਂ ਸਾਲ ਪੁਰਾਣਾ ਸਮਾਂ ਯਾਦ ਆਉਂਦਾ ਹੈ।

ਮੰਦਾਕਿਨੀ ਇੱਕ ਨਿੱਜੀ ਇਸ਼ਤਿਹਾਰ ਕੰਪਨੀ ਵਿਚ ਪੀ. ਆਰ. ਓ. ਦੀ ਨੌਕਰੀ ਕਰਦੀ ਸੀ। ਉਸੇ ਕੰਪਨੀ ਵਿਚ ਪ੍ਰੀਤਮ ਉਸ ਤੋਂ ਸੀਨੀਅਰ ਔਹਦੇ ਉੱਪਰ ਸੀ। ਮੰਦਾਕਿਨੀ ਨੇ ਕੰਪਨੀ ਵਿਚ ਕੋਈ ਤਿੰਨ ਕੁ ਸਾਲ ਹੀ ਕੰਮ ਕੀਤਾ ਸੀ। ਫਿਰ ਕੁੱਝ ਐਸਾ ਵਾਪਰਿਆ ਸੀ ਕਿ ਕੰਪਨੀ ਦੇ ਮਾਲਕ ਨੇ ਉਸ ਨੂੰ ਅਚਾਨਕ ਨੌਕਰੀ ਤੋਂ ਜੁਆਬ ਦੇ ਦਿੱਤਾ ਸੀ।

ਮੰਦਾਕਿਨੀ ਨੂੰ ਸ਼ੱਕ ਸੀ ਕਿ ਉਸ ਨੂੰ ਨੌਕਰੀ ਤੋਂ ਕਢਵਾਉਣ ਵਿਚ ਪ੍ਰੀਤਮ ਦਾ ਹੱਥ ਹੈ ਸੋ ਦੋਨੋਂ ਇੱਕ ਦੂਸਰੇ ਨਾਲ ਗਿਆਰਾਂ ਸਾਲਾਂ ਤਕ ਕਦੇ ਨਹੀਂ ਮਿਲੇ ਸਨ। ਇੱਕੋ ਸ਼ਹਿਰ ਵਿਚ ਰਹਿਣ ਦੇ ਬਾਵਜੂਦ ਉਹ ਕਦੇ ਗ਼ਲਤੀ ਨਾਲ ਵੀ ਇੱਕ ਦੂਸਰੇ ਦੇ ਸਾਹਮਣੇ ਤੋਂ ਨਹੀਂ ਗੁਜ਼ਰੇ। ਜੇ ਕਿਤੇ ਅਚਾਨਕ ਨਜ਼ਰ ਪੈ ਵੀ ਜਾਂਦੀ ਤਾਂ ਪ੍ਰੀਤਮ ਹਮੇਸ਼ਾ ਆਪਣਾ ਰਸਤਾ ਬਦਲ ਲੈਂਦਾ ਸੀ। ਹਾਂ, ਉਸ ਨਾਲ ਕੰਪਨੀ ਵਿਚ ਕੰਮ ਕਰਦੇ



ਠਾਕੁਰ ਨਾਲ ਮੰਦਾਕਿਨੀ ਨੇ ਰਾਬਤਾ ਬਣਾਇਆ ਹੋਇਆ ਸੀ। ਪ੍ਰੀਤਮ ਨੂੰ ਠਾਕੁਰ ਤੋਂ ਮੰਦਾਕਿਨੀ ਦੀਆਂ ਗਤੀ ਵਿਧੀਆਂ ਦਾ ਪਤਾ ਲੱਗਦਾ ਰਹਿੰਦਾ ਸੀ।

ਨੌਕਰੀ ਤੋਂ ਛੁੱਟੀ ਕਰ ਦਿੱਤੇ ਜਾਣ ਬਾਦ ਮੰਦਾਕਿਨੀ ਨੇ ਨੇੜਲੇ ਸ਼ਹਿਰ ਗੁੜਗਾਉਂ ਵਿਚ ਆਪਣੀ ਇੱਕ ਛੋਟੀ ਜਿਹੀ ਇਸ਼ਤਿਹਾਰ ਕੰਪਨੀ ਸ਼ੁਰੂ ਕਰ ਲਈ ਸੀ।

ਹੁਣ ਵੀ ਉਹ ਉਹੀ ਕੰਪਨੀ ਚਲਾ ਰਹੀ ਸੀ ਪਰ ਕੰਪਨੀ ਦਾ ਕਾਰੋਬਾਰ ਕੁੱਝ ਘੱਟ ਗਿਆ ਸੀ। ਵੱਡੀਆਂ ਤੇ ਅੰਤਰ-ਰਾਸ਼ਟਰੀ ਕੰਪਨੀਆਂ ਦੇ ਆਉਣ ਕਰ ਕੇ ਉਸ ਦੀ ਕੰਪਨੀ ਕੁੱਝ ਖ਼ਾਸ ਨਹੀਂ ਕਰ ਪਾ ਰਹੀ ਸੀ। ਖ਼ਰਚੇ ਵੱਧ ਗਏ ਸਨ ਤੇ ਆਮਦਨ ਘੱਟ ਗਈ ਸੀ ਪਰ ਉਸ ਨੇ ਪਿਛਲੇ ਸਾਲਾਂ ਦੌਰਾਨ ਆਪਣੀ ਬਹੁਤ ਸਾਰੀ ਜਾਇਦਾਦ ਬਣਾ ਲਈ ਸੀ। ਪੈਸਾ ਧੇਲਾ ਵੀ ਕਾਫ਼ੀ ਜੋੜ ਲਿਆ ਸੀ।

ਮਹਿੰਗੇ ਮੋਬਾਈਲ ਫ਼ੋਨ ਤੇ ਵੱਡੀਆਂ ਗੱਡੀਆਂ ਰੱਖਣ ਦਾ ਉਸ ਨੂੰ ਸ਼ੌਕ ਹੈ। ਉਸ ਨੂੰ ਪੈਸੇ ਕਮਾਉਣੇ ਤਾਂ ਚੰਗੇ ਲਗਦੇ ਹਨ ਪਰ ਖੁੱਲ੍ਹਾ ਪੈਸਾ ਖ਼ਰਚਨਾ ਉਸ ਦੀ ਫ਼ਿਤਰਤ ਵਿਚ ਨਹੀਂ ਹੈ।

ਲਗਭਗ ਗਿਆਰਾਂ ਸਾਲਾਂ ਬਾਅਦ ਤੇ ਡੇਢ ਕੁ ਸਾਲ ਪਹਿਲਾਂ ਇੱਕ ਦਿਨ ਪ੍ਰੀਤਮ ਨੂੰ ਮੰਦਾਕਿਨੀ ਦਾ ਫ਼ੋਨ ਆਇਆ ਸੀ ਕਿ ਉਹ, ਉਸ ਨੂੰ ਮਿਲਣਾ ਚਾਹੁੰਦੀ ਹੈ। ਅਚਾਨਕ ਮੰਦਾਕਿਨੀ ਦੀ ਫ਼ੋਨ ਉੱਪਰ ਆਵਾਜ਼ ਸੁਣ ਕੇ ਪ੍ਰੀਤਮ ਕੁੱਝ ਹੈਰਾਨ ਹੋਇਆ। ਪਹਿਲਾਂ ਤਾਂ ਉਸਦੇ ਮਨ ਵਿਚ ਆਇਆ ਕਿ ਮਨ੍ਹਾ ਕਰ ਦੇਵੇ ਪਰ ਫਿਰ ਪਤਾ ਨਹੀਂ ਉਸ ਨੇ ਕੀ ਸੋਚਿਆ ਕਿ ਉਹ ਪੁਰਾਣੇ ਸਾਰੇ ਗਿਲੇ ਸ਼ਿਕਵੇ ਭੁੱਲਾ ਕੇ ਮੰਦਾਕਿਨੀ ਨੂੰ ਮਿਲਣ ਵਾਸਤੇ ਤਿਆਰ ਹੋ ਗਿਆ।

ਅਗਲੇ ਹੀ ਦਿਨ ਮੰਦਾਕਿਨੀ ਉਨ੍ਹਾਂ ਦੇ ਦਫ਼ਤਰ ਪਹੁੰਚ ਗਈ।

ਓਹੀ ਤੇਜ਼ ਤੇਜ਼ ਚਾਲ। ਨੀਲੀ ਜੀਨਜ਼ ਤੇ ਚਿੱਟਾ ਟਾਪ।ਬੱਚਿਆਂ ਨੁਮਾ ਮਾਸੂਮ, ਹੱਸਦਾ ਤੇ ਖਿਲ-ਖਿਲਾਉਂਦਾ ਚਿਹਰਾ। ਅੱਖਾਂ ਨਾਲ ਮਿਰਚਾਂ ਭੋਰਦੀ ਤੇ ਜ਼ਿੰਦਗੀ ਦੇ ਇਕਤਾਲੀ ਬਸੰਤ ਦੇਖ ਚੁੱਕੀ ਮੰਦਾਕਿਨੀ ਨੇ ਅਜੇ ਵੀ ਆਪਣੇ ਸ਼ਰੀਰ ਉੱਪਰ ਚਰਬੀ ਦੀ ਪਰਤ ਨਹੀਂ ਚੜ੍ਹਨ ਦਿੱਤੀ ਹੋਈ ਸੀ। ਇਕਹਿਰੇ ਸ਼ਰੀਰ ਦੀ ਮਾਲਕ ਤੇ ਸਾਢੇ ਕੁ ਪੰਜ ਫੁਟ ਦੇ ਕਦ ਵਾਲੀ ਮੰਦਾਕਿਨੀ ਹਮੇਸ਼ਾ ਦੀ ਤਰ੍ਹਾਂ ਇੱਕ ਦੋ ਇੰਚ ਉੱਚੀ ਅੱਡੀ ਵਾਲੀ ਸੈਂਡਲ ਪਾਈ ਆਪਣੇ ਓਹੀ ਪੁਰਾਣੇ ਤੇ ਰੋਹਬੀਲੇ ਅੰਦਾਜ਼ ਨਾਲ ਮਿਲੀ।

ਆਉਂਦਿਆਂ ਹੀ ਸਾਰਾ ਕੁੱਝ ਭੁੱਲਾ ਕੇ ਉਹ ਪ੍ਰੀਤਮ ਦੇ ਗਲ ਲੱਗ ਗਈ। ਅੱਖਾਂ ਵਿਚ ਹੰਝੂ ਉਮੜ ਆਏ।

ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਕੰਪਨੀ ਦੀ ਖ਼ਸਤਾ ਹਾਲਤ ਬਾਰੇ ਗੱਲ ਕੀਤੀ। ਰਲ ਕੇ ਕੋਈ ਕਾਰੋਬਾਰ ਸ਼ੁਰੂ ਕਰਨ ਦੀ ਇੱਛਾ ਪਰਗਟ ਕੀਤੀ । ਹੋਰ ਵੀ ਬਹੁਤ ਲੰਮੀਆਂ ਚੌੜੀਆਂ ਗੱਲਾਂ ਹੋਈਆਂ। ਠਾਕੁਰ ਵੀ ਨਾਲ ਹੀ ਬੈਠਾ ਸੀ।

ਗਿਆਰਾਂ ਸਾਲਾਂ ਬਾਅਦ ਪਹਿਲੀ ਵਾਰ ਮਿਲਣ ਮਗਰੋਂ ਪ੍ਰੀਤਮ ਨੇ ਠਾਕੁਰ ਨੂੰ ਦੱਸ ਦਿੱਤਾ ਸੀ ਕਿ ਜਿਵੇਂ ਕੁਝ ਸ਼ੈਵਾਂ ਵਿਚ ਕਦੇ ਬਦਲਾਓ ਨਹੀਂ ਆਉਂਦਾ, ਓਵੇਂ ਹੀ ਮੰਦਾਕਿਨੀ ਦੇ ਸ਼ਰੀਰ, ਵਿਵਹਾਰ, ਆਦਤਾਂ, ਸ਼ਖ਼ਸੀਅਤ ਤੇ ਵਿਚਾਰਾਂ ਵਿਚ ਕੋਈ ਬਹੁਤਾ ਫ਼ਰਕ ਨਹੀਂ ਆਇਆ ਹੈ। ਉਸ ਨੂੰ ਜਿੱਥੇ ਛੱਡਿਆ ਸੀ, ਉਹ ਉੱਥੇ ਹੀ ਖੜ੍ਹੀ ਹੈ। ਦਿਮਾਗ਼ੋਂ ਵੀ।

ਬਾਅਦ ਵਿਚ ਠਾਕੁਰ ਨੇ ਪ੍ਰੀਤਮ ਨੂੰ ਦੱਸਿਆ ਕਿ ਜਦੋਂ ਉਸ ਨੇ ਮੰਦਾਕਿਨੀ ਨੂੰ ਉਸਦੇ ਵਿਚਾਰ ਦੱਸੇ ਸਨ ਤਾਂ ਉਸ ਨੇ ਕੋਈ ਖਾਸ ਪ੍ਰਤੀਕਿਰਿਆ ਪ੍ਰਗਟ ਨਹੀਂ ਕੀਤੀ ਸੀ ਪਰ ਮੁਸਕਰਾਹਟ ਨਾਲ ਇਹ ਜ਼ਰੂਰ ਕਿਹਾ ਸੀ ਕਿ ਪ੍ਰੀਤਮ ਨੂੰ ਲੋਕਾਂ ਦੇ ਮਨ ਤੇ ਚਿਹਰੇ ਪੜ੍ਹਨ ਦਾ ਕੋਈ ਬਹੁਤਾ ਤਜਰਬਾ ਨਹੀਂ ਹੈ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਵੀ ਕੋਈ ਜ਼ਿਆਦਾ ਪਰਿਵਰਤਨ ਨਹੀਂ ਆਇਆ ਹੈ।

"ਕੌਫ਼ੀ ਬਹੁਤ ਅੱਛੀ ਬਣਾਉਂਦੇ ਨੇ ਇਹ ਰੈਸਟੋਰੈਂਟ ਵਾਲੇ ਇੱਕ ਦਮ ਕੜੱਕ ਮਜ਼ਾ ਆ ਗਿਆ ।"

ਮੰਦਾਕਿਨੀ ਦੇ ਬੋਲ ਪ੍ਰੀਤਮ ਦੀ ਬਿਰਤੀ ਭੰਗ ਕਰਦੇ ਹਨ।

ਕੌਫ਼ੀ ਦਾ ਖ਼ਾਲੀ ਕੱਪ ਟੇਬਲ ਉੱਪਰ ਰੱਖਦੀ ਹੈ।

"ਇਸੇ ਕਰ ਕੇ ਤਾਂ ਲੈ ਕੇ ਆਇਆ ਹਾਂ ਇੱਥੇ ਮੈਨੂੰ ਪਤਾ ਹੈ ਕਿ ਤੈਨੂੰ ਇੱਥੋਂ ਦੀ ਕੌਫ਼ੀ ਬਹੁਤ ਪਸੰਦ ਹੈ।"

"ਹਾਂ, ਮੈਂ ਭੁੱਲੀ ਨਹੀਂ ਹਾਂ ਮੈਂ...ਉਨ੍ਹੀਂ ਦਿਨੀਂ ਜਦੋਂ ਠਾਕੁਰ, ਤੁਸੀਂ ਤੇ ਮੈਂ ਇੱਥੇ ਹਫ਼ਤੇ ਵਿਚ ਇੱਕ ਦੋ ਵਾਰ ਕੌਫ਼ੀ ਪੀਣ ਆਇਆ ਕਰਦੇ ਸਾਂ ਉਹ ਵੀ ਕਿਆ ਸੁਨਹਿਰੀ ਦਿਨ ਸਨ ਪਤਾ ਹੈ..? ਜਦੋਂ ਮੈਂ ਤੁਹਾਡੇ ਕੋਲੋਂ ਦੂਰ ਚਲੇ ਗਈ ਸੀ ਨਾ ਤਾਂ ਹਮੇਸ਼ਾ ਤੁਹਾਨੂੰ ਯਾਦ ਕਰਦੀ ਹੁੰਦੀ ਸੀ ਜਦੋਂ ਕਦੇ ਵੀ ਕੰਮ ਦੌਰਾਨ ਮੈਨੂੰ ਕੋਈ ਮੁਸ਼ਕਿਲ ਆਉਂਦੀ ਤਾਂ ਮੈਂ ਇਹ ਸੋਚਦੀ ਕਿ ਪ੍ਰੀਤਮ ਜੀ ਇਸ ਦਾ ਕੀ ਹੱਲ ਕੱਢਦੇ ਉਨ੍ਹਾਂ ਦੀ ਕੀ ਪ੍ਰਤੀਕਿਰਿਆ ਹੁੰਦੀ ਤੁਹਾਨੂੰ ਯਾਦ ਕਰ ਕੇ ਰੋਂਦੀ ਵੀ ਹੁੰਦੀ ਸੀ ਕਈ ਵਾਰ ਮੇਰਾ ਮਨ ਕਰਦਾ ਸੀ ਕਿ ਤੁਹਾਡੇ ਨਾਲ ਗੱਲ ਕਰਾਂ ਪਰ ਫਿਰ ਤੁਹਾਡੇ ਗ਼ੁੱਸੇ ਤੋਂ ਵੀ ਡਰਦੀ ਸੀ ਉਸ ਕੰਪਨੀ ਵਿਚ ਮੇਰੀ ਜ਼ਿੰਦਗੀ ਦੀ ਪਹਿਲੀ ਨੌਕਰੀ ਸੀ ਤਦ ਅਜੇ ਮੈਂ ਅਜੇ ਬੀ. ਏ. ਹੀ ਕੀਤੀ ਸੀ ਕਿ ਮੇਰੀ ਮਾਂ ਕੈਂਸਰ ਦੀ ਬਿਮਾਰੀ ਨਾਲ ਲੜਦੀ ਹੋਈ ਰੱਬ ਨੂੰ ਪਿਆਰੀ ਹੋ ਗਈ ਸੀ ਮੇਰੇ ਚਾਰ ਵੱਡੇ ਭਰਾ ਸਨ...ਸਾਰੇ ਵਿਆਹੇ ਹੋਏ ਪਿਤਾ ਜੀ ਆਪਣੇ ਕਾਰੋਬਾਰ ਵਿਚ ਰੁੱਝੇ ਰਹਿੰਦੇ ਸਨ ਭਰਾ ਆਪਣੇ ਪਰਿਵਾਰਾਂ ਵਿਚ ਭਰਜਾਈਆਂ ਮੇਰਾ ਖ਼ਿਆਲ ਤਾਂ ਰੱਖਦੀਆਂ ਸਨ ਪਰ ਮਾਂ ਤਾਂ ਅਖੀਰ ਮਾਂ ਹੀ ਹੁੰਦੀ ਹੈ ਨਾ ਉਹ ਤਾਂ ਚਾਹੁੰਦੀਆਂ ਸਨ ਕਿ ਮੇਰਾ ਵਿਆਹ ਛੇਤੀ ਕਰ ਦਿੱਤਾ ਜਾਵੇ ਪਿਤਾ ਜੀ ਨੂੰ ਵੀ ਬਹੁਤ ਫ਼ਿਕਰ ਲੱਗਾ ਰਹਿੰਦਾ ਸੀ ਉਸ ਵੇਲੇ ਮੇਰੀ ਉਮਰ ਸਿਰਫ਼ ਵੀਹ ਸਾਲ ਸੀ ਬਹੁਤ ਰਿਸ਼ਤੇ ਆਏ ਰਿਸ਼ਤੇਦਾਰ ਪਿੱਛੇ ਪਏ ਰਹਿੰਦੇ ਸਨ ਕਿ ਕੁੜੀ ਨੇ ਬੀ.ਏ. ਕਰ ਲਈ ਹੈ ਸੋਹਣੀ ਹੈ ਇਸ ਦੇ ਹੱਥ ਪੀਲੇ ਕਰੋ ਜ਼ਮਾਨਾ ਬਹੁਤ ਖ਼ਰਾਬ ਹੈ ਉੱਪਰੋਂ ਇਹ ਹੈ ਵੀ ਮਾਂ-ਮੱਹਟਰ ਪਰ ਮੈਂ ਸ਼ਾਦੀ ਨਹੀਂ ਕਰਨਾ ਚਾਹੁੰਦੀ ਸਾਂ ਜ਼ਿੰਦਗੀ ਵਿਚ ਕੁੱਝ ਕਰਨਾ ਚਾਹੁੰਦੀ ਸਾਂ ਮੈਂ ਸ਼ਾਦੀ ਕਰਨ ਤੋਂ ਮਨ੍ਹਾ ਕਰ ਦਿੱਤਾ ਭਰਾਵਾਂ ਤੇ ਪਿਤਾ ਜੀ ਮਰਜ਼ੀ ਦੇ ਖ਼ਿਲਾਫ਼ ਜਾ ਕੇ ਪਹਿਲਾਂ ਐਮ. ਏ. ਕੀਤੀ, ਪੋਸਟ ਗਰੈਜੂਏਟ ਡਿਪਲੋਮਾ ਕੀਤਾ ਤੇ ਫਿਰ ਉਸ ਕੰਪਨੀ ਵਿਚ ਨੌਕਰੀ ਸ਼ੁਰੂ ਕੀਤੀ ਨੌਕਰੀ ਨੂੰ ਲੈ ਕੇ ਪਹਿਲਾਂ ਤਾਂ ਘਰ ਵਾਲੇ ਬਹੁਤ ਨਾਰਾਜ਼ ਹੋਏ ਪਰ ਅਖੀਰ ਮੇਰੀ ਜ਼ਿੱਦ ਅੱਗੇ ਉਹ ਹਾਰ ਗਏ ਜਦੋਂ ਪਹਿਲੀ ਹੀ ਨੌਕਰੀ ਦੌਰਾਨ ਮੈਨੂੰ ਤੁਹਾਡੇ ਵਰਗਾ ਬਾਸ ਮਿਲਿਆ ਤਾਂ ਮੈਂ ਬਹੁਤ ਖ਼ੁਸ਼ ਹੋਈ ਅਸਲ ਵਿਚ ਮੇਰੀਆਂ ਕਈ ਸਹੇਲੀਆਂ ਨੇ ਮੈਨੂੰ ਬਹੁਤ ਡਰਾਇਆ ਹੋਇਆ ਸੀ ਕਿ ਇਹ ਨਿੱਜੀ ਕੰਪਨੀਆਂ ਵਾਲੇ ਕੁੜੀਆਂ ਦਾ ਸ਼ੋਸ਼ਣ ਕਰਦੇ ਹਨ ਪਰ ਤੁਸੀਂ ਮੇਰੇ ਵਿਚਾਰ ਹੀ ਬਦਲ ਦਿੱਤੇ ਉਸ ਕੰਪਨੀ ਵਿਚ ਤਿੰਨ ਸਾਲ ਕਦੋਂ ਬੀਤ ਗਏ ਪਤਾ ਹੀ ਨਹੀਂ ਚਲਿਆ ਸੱਚਮੁੱਚ ਇਹ ਤੁਸੀਂ ਹੀ ਸੀ ਕਿ ਮੈਂ ਦੋਬਾਰਾ ਨੌਕਰੀ ਲੱਭਣ ਦੀ ਬਜਾਏ ਆਪਣੀ ਕੰਪਨੀ ਖੋਲਣ ਦਾ ਇਰਾਦਾ ਕਰ ਲਿਆ ਸੀ ਬਾਕੀ ਤੁਸੀਂ ਤਾਂ ਮੇਰੇ ਨਾਲ ਨਾਰਾਜ਼ ਹੋ ਗਏ ਸੀ ਪਰ ਠਾਕੁਰ ਜੀ ਮੇਰੇ ਨਾਲ ਜੁੜੇ ਰਹੇ ਉਨ੍ਹਾਂ ਨੇ ਮੈਨੂੰ ਭਾਵਨਾਤਮਕ ਤੌਰ ਉੱਪਰ ਬਹੁਤ ਸਹਿਯੋਗ ਦਿੱਤਾ ਹੌਸਲਾ ਦਿੱਤਾ ਮੈਂ ਉਨ੍ਹਾਂ ਕੋਲੋਂ ਤੁਹਾਡਾ ਹਾਲਚਾਲ ਪੁੱਛਦੀ ਰਹਿੰਦੀ ਸਾਂ ਤੁਹਾਡੇ ਪ੍ਰਤੀ ਗ਼ੁੱਸਾ ਵੀ ਸੀ ਨਫ਼ਰਤ, ਪਿਆਰ ਤੇ ਇੱਜ਼ਤ ਵੀ ਕੁੱਝ ਮਿਲਿਆ ਜੁਲਿਆ ਰਿਸ਼ਤਾ ਰਿਹਾ ਹੈ ਨਾਲ ਹੁਣ ਵੀ ਉਨ੍ਹਾਂ ਦਿਨਾਂ ਨੂੰ ਜਦੋਂ ਯਾਦ ਕਰਦੀ ਹਾਂ ਤਾਂ ਮੇਰਾ ਰੋਣਾ ਨਿਕਲ ਆਉਂਦਾ ਹੈ ।"

ਬੋਲਦੀ ਹੋਈ ਮੰਦਾਕਿਨੀ ਦੇ ਹੰਝੂ ਵੱਗ ਆਉਂਦੇ ਹਨ।

"ਚਲ ਛੱਡੋ ਪਰਾਂ ਜੋ ਬੀਤ ਗਿਆ,ਸੋ ਬੀਤ ਗਿਆ ਤੂੰ ਦੱਸਣ ਲੱਗੀ ਸੀ ਆਪਣੇ ਲੇਟੈਸਟ ਅਫੇਅਰ ਬਾਰੇ ?"



ਪ੍ਰੀਤਮ ਗੱਡੇ ਮੁਰਦੇ ਉਖਾੜਨ ਤੋਂ ਬਚਣ ਤੇ ਗੱਲ ਅੱਗੇ ਤੋਰਨ ਵਾਸਤੇ ਕਹਿੰਦਾ ਹੈ।

ਛੇਤੀ ਹੀ ਮੰਦਾਕਿਨੀ ਸੰਭਲ ਜਾਂਦੀ ਹੈ।

"ਹਾਂ, ਹਾਂ, ਜ਼ਰੂਰ ਦੱਸਦੀ ਹਾਂ ਪ੍ਰੀਤਮ ਜੀ ਮੈਨੂੰ ਪਤਾ ਹੈ ਤੁਸੀਂ ਬਹੁਤ ਉਤਾਵਲੇ ਹੋ ਤੁਸੀਂ ਸੋਚਦੇ ਹੋਵੋਗੇ ਕਿ ਇੰਜ ਤਾਂ ਹੋ ਨਹੀਂ ਸਕਦਾ ਕਿ ਮੰਦਾਕਿਨੀ ਦਾ ਇਹ ਪਹਿਲਾ ਅਫੇਅਰ ਹੋਵੇ ਤੇ ਪਿਛਲੇ ਬਾਰ੍ਹਾਂ ਤੇਰ੍ਹਾਂ ਸਾਲੋਂ ਤੋਂ ਇਸਦਾ ਕੋਈ ਚੱਕਰ ਨਹੀਂ ਚਲਿਆ ਹੋਵੇ ਸੱਚ ਤਾਂ ਇਹੀ ਹੈ ਕਿ ਬਹੁਤ ਚੱਕਰ ਚਲੇ ਕਿੰਨੇ ਚਲੇ ਕੋਈ ਪਤਾ ਨਹੀਂ ਕੋਈ ਸਵੇਰੇ ਸ਼ੁਰੂ ਹੋਇਆ ਤੇ ਸ਼ਾਮ ਨੂੰ ਖਤਮ ਕੋਈ ਇੱਕ ਦਿਨ...ਕੋਈ ਹਫ਼ਤਾ ਕੋਈ ਸਾਲ ਤੇ ਕੁੱਝ ਤਿੰਨ ਤਿੰਨ ਸਾਲਾਂ ਤਕ ਵੀ ਖਿੱਚੇ ਗਏ ਪਰ ਮੈਂ ਇਕੱਲੀ ਕਦੇ ਨਹੀਂ ਰਹੀ ਸਭ ਤੋਂ ਪਹਿਲਾ ਚੱਕਰ ਤਾਂ ਤੁਹਾਡੇ ਸਾਹਮਣੇ ਹੀ ਚਲਿਆ ਸੀ ਠਾਕੁਰ ਨਾਲ ਜੋ ਅਜੇ ਵੀ ਚਲ ਰਿਹਾ ਹੈ ਇਹ ਬਹੁਤ ਅਜੀਬ ਕਿਸਮ ਦਾ ਚੱਕਰ ਹੈ ਇੱਕ ਦਮ ਹੋਮੋਪੈਥੀ ਇਲਾਜ ਵਰਗਾ ਨਾ ਦਵਾਈ ਛੁੱਟਦੀ ਹੈ ਨਾ ਰੋਗ ਠੀਕ ਹੁੰਦਾ ਹੈ ਬੱਸ ਇਹੀ ਹੈ ਜੋ ਲਗਾਤਾਰ ਚਲਦਾ ਆ ਰਿਹਾ ਹੈ ਬਾਕੀ ਤਾਂ ਮੈਂ ਇੱਕ ਖਾਸ ਸਮਾਂ ਆਉਣ ਉੱਪਰ ਤੋੜ ਦਿੰਦੀ ਹੁੰਦੀ ਸਾਂ ਠਾਕੁਰ ਦੇ ਕੇਸ ਵਿਚ ਇੱਕ ਕਾਰਨ ਇਹ ਵੀ ਹੈ ਕਿ ਇੱਕ ਤਾਂ ਉਹ ਪਹਿਲਾਂ ਹੀ ਸ਼ਾਦੀ ਸ਼ੁਦਾ ਸੀ ਤੇ ਦੂਸਰਾ ਜਿਸ ਖਾਸ ਕਾਰਨ ਕਰ ਕੇ ਮੈਂ ਰਿਸ਼ਤੇ ਖਤਮ ਕਰ ਦਿੰਦੀ ਹਾਂ, ਠਾਕੁਰ ਦੇ ਕੇਸ ਵਿਚ ਅੱਜ ਤਕ ਉਹ ਨੌਬਤ ਹੀ ਨਹੀਂ ਆਈ ਤੁਸੀਂ ਮੰਨੋ ਭਾਵੇਂ ਨਾ ਪਰ ਥੋੜ੍ਹੀ ਬਹੁਤ ਕੋਸ਼ਿਸ਼ ਤਾਂ ਤੁਸੀਂ ਵੀ ਕੀਤੀ ਸੀ ਮੇਰੇ ਨਾਲ ਚੱਕਰ ਚਲਾਉਣ ਦੀ ਪਰ ਤੁਹਾਡੀ ਦਾਲ ਨਹੀਂ ਗਲੀ ਸੀ ਤੁਹਾਨੂੰ ਇਹ ਵੀ ਬਰਦਾਸ਼ਤ ਨਹੀਂ ਸੀ ਹੁੰਦਾ ਕਿ ਮੈਂ ਠਾਕੁਰ ਨੂੰ ਤੁਹਾਡੇ ਕੋਲੋਂ ਜ਼ਿਆਦਾ ਕਿਉਂ ਪਸੰਦ ਕਰਦੀ ਸੀ ਇਸੇ ਕਾਰਨ ਤੁਸੀਂ ਮੇਰੇ ਨਾਲ ਖ਼ਾਰ ਖਾਣ ਲੱਗੇ ਸੀ ਪਰ ਸੱਚ ਤਾਂ ਇਹ ਹੈ ਕਿ ਮੈਂ ਤੁਹਾਨੂੰ ਵੀ ਪਸੰਦ ਕਰਦੀ ਸੀ ਪਰ ਤੁਸੀਂ ਕੁੱਝ ਕਰੜੇ ਸੁਭਾ ਦੇ ਮਾਲਕ ਸੀ ਤੁਹਾਡੇ ਵਿਚ ਕਮਿਟਮੈਂਟ ਦੀ ਘਾਟ ਸੀ ਤੁਸੀਂ ਕਈ ਵਾਰ ਆਪਣੇ ਬਾਸ ਹੋਣ ਦੀ ਧੌਂਸ ਵੀ ਜਮਾਉਂਦੇ ਸੀ ਫਿਰ ਤੁਸੀਂ ਨੌਕਰੀ ਤੋਂ ਕਢਵਾ ਦਿੱਤਾ ਕਿਉਂ ਠੀਕ ਕਹਿ ਰਹੀ ਹਾਂ ਨਾ ਪ੍ਰੀਤਮ ਜੀ ?"

ਤਲਖੀ ਨਾਲ ਬੋਲਦੀ ਹੋਈ ਮੰਦਾਕਿਨੀ ਕੁੱਝ ਪ੍ਰਸ਼ਨ ਵਾਚਕ ਨਿਗ੍ਹਾ ਨਾਲ ਪ੍ਰੀਤਮ ਨੂੰ ਤੱਕਦੀ ਹੈ।

"ਬਿਲਕੁਲ ਠੀਕ ਨਹੀਂ ਹੈ ਤੈਨੂੰ ਨੌਕਰੀ ਤੋਂ ਛੁੱਟੀ ਕਰਵਾਉਣ ਵਿਚ ਮੇਰਾ ਕੋਈ ਹੱਥ ਨਹੀਂ ਸੀ ਅਸਲ ਵਿਚ ਤੇਰੇ ਪ੍ਰੇਮ ਜਾਲ ਵਿਚ ਉਲਝਿਆ ਠਾਕੁਰ ਆਪਣਾ ਮਾਨਸਿਕ ਸੰਤੁਲਨ ਖੋਹਣ ਹੀ ਵਾਲਾ ਸੀ ਬਿਮਾਰ ਰਹਿਣ ਲੱਗ ਪਿਆ ਸੀ ਹਰ ਸਮੇਂ ਮਰਿਆਂ ਵਾਂਗ ਬੈਠਾ ਰਹਿੰਦਾ ਮੈਂ ਉਸ ਨੂੰ ਸਮਝਾਉਂਦਾ ਸਾਂ ਕਿ ਜੇ ਇਸ਼ਕ ਕਰਨਾ ਹੀ ਹੈ ਤਾਂ ਤਗੜਾ ਹੋ ਕੇ ਕਰ ਰਾਂਝਾ ਨਹੀਂ ਮਿਰਜ਼ਾ ਬਣ...ਇਸ ਸਭ ਕਾਸੇ ਦੇ ਚਲਦਿਆਂ ਕੰਮ ਵਿਚ ਉਸਦਾ ਧਿਆਨ ਨਹੀਂ ਲੱਗਦਾ ਸੀ ਕਈ ਵਾਰ ਕੰਪਨੀਆਂ ਦੇ ਗ਼ਲ਼ਤ ਇਸ਼ਤਿਹਾਰ ਭੇਜ ਦਿੱਤੇ ਅਖ਼ਬਾਰਾਂ ਵਿਚ ਜਿਸ ਨਾਲ ਕੰਪਨੀ ਨੂੰ ਵਿੱਤੀ ਨੁਕਸਾਨ ਹੋ ਗਿਆ ਕੰਪਨੀ ਦਾ ਮਾਲਕ ਬੜਾ ਪਰੇਸ਼ਾਨ ਹੋ ਗਿਆ ਕਿ ਇਸ ਨੂੰ ਹੋ ਕੀ ਗਿਆ ਹੈ ? ਚੰਗਾ ਭਲਾ ਡਿਜਾਈਨਰ ਸੀ ਉਹ ਦਫ਼ਤਰ ਦੇ ਹੋਰ ਕਰਮਚਾਰੀਆਂ ਤੋਂ ਪੁੱਛਦਾ ਰਹਿੰਦਾ ਸੀ ਕਿ ਠਾਕੁਰ ਨੂੰ ਕੀ ਹੋ ਗਿਐ ਦੂਸਰੇ ਪਾਸੇ ਠਾਕੁਰ ਦੀ ਪਤਨੀ ਨੂੰ ਵੀ ਸ਼ੱਕ ਹੋ ਗਿਆ ਸੀ ਔਰਤਾਂ ਵਿਚ ਤਾਂ ਸਿਕਸਥ ਸੈਂਸ ਹੁੰਦੀ ਹੈ ਇੱਕ ਦਮ ਪਤਾ ਲਗਾ ਲੈਂਦੀਆਂ ਹਨ ਕਿ ਉਨ੍ਹਾਂ ਦਾ ਪਤੀ ਅੱਜ ਕੱਲ੍ਹ ਕਿਹੜੀਆਂ ਹਵਾਵਾਂ ਵਿਚ ਉੱਡ ਰਿਹਾ ਹੈ ਬੋਲਦਾ ਕੀ ਹੈ ਸੁਣਦਾ ਕੀ ਹੈ ਗਾਉਂਦਾ ਕੀ ਹੈ ਤੇ ਰੋਜ਼ ਜੋ ਕੱਪੜੇ ਪਹਿਨਦਾ ਹੈ, ਉਸ ਵਿਚ ਕਿਸ ਤਰ੍ਹਾਂ ਦਾ ਬਦਲਾਓ ਲਿਆ ਰਿਹਾ ਹੈ ਸੈਂਟ ਕਿਹੜਾ ਲਗਾ ਰਿਹਾ ਹੈ ਉਹ ਬਾਹਰੋਂ ਕਿਤੇ ਖੇਹ ਖਾ ਕੇ ਆ ਰਿਹਾ ਹੈ ਕਿ ਕਿਸੇ ਬਾਗ਼ ਬਗੀਚੇ ਦੇ ਫੁੱਲਾਂ ਦੀ ਖ਼ੁਸ਼ਬੂ ਮਾਣ ਕੇ ਉਸ ਨੂੰ ਇਹ ਵੀ ਲੱਗਣ ਲੱਗ ਪਿਆ ਸੀ ਕਿ ਠਾਕੁਰ ਨੂੰ ਕੋਈ ਬਿਮਾਰੀ ਲੱਗ ਗਈ ਹੈ ਇੱਕ ਵਾਰ ਮੇਰੇ ਕੋਲੋਂ ਵੀ ਪੁੱਛਿਆ ਸੀ ਮੈਂ ਬਹਾਨਾ ਲਗਾ ਦਿੱਤਾ ਕਿ ਦਫ਼ਤਰ ਵਿਚ ਕੰਮ ਦਾ ਬੋਝ ਬਹੁਤ ਜ਼ਿਆਦਾ ਹੈ ਇਸ ਕਰ ਕੇ ਕੁੱਝ ਪਰੇਸ਼ਾਨ ਹੈ ਹੋਰ ਮੈਂ ਕੀ ਦੱਸਦਾ ਕਿ ਠਾਕੁਰ ਸਾਹਬ ਕਿਸੇ ਮੰਦਾਕਿਨੀ ਨਾਮ ਦੀ ਕੁਆਰੀ ਕੁੜੀ ਦੇ

ਚੱਕਰ ਵਿਚ ਪਿਆ ਹੋਇਆ ਹੈ ਉੱਧਰ ਠਾਕੁਰ ਨੂੰ ਇਹ ਸ਼ੱਕ ਹੋ ਗਿਆ ਸੀ ਕਿ ਤੂੰ ਸ਼ਾਇਦ ਮੇਰੇ ਨਾਲ ਵੀ ਚੱਕਰ ਚਲਾ ਰਹੀਂ ਹੈਂ ਉਹ ਜਿਹੜਾ ਅਖ਼ਬਾਰ ਵਾਲਾ ਇੱਕ ਸਿੰਘ ਸਾਹਬ ਨਾਮ ਦਾ ਐਗਜ਼ੀਕਿਊਟਿਵ ਇਸ਼ਤਿਹਾਰ ਲੈਣ ਆਉਂਦਾ ਸੀ, ਤੇਰਾ ਉਸ ਨਾਲ ਵੀ ਚੱਕਰ ਹੈ ਮੰਦਾਕਿਨੀ, ਤੂੰ ਮੰਨੇ ਭਾਵੇਂ ਨਾ ਪਰ ਜਿਹੜਾ ਤੇਰਾ ਇਹ ਰਵੱਈਆ ਰਿਹਾ ਹੈ ਨਾ ਕਿ ਦੁਨੀਆ ਦੇ ਸਾਰੇ ਮਰਦ ਤੇਰੇ ਉੱਪਰ ਮਰਨ ਤੇਰੇ ਵੱਲ ਖਿੱਚੇ ਜਾਣ ਤੇਰੀ ਪਰਵਾਹ ਕਰਨ ਤੇਰੇ ਪਿੱਛੇ ਪਾਗਲ ਹੋਏ ਰਹਿਣ ਉਸ ਵਿਵਹਾਰ ਨੇ ਬਹੁਤ ਸਾਰੇ ਲੋਕਾਂ ਦਾ ਭਾਰੀ ਨੁਕਸਾਨ ਕੀਤਾ ਹੈ ਤੈਨੂੰ ਪਤਾ ਹੈ ਉਹ ਜਿਹੜਾ ਇੱਕ ਪਹਾੜੀ ਮੁੰਡਾ ਸੀ ਕਾਕੂ, ਜਿਹੜਾ ਤੇਰੇ ਕੈਬਿਨ ਵਿਚ ਬੈਠ ਕੇ ਕੰਪਿਊਟਰ ਉੱਪਰ ਅਖ਼ਬਾਰਾਂ ਦੇ ਇਸ਼ਤਿਹਾਰ ਬਣਾਉਂਦਾ ਹੁੰਦਾ ਸੀ ਉਹ ਵੀ ਤੇਰੇ ਇਸ਼ਕ ਦੇ ਭਰਮ ਜਾਲ ਦਾ ਸ਼ਿਕਾਰ ਹੋ ਗਿਆ ਸੀ ਉਹ ਵੀ ਦਿਲ ਦੇ ਬੈਠਾ ਸੀ ਉਸ ਨੂੰ ਇਹ ਵੀ ਚੰਗਾ ਨਹੀਂ ਲੱਗਦਾ ਸੀ ਕਿ ਤੂੰ, ਠਾਕੁਰ ਤੇ ਮੇਰੇ ਨਾਲ ਦੁਪਹਿਰ ਦਾ ਖਾਣਾ ਇਕੱਠਾ ਖਾਵੇਂ ਸਿੰਘ ਸਾਹਬ ਤਾਂ ਉਸ ਨੂੰ ਫੁੱਟੀ ਅੱਖ ਨਹੀਂ ਸੁਹਾਉਂਦਾ ਸੀ ਕਈ ਵਾਰ ਉਸ ਨਾਲ ਬਦਲਾ ਲੈਣ ਵਾਸਤੇ ਉਹ ਉਸ ਨੂੰ ਇਸ਼ਤਿਹਾਰ ਦਾ ਗ਼ਲਤ ਮੈਟਰ ਦੇ ਦਿੰਦਾ ਹੁੰਦਾ ਸੀ ਤਾਂ ਕਿ ਉਸਦੇ ਸੀਨੀਅਰ ਉਸ ਨੂੰ ਝਿੜਕਣ ਤੇਰੇ ਕੰਪਨੀ ਚੋਂ ਚਲੇ ਜਾਣ ਬਾਅਦ ਉਹ ਬਿਮਾਰ ਪੈ ਗਿਆ ਸੀ ਚਾਰ ਪੰਜ ਸਾਲ ਲਗਾਤਾਰ ਹਸਪਤਾਲ ਤੋਂ ਆਪਣੇ ਦਿਮਾਗ਼ ਦਾ ਇਲਾਜ ਕਰਵਾਉਂਦਾ ਰਿਹਾ ਹੈ ਉਹ ਅੱਜ ਕੱਲ੍ਹ ਵੀ ਬਿਮਾਰ ਹੈ ਚੌਂਤੀ ਪੈਂਤੀ ਸਾਲਾਂ ਦਾ ਹੋ ਗਿਆ ਹੈ ਪਰ ਅਜੇ ਵੀ ਮੰਦਾਕਿਨੀ ਮੈਡਮ ਨਾਲ ਵਿਆਹ ਕਰਵਾਉਣ ਦੇ ਸੁਪਨੇ ਲੈਂਦਾ ਪਿਆ ਹੈ ਹੁਣ ਵੀ ਕਈ ਵਾਰ ਮਿਲਦਾ ਹੈ ਪੁੱਛਦਾ ਰਹਿੰਦਾ ਹੈ ਕਿ ਮੰਦਾਕਿਨੀ ਮੈਡਮ ਦਾ ਵਿਆਹ ਹੋ ਗਿਆ ਹੈ ? ਵਿਚਾਰਾ ਕਾਕੂ !ਹਾਂ, ਰਹੀ ਮੇਰੀ ਗੱਲ ਕਿ ਮੈਂ ਵੀ ਤੇਰੇ ਨਾਲ ਚੱਕਰ ਚਲਾਉਣ ਦੀ ਫ਼ਿਰਾਕ ਵਿਚ ਸਾਂ, ਇਸ ਵਿਚ ਪੂਰੀ ਸਚਾਈ ਨਹੀਂ ਹੈ ਇੱਕ ਦੋ ਵਾਰ ਮੇਰੇ ਦਿਮਾਗ਼ ਵਿਚ ਕੁੱਝ ਫ਼ਤੂਰ ਜ਼ਰੂਰ ਉੱਠੇ ਸਨ ਪਰ ਮੈਨੂੰ ਜਲਦੀ ਸਮਝ ਆ ਗਈ ਸੀ ਕਿ ਤੇਰੀ ਮੇਰੀ ਕੈਮੀਸਟਰੀ ਕਿਤੇ ਵੀ ਮੇਲ ਨਹੀਂ ਖਾਂਦੀ ਸੋ, ਮੈਂ ਛੇਤੀ ਹੀ ਆਪਣੇ ਆਪ ਨੂੰ ਸਮਝਾ ਲਿਆ ਸੀ ਤੂੰ ਕਹਿ ਰਹੀਂ ਹੈਂ ਕਿ ਤੇਰੀ ਨੌਕਰੀ ਖੁੱਸਣ ਵਿਚ ਮੇਰਾ ਹੱਥ ਸੀ ਤੇਰਾ ਇਹ ਇਲਜ਼ਾਮ ਠੀਕ ਨਹੀਂ ਹੈ ਬਸ, ਮਾਲਕ ਨੇ ਕੰਪਨੀ ਦੀ ਭਲਾਈ ਵਾਸਤੇ ਤੈਨੂੰ ਨੌਕਰੀ ਤੋਂ ਜੁਆਬ ਦਿੱਤਾ ਸੀ ਸੋ ਮੰਦਾਕਿਨੀ ਜੀ, ਆਪਣਾ ਮਨ ਸਾਫ਼ ਕਰ ਲਓ ਮੈਨੂੰ ਪਤਾ ਹੈ ਕਿ ਮੈਂ ਇੰਨਾ ਬੁਰਾ ਮਨੁੱਖ ਨਹੀਂ ਹਾਂ ਜਿੰਨਾ ਤੂੰ ਸਮਝਦੀ ਹੈਂ !"

ਪ੍ਰੀਤਮ ਆਪਣਾ ਪੱਖ ਰਖਦਾ ਹੈ ਪਰ ਮੰਦਾਕਿਨੀ ਦੇ ਹਾਵ-ਭਾਵ ਤੋਂ ਲੱਗਦਾ ਨਹੀਂ ਹੈ ਕਿ ਉਹ ਉਸਦੇ ਵਿਚਾਰਾਂ ਨਾਲ ਸਹਿਮਤ ਹੋਈ ਹੈ।

"ਚਲੋ ਮੰਨ ਲੈਂਦੇ ਹਾਂ ਕਿ ਤੁਸੀਂ ਠੀਕ ਕਹਿ ਰਹੇ ਹੋ ਪ੍ਰੀਤਮ ਜੀ ਪਰ ਇੱਕ ਗੱਲ ਦੱਸ ਦਿਆਂ ਕਿ ਮੈਂ ਨਾ ਤਦ ਤੇ ਨਾ ਹੀ ਅੱਜ, ਜਾਣਬੁੱਝ ਕੇ ਕਿਸੇ ਨੂੰ ਫਸਾਉਣ ਜਾਂ ਵਰਗਲਾਉਣ ਦਾ ਯਤਨ ਕੀਤਾ ਹੈ ਹੁਣ ਕਾਕੂ ਮੇਰੇ ਚੱਕਰਾਂ ਵਿਚ ਬਿਮਾਰ ਹੋ ਗਿਆ ਤਾਂ ਮੈਂ ਦੱਸੋ ਕੀ ਕਰ ਸਕਦੀ ਹਾਂ ਕੁਲੀਗ ਹੋਣ ਦੇ ਨਾਤੇ ਮੈਂ ਉਸ ਨਾਲ ਚੰਗਾ ਵਿਵਹਾਰ ਕਰਦੀ ਸੀ ਹੱਸ ਕੇ ਬੋਲਦੀ ਸੀ ਤਾਂ ਕੀ ਮੈਂ ਕੁੱਝ ਗ਼ਲਤ ਕਰਦੀ ਸੀ..? ਜੇ ਹੁਣ ਉਹ ਆਪਣੇ ਦਿਮਾਗ਼ ਵਿਚ ਸੁਨਹਿਰੀ ਸੁਪਨੇ ਸਿਰਜਣਾ ਸ਼ੁਰੂ ਕਰ ਦੇਵੇ ਤਾਂ ਮੇਰਾ ਇਸ ਵਿਚ ਕੀ ਕਸੂਰ ਹੈ ? ਹਾਂ, ਉਹ ਵੱਖਰੀ ਗੱਲ ਹੈ ਕਿ ਹੋਰ ਕੁੜੀਆਂ ਵਾਂਗ ਮੈਨੂੰ ਵੀ ਚੰਗਾ ਲੱਗਦਾ ਹੈ ਕਿ ਲੋਕ ਮੇਰੇ ਵੱਲ ਆਕਰਸ਼ਿਤ ਹੋਣ ਖ਼ੈਰ, ਹੁਣ ਉਸ ਬਾਰੇ ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ ਹੈ ਹਾਂ, ਇਹ ਜ਼ਰੂਰ ਮੰਨਦੀ ਹਾਂ ਕਿ ਉਸ ਵੇਲੇ ਮੈਂ ਅਜੇ ਬਹੁਤੀ ਦੁਨੀਆ ਨਹੀਂ ਦੇਖੀ ਸੀ ਬਹੁਤਾ ਤਜਰਬਾ ਨਹੀਂ ਸੀ ਪਰ ਹੁਣ ਮੈਂ ਸਮਝਦਾਰ ਹੋ ਗਈ ਹਾਂ ਚਲੋ ਛੱਡੋ ਪਰਾਂ ਆਪਾਂ ਬੀਤੇ ਕੱਲ੍ਹ ਦੀ ਨਹੀਂ ਸਗੋਂ ਅੱਜ ਦੀ ਗੱਲ ਕਰਦੇ ਹਾਂ ਭਵਿੱਖ ਦੀ ਗੱਲ ਕਰਦੇ ਹਾਂ ਠੀਕ ਹੈ ਨਾ ਪ੍ਰੀਤਮ ਜੀ ?"



ਮੰਦਾਕਿਨੀ ਪ੍ਰੀਤਮ ਵੱਲ ਦੇਖ ਕੇ ਫਿਰ ਖੱਬੀ ਅੱਖ ਦਬਾਉਂਦੀ ਹੋਈ ਬੋਲਦੀ ਹੈ।

ਉਹ ਵੀ ਪ੍ਰੀਤਮ ਦਾ ਮੂਡ ਵੀ ਖ਼ਰਾਬ ਨਹੀਂ ਕਰਨਾ ਚਾਹੁੰਦੀ ਹੈ।

"ਬਿਲਕੁਲ ਠੀਕ ਛੋੜੋ ਕੱਲ੍ਹ ਕੀ ਬਾਤੇਂ ਕੱਲ੍ਹ ਕੀ ਬਾਤ ਪੁਰਾਣੀ ਅੱਜ ਦੀ ਗੱਲ ਕਰੋ ।"

ਪ੍ਰੀਤਮ ਵੀ ਬੀਤੇ ਕੱਲ੍ਹ ਉੱਪਰ ਅੱਜ ਦੀ ਮਿੱਟੀ ਪਾਉਣ ਦੇ ਇਰਾਦੇ ਨਾਲ ਕਹਿੰਦਾ ਹੈ।

"ਪ੍ਰੀਤਮ ਜੀ, ਮੈਂ ਦੱਸ ਰਹੀ ਸੀ ਕਿ ਉਨ੍ਹੀਂ ਦਿਨੀਂ ਮੈਂ ਬਹੁਤ ਪਰੇਸ਼ਾਨ ਰਹਿੰਦੀ ਸਾਂ ਦਿਮਾਗ਼ ਇੱਕ ਦਮ ਖ਼ੁਸ਼ਕ ਸੀ ਰੇਗਿਸਤਾਨ ਵਾਂਗ ਆਲਾ ਦੁਆਲਾ ਵੀ ਸੁੰਨ ਕੰਪਨੀ ਵੀ ਬੰਦ ਹੋਣ ਕਿਨਾਰੇ ਬੱਸ ਸਮਝ ਨਹੀਂ ਆ ਰਿਹਾ ਸੀ ਕਿ ਹੁਣ ਅੱਗੇ ਕੀ ਹੋਵੇਗਾ ਇੱਕ ਦਿਨ ਐਵੇਂ ਅੱਧਮਨੇ ਆਪਣੇ ਮੋਬਾਈਲ ਉੱਪਰ ਆਪਣਾ ਫੇਸਬੁਕ ਪੇਜ ਦੇਖ ਰਹੀ ਸੀ ਜ਼ਿਆਦਾ ਦੋਸਤ ਤਾਂ ਹੈ ਨਹੀਂ ਤੁਹਾਨੂੰ ਤਾਂ ਪਤਾ ਹੀ ਹੈ ਕਿ ਮੈਂ ਬਹੁਤੇ ਬਣਾਉਂਦੀ ਵੀ ਨਹੀਂ ਹਾਂ ਇੱਕ ਸਮੇਂ ਕੇਵਲ ਇੱਕ ਹੀ ਬਹੁਤੇ ਝਮੇਲੇ ਮੈਨੂੰ ਪਸੰਦ ਨਹੀਂ ਹੁਣ ਤਕ ਅਣਗਿਣਤ ਲੋਕ ਮੇਰੀ ਜ਼ਿੰਦਗੀ ਵਿਚ ਆਏ ਪਰ ਹਮੇਸ਼ਾ ਕੋਸ਼ਿਸ਼ ਕੀਤੀ ਹੈ ਕਿ ਬਹੁਤੀ ਭੀੜ ਨਾ ਇਕੱਠੀ ਕੀਤੀ ਜਾਵੇ ਪਰ ਅੱਜ ਵੀ ਕਈ ਹਨ ਕਾਕੂ ਵਰਗੇ, ਜੋ ਮੇਰੇ ਕੋਲੋਂ ਵੀਹ ਵੀਹ ਸਾਲ ਛੋਟੇ ਹਨ ਪਰ ਮੇਰੇ ਨਾਲ ਫਰੈਂਡਸ਼ਿਪ ਕਰਨ ਲਈ ਉਤਾਵਲੇ ਹਨ ਉਨ੍ਹਾਂ ਦੇ ਮੈਸੇਜ਼ ਪੜ੍ਹਨ ਵਾਲੇ ਹੁੰਦੇ ਹਨ ਕੋਈ ਜਾਨ ਲਿਖਦਾ ਹੈ ਕੋਈ ਪਟਾਕਾ ਕੋਈ ਸੈਕਸ ਬੰਬ ਤੇ ਕੋਈ ਕੁੱਝ ਕਈ ਲੜਕੇ ਤਾਂ ਸਾਰਾ ਸਾਰਾ ਦਿਨ ਮੇਰੇ ਦਫ਼ਤਰ ਸਾਹਮਣੇ ਖੜੇ ਰਹਿੰਦੇ ਹਨ ਕਈ ਬਜ਼ੁਰਗ ਵੀ ਪਿੱਛੇ ਪਏ ਰਹਿੰਦੇ ਹਨ ਕੋਈ ਮੇਰੇ ਨਾਲ ਜ਼ਿਮ ਵਿਚ ਕਸਰਤ ਕਰਨਾ ਪਸੰਦ ਕਰਦਾ ਹੈ ਤੇ ਕੋਈ ਪਾਰਕ ਵਿਚ ਸੈਰ ਕਰਨਾ ਪਰ ਇਸ ਤਰ੍ਹਾਂ ਦੇ ਲੋਕਾਂ ਕੋਲੋਂ ਮੈਂ ਬਹੁਤ ਜਲਦੀ ਤੰਗ ਆ ਜਾਂਦੀ ਹਾਂ ਆਪਣੇ ਉੱਪਰ ਮਾਣ ਵੀ ਮਹਿਸੂਸ ਹੁੰਦਾ ਹੈ ਕਿ ਜੇਕਰ ਚਾਲੀਆਂ ਬਿਆਲੀਆਂ ਦੀ ਉਮਰ ਵਿਚ ਵੀ ਵੀਹਾਂ ਦੇ ਨੇੜੇ ਤੇੜੇ ਦੀ ਉਮਰ ਵਾਲੇ ਮੁੰਡੇ ਫਰੈਂਡ ਬਣਨ ਲਈ ਪਾਗਲ ਹਨ ਤਾਂ ਕੁੱਝ ਨਾ ਕੁੱਝ ਹੋਵੇਗਾ ਹੀ ਮੇਰੇ ਅੰਦਰ ਮੇਰੀ ਸ਼ਕਲ, ਸ਼ਰੀਰ ਤੇ ਸ਼ਖ਼ਸੀਅਤ ਵਿਚ ਕਿਉਂ ਕੀ ਵਿਚਾਰ ਹਨ ਪ੍ਰੀਤਮ ਜੀ ਮੈਂ ਕੋਈ ਝੂਠ ਤਾਂ ਨਹੀਂ ਬੋਲ ਰਹੀ ਨਾ ?"

ਬੋਲਦੀ ਤੇ ਫਿਰ ਖੱਬੀ ਅੱਖ ਦਬਾਉਂਦੀਂ ਮੰਦਾਕਿਨੀ ਪ੍ਰੀਤਮ ਵੱਲ ਤੱਕਦੀ ਹੈ।

"ਉਹ ਤਾਂ ਹੈ ਮੈਂ ਤਾਂ ਹੁਣ ਵੀ ਕਹਿਦਾਂ ਕਿ ਤੇਰੇ ਉੱਪਰ ਉਮਰ ਦਾ ਕੋਈ ਅਸਰ ਹੀ ਨਹੀਂ ਹੋਇਆ ਹੈ ਤੂੰ ਤਾਂ ਅੱਜ ਵੀ ਵੀਹਾਂ ਪੱਚੀਆਂ ਦੇ ਆਸਪਾਸ ਦੀ ਹੀ ਲਗਦੀ ਹੈ .ਸੱਚ ਤਾਂ ਇਹ ਹੈ ਕਿ ਤੂੰ ਕਦੇ ਬੁੱਢੀ ਹੋਣਾ ਹੀ ਨਹੀਂ ਹੈ ਜਿਵੇਂ ਕਹਿੰਦੇ ਨੇ ਕਿ ਸਾਵਣ ਹਰੇ ਨਾ ਭਾਦੋਂ ਸੁੱਖੇ .ਆਈ ਮੀਨ ਐਵਰ ਗਰੀਨ ਤੇਰਾ ਉਹ ਹਾਲ ਹੈ ਕਿਉਂ ਠੀਕ ਕਹਿ ਰਿਹਾ ਹਾਂ ਨਾ ?"

ਠਹਾਕਾ ਮਾਰ ਕੇ ਹੱਸਦਾ ਪ੍ਰੀਤਮ ਵੀ ਅੱਖ ਮਾਰਦਾ ਹੋਇਆ ਮੰਦਾਕਿਨੀ ਵੱਲ ਦੇਖਦਾ ਹੈ।

"ਬੱਸ ਕਰੋ ਪ੍ਰੀਤਮ ਜੀ ਪਲੀਜ਼ ਤੁਸੀਂ ਵੀ ਨਾ ਖ਼ੈਰ, ਮੈਂ ਆਪਣੇ ਲੇਟੈਸਟ ਇਸ਼ਕ ਬਾਰੇ ਦੱਸ ਰਹੀ ਸੀ ਮੈਂ ਦੇਖਿਆ ਕਿ ਬਹੁਤ ਸਾਰੀਆਂ ਫਰੈਂਡਜ਼ ਰਿਕਵੈਸਟਾਂ ਆਈਆਂ ਹੋਈਆਂ ਸਨ ਅਸਲ ਵਿਚ, ਫੇਸਬੁਕ ਉੱਪਰ ਜੋ ਮੇਰੀ ਪਿਕਚਰ ਲੱਗੀ ਹੋਈ ਸੀ ਨਾ ਹੁਣ ਵੀ ਲੱਗੀ ਹੋਈ ਹੈ ਬਹੁਤ ਹੀ ਸੈਕਸੀ ਹੈ ਸੁੰਦਰ ਹੈ ਇੱਕ ਦਮ ਸਵੀਟ ਅਟਰੈਕਟਿਵ ਸ਼ਕਲ ਸੂਰਤ ਮੇਰੀ ਹੈ ਹੀ ਅੱਛੀ ਪਰ ਉਸ ਪਿਕਚਰ ਵਿਚ ਕੁੱਝ ਖਾਸ ਕਿਸਮ ਦੀ ਅਟਰੈਕਸ਼ਨ ਹੈ ਦੇਖਣ ਵਾਲਾ ਬੰਦਾ ਦੇਖਦਾ ਹੀ ਰਹਿ ਜਾਂਦਾ ਹੈ ਪੰਜ ਛੇ ਸਾਲ ਪਹਿਲਾਂ ਉਹ ਮੈਂ ਸਪੈਸ਼ਲ ਤੌਰ 'ਤੇ ਖਿਚਵਾਈ ਸੀ ਸੋ ਮੇਰੀ ਪਿਕਚਰ ਦੇਖ ਕੇ ਬਹੁਤ ਸਾਰੇ ਮੁੰਡੇ ਤੇ ਬੁੱਢੇ ਮੈਨੂੰ ਰਿਕਵੈਸਟਾਂ ਭੇਜਣਾ ਆਪਣਾ ਨੈਤਿਕ ਧਰਮ ਤੇ ਫ਼ਰਜ਼ ਸਮਝਦੇ ਹਨ ਮਤਲਬ ਕਿ ਉਹ ਮੈਨੂੰ ਚੋਗਾ ਪਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ ਪਰ ਮੈਂ ਬਹੁਤ ਹੀ ਚੂਜ਼ੀ ਹਾਂ ਇਹਨਾਂ ਮਾਮਲਿਆਂ ਵਿਚ ਪਿਛਲੇ ਤੇਰ੍ਹਾਂ ਚੌਦਾਂ ਸਾਲਾਂ ਵਿਚ ਇੰਨੀ ਅਕਲ ਤਾਂ ਮੈਨੂੰ ਆ ਹੀ ਗਈ ਹੈ ਕਿ ਇਹਨਾਂ ਵਕਤੀ ਭੂੰਡਾਂ ਕੋਲੋਂ ਆਪਣੇ ਆਪ ਨੂੰ ਕਿਵੇਂ ਬਚਾਉਣਾ ਹੈ ਕਿਵੇਂ

ਚਿੱਚੜਾਂ ਨੂੰ ਨੇੜੇ ਨਹੀਂ ਲੱਗਣ ਦੇਣਾ ਇਹ ਹਰਾਮਜ਼ਾਦੇ ਚਿੱਚੜ, ਇਹਨਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਸ਼ਰੀਰ ਦੇ ਕਿਸ ਹਿੱਸੇ ਤੋਂ ਲਹੂ ਪੀਣਾ ਚਾਹੀਦਾ ਹੈ ਤੇ ਕਿੱਥੋਂ ਦੁੱਧ ਉੱਲੂ ਦੇ ਪੱਠੇ....ਛੱਡੋ, ਇਹਨਾਂ ਚਿੱਚੜਾਂ ਬਾਰੇ ਗੱਲਬਾਤ ਕਰ ਕੇ ਕਿਉਂ ਆਪਣਾ ਵਕਤ ਜਾਇਆ ਕਰਨਾ ਹੈ ਹਾਂ, ਮੈਂ ਦੱਸ ਰਹੀ ਸੀ ਕਿ ਪਰੇਸ਼ਾਨ ਤਾਂ ਮੈਂ ਸੀ ਹੀ ਅਸਲ ਵਿਚ ਜਦੋਂ ਤੁਸੀਂ ਕਿਸੇ ਰਿਲੇਸ਼ਨਸ਼ਿਪ ਵਿਚ ਨਹੀਂ ਹੁੰਦੇ ਤਾਂ ਤੁਹਾਡੇ ਜ਼ਿਹਨ ਵਿਚ ਅਜੀਬ ਕਿਸਮ ਦਾ ਖਲਾਅ ਫੈਲਿਆ ਰਹਿੰਦਾ ਹੈ ਐਂਪਟੀਨੈੱਸ ਧੂੰਆਂ ਖ਼ੁਸ਼ਕੀ ਦਿਮਾ.ਗ ਵਿਚ ਕੁੱਝ ਤਰਲਤਾ ਹੋਵੇ ਤਾਂ ਬੰਦਾ ਕੁੱਝ ਚੰਗਾ ਚੰਗਾ ਸੋਚਦਾ ਹੈ ਨਹੀਂ ਤਾਂ ਦਿਮਾ.ਗ ਵਿਚ ਹਰ ਸਮੇਂ ਨੈਗਟੀਵੀਟੀ ਭਾਰੂ ਰਹਿੰਦੀ ਹੈ ਸੋ, ਮੈਂ ਇਹਨਾਂ ਰਿਕਵੈਸਟਾਂ ਵਿਚ ਕੋਈ ਦਿਲਚਸਪੀ ਨਹੀਂ ਵਿਖਾ ਰਹੀ ਸੀ ਮੈਂ ਸੋਚ ਰਹੀ ਸੀ ਕਿ ਮੁੜ ਕਿਸੇ ਚੱਕਰ ਵਿਚ ਨਹੀਂ ਪੈਣਾ ਬੱਸ ਬਹੁਤ ਹੋ ਗਿਆ ਹੁਣ ਸਕੂਨ ਦੀ ਜ਼ਿੰਦਗੀ ਜੀਉਣੀ ਹੈ ਪਰ ਨਾ ਚਾਹੁੰਦੇ ਹੋਏ ਵੀ ਮੈਂ ਸਾਰੀਆਂ ਰਿਕਵੈਸਟਾਂ ਨੂੰ ਅਕਸੈਪਟ ਕੀਤੇ ਬਿਨਾਂ ਉਨ੍ਹਾਂ ਦੇ ਪ੍ਰੋਫਾਈਲ ਪੜ੍ਹਨ ਲੱਗ ਪਈ ਬਹੁਤੀਆਂ ਰਿਕਵੈਸਟਾਂ ਮੁੰਡਿਆਂ ਦੀਆਂ ਹੀ ਸਨ ਭਾਂਤ ਭਾਂਤ ਦੇ ਮੁੰਡਿਆਂ ਦੀਆਂ ਕਈ ਬਹੁਤ ਖ਼ੂਬਸੂਰਤ ਤੇ ਕਈ ਸਾਧਾਰਨ ਜਿਹੇ ਕਈ ਵੀਹ ਸਾਲਾਂ ਦੇ ਤੇ ਕਈ ਤੀਹਾਂ ਦੇ ਕਈ ਤਾਂ ਸ਼ਕਲੋਂ ਹੀ ਫੁੱਕਰੇ ਲਗਦੇ ਸਨ ਤੇ ਕਈ ਇੱਕ ਦਮ ਖ਼ਤਰਨਾਕ ਮੈਂ ਦੇਖਿਆ ਕਿ ਇੱਕ ਅਨੁਪਮ ਮਲਹੋਤਰਾ ਨਾਂ ਦੇ ਮੁੰਡੇ ਦੀ ਰਿਕਵੈਸਟ ਬਹੁਤ ਦਿਨਾਂ ਦੀ ਆਈ ਪਈ ਸੀ ਪਰ ਮੈਂ ਕਦੇ ਧਿਆਨ ਨਹੀਂ ਦਿੱਤਾ ਸੀ ਮੈਂ ਉਸਦਾ ਪ੍ਰੋਫਾਈਲ ਪੜ੍ਹਿਆ ਉਸ ਨੇ ਆਪਣੇ ਆਪ ਨੂੰ ਇੱਕ ਥਿਏਟਰ ਆਰਟਿਸਟ ਲਿਖਿਆ ਹੋਇਆ ਸੀ ਦੇਹਰਾਦੂਨ ਰੰਗਮੰਚ ਥਿਏਟਰ ਗਰੁਪ ਦਾ ਕਰਤਾ ਧਰਤਾ ਵੀ ਉਹ ਚੰਗਾ ਅਦਾਕਾਰ ਬਣਨ ਲਈ ਯਤਨਸ਼ੀਲ ਸੀ ਆਪਣੇ ਆਪ ਨੂੰ ਦੇਹਰਾਦੂਨ ਦਾ ਰਹਿਣ ਵਾਲਾ ਲਿਖਿਆ ਹੋਇਆ ਸੀ ਮੈਨੂੰ ਉਸਦਾ ਪ੍ਰੋਫਾਈਲ ਚੰਗਾ ਲੱਗਾ ਤਸਵੀਰ ਵੀ ਉਸ ਦੀ ਖ਼ੂਬਸੂਰਤ ਸੀ ਮੈਂ ਸੋਚਿਆ ਕਿ ਪਿਛਲੇ ਰਿਸ਼ਤੇ ਦੇ ਕੌੜੇ ਅਨੁਭਵਾਂ ਨੂੰ ਦਫਨਾਉਣ ਵਾਸਤੇ ਨਵੇਂ ਰਿਸ਼ਤੇ ਦੀ ਮਿੱਠੀ ਸ਼ੁਰੂਆਤ ਕਰਨੀ ਚਾਹੀਦੀ ਹੈ ਇਸਨੇ ਮੈਨੂੰ 'ਹਾਏ' ਲਿਖ ਕੇ ਭੇਜਿਆ ਹੋਇਆ ਸੀ ਪਰ ਮੈਂ ਕੋਈ ਜੁਆਬ ਨਹੀਂ ਦਿੱਤਾ ਸੀ ਇਹ ਗੱਲ ਹੋਏਗੀ ਪਿਛਲੇ ਸਾਲ ਨਵੰਬਰ ਦਸੰਬਰ ਮਹੀਨੇ ਦੀ ਇਹੀ ਕੋਈ ਛੇ ਸਤ ਮਹੀਨੇ ਪਹਿਲਾਂ ਦੀ ਫਿਰ ਮੈਂ ਸੋਚਿਆ ਕਿ ਯਾਰ ਇਹ ਇੱਕ ਅਦਾਕਾਰ ਹੈ ਕਲਾਕਾਰ ਹੈ ਕੱਲ੍ਹ ਨੂੰ ਵੱਡਾ ਐਕਟਰ ਬਗੈਰਾ ਵੀ ਬਣ ਸਕਦਾ ਹੈ ਸੈਲੀਬਰੇਟੀ ਵੀ ਮੈਂ ਸੋਚਿਆ ਚਲੋ ਠੀਕ ਹੈ ਸ਼ਕਲ ਸੂਰਤ ਵੀ ਠੀਕ ਹੀ ਹੈ ਥੋੜ੍ਹਾ ਹੈਲਦੀ ਜ਼ਰੂਰ ਲੱਗਿਆ ਪਰ ਮੈਂ ਸੋਚਿਆ ਕਿ ਚਲੋ ਯਾਰ ਕੁੱਝ ਸ਼ੁ.ਗਲ ਕਰਦੇ ਹਾਂ ਸਰਦੀਆਂ ਦੀ ਰੁੱਤ ਸੀ ਮੇਰਾ ਕੁੱਝ ਮਹੀਨੇ ਪਹਿਲਾਂ ਹੀ ਗੁਰਤੇਜ ਨਾਲ ਤੋੜ ਵਿਛੋੜਾ ਹੋਇਆ ਸੀ, ਜਿਸ ਨੇ ਭਾਵਨਾਤਮਕ ਤੌਰ ਉੱਪਰ ਮੈਨੂੰ ਬਹੁਤ ਬੁਰੀ ਤਰ੍ਹਾਂ ਭੰਨ ਸੁੱਟਿਆ ਸੀ ਤੀਲਾ ਤੀਲਾ ਹੋਈ ਪਈ ਸਾਂ ਗੁਰਤੇਜ ਨਾਲ ਮੇਰਾ ਰਿਸ਼ਤਾ ਲਗਭਗ ਦੋ ਢਾਈ ਸਾਲ ਚਲਿਆ ਸੀ ਉਸ ਨਾਲ ਰਿਸ਼ਤਾ ਟੁੱਟਣ ਦੇ ਦਰਦ ਨੇ ਮੈਨੂੰ ਬਹੁਤ ਝੰਜੋੜਿਆ ਸੀ ਰੁਲਾਇਆ ਸੀ ਪ੍ਰੀਤਮ ਜੀ, ਸੱਚ ਦੱਸਾਂ ਅੱਜ ਤਕ ਜਿੰਨੇ ਵੀ ਰਿਸ਼ਤੇ ਮੇਰੇ ਚਲੇ ਜਦੋਂ ਉਹ ਰਿਸ਼ਤੇ ਬੋਝ ਬਣ ਜਾਂਦੇ ਸਨ ਝੱਲਣੇ ਮੁਸ਼ਕਿਲ ਹੋ ਜਾਂਦੇ ਸਨ ਜਾਂ ਮੈਨੂੰ ਲੱਗਦਾ ਸੀ ਕਿ ਇਹ ਰਿਸ਼ਤਾ ਮੇਰੇ ਕੋਲੋਂ ਜੋ ਕੁੱਝ ਤਲਾਸ਼ ਕਰ ਰਿਹਾ ਹੈ ਜਿਸ ਚੀਜ਼ ਦੀ ਉਮੀਦ ਕਰ ਰਿਹਾ ਹੈ ਜੋ ਮੇਰੇ ਕੋਲ ਹੈ ਨਹੀਂ ਮੇਰੀ ਸੀਮਾ ਤੋਂ ਬਾਹਰ ਹੈ ਤਾਂ ਮੈਂ ਉਨ੍ਹਾਂ ਰਿਸ਼ਤਿਆਂ ਦੀ ਗਰਦਨ ਉੱਪਰ ਆਪ ਹੀ ਝਟਕਈ ਵਾਂਗ ਤਿੱਖਾ ਵਾਰ ਕਰ ਕੇ ਖਤਮ ਕਰ ਦਿੰਦੀ ਹੁੰਦੀ ਸਾਂ ਪਰ ਗੁਰਤੇਜ ਨੇ ਉਹੀ ਵਿਵਹਾਰ ਮੇਰੇ ਨਾਲ ਕੀਤਾ ਤਿੰਨ ਸਾਲ ਤੋਂ ਚਲੇ ਆ ਰਹੇ ਰਿਸ਼ਤੇ ਨੂੰ ਇੱਕ ਦਮ ਇਵੇਂ ਖਤਮ ਕਰ ਦਿੱਤਾ ਜਿਵੇਂ ਕੁੱਝ ਵਾਪਰਿਆ ਹੀ ਨਾ ਹੋਵੇ ਉਹ ਵੀ ਉਸ ਵੇਲੇ ਜਦੋਂ ਆਪਣੇ ਅਸੂਲਾਂ ਨੂੰ ਛਿੱਕੇ ਟੰਗ ਕੇ ਅਖੀਰ ਮੈਂ ਮਨ ਬਣਾ ਲਿਆ ਸੀ ਕਿ ਹੁਣ ਬਾਕੀ ਦੀ ਜ਼ਿੰਦਗੀ ਗੁਰਤੇਜ ਨਾਲ ਹੀ ਕੱਟਾਂਗੀ, ਉਹ ਵੀ ਵਿਆਹ ਕਰਵਾ ਕੇ ਪਰ ਐਨ ਵਕਤ ਉੱਪਰ ਉਸ ਨੇ ਉਹ ਕਾਰਾ ਕਰ ਦਿੱਤਾ ਤੇ ਮੇਰੇ ਇਸ ਭਰਮ ਨੂੰ ਹੋਰ ਪੱਕਾ ਕਰ ਦਿੱਤਾ ਕਿ ਦੁਨੀਆ ਦੇ ਸਾਰੇ ਮਰਦ ਅਸਲ



ਵਿਚ ਹਰਜਾਈ ਹੁੰਦੇ ਹਨ ਪ੍ਰੀਤਮ ਜੀ, ਮੈਂ ਹੁਣ ਵੀ ਦਾਅਵੇ ਨਾਲ ਕਹਿਨੀਆਂ ਕਿ ਦੁਨੀਆ ਦੇ ਸਾਰੇ ਮਰਦ ਹਰਜਾਈ ਹੁੰਦੇ ਹਨ ਕੁੱਤਿਆਂ ਵਾਂਗ ਇਹਨਾਂ ਨੂੰ ਜਗ੍ਹਾ ਜਗ੍ਹਾ ਮੂੰਹ ਮਾਰਨ ਦੀ ਆਦਤ ਹੁੰਦੀ ਹੈ ਕੁੱਤੇ ਤਾਂ ਫਿਰ ਵੀ ਵਫ਼ਾਦਾਰ ਹੁੰਦੇ ਹਨ ਪਰ ਇਹਨਾਂ ਕੋਲੋਂ ਤਾਂ ਇਹ ਉਮੀਦ ਵੀ ਨਹੀਂ ਕੀਤੀ ਜਾ ਸਕਦੀ ਖ਼ੈਰ, ਰੱਬ ਨੇ ਮੇਰਾ ਸਾਥ ਦਿੱਤਾ ਤੇ ਕਿਸੇ ਹਰਜਾਈ ਦੇ ਲੜ ਲੱਗਣ ਤੋਂ ਮੈਂ ਬਚ ਗਈ ਪਰ ਉਸ ਪ੍ਰਕਿਰਿਆ ਵਿਚ ਉਲਝਣ ਨਾਲ ਮੈਂ ਇੰਨਾ ਟੁੱਟ ਗਈ ਕਿ ਮੈਨੂੰ ਲੱਗਦਾ ਸੀ ਕਿ ਹੁਣ ਸ਼ਾਇਦ ਹੀ ਮੈਂ ਕਿਸੇ ਮਰਦ ਨੂੰ ਆਪਣੀ ਜ਼ਿੰਦਗੀ ਵਿਚ ਇਸ ਕਦਰ ਦਖਲ ਦੇਣ ਦਿਆਂਗੀ ਇੱਕ ਮਰਦ ਜੋ ਹਰਜਾਈ ਨਹੀਂ ਹੋਵੇਗਾ, ਮੇਰੇ ਨਾਲ ਪੂਰੀ ਤਰ੍ਹਾਂ ਜੁੜਿਆ ਰਹੇਗਾ, ਕਦੇ ਵੀ ਮੈਨੂੰ ਧੋਖਾ ਨਹੀਂ ਦੇਵੇਗਾ,ਜਿਸ ਨੂੰ ਮੇਰੇ ਤੋਂ ਇਲਾਵਾ ਹੋਰ ਕੁੱਝ ਵੀ ਵਿਖਾਈ ਨਹੀਂ ਦੇਵੇਗਾ, ਮੈਂ ਇਸ ਤਰ੍ਹਾਂ ਦੇ ਆਦਮੀ ਦੀ ਤਲਾਸ਼ ਵਿਚ ਚਾਲੀਆਂ ਨੂੰ ਢੁਕਣ ਲੱਗੀ ਸਾਂ ਪਰ ਗੁਰਤੇਜ ਦੇ ਕਿੱਸੇ ਤੋਂ ਬਾਅਦ ਮੈਂ ਪੱਕਾ ਮਨ ਬਣਾ ਲਿਆ ਹੈ ਕਿ ਵਿਆਹ ਵਾਲਾ ਵਿਚਾਰ ਆਪਣੇ ਮਨ ਉੱਪਰ ਭਾਰੂ ਹੋਣ ਹੀ ਨਹੀਂ ਦੇਣਾ ਬੱਸ ਉਦੋਂ ਤਕ ਰਿਸ਼ਤਾ ਰੱਖੋ ਜਦੋਂ ਤਕ ਮਜ਼ਾ ਆਵੇ ਹਰਾ ਹਰਾ ਰਹੇ ਬੋਰ ਨਾ ਕਰੇ ਬੋ ਨਾ ਮਾਰੇ ਜਿਸ ਵਿਚ ਕੁੱਝ ਹਾਸਲ ਕਰਨ ਦੀ ਉਮੀਦ ਨਾ ਹੋਵੇ ਤੇ ਨਾ ਹੀ ਕੁੱਝ ਖ਼ੁੱਸ ਜਾਣ ਦਾ ਡਰ ਬੱਸ ਹਰ ਪਲ ਖ਼ੁਸ਼ੀ ਭਰਪੂਰ ਹੋਵੇ ਜਦੋਂ ਰਿਸ਼ਤਾ ਭਾਰ ਲੱਗਣਾ ਸ਼ੁਰੂ ਹੋ ਜਾਵੇ ਬੋਝਲ ਹੋ ਜਾਵੇ ਤਾਂ ਉਸਦੇ ਪਿਛਵਾੜੇ ਲੱਤ ਮਾਰੋ ਤੇ ਖੇਲ੍ਹ ਖਤਮ ਕਰ ਦਿਓ ਪਰ ਗੁਰਤੇਜ ਦੇ ਕੇਸ ਵਿਚ ਮੈਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਪਤਾ ਲੱਗਾ ਸੀ ਕਿ ਮੈਂ ਹੀ ਨਹੀਂ ਕੋਈ ਦੂਸਰਾ ਮੈਨੂੰ ਵੀ ਝਟਕਾ ਦੇ ਸਕਦਾ ਹੈ ਸਾਡੇ ਦੋਨਾਂ ਵਿਚਕਾਰ ਬੜੀ ਵਾਰ ਲੜਾਈ ਝਗੜਾ ਹੁੰਦਾ ਰਹਿੰਦਾ ਸੀ ਇੱਕ ਗੱਲ ਹੋਰ ਜਿਸ ਵੇਲੇ ਉਹ ਮੇਰੀ ਜ਼ਿੰਦਗੀ ਵਿਚ ਆਇਆ ਸੀ, ਉਸ ਵੇਲੇ ਉਹ ਆਪਣੀ ਪਹਿਲੀ ਪਤਨੀ ਨਾਲ ਤਲਾਕ ਦਾ ਕੇਸ ਲੜਦਾ ਪਿਆ ਸੀ ਉਹ ਮੇਰੇ ਕੋਲੋਂ ਪੰਜ ਕੁ ਸਾਲ ਹੀ ਛੋਟਾ ਸੀ ਉਸਦੇ ਇਸ਼ਕ ਵਿਚ ਮੈਂ ਬਹੁਤ ਬੁਰੀ ਤਰ੍ਹਾਂ ਗੁਆਚ ਗਈ ਸਾਂ ਪਰ ਉਹ ਸਾਰਾ ਸਮਾਂ ਮੇਰੇ ਨਾਲ ਡਰਾਮਾ ਕਰਦਾ ਰਿਹਾ ਸੀ ਕੋਈ ਏਡਾ ਵੱਡਾ ਡਰਾਮੇਬਾਜ਼ ਵੀ ਹੋ ਸਕਦਾ ਹੈ, ਉਹ ਮੈਨੂੰ ਬਾਅਦ ਵਿਚ ਪਤਾ ਲੱਗਾ ਅਸਲ ਵਿਚ ਉਹ ਇੱਕ ਨੰਬਰ ਅੱਯਾਸ਼ ਕਿਸਮ ਦਾ ਬੰਦਾ ਸੀ ਪਰ ਮੈਂ ਉਸ ਨਾਲ ਇਸ ਕਦਰ ਜੁੜੀ ਹੋਈ ਸੀ ਕਿ ਮੈਂ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਹੀ ਨਾ ਸਕੀ ਖ਼ੈਰ, ਸਾਡੀ ਕਿਸੇ ਗੱਲ ਉੱਪਰ ਕਾ.ਫੀ ਦਿਨਾਂ ਤੋਂ ਬਹਿਸ ਚਲ ਰਹੀ ਸੀ ਪਹਿਲਾਂ ਵੀ ਚਲਦੀ ਸੀ ਕਈ ਵਾਰ ਅਸੀਂ ਲੜ ਪੈਂਦੇ ਸਾਂ ਦੋ ਤਿੰਨ ਦਿਨਾਂ ਬਾਅਦ ਅਕਸਰ ਉਹ .ਫੋਨ ਕਰ ਕੇ ਲੜਾਈ ਖਤਮ ਕਰ ਦਿੰਦਾ ਸੀ ਇਸ ਵਾਰ ਵੀ ਉਸ ਨੇ ਮੈਨੂੰ ਬਹੁਤ ਵਾਰ .ਫੋਨ ਕੀਤਾ ਪਰ ਮੈਂ ਚੁੱਕਿਆ ਨਹੀਂ ਉਸ ਨੇ ਐਸ. ਐਮ. ਐਸ. ਵੀ ਭੇਜੇ ਪਰ ਮੈਂ ਕੋਈ ਜੁਆਬ ਨਹੀਂ ਭੇਜਿਆ ਇਹ ਸਿਲਸਿਲਾ ਕੋਈ ਤਿੰਨ ਚਾਰ ਦਿਨਾਂ ਤਕ ਚਲਿਆ ਗੁਰਤੇਜ ਨੇ ਅਖੀਰ ਇੱਕ ਦਿਨ ਮੈਨੂੰ ਐਸ. ਐਮ. ਐਸ. ਭੇਜਿਆ ਜਿਸ ਵਿਚ ਲਿਖਿਆ ਸੀ ਕਿ ਅੱਜ ਉਸਦਾ ਇਹ ਆਖਰੀ .ਫੋਨ ਹੋਵੇਗਾ ਜੇਕਰ ਹੁਣ ਵੀ ਉਸਦਾ .ਫੋਨ ਨਾ ਚੁੱਕਿਆ ਤਾਂ ਉਹ ਜ਼ਿੰਦਗੀ ਭਰ ਕਦੇ ਮੈਨੂੰ .ਫੋਨ ਨਹੀਂ ਕਰੇਗਾ ਤੇ ਕਦੇ ਮੇਰਾ .ਫੋਨ ਚੁੱਕੇਗਾ ਵੀ ਨਹੀਂ ਮੇਰੇ ਨਾਲ ਸਾਰੇ ਸਬੰਧ ਤੋੜ ਲਏਗਾ ਕੁੱਝ ਘੜੀਆਂ ਬਾਅਦ ਉਸ ਨੇ .ਫੋਨ ਕੀਤਾ ਪਰ ਮੈਂ ਨਹੀਂ ਚੁੱਕਿਆ ਮੈਂ ਸੋਚਿਆ ਕਿ ਪਹਿਲਾਂ ਦੀ ਤਰ੍ਹਾਂ ਆਪੇ ਕਰ ਲਏਗਾ ਪਰ ਉਸ ਨੇ ਨਹੀਂ ਕੀਤਾ ਮੈਂ ਸੋਚਿਆ ਕਿ ਚਲੋ ਇਸ ਵਾਰ ਮੈਂ ਹੀ ਕਰ ਲੈਂਦੀ ਹਾਂ .ਫੋਨ ਮੈਂ ਹੀ ਮੰਨ ਲੈਂਦੀ ਹਾਂ ਹਾਰ ਮੈਨੂੰ ਲੱਗਾ ਕਿ ਪਿਆਰ ਮੁੱਹਬਤ ਵਿਚ ਹਾਰਨਾ ਤੇ ਹਰਾਉਣਾ ਕੋਈ ਖਾਸ ਮਹੱਤਵ ਨਹੀਂ ਰਖਦਾ ਪਰ ਅਖੀਰ ਮੈਂ ਉਸ ਨੂੰ .ਫੋਨ ਨਹੀਂ ਕੀਤਾ ਨਾ ਹੀ ਉਸਨੇ...ਇਸ ਹਾਦਸੇ ਨੇ ਮੈਨੂੰ ਬਹੁਤ ਦਿਨਾਂ ਤਕ ਪਰੇਸ਼ਾਨ ਕਰੀ ਰੱਖਿਆ ਸੀ ਖ਼ੈਰ, ਛੱਡੋ ਪ੍ਰੀਤਮ ਜੀ ਗੁਰਤੇਜ ਦਾ ਪੂਰਾ ਕਿੱਸਾ ਕਦੇ ਫਿਰ ਸੁਣਾਵਾਂਗੀ ।"

ਬੋਲਦੀ ਹੋਈ ਮੰਦਾਕਿਨੀ ਦੀਆਂ ਅੱਖਾਂ ਵਿਚ ਪਾਣੀ ਭਰ ਆਉਂਦਾ ਹੈ।

"ਚਲ ਛੱਡ ਮੰਦਾਕਿਨੀ ਇਹ ਜ਼ਿੰਦਗੀ ਹੈ ਇਸ ਵਿਚ ਰਿਸ਼ਤੇ ਨਾਤੇ ਤਾਂ ਉਸਰਦੇ ਤੇ ਢਹਿੰਦੇ ਰਹਿੰਦੇ

ਹਨ ਬਹੁਤਾ ਦਿਲ ਨੂੰ ਨਹੀਂ ਲਾਈਦਾ ਹੁੰਦਾ ਜ਼ਿੰਦਗੀ ਜਿਸ ਤਰ੍ਹਾਂ ਆਵੇ ਉਸ ਨੂੰ ਕਬੂਲ ਕਰ ਲਓ ਜ਼ਿੰਦਗੀ ਨੂੰ ਆਪਣੇ ਪਿੱਛੇ ਨਹੀਂ ਸਗੋਂ ਜ਼ਿੰਦਗੀ ਪਿੱਛੇ ਲੱਗ ਜਾਣਾ ਚਾਹੀਦਾ ਹੈ ਇੰਜ ਮਨੁੱਖ ਕਾਫ਼ੀ ਰਾਹਤ ਮਹਿਸੂਸ ਕਰਦਾ ਹੈ ।"

ਪ੍ਰੀਤਮ, ਮੰਦਾਕਿਨੀ ਨੂੰ ਹੌਸਲਾ ਦਿੰਦਾ ਹੈ।

ਇੱਕ ਦੋ ਮਿੰਟ ਵਿਚ ਉਹ ਰੁਮਾਲ ਨਾਲ ਹੰਝੂ ਸਾਫ਼ ਕਰਦੀ ਹੈ।

ਜਲਦੀ ਹੀ ਚਿਹਰੇ ਉੱਪਰ ਘਸਮੈਲੀ ਪਰ ਤਾਜ਼ੀ ਮੁਸਕਰਾਹਟ ਲੈ ਆਉਂਦੀ ਹੈ।

"ਐਕਸਿਊਜ਼ ਮੀ ਮੈਂ ਜ਼ਰਾ ਵਾਸ਼ਰੂਮ ਜਾ ਕੇ ਆਉਂਦੀ ਆਂ..।"

ਬੋਲਦੀ ਹੋਈ ਮੰਦਾਕਿਨੀ ਜਲਦੀ ਜਲਦੀ ਵਾਸ਼ਰੂਮ ਚਲੀ ਜਾਂਦੀ ਹੈ।

ਪ੍ਰੀਤਮ ਸੋਚਦਾ ਹੈ ਕਿ ਹਰ ਮਰਦ ਨੂੰ ਹਰਜਾਈ ਤੇ ਬੇਵਫਾ ਸਮਝਣ ਵਾਲੀ ਇਹ ਇਕਤਾਲੀ ਸਾਲਾਂ ਦੀ ਕੰਨਿਆ ਆਪਣੀ ਬਾਕੀ ਦੀ ਜ਼ਿੰਦਗੀ ਕਿਵੇਂ ਬਤੀਤ ਕਰੇਗੀ? ਅਜੇ ਤਾਂ ਇਹ ਫੇਸਬੁੱਕ ਉੱਪਰ ਛੋਟੇ ਵੱਡੇ ਦੋਸਤਾਂ ਨਾਲ ਗੱਲਾਂ ਕਰ ਕੇ ਆਪਣਾ ਭੁਸ ਭੋਰ ਲੈਂਦੀ ਹੈ ਪਰ ਜਦੋਂ ਇਸਨੂੰ ਬੁਢਾਪੇ ਨੇ ਘੇਰ ਲਿਆ। ਜਦੋਂ ਮੁੰਡੇ ਤੇ ਬੁੱਢੇ ਇਸਨੂੰ ਰਿਕਵੈਸਟਾਂ ਭੇਜਣਾ ਬੰਦ ਕਰ ਦੇਣਗੇ। ਭਰਾ ਭਰਜਾਈਆਂ ਵੀ ਪਾਸਾ ਵੱਟ ਜਾਣਗੇ। ਜਦੋਂ ਚਿਹਰੇ ਦੇ ਮੇਕਅਪ ਕਰਨ ਨਾਲ ਵੀ ਬੁਢਾਪਾ ਨਹੀਂ ਛੁਪੇਗਾ ਤਦ ਇਹ ਕੀ ਕਰੇਗੀ? ਪਹਾੜ ਜੇਡੇ ਲੰਮੇ ਬੁਢਾਪੇ ਨੂੰ ਕਿੰਜ ਕੱਟੇਗੀ ਉਸ ਵੇਲੇ ਇਸਦਾ ਸਹਾਰਾ ਕੌਣ ਬਣੇਗਾ? ਇਸਨੂੰ ਉਸ ਵੇਲੇ ਕਿਸੇ ਹਮਸਫ਼ਰ ਦੀ ਜ਼ਰੂਰਤ ਮਹਿਸੂਸ ਹੋਵੇਗੀ ਪਰ ਐਸਾ ਕੀ ਕਾਰਨ ਹੈ ਕਿ ਅੱਜ ਤਕ ਇਸ ਦੀ ਜ਼ਿੰਦਗੀ ਵਿਚ ਐਸਾ ਕੋਈ ਸ਼ਖ਼ਸ ਆਇਆ ਹੀ ਨਹੀਂ ਕਿ ਜਿਸ ਨਾਲ ਇਹ ਵਿਆਹ ਕਰਵਾ ਲੈਂਦੀ। ਜਿਸ ਨਾਲ ਇਹ ਆਮ ਔਰਤਾਂ ਵਾਂਗ ਆਪਣੀ ਵਿਵਾਹਿਕ ਖ਼ੁਸ਼ਹਾਲ ਜ਼ਿੰਦਗੀ ਜੀਉ ਲੈਂਦੀ। ਇਸਦਾ ਇਹ ਲਗਾਤਾਰ ਰਿਸ਼ਤੇ ਬਣਾਉਣ ਦਾ ਸਿਲਸਿਲਾ ਕਦੋਂ ਰੁਕੇਗਾ? ਜ਼ਿੰਦਗੀ ਵਿਚ ਕਦੋਂ ਸੈਟਲ ਹੋਵੇਗੀ। ਕਦੋਂ ਆਪਣਾ ਘਰ ਵੱਸਾਏਗੀ। ਉਹ ਜਦੋਂ ਵੀ ਇਸਨੂੰ ਘਰ ਵੱਸਾ ਲੈਣ ਦੀ ਸਲਾਹ ਦਿੰਦਾ ਹੈ ਤਾਂ ਇਹ ਉਸ ਵਿਸ਼ੇ ਉੱਪਰ ਗੱਲ ਕਰਨਾ ਪਸੰਦ ਨਹੀਂ ਕਰਦੀ। ਚਿੜਨਾ ਸ਼ੁਰੂ ਹੋ ਜਾਂਦੀ ਹੈ।

ਪ੍ਰੀਤਮ ਅਜੇ ਮੰਦਾਕਿਨੀ ਬਾਰੇ ਸੋਚ ਹੀ ਰਿਹਾ ਹੁੰਦਾ ਹੈ ਕਿ ਉਹ ਵਾਪਸ ਆ ਜਾਂਦੀ ਹੈ।

"ਸੌਰੀ ਮੈਂ ਬਹੁਤ ਜਲਦੀ ਇਮੋਸ਼ਨਲ ਹੋ ਜਾਂਦੀ ਹਾਂ ਪ੍ਰੀਤਮ ਜੀ, ਤੁਸੀਂ ਵੀ ਕਹਿਣੈ ਕਿ ਕਿੱਸਾ ਅਨੁਪਮ ਦਾ ਸੁਣਾ ਰਹੀ ਸੀ ਵਿਚੇ ਹੀ ਗੁਰਤੇਜ਼ ਆ ਗਿਆ ਠਾਕੁਰ ਨੂੰ ਵੀ ਨਾਲ ਨਾਲ ਤੋਰਿਆ ਹੋਇਆ ਹੈ ਇਹ ਔਰਤ ਕਿਸ ਤਰ੍ਹਾਂ ਦੀ ਹੈ ਪਰ ਪਤਾ ਨਹੀਂ ਮੈਨੂੰ ਤੁਹਾਡੇ ਨਾਲ ਇਹ ਸਾਰਾ ਕੁੱਝ ਸਾਂਝਾ ਕਰਦੇ ਚੰਗਾ ਲੱਗ ਰਿਹਾ ਹੈ ਅੱਛਾ ਇੱਕ ਗੱਲ ਹੋਰ ਪਲੀਜ਼, ਠਾਕੁਰ ਨਾਲ ਨਾ ਗੱਲ ਕਰਿਉ ਕਿ ਮੰਦਾਕਿਨੀ ਇਹ ਸਾਰੇ ਕਿੱਸੇ ਸੁਣਾ ਕੇ ਗਈ ਹੈ ਉਹ ਫਿਰ ਮੂੰਹ ਲਟਕਾ ਕੇ ਬੈਠ ਜਾਵੇਗਾ ਮੈਂ ਦੇਖਿਆ ਹੈ ਕਿ ਜਦੋਂ ਦੇ ਅਸੀਂ ਦੋਬਾਰਾ ਮਿਲਣ ਲੱਗੇ ਹਾਂ ਤਾਂ ਉਸ ਨੂੰ ਸ਼ੱਕ ਹੋਣਾ ਸ਼ੁਰੂ ਹੋ ਗਿਆ ਹੈ ਕਿ ਸਾਡੇ ਵਿਚਕਾਰ ਫਿਰ ਖਿਚੜੀ ਰਿਝਣਾ ਸ਼ੁਰੂ ਹੋ ਗਈ ਹੈ ਜਦੋਂ ਕਿ ਸੱਚ ਇਹ ਹੈ ਕਿ ਮੈਂ ਤੁਹਾਡੀ ਇੱਜ਼ਤ ਕਰਦੀ ਹਾਂ ਤੁਹਾਨੂੰ ਆਪਣੀ ਜ਼ਿੰਦਗੀ ਦੇ ਤੇ ਕਾਰੋਬਾਰ ਦਾ ਗੁਰੂ ਮੰਨਦੀ ਹਾਂ ।"

ਮੰਦਾਕਿਨੀ ਹੁਣ ਕੁੱਝ ਵੱਖਰੇ ਤੇ ਮਜ਼ਾਕੀਆ ਅੰਦਾਜ਼ ਵਿਚ ਗੱਲ ਕਰਦੀ ਹੈ।

"ਇੰਨਾ ਵੀ ਬੁਧੂ ਨਹੀਂ ਹਾਂ ਮੈਂ ਫ਼ਿਕਰ ਨਾ ਕਰ ਮੈਂ ਕਿਸੇ ਨਾਲ ਨਹੀਂ ਕਰਦਾ ਠਾਕੁਰ ਨਾਲ ਵੀ ਨਹੀਂ ਹਾਂ, ਤੈਨੂੰ ਪਤਾ ਹੈ ਕਿ ਅਨੁਪਮ ਨੂੰ ਲੈ ਕੇ ਠਾਕੁਰ ਅੱਜ ਕੱਲ੍ਹ ਕੁੱਝ ਪਰੇਸ਼ਾਨ ਹੈ ਤੂੰ ਜਦੋਂ ਦਾ ਦੱਸਿਆ ਹੈ ਕਿ ਅਨੁਪਮ ਨੂੰ ਮਿਲਣ ਜਾ ਰਹੀ ਹੈਂ ਉਦੋਂ ਦਾ ਉਸ ਦਾ ਉਹੀ ਪੁਰਾਣੇ ਵਾਲਾ ਵਾਲਾ ਹਾਲ ਹੋ ਗਿਆ ਹੈ ਚਲ ਛੱਡ, ਤੂੰ ਅਨੁਪਮ ਬਾਰੇ ਦੱਸ ਰਹੀ ਸੀ ?"



ਪ੍ਰੀਤਮ ਅਨੁਪਮ ਵਾਲੀ ਗੱਲ ਦੀ ਲਗਾਤਾਰਤਾ ਬਣਾਈ ਰੱਖਣ ਵਾਸਤੇ ਕਹਿੰਦਾ ਹੈ।

"ਮੈਂ ਵੀ ਮਹਿਸੂਸ ਕੀਤਾ ਹੈ ਕਿ ਜਦੋਂ ਦਾ ਅਨੁਪਮ ਮੇਰੀ ਜ਼ਿੰਦਗੀ ਵਿਚ ਆਇਆ ਹੈ ਨਾ ਉਦੋਂ ਦਾ ਠਾਕੁਰ ਦੇ ਵਿਵਹਾਰ ਵਿਚ ਬਹੁਤ ਫ਼ਰਕ ਆਇਆ ਹੈ ਉਹ ਮੇਰੇ ਬਾਰੇ ਬਹੁਤ ਪੋਜ਼ੈਸਿਵ ਹੈ ਤੁਹਾਨੂੰ ਪਤਾ ਹੈ ਜਦੋਂ ਮੈਂ ਤੁਹਾਡੇ ਨਾਲ ਹੀ ਨੌਕਰੀ ਕਰਦੀ ਹੁੰਦੀ ਸੀ ਤਾਂ ਮੁੰਬਈ ਤੋਂ ਇੱਕ ਮੁੰਡਾ ਆਇਆ ਸੀ ਉਸ ਨਾਲ ਮੇਰੇ ਵਿਆਹ ਦੀ ਗੱਲ ਚਲਾਈ ਸੀ ਕਿਸੇ ਰਿਸ਼ਤੇਦਾਰ ਨੇ ਮੈਂ ਸੋਚ ਲਿਆ ਸੀ ਕਿ ਜੇ ਠੀਕ ਲੱਗਾ ਤਾਂ ਕਰ ਲਵਾਂਗੀ ਤਦ ਮੇਰੇ ਨਾਲ ਵੱਡਾ ਭਰਾ ਤੇ ਠਾਕੁਰ ਵੀ ਗਿਆ ਸੀ ਉਸ ਮੁੰਡੇ ਨੂੰ ਦੇਖਣ ਵਾਸਤੇ ਤਦ ਤਾਂ ਉਸ ਨੇ ਇਸ ਤਰ੍ਹਾਂ ਦਾ ਵਿਵਹਾਰ ਨਹੀਂ ਕੀਤਾ ਸੀ ਜਾਂ ਪਹਿਲਾਂ ਵੀ ਕਿੰਨੇ ਕਿੱਸੇ ਚਲੇ ਮੇਰੇ ਗੁਰਤੇਜ ਦਾ ਵੀ, ਤਦ ਤਾਂ ਉਸ ਨੂੰ ਕੋਈ ਤਕਲੀਫ਼ ਨਹੀਂ ਹੋਈ ਸੀ ਹੁਣ ਅਨੁਪਮ ਨੂੰ ਲੈ ਕੇ ਪਤਾ ਨਹੀਂ ਉਸ ਨੂੰ ਕੀ ਹੋ ਗਿਆ ਹੈ ?"

ਬੋਲਦੀ ਹੋਈ ਮੰਦਾਕਿਨੀ ਪ੍ਰੀਤਮ ਵੱਲ ਦੇਖਦੀ ਹੈ।

"ਬਹੁਤ ਵੱਡਾ ਦਿਲ ਚਾਹੀਦਾ ਹੈ ਆਪਣੀ ਪ੍ਰੇਮਿਕਾ ਨਾਲ ਜਾਣਾ ਉਸ ਦੇ ਵਿਆਹ ਵਾਸਤੇ ਲੜਕਾ ਦੇਖਣ ਵਾਸਤੇ ਇਸ ਤਰ੍ਹਾਂ ਦਾ ਵੱਡਾ ਜ਼ਿਗਰਾ ਤਾਂ ਠਾਕੁਰ ਹੀ ਰੱਖ ਸਕਦਾ ਹੈ ਧੰਨ ਹੈ ਠਾਕੁਰ ਬਾਬਾ ਤੇ ਧੰਨ ਹੈ ਤੂੰ ਮੰਦਾਕਿਨੀ ਦੇਵੀ ਜਿਸਨੇ ਇੰਨੀ ਹਿੰਮਤ ਕੀਤੀ ਕਿ ਆਪਣੇ ਵਾਸਤੇ ਮੁੰਡਾ ਦੇਖਣ ਵਾਸਤੇ ਆਪਣੇ ਹੀ ਪਰੇਮੀ ਨੂੰ ਨਾਲ ਲੈ ਲਿਆ ਇਹ ਹਨ ਅੱਜ ਦੇ ਰਾਧਾ ਕ੍ਰਿਸ਼ਨ ਵਾਹ..ਵਾਹ ਕਯਾ ਬਾਤ ਹੈ !"

ਮੁਸਕਰਾਉਂਦਾ ਹੋਇਆ ਪ੍ਰੀਤਮ ਮੰਦਾਕਿਨੀ ਵਲ ਦੇਖਦਾ ਹੈ।

"ਪ੍ਰੀਤਮ ਜੀ, ਮੈਨੂੰ ਪਤਾ ਹੈ ਤੁਸੀਂ ਕਿਥੋਂ ਬੋਲਦੇ ਪਏ ਹੋ ਇਹ ਕੁੱਝ ਗ਼ਹਿਰੀਆਂ ਗੱਲਾਂ ਹਨ ਇਹ ਤੁਹਾਡੇ ਪੱਲੇ ਨਹੀਂ ਪੈਣੀਆਂ ਕਈ ਰਿਸ਼ਤੇ ਬਹੁਤ ਹੀ ਗ਼ਹਿਰੇ ਹੁੰਦੇ ਹਨ ਠਾਕੁਰ ਤੇ ਮੇਰਾ ਰਿਸ਼ਤਾ ਸਚਮੁਚ ਕ੍ਰਿਸ਼ਨ ਤੇ ਰਾਧਾ ਵਾਲਾ ਹੀ ਹੈ ..ਇੱਕ ਦਮ ਪਵਿਤਰ ਨਾਲੇ ਤੁਸੀਂ ਕਿਹੜਾ ਕਦੇ ਜ਼ਿੰਦਗੀ ਵਿਚ ਕਿਸੇ ਨਾਲ ਇਸ਼ਕ ਕੀਤਾ ਹੈ ਕਿ ਤੁਹਾਨੂੰ ਪਤਾ ਹੋਵੇ ਕਿ ਪਿਆਰ ਮੁਹਬਤ ਤੇ ਰਿਸ਼ਤੇ ਕੀ ਹੁੰਦੇ ਹਨ ਚਲੋ ਛੱਡੋ ਅਸਲ ਵਿਚ ਤੁਸੀਂ ਤਾਂ ਮੇਰੇ ਨਾਲ ਗਿਆਰਾਂ ਸਾਲ ਬੋਲੇ ਤਕ ਨਹੀਂ ਪਰ ਮੈਂ ਆਪਣੇ ਸਾਰੇ ਕਿੱਸੇ ਠਾਕੁਰ ਨਾਲ ਸਾਂਝੇ ਕਰਦੀ ਹੁੰਦੀ ਸਾਂ ਕਈਆਂ ਨੂੰ ਠਾਕੁਰ ਪਸੰਦ ਕਰਦਾ ਸੀ ਪਰ ਕਈਆਂ ਨੂੰ ਨਫ਼ਰਤ ਪਰ ਜਦੋਂ ਦਾ ਅਨੁਪਮ ਮੇਰੀ ਜ਼ਿੰਦਗੀ ਵਿਚ ਆਇਆ ਹੈ ਤਦ ਤੋਂ ਉਸ ਤੋਂ ਬਰਦਾਸ਼ਤ ਨਹੀਂ ਹੋ ਰਿਹਾ ਇੱਕ ਦਿਨ ਉਸ ਨੇ ਰਾਤ ਨੂੰ ਇੱਕ ਵਜੇ ਮੈਨੂੰ ਫ਼ੋਨ ਕਰ ਦਿੱਤਾ ਮੈਂ ਚੁੱਕਿਆ ਨਾ ਅਗਲੇ ਦਿਨ ਮੈਂ ਉਸ ਨੂੰ ਪੁੱਛਿਆ ਤਾਂ ਕਹਿੰਦਾ ਕਿ ਉਹ ਦੇਖਣਾ ਚਾਹੁੰਦਾ ਸੀ ਕਿ ਮੈਂ ਕਿਤੇ ਉਸ ਨਾਲ ਗੱਲ ਤਾਂ ਨਹੀਂ ਕਰ ਰਹੀ ਸੀ ਮੈਨੂੰ ਬੜਾ ਦੁਖ ਲੱਗਾ ਮੈਂ ਮਹਿਸੂਸ ਕੀਤਾ ਹੈ ਕਿ ਠਾਕੁਰ ਕੁੱਝ ਦੁਖੀ ਹੈ ਪਰ ਮੈਨੂੰ ਅਫ਼ਸੋਸ ਇਸ ਗੱਲ ਦਾ ਹੈ ਕਿ ਮੇਰਾ ਕੋਈ ਕਰੀਬੀ ਮੇਰੀ ਬਜਾ ਨਾਲ ਪਰੇਸ਼ਾਨ ਹੈ ਠਾਕੁਰ ਨੂੰ ਇੰਜ ਨਹੀਂ ਕਰਨਾ ਚਾਹੀਦਾ ਪਰ ਪਤਾ ਨਹੀਂ ਉਹ ਕਿਉਂ ਕਰ ਰਿਹਾ ਹੈ ਉਹ ਮੈਨੂੰ ਇੱਕ ਇਨਸਾਨ ਵਾਂਗ ਨਹੀਂ ਲੈ ਰਿਹਾ ਅੱਜ ਕੱਲ੍ਹ ਪ੍ਰੀਤਮ ਜੀ, ਮੇਰੀਆਂ ਵੀ ਕੁੱਝ ਉਮੰਗਾਂ ਹਨ ਖਾਹਿਸ਼ਾਂ ਹਨ ਪਰ ਮੈਂ ਠਾਕੁਰ ਨੂੰ ਵੀ ਖੋਣਾ ਨਹੀਂ ਚਾਹੁੰਦੀ ਉਸ ਨੂੰ ਮੇਰੀ ਤਕਲੀਫ਼ ਵੀ ਸਮਝਣੀ ਚਾਹੀਦੀ ਹੈ ਕੁੱਝ ਰਿਸ਼ਤੇ ਰੇਲ ਦੀਆਂ ਪਟਰੀਆਂ ਵਰਗੇ ਹੁੰਦੇ ਹਨ ਜੋ ਮੰਜ਼ਲ ਤਕ ਅਪੜਣ ਤਕ ਸਾਰੇ ਰਸਤੇ ਵਿਚ ਇੱਕ ਦੂਜੇ ਦਾ ਸਾਥ ਤਾਂ ਜ਼ਰੂਰ ਦਿੰਦੇ ਹਨ ਪਰ ਉਹ ਆਪਣੇ ਵਿਚਲੀ ਦੂਰੀ ਹਮੇਸ਼ਾ ਕਾਇਮ ਰਖਦੇ ਹਨ ਤੇ ਜਿਸ ਦਿਨ ਦੂਰੀ ਖਤਮ ਹੋ ਜਾਂਦੀ ਹੈ ਉਸ ਦਿਨ ਬਹੁਤ ਵੱਡੇ ਵੱਡੇ ਹਾਦਸੇ ਵਾਪਰਦੇ ਹਨ ਤੁਹਾਡਾ ਤਾਂ ਨੁਕਸਾਨ ਹੁੰਦਾ ਹੀ ਹੈ ਪਰ ਤੁਹਾਡੇ ਨਾਲ ਜੁੜੇ ਲੋਕਾਂ ਦਾ ਵੀ ਹੁੰਦਾ ਹੈ ਚਲੋ, ਆਪੇ ਸਮਝ ਆ ਜਾਵੇਗੀ ਠਾਕੁਰ ਨੂੰ ?"

ਬੋਲਦੀ ਹੋਈ ਮੰਦਾਕਿਨੀ ਦੀਆਂ ਫਿਰ ਅੱਖਾਂ ਭਰ ਆਉਂਦੀਆਂ ਹਨ।

"ਯਾਰ ਇੱਕ ਤਾਂ ਤੂੰ ਗੱਲ ਗੱਲ ਉੱਪਰ ਹੰਝੂ ਨਾ ਕੇਰਿਆ ਕਰ ਇਹਨਾਂ ਨੂੰ ਸਾਂਭ ਕੇ ਰੱਖ ਕਿਸੇ ਵੇਲੇ ਕੰਮ ਆਉਣਗੇ ਦੂਸਰਾ ਤੈਨੂੰ ਕੀ ਪਤਾ ਕਿ ਮੈਂ ਜ਼ਿੰਦਗੀ ਵਿਚ ਇਸ਼ਕ ਕੀਤਾ ਹੈ ਕਿ ਨਹੀਂ ਪਰ ਉਹ ਮੇਰੀ ਜ਼ਿੰਦਗੀ ਹੈ .ਹਾਂ, ਤੂੰ ਅਨੁਪਮ ਬਾਰੇ ਗੱਲ ਕਰ ਰਹੀ ਸੀ ।"

ਪ੍ਰੀਤਮ ਮੰਦਾਕਿਨੀ ਨੂੰ ਗੱਲ ਅੱਗੇ ਤੋਰਣ ਵਾਸਤੇ ਕਹਿੰਦਾ ਹੈ।

"ਹਾਂ ਮੈਂ ਦੱਸ ਰਹੀ ਸੀ ਕਿ ਹੋਰ ਕੋਈ ਵੀ ਦੋਸਤ ਨਹੀਂ ਸੀ ਮੇਰਾ ਉਨ੍ਹੀਂ ਦਿਨੀਂ ਕਿਸੇ ਦਾ ਫ਼ੋਨ ਵੀ ਨਹੀਂ ਆਉਂਦਾ ਸੀ ਠਾਕੁਰ ਦਾ ਵੀ ਘੱਟ ਵੱਧ ਹੀ ਆਉਂਦਾ ਸੀ ਤੁਹਾਡਾ ਤਾਂ ਕਦੇ ਆਉਂਦਾ ਹੀ ਨਹੀਂ ਹੈ ਨਾ ਪਹਿਲਾਂ ਨਾ ਹੁਣ ਦਫ਼ਤਰ ਵਿਚ ਕੰਮ ਵੀ ਕੋਈ ਖਾਸ ਨਹੀਂ ਚਲ ਰਿਹਾ ਸੀ ਸੋ ਮੈਂ ਸੋਚਿਆ ਕਿ ਚਲੋ ਯਾਰ ਅਨੁਪਮ ਨੂੰ ਇਸਦੀ 'ਹੈਲੋ' ਦਾ ਜੁਆਬ ਦੇ ਹੀ ਦਿੰਦੇ ਹਾਂ ਬੱਸ ਫਿਰ ਕੀ ਸੀ ਅਜੇ ਰਿਕਵੈਸਟ ਅਕਸੈਪਟ ਕੀਤਿਆਂ ਸਕਿੰਟ ਵੀ ਨਹੀਂ ਹੋਇਆ ਸੀ ਕਿ ਜਨਾਬ ਦਾ 'ਹਾਏ' ਦਾ ਮੈਸੇਜ਼ ਆ ਵੀ ਗਿਆ ਜਿਵੇਂ ਮੇਰੀ ਹੀ 'ਹਾਂ' ਨੂੰ ਉਡੀਕ ਰਿਹਾ ਹੋਵੇ।

ਸਾਡੀ ਗੱਲਬਾਤ ਦਾ ਸਿਲਸਿਲਾ ਸ਼ੁਰੂ ਗਿਆ ਫੇਸ-ਬੁੱਕ ਉੱਪਰ ਪਹਿਲਾਂ ਮੈਂ ਸੋਚਿਆ ਯਾਰ ਐਵੇਂ ਪੰਗਾ ਲੈ ਲਿਐ ਪਹਿਲਾਂ ਵੀ ਤਾਂ ਕਈ ਵਾਰ ਇੰਜ ਹੀ ਹੋਇਆ ਰਿਸ਼ਤੇ ਦੀ ਸ਼ੁਰੂਆਤ ਤਾਂ ਉਤਸ਼ਾਹ ਨਾਲ ਹੁੰਦੀ ਹੈ ਕੁੱਝ ਦੇਰ ਤਾਜ਼ਗੀ ਰਹਿੰਦੀ ਹੈ ਫਿਰ ਬੋਰੀਅਤ ਤੇ ਫਿਰ ਉਹੀ ਦਿਲ ਤੋੜਵਾਂ ਅੰਤ ਪਰ ਜਿਵੇਂ ਕਹਿੰਦੇ ਨੇ ਕਿ ਦਿਲ ਹੈ ਕਿ ਮਾਨਤਾ ਨਹੀਂ ਮੈਂ ਵੀ ਉਸ ਨਾਲ ਗੱਲਬਾਤ ਕਰਨ ਲੱਗ ਪਈ ਫੋਟੋ ਵਿਚ ਤਾਂ ਅਨੁਪਮ ਵੱਡਾ ਹੀ ਲੱਗਦਾ ਸੀ ਵੱਡਾ ਮਤਲਬ, ਪੈਂਤੀ ਛੱਤੀ ਸਾਲਾਂ ਦਾ ਤਾਂ ਹੋਵੇਗਾ ਹੀ ਛੋਟਾ ਤਾਂ ਲੱਗਦਾ ਨਹੀਂ ਸੀ ਪਹਿਲਾਂ ਤਾਂ ਮੈਨੂੰ ਲੱਗਿਆ ਕਿ ਸ਼ਰੀਫ ਹੈ ਪਰ ਫਿਰ ਮੈਂ ਉਸ ਦੀ ਚਲਾਕੀ ਨੂੰ ਇੱਕ ਦਮ ਜਾਣ ਗਈ ਹੋਇਆ ਇੰਜ ਕਿ ਅਜੇ ਕੁੱਝ ਘੜੀਆਂ ਹੀ ਹੋਈਆਂ ਸਨ ਫੇਸਬੁਕ ਉੱਪਰ ਚੈਟ ਕਰਦੇ ਤਾਂ ਉਸ ਨੇ ਪੁੱਛਿਆ ਕਿ ਫੇਸਬੁਕ ਦੀ ਥਾਂ ਅਸੀਂ 'ਵਟ੍ਸਅਪ' ਉੱਪਰ ਗੱਲ ਕਿਉਂ ਨਹੀਂ ਕਰਦੇ ? ਮੇਰੇ ਕੋਲ ਨਾ ਕਰਨ ਦਾ ਕੋਈ ਠੋਸ ਕਾਰਨ ਨਹੀਂ ਸੀ ਮੇਰੇ ਕੋਲ ਉਸ ਦਾ ਮੋਬਾਈਲ ਨੰਬਰ ਹੈ ਨਹੀਂ ਸੀ ਨਾ ਹੀ ਮੈਂ ਉਸ ਨੂੰ ਆਪਣਾ ਦਿੱਤਾ ਸੀ ਨਾ ਹੀ ਉਸ ਨੇ ਮੰਗਿਆ ਸੀ ਜਿਵੇਂ ਕਿ ਆਮ ਮੁੰਡੇ ਗੱਲਬਾਤ ਦੇ ਪਹਿਲੇ ਦੋ ਸਕਿੰਟਾਂ ਵਿਚ ਹੀ ਫ਼ੋਨ ਨੰਬਰ ਮੰਗਣ ਲੱਗ ਪੈਂਦੇ ਹਨ ਮੈਂ ਉਸ ਕੋਲੋਂ ਮੋਬਾਈਲ ਨੰਬਰ ਪੁੱਛਿਆ ਉਸ ਨੇ ਉਸੇ ਵੇਲੇ ਲਿਖ ਦਿੱਤਾ ਮੈਂ 'ਵਟ੍ਸ-ਅਪ' ਵਿਚ ਨੰਬਰ ਭਰਿਆ ਤੇ 'ਹੈਲੋ' ਲਿਖ ਦਿੱਤਾ ਬੱਸ ਫਿਰ ਕੀ ਸੀ ਅਸੀਂ ਫੇਸ-ਬੁੱਕ ਤੋਂ ਬਾਹਰ ਆ ਗਏ ਤੇ 'ਵਟ੍ਸ-ਅਪ' ਉੱਪਰ ਗੱਲਬਾਤ ਕਰਨ ਲੱਗ ਪਏ ਕੁੱਝ ਘੜੀਆਂ ਬਾਅਦ ਹੀ ਅਨੁਪਮ ਦਾ ਫ਼ੋਨ ਆ ਗਿਆ ਮੈਂ ਪੁੱਛਿਆ ਕਿ ਫ਼ੋਨ ਨੰਬਰ ਕਿਥੋਂ ਲਿਆ ਤਾਂ ਕਹਿੰਦਾ ਕਿ 'ਵਟ੍ਸ-ਅਪ' ਫ਼ੋਨ ਉੱਪਰ ਹੀ ਚਲਦਾ ਹੈ ਮੈਨੂੰ ਪਤਾ ਚਲ ਗਿਆ ਕਿ ਉਸ ਨੇ ਮੇਰੇ ਕੋਲੋਂ ਫ਼ੋਨ ਮੰਗਿਆ ਨਹੀਂ ਪਰ ਟਰਿਕ ਰਾਹੀਂ ਲੈ ਲਿਆ ਹੈ ਮੈਂ ਸਮਝ ਗਈ ਕਿ ਇਹ ਬੰਦਾ ਚਲਾਕ ਹੈ ਕੁੱਝ ਸੰਭਲ ਕੇ ਚਲਣ ਦੀ ਲੋੜ ਪਵੇਗੀ ਹਾਲਾਂਕਿ ਮੈਂ ਆਪਣੇ ਆਪ ਨੂੰ ਅਕਲ ਵਾਲੀ ਸਮਝਦੀ ਹਾਂ ਪਰ ਉਸ ਤੋਂ ਮਾਤ ਖਾ ਗਈ ਖ਼ੈਰ, ਸਾਡੀ ਗੱਲਬਾਤ ਸ਼ੁਰੂ ਹੋ ਗਈ ਕਦੇ ਵਟ੍ਸ-ਅਪ ਉੱਪਰ, ਕਦੇ ਫੇਸ ਬੁੱਕ ਤੇ ਕਈ ਵਾਰ ਫ਼ੋਨ ਉੱਪਰ।

ਦੋ ਤਿੰਨ ਦਿਨ ਹੋ ਗਏ ਸਨ ਸਾਨੂੰ ਆਪਸ ਵਿਚ ਗੱਲਬਾਤ ਕਰਦਿਆਂ ਇੱਕ ਦਿਨ ਜਦੋਂ ਉਹ ਮੇਰੇ ਨਾਲ ਗੱਲ ਕਰ ਰਿਹਾ ਸੀ ਤਾਂ ਅਚਾਨਕ ਮੈਨੂੰ ਉਸਦੇ ਫ਼ੋਨ ਵਿਚ ਆਵਾਜ਼ ਸੁਣਾਈ ਦਿੱਤੀ ਡੈਡੀ ਡੈਡੀ ਬੋਲਦੇ ਕਿਸੇ ਬੱਚੇ ਦੀ ।

"ਇਹ ਕੀ ਰੌਲਾ ਪੈ ਗਿਆ ਹੈ ਤੇਰੇ ਫ਼ੋਨ ਵਿਚ ਕਿਥੇ ਹੈਂ ਤੂੰ ਇਹ ਆਵਾਜ਼ ਕਿਸ ਦੀ ਹੈ ?"

ਮੈਂ ਅਚਾਨਕ ਪੁੱਛਿਆ।

"ਮੇਰਾ ਵੱਡਾ ਭਰਾ ਤੇ ਉਸਦਾ ਪਰਿਵਾਰ ਆਇਆ ਹੈ ।"



ਅਨੁਪਮ ਨੇ ਜੁਆਬ ਦਿੱਤਾ।

"ਆਰ ਯੂ ਮੈਰੀਡ ?"

ਉਸ ਨੇ ਮੈਨੂੰ ਪੁੱਛ ਲਿਆ।

" ਨੋ, ਆਈ ਐਮ ਨਾਟ ।"

ਅਸਲ ਵਿਚ ਦੇਖਣ ਤੋਂ ਮੈਨੂੰ ਸ਼ਾਦੀਸ਼ੁਦਾ ਲੱਗ ਰਿਹਾ ਸੀ ਪਰ ਉਸ ਨੇ ਇਨਕਾਰ ਕਰ ਦਿੱਤਾ ਮੈਨੂੰ ਯਕੀਨ ਨਹੀਂ ਆਇਆ ਮੈਂ ਹੋਰ ਜ਼ਿਆਦਾ ਸਤਰਕ ਹੋ ਗਈ ਕਿ ਜਿਹੜਾ ਕਿੱਤੇ ਤੋਂ ਹੀ ਅਦਾਕਾਰ ਹੈ, ਉਹ ਕਿਸੇ ਵੀ ਰੂਪ ਵਿਚ ਚੰਗੀ ਅਦਾਕਾਰੀ ਕਰ ਸਕਦਾ ਹੈ ਪਰ ਕੱਚੀਆਂ ਗੋਲੀਆਂ ਮੈਂ ਵੀ ਨਹੀਂ ਖੇਡੀਆਂ ਸਨ ਸਾਡੀ ਗੱਲਬਾਤ ਚਲਦੀ ਰਹੀ ਸ਼ੁਰੂਆਤੀ ਦਿਨਾਂ ਵਿਚ ਉਹ ਮੈਨੂੰ ਮਹਾ-ਚਾਲੂ ਕਿਸਮ ਦਾ ਲੱਗਾ ਫਿਰ ਹੌਲੇ ਹੌਲੇ ਉਸ ਨੇ ਮੇਰੇ ਨਾਲ ਆਪਣੇ ਭੇਦ ਖੋਲਣਾ ਸ਼ੁਰੂ ਕਰ ਦਿੱਤੇ ਇਹ ਵੀ ਦੱਸਿਆ ਕਿ ਉਹ ਰਾਤ ਨੂੰ ਕੁੜੀਆਂ ਨਾਲ ਲੰਮੀਆਂ ਲੰਮੀਆਂ ਗੱਲਾਂ ਕਰਦਾ ਹੁੰਦਾ ਸੀ ਮਿਲਿਆ ਭਾਵੇਂ ਕਿਸੇ ਵੀ ਕੁੜੀ ਨੂੰ ਨਹੀਂ ਸੀ ਉਸ ਨੇ ਜਦੋਂ ਆਪਣੀਆਂ ਕਮਜ਼ੋਰੀਆਂ ਤੇ ਹੋਰ ਕਈ ਰਾਜ਼ ਮੇਰੇ ਨਾਲ ਸਾਂਝੇ ਕੀਤੇ ਤਾਂ ਮੈਨੂੰ ਯਕੀਨ ਹੋਣ ਲੱਗ ਪਿਆ ਕਿ ਲੜਕਾ ਇੰਨਾ ਬੁਰਾ ਨਹੀਂ ਹੈ, ਜਿੰਨਾ ਮੈਂ ਸਮਝਦੀ ਸੀ ਉਸ ਦੀ ਤਸਵੀਰ ਮੇਰੇ ਜ਼ਿਹਨ ਵਿਚ ਚੰਗੀ ਬਣਨ ਲੱਗ ਪਈ ਸਾਡੀਆਂ ਲੰਮੀਆਂ ਲੰਮੀਆਂ ਗੱਲਾਂ ਹੋਈਆਂ ਇੱਕ ਦੂਸਰੇ ਨੂੰ ਸਮਝਣ ਦਾ ਮੌਕਾ ਮਿਲ ਗਿਆ।

"ਵਿਲ ਯੂ ਮੈਰੀ ਮੀਂ ਮੇਰੇ ਨਾਲ ਸ਼ਾਦੀ ਕਰੇਂਗੀ...?"

ਇੱਕ ਦਿਨ ਅਚਾਨਕ ਉਸ ਨੇ ਸ਼ਾਦੀ ਦਾ ਪ੍ਰਸਤਾਵ ਮੇਰੇ ਸਾਹਮਣੇ ਰੱਖ ਦਿੱਤਾ।

"ਬਈ ਸ਼ਾਦੀ ਸ਼ੁਦੀ ਤਾਂ ਮੈਂ ਨਹੀਂ ਕਰਾਂਗੀ ਮੈਂ ਸ਼ਾਦੀ ਵਰਗੀ ਸੰਸਥਾ ਉੱਪਰ ਵਿਸ਼ਵਾਸ਼ ਨਹੀਂ ਕਰਦੀ।"

ਮੈਂ ਦੋ ਟੁਕ ਜੁਆਬ ਦੇ ਦਿੱਤਾ ਉਸ ਨੂੰ।

"ਚਲ ਕਾਹਲੀ ਨਾ ਕਰ ਸੋਚ ਕੇ ਦੱਸ ਦੇਵੀਂ ।"

"ਚਲੋ ਠੀਕ ਹੈ ।"

"ਕਾਫ਼ੀ ਸਮਾਰਟ ਤੇ ਤੇਜ਼ ਨਿਕਲਿਆ ਉਹ ਬੰਦਾ .?"

ਪ੍ਰੀਤਮ, ਮੰਦਾਕਿਨੀ ਨੂੰ ਵਿਚੋਂ ਰੋਕ ਕੇ ਗੱਲ ਆਪਣਾ ਪੱਖ ਰਖਦਾ ਹੈ।

"ਬਹੁਤ ਸਮਾਰਟ ਹਾਂ, ਪ੍ਰੀਤਮ ਜੀ ਇੱਕ ਗੱਲ ਹੋਰ ਜਿਹੜੀ ਮੈਂ ਨੋਟ ਕੀਤੀ ਕਿ ਉਸ ਨੇ ਉਹ ਵਾਲੀਆਂ ਹੋਛੀਆਂ ਗੱਲਾਂ ਨਹੀਂ ਕੀਤੀਆਂ ਜਿਹੜੀਆਂ ਆਮ ਤੌਰ ਉੱਪਰ ਮੁੰਡੇ ਕਰਦੇ ਹਨ ਉਸ ਨੇ ਦੱਸਿਆ ਕਿ ਉਹ ਹੋਰ ਕੁੜੀਆਂ ਨਾਲ ਗੰਦੀਆਂ ਗੰਦੀਆਂ ਗੱਲਾਂ ਕਰਦਾ ਹੁੰਦਾ ਸੀ ਪਰ ਮੇਰੇ ਨਾਲ ਨਹੀਂ ਕਰੇਗਾ ਅਗਰ ਕੋਈ ਬੰਦਾ ਇਹ ਛੁਪਾਉਂਦਾ ਹੈ ਕਿ ਉਹ ਗੰਦਾ ਸੀ ਤਾਂ ਉਹ ਗ਼ਲਤ ਹੈ ਮੈਨੂੰ ਲੱਗਦਾ ਸੀ ਕਿ ਹੋ ਸਕਦਾ ਹੈ ਕਿ ਉਹ ਵੀ ਕੋਈ ਗ਼ੇਮ ਹੀ ਹੋਵੇ ਕਿਉਂਕਿ ਮੁੰਡਿਆਂ ਦੀ ਇਹ ਇੱਕ ਚਾਲ ਵੀ ਹੁੰਦੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਕੁੜੀ ਉੱਪਰ ਆਪਣਾ ਚੰਗਾ ਇੰਪਰੈਸ਼ਨ ਜਮਾਉਣ ਵਾਸਤੇ ਮੈਂ ਵੀ ਪੂਰੀ ਕੋਸ਼ਿਸ਼ ਕੀਤੀ ਕਿ ਉਸ ਬਾਰੇ ਹੋਰ ਪਤਾ ਲਗਾਇਆ ਜਾਵੇ ਕਿ ਨਾਟਕ ਤਾਂ ਨਹੀਂ ਕਰ ਰਿਹਾ ਪਰ ਉਸ ਨੇ ਕੁੱਝ ਦਿਨਾਂ ਵਿਚ ਹੀ ਮੈਨੂੰ ਆਪਣੇ ਵਿਚਾਰਾਂ ਤੇ ਗੱਲਾਂ ਨਾਲ ਪ੍ਰਭਾਵਿਤ ਕਰ ਦਿੱਤਾ ਮੈਂ ਦੇਖਿਆ ਕਿ ਉਹ ਸਹੀ ਤੇ ਚੰਗੀਆਂ ਗੱਲਾਂ ਕਰਦਾ ਹੈ ਪ੍ਰੀਤਮ ਜੀ, ਅਸਲ ਵਿਚ ਮੈਂ ਜਿਹੜੀਆਂ ਗੱਲਾਂ ਕਿਤਾਬਾਂ ਵਿਚ ਵੀ ਨਹੀਂ ਪੜ੍ਹੀਆਂ ਸਨ, ਉਹ ਮੈਂ ਉਸ ਕੋਲੋਂ ਸੁਣੀਆਂ ਸਿਖੀਆਂ ਮੈਂ ਰੋਜ਼ ਉਸ ਦਾ ਫੇਸ-ਬੁੱਕ ਪੇਜ ਦੇਖਦੀਆਂ ਕੁੜੀਆਂ ਕਈ ਤਰ੍ਹਾਂ ਦੇ ਕਮੈਂਟ ਲਿਖਦੀਆਂ ਨੇ ਟੇਢੇ ਮੇਢੇ ਪਰ ਉਹ ਹਮੇਸ਼ਾ ਬਹੁਤ ਹੀ ਸਲੀਕੇ ਨਾਲ ਉਨ੍ਹਾਂ

ਦੇ ਕਮੈਂਟਸ ਦਾ ਜੁਆਬ ਦਿੰਦਾ ਹੈ ਕਦੇ ਆਪਾ ਨਹੀਂ ਖੋਂਦ੍ਹਾ ਅਸਲ ਵਿਚ ਜਦੋਂ ਮੈਂ ਉਸਦੇ ਅੰਦਰ ਝਾਕ ਕੇ ਦੇਖਿਆ ਤਾਂ ਮੈਨੂੰ ਲੱਗਾ ਕਿ ਇਹ ਬੰਦਾ ਬਹੁਤ ਸਹੀ ਹੈ... ਗ਼ਹਿਰਾ ਹੈ ਮੈਂ ਜਦੋਂ ਉਸ ਨੂੰ ਆਪਣੇ ਨਾਲ ਮੇਚਦੀਆਂ ਹਾਂ ਤਾਂ ਆਪਣੇ ਆਪ ਨੂੰ ਬਹੁਤ ਹੀ ਹਲਕੇ ਪੱਧਰ ਦਾ ਮਹਿਸੂਸ ਕਰਦੀ ਹਾਂ ਉਹ ਸਾਰਾ ਕੁੱਝ ਸੱਚ ਦੱਸਦਾ ਹੈ ਕੁੱਝ ਵੀ ਛੁਪਾਂਦਾ ਨਹੀਂ ਕਈ ਵਾਰ ਸਾਡਾ ਝਗੜਾ ਵੀ ਹੋਇਆ ਕੁੜੀਆਂ ਨੂੰ ਲੈ ਕੇ ਇੱਕ ਦਿਨ ਝਗੜਾ ਕੁੱਝ ਜ਼ਿਆਦਾ ਹੀ ਹੋ ਗਿਆ ਉਹ ਜ਼ੋਰ ਜ਼ੋਰ ਨਾਲ ਰੋਣ ਲੱਗ ਪਿਆ ਵੈਸੇ ਉਹ ਇੰਨਾ ਕਮਜ਼ੋਰ ਨਹੀਂ ਹੈ ਪਰ ਫਿਰ ਵੀ ਲੱਗਾ ਜਿਵੇਂ ਮੈਂ ਨਾ ਪੱਖੀ ਸੋਚ ਵਾਲੀ ਹਾਂ ਪਰ ਉਹ ਮੇਰੇ ਤੋਂ ਉਲਟ ਸੁਚਾਰੂ ਤੇ ਹਾਂ ਪੱਖੀ ਸੋਚ ਵਾਲਾ ਹੈ...ਪਰ ਉਸਦਾ ਰੋਣਾ ਉਸ ਦੀ ਸ਼ਖ਼ਸੀਅਤ ਬਾਰੇ ਕਈ ਕੁੱਝ ਦਰਸਾਉਂਦਾ ਸੀ ਕਈ ਰੰਗ ਵਿਖਾਉਂਦਾ ਸੀ ਹਾਂ, ਇੱਕ ਗੱਲ ਹੋਰ ਕਿ ਉਹ ਉਸੇ ਵੇਲੇ ਨਹੀਂ ਰੋਇਆ ਕੁੱਝ ਦੇਰ ਬਾਅਦ ਮੈਂ ਫ਼ੋਨ ਕੀਤਾ ਤਾਂ ਮੈਂ ਸਮਝ ਗਈ ਰੋ ਰਿਹਾ ਹੈ ਪਰ ਉਸ ਨੇ ਕੋਸ਼ਿਸ਼ ਕੀਤੀ ਕਿ ਮੈਨੂੰ ਇਹ ਪਤਾ ਨਾ ਲੱਗਣ ਦੇਵੇ ਕਿ ਉਹ ਰੋਇਆ ਸੀ ਫਿਰ ਕੁੱਝ ਦਿਨਾਂ ਬਾਅਦ ਉਸ ਨੇ ਆਪ ਦੱਸਿਆ ਕਿ ਉਸ ਦਿਨ ਉਹ ਭੁੱਬੀਂ ਰੋਇਆ ਸੀ ਮੈਨੂੰ ਬਹੁਤ ਬੁਰਾ ਲੱਗਾ ਕਿ ਮੈਂ ਉਸ ਨੂੰ ਰੁਲਾ ਦਿੱਤਾ ਹੈ ।"

ਬੋਲਦੀ ਹੋਈ ਮੰਦਾਕਿਨੀ ਦੀਆਂ ਅੱਖਾਂ ਵਿਚੋਂ ਹੰਝੂ ਫਿਰ ਪਰਲ ਪਰਲ ਵਗਣੇ ਸ਼ੁਰੂ ਹੋ ਗਏ।

"ਯਾਰ ਇੱਕ ਤਾਂ ਤੂੰ ਰੋਣਾ ਬੜੀ ਛੇਤੀ ਕਰ ਦਿੰਦੀ ਐਂ ਕੁੱਝ ਘੜੀਆਂ ਪਹਿਲਾਂ ਗੁਰਤੇਜ ਵਾਸਤੇ ਰੋ ਰਹੀ ਸੀ ਤੇ ਹੁਣ ਆ ਨਵੇਂ ਨਵੇਂ ਫਸੇ ਮੁਰਗੇ ਬਾਰੇ ਸੋਚ ਕੇ ਪਹਿਲਾਂ ਤੂੰ ਠਾਕੁਰ ਬਾਰੇ ਸੋਚ ਕੇ ਵੀ ਹੰਝੂ ਕੇਰਦੀ ਪਈ ਸੀ ਕਿਹਦੇ ਕਿਹਦੇ ਵਾਸਤੇ ਰੋਇਆ ਕਰੇਂਗੀ ਮਜ਼ੇ ਲਿਆ ਕਰ ਬੱਸ ਮਜ਼ੇ ਰੋਣਾ ਤੇਰੇ ਹਿੱਸੇ ਵਿਚ ਨਹੀਂ ਹੈ ।"

ਪ੍ਰੀਤਮ, ਮਜ਼ਾਕੀਆ ਲਹਿਜ਼ੇ ਵਿਚ ਮੰਦਾਕਿਨੀ ਨੂੰ ਕਹਿੰਦਾ ਹੈ।

"ਪ੍ਰੀਤਮ ਜੀ, ਤੁਹਾਨੂੰ ਪਤਾ ਹੀ ਹੈ ਮੈਂ ਬਹੁਤ ਹੀ ਇਮੋਸ਼ਨਲ ਹਾਂ ਰੋਣਾ ਮੇਰੇ ਕੋਲੋਂ ਕੰਟਰੋਲ ਨਹੀਂ ਹੁੰਦਾ।"

ਨੱਕ ਦੇ ਛੜੂਕੇ ਮਾਰਦੀ ਹੋਈ ਮੰਦਾਕਿਨੀ ਕੁੱਝ ਸੰਭਲਦੀ ਹੈ।

"ਚਲ ਯਾਰ ਰੋਣਾ ਧੋਣਾ ਛੱਡ ਤੂੰ ਕੱਲ੍ਹ ਪਹਿਲੀ ਵਾਰ ਮਿਲਣ ਜਾ ਰਹੀ ਹੈਂ ਅਨੁਪਮ ਨੂੰ ਕਿ ਜਾਂ ਪਹਿਲਾਂ ਵੀ ਮਿਲ ਚੁੱਕੀ ਹੈਂ ?"

ਪ੍ਰੀਤਮ ਗੱਲ ਅੱਗੇ ਤੋਰਦਾ ਹੈ।

"ਦੂਸਰੀ ਵਾਰ ਆ ਰਿਹਾ ਹੈ ਇਸੇ ਸਾਲ ਫਰਵਰੀ ਮਹੀਨੇ ਵਿਚ ਆਇਆ ਸੀ ਉਸ ਦਿਨ ਮੈਂ ਡਰਾਈਵਰ ਨੂੰ ਕਿਹਾ ਸੀ ਕਿ ਉਹ ਬੱਸ ਸਟੈਂਡ ਉੱਪਰ ਮੈਨੂੰ ਕਾਰ ਸਮੇਤ ਛੱਡ ਕੇ ਚਲਾ ਜਾਵੇ ਅਸਲ ਵਿਚ ਮੈਨੂੰ ਕਾਰ ਚਲਾਉਣਾ ਨਹੀਂ ਆਉਂਦੀ ਅਸੀਂ ਫ਼ੋਨ ਉੱਪਰ ਸਵੇਰ ਤੋਂ ਹੀ ਲਗਾਤਾਰ ਗੱਲਬਾਤ ਕਰ ਰਹੇ ਸਾਂ ਉਹ ਬਸ ਤੋਂ ਉਤਰਿਆ ਤੇ ਸਿੱਧਾ ਮੇਰੇ ਵੱਲ ਤੁਰ ਆਇਆ ਜਦੋਂ ਮੇਰੀ ਨਿਗ੍ਹਾ ਪਈ ਤਾਂ ਇੱਕ ਦਮ ਨਰਵਸ ਲੱਗਾ ਮੈਂ ਵੀ ਨਰਵਸ ਸੀ ਪਰ ਜ਼ਿਆਦਾ ਨਹੀਂ ਮੇਰੇ ਵਾਸਤੇ ਇਹ ਕੋਈ ਨਵਾਂ ਤਜਰਬਾ ਨਹੀਂ ਸੀ ਮੈਂ ਮਹਿਸੂਸ ਕੀਤਾ ਕਿ ਜਦੋਂ ਉਸ ਨੇ ਪਹਿਲੀ ਵਾਰ ਮੈਨੂੰ ਹਕੀਕਤ ਵਿਚ ਦੇਖਿਆ ਤਾਂ ਸ਼ਾਇਦ ਮੈਂ ਉਸ ਦੀਆਂ ਉਮੀਦਾਂ ਦੇ ਮੁਤਾਬਿਕ ਪੂਰੀ ਨਹੀਂ ਉਤਰੀ ਸਾਂ ਉਸ ਨੇ ਮੇਰੀ ਤਸਵੀਰ ਵੇਖੀ ਸੀ ਮੇਰੀ ਆਵਾਜ਼ ਸੁਣੀ ਸੀ ਪਰ ਮੈਨੂੰ ਹੂਬਹੂ ਪਹਿਲੀ ਵਾਰ ਮਿਲ ਰਿਹਾ ਸੀ ਕਈ ਵਾਰ ਇੰਜ ਵੀ ਹੁੰਦਾ ਹੈ ਕਿ ਤੁਸੀਂ ਜੋ ਕਿਆਸਦੇ ਹੋ, ਉਹ ਹੁੰਦਾ ਨਹੀਂ ਜੋ ਤੁਸੀਂ ਚਾਹੁੰਦੇ ਹੋ, ਉਸ ਤਰ੍ਹਾਂ ਦਾ ਕੁੱਝ ਵੀ ਮਿਲਦਾ ਨਹੀਂ ਮੇਰਾ ਤਜਰਬਾ ਵੀ ਕੁੱਝ ਉਸਦੇ ਵਰਗਾ ਹੀ ਰਿਹਾ ਪਰ ਫਿਰ ਵੀ ਠੀਕ ਸੀ ਜਿਥੇ ਗੁਰਤੇਜ ਮੇਰੇ ਕੋਲੋਂ ਡੇਢ ਦੋ ਫੁੱਟ ਉੱਚਾ ਤੇ ਲੰਮਾ ਸ਼ੈਲ ਗੱਭਰੂ ਜੁਆਨ ਸੀ ਉਸਦੇ ਮੁਕਾਬਲੇ ਉਹ ਮਸੀਂ ਮੇਰੇ ਜੇਡਾ ਕੁੱਝ ਮੋਟੂ ਟਾਈਪ ਵੀ ਪਰ ਉਸ ਦੀ ਦਿਖ ਵਿਚੋਂ



ਕਲਾਕਾਰ ਪੂਰਾ ਝਲਕਦਾ ਸੀ ਨਰਵਸ ਹੋਣ ਦੇ ਚੱਕਰਾਂ ਵਿਚ ਉਸ ਨੇ ਮੇਰੀ ਨਵੀਂ ਨਕੋਰ ਕਾਰ ਦੀ ਸਾਈਡ ਮਾਰ ਦਿੱਤੀ ਕਿਸੇ ਖੰਭੇ ਨਾਲ ਮੈਨੂੰ ਬਹੁਤ ਵੱਡਾ ਝਟਕਾ ਲੱਗਾ ਕਾਰ ਦੀ ਬਾਡੀ ਵਿਚ ਪਏ ਚਿਬ ਮੇਰੀਆਂ ਅੱਖਾਂ ਅੱਗੋਂ ਜਾ ਨਹੀਂ ਰਹੇ ਸਨ ਕੁੱਝ ਦਿਨ ਪਹਿਲਾਂ ਹੀ ਖਰੀਦੀ ਸੀ ਕੁੱਝ ਦੇਰ ਮੇਰਾ ਮੂਡ ਆਫ ਹੀ ਰਿਹਾ ਇੱਕ ਗੱਲ ਹੋਰ ਦੱਸਣਾ ਚਾਹੁੰਦੀ ਹਾਂ ਪ੍ਰੀਤਮ ਜੀ ਮੇਰੀ ਜ਼ਿੰਦਗੀ ਵਿਚ ਅੱਜ ਤਕ ਜਿੰਨੇ ਵੀ ਲੋਕ ਰਹੇ ਹਨ, ਸਾਰਿਆਂ ਨੇ ਅੰਦਰੋਂ ਜਾਂ ਉੱਪਰਲੇ ਦਿਲੋਂ, ਸੱਚੀ ਜਾਂ ਝੂੱਠੇ ਤੌਰ ਉੱਪਰ ਹਮੇਸ਼ਾ ਕਿਹਾ ਕਿ ਤੂੰ ਬਹੁਤ ਸੁੰਦਰ ਹੈਂ ਸਮਾਰਟ ਹੈਂ ਤੇਰੀਆਂ ਅੱਖਾਂ ਸੁੰਦਰ ਨੇ ਤੇਰੀ ਸਕਿਨ ਬਹੁਤ ਚਮਕੀਲੀ ਹੈ ਮੁਲਾਇਮ ਹੈ ਪਰ ਉਸ ਨੇ ਮੈਨੂੰ ਅੱਜ ਤਕ ਇੱਕ ਵਾਰ ਵੀ ਨਹੀਂ ਕਿਹਾ ਇਹ ਬਹੁਤ ਅਜੀਬ ਕਿਸਮ ਦਾ ਅਹਿਸਾਸ ਹੈ ਪਰ ਫਿਰ ਵੀ ਉਸ ਵਿਚ ਕੁੱਝ ਗੁਣ ਹਨ ਜੋ ਮੈਨੂੰ ਉਸ ਵੱਲ ਖਿੱਚਦੇ ਹਨ ਉਸ ਨੂੰ ਹਾਲਾਤ ਨੂੰ ਆਪਣੇ ਵੱਸ ਵਿਚ ਕਰਨਾ ਆਉਂਦਾ ਹੈ ਕਿਹੜੇ ਹਾਲਾਤ ਨਾਲ ਕਿੰਜ ਨਜਿਠਣਾ ਹੈ, ਇਸਦਾ ਹੁਨਰ ਹੈ ਉਸ ਕੋਲ ਜੋ ਮੇਰੇ ਕੋਲ ਨਹੀਂ ਹੈ ਜਿਵੇਂ ਕਿ ਉਸ ਨੂੰ ਪਤਾ ਚਲ ਗਿਆ ਸੀ ਕਿ ਮੈਂ ਉਸਦਾ ਮਨ ਪੜ੍ਹ ਰਹੀਂ ਹਾਂ ਉਸ ਨੇ ਮੈਨੂੰ ਦੂਸਰੀਆਂ ਗੱਲਾਂ ਵਿਚ ਉਲਝਾ ਲਿਆ ਇਸ ਗੱਲ ਤੋਂ ਦੂਰ ਕਰਨ ਦਾ ਯਤਨ ਕੀਤਾ ਕਿ ਮੈਂ ਉਸ ਨੂੰ ਬਹੁਤਾ ਪ੍ਰਭਾਵਿਤ ਨਹੀਂ ਕੀਤਾ ਹੈ ਉਹ ਮੈਨੂੰ ਬਹੁਤ ਦੇਰ ਤਕ ਹਸਾਉਂਦਾ ਰਿਹਾ...ਫਿਰ ਉਸ ਨੇ ਆਪਣੇ ਪਿਤਾ ਨਾਲ ਆਪਣੇ ਰਿਸ਼ਤੇ ਦੀ ਗੱਲ ਸ਼ੁਰੂ ਕਰ ਦਿੱਤੀ ਕਿਵੇਂ ਉਹ ਆਪਣੇ ਪਿਤਾ ਨੂੰ ਸਾਰੀ ਉਮਰ ਤੰਗ ਕਰਦਾ ਰਿਹਾ...ਉਸ ਨੂੰ ਆਪਣਾ ਦੁਸ਼ਮਨ ਸਮਝਦਾ ਰਿਹਾ ਪਰ ਜਦੋਂ ਉਸਦਾ ਆਖਰੀ ਵਕਤ ਆਇਆ ਤਾਂ ਕਿਵੇਂ ਉਹ ਬਹੁਤ ਰੋਇਆ ਪਛਤਾਇਆ ਕਿ ਉਸ ਨੇ ਆਪਣੇ ਪਿਤਾ ਨਾਲ ਸਾਰੀ ਉਮਰ ਚੰਗਾ ਵਿਵਹਾਰ ਨਹੀਂ ਕੀਤਾ ਜਦੋਂਕਿ ਉਸਦਾ ਪਿਤਾ ਉਸ ਨੂੰ ਬਹੁਤ ਪਿਆਰ ਕਰਦਾ ਸੀ ਫਿਰ ਉਸ ਨੇ ਆਪਣੇ ਸੁਭਾ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਉਹ ਕਈ ਵਾਰ ਬਹੁਤ ਖ਼ੁਸ਼ ਤੇ ਕਈ ਵਾਰ ਬਹੁਤ ਜ਼ਿਆਦਾ ਉਦਾਸ ਹੋ ਜਾਂਦਾ ਹੈ ਉੱਧਰ ਮੈਨੂੰ ਇਹ ਸਮਝ ਨਾ ਆਵੇ ਕਿ ਪਹਿਲੀ ਹੀ ਮੁਲਾਕਾਤ ਉੱਪਰ ਇਹ ਬੰਦਾ ਮੇਰੇ ਨਾਲ ਕਿਹੋ ਜਿਹੀਆਂ ਗੱਲਾਂ ਕਰਦਾ ਪਿਆ ਹੈ ਇਹ ਅਜੇ ਮੇਰੇ ਨਾਲ ਪੂਰੀ ਤਰ੍ਹਾਂ ਜੁੜਿਆ ਨਹੀਂ ਮੈਂ ਚਾਹ ਰਹੀ ਸੀ ਕਿ ਉਹ ਮੇਰੇ ਨਾਲ ਕੁੱਝ ਹੋਰ ਗੱਲਾਂ ਕਰੇ ਮੇਰਾ ਮਤਲਬ ਰੋਮਾਂਟਿਕ ਗੱਲਾਂ ਪਰ ਫਿਰ ਮੈਨੂੰ ਸਮਝ ਆਈ ਕਿ ਮੈਂ ਭਾਵੇਂ ਅਜੇ ਨਹੀਂ ਪਰ ਉਹ ਮੇਰੇ ਨਾਲ ਜੁੜ ਚੁੱਕਾ ਹੈ ਆਪਣਾ ਸਾਰਾ ਕੁੱਝ ਮੇਰੇ ਨਾਲ ਸਾਂਝਾ ਕਰਨਾ ਚਾਹੁੰਦਾ ਹੈ ਹੋ ਸਕਦਾ ਹੈ ਕਿ ਮੇਰੇ ਕੋਲੋਂ ਪਹਿਲਾਂ ਉਸ ਨੂੰ ਕੋਈ ਸਖਸ਼ ਐਸਾ ਨਹੀਂ ਮਿਲਿਆ ਹੋਵੇ, ਜਿਸ ਨਾਲ ਉਹ ਸਾਰਾ ਕੁੱਝ ਵੰਡਾ ਸਕਦਾ ਹੋਵੇ ਕੁੱਝ ਦੇਰ ਬਾਅਦ ਮੈਨੂੰ ਉਸ ਦੀਆਂ ਸਾਰੀਆਂ ਗੱਲਾਂ ਚੰਗੀਆਂ ਲੱਗਣੀਆਂ ਸ਼ੁਰੂ ਹੋ ਗਈਆਂ ਫਿਰ ਅਸੀਂ ਸ਼ਾਪਿੰਗ ਕਰਨ ਲੱਗ ਪਏ ਜਦੋਂ ਅਖੀਰਲੇ ਪੰਦਰਾਂ ਬੀਹ ਮਿੰਟ ਉਹ ਮੇਰੇ ਨਾਲ ਗੱਡੀ ਵਿਚ ਬੈਠਾ ਤਾਂ ਉਸ ਨੇ ਫਿਰ ਉਹੀ ਸ਼ਾਦੀ ਵਾਲਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਮੈਂ ਫਿਰ ਕਿਹਾ ਕਿ ਮੈਂ ਤਾਂ ਤੈਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਮੈਂ ਤੇਰੇ ਨਾਲ ਸ਼ਾਦੀ ਨਹੀਂ ਕਰ ਸਕਦੀ ਫਿਰ ਉਸ ਨੇ ਜ਼ੋਰ ਭਰਿਆ ਕਿ ਮੈਂ ਅੱਜ ਹੀ ਉਸ ਨਾਲ ਦੇਹਰਾਦੂਨ ਚਲਾਂ ਉਹ ਮੈਨੂੰ ਆਪਣੀ ਮਾਂ ਨਾਲ ਮਿਲਾਉਣਾ ਚਾਹੁੰਦਾ ਹੈ ਉਸ ਨੇ ਫਿਰ ਆਪਣੇ ਮਰੇ ਹੋਏ ਪਿਤਾ ਦੀਆਂ ਗੱਲਾਂ ਕੀਤੀਆਂ ਉਸ ਦੀਆਂ ਅੱਖਾਂ ਵਿਚ ਫਿਰ ਹੰਝੂ ਉਮੜ ਆਏ ਫਿਰ ਸ਼ਾਦੀ ਦੀ ਗੱਲ ਚਲਾਈ ਪਰ ਮੈਂ ਹੱਸਦਿਆਂ ਹੱਸਦਿਆਂ ਟਾਲ ਦਿੱਤਾ ਸ਼ਾਮ ਨੂੰ ਛੇ ਵਜੇ ਵਾਲੀ ਬਸ ਫੜਨੀ ਸੀ ਵਾਪਸੀ ਵਾਸਤੇ ਪਰ ਗਿਆ ਅੱਠ ਵਜੇ ਵਾਲੀ ਉੱਪਰ ਸਾਰਾ ਦਿਨ ਭੁਖ ਨਹੀਂ ਲੱਗੀ ਤੇ ਮੈਨੂੰ ਉਸ ਨੇ ਭੁੱਖੇ ਮਾਰ ਦਿੱਤਾ ਅਜੇ ਉਸ ਨੂੰ ਬਸ ਸਟੈਂਡ ਉੱਪਰ ਛੱਡ ਕੇ ਮੈਨੂੰ ਪੰਦਰਾਂ ਵੀਹ ਮਿੰਟ ਹੀ ਹੋਏ ਸਨ ਘਰ ਆਈ ਨੂੰ ਤਾਂ ਉਸਦਾ ਫ਼ੋਨ ਆਇਆ ਕਿ ਉਸ ਨੇ ਇਹ ਵੀ ਖਾ ਲਿਆ ਉਹ ਵੀ ਖਾ ਲਿਆ ਬਗ਼ੈਰਾ ਬਗ਼ੈਰਾ ਮੈਂ ਬੜੀ ਹੈਰਾਨ ਕਿ ਇਹ ਕੈਸਾ ਬੰਦਾ ਹੈ ਮੇਰੇ ਨਾਲ ਸੀ ਤਾਂ ਭੁੱਖ ਨਹੀਂ ਲੱਗ ਰਹੀ ਸੀ ਤੇ ਜਿਵੇਂ ਹੀ ਮੇਰੇ ਕੋਲੋਂ ਦੂਰ ਹੋਇਆ ਹੈ ਤਾਂ ਸਾਰੇ ਜਹਾਨ ਦਾ ਖਾਣਾ ਖਾ ਲਿਆ ਸੋ ਪ੍ਰੀਤਮ ਜੀ, ਇਹ ਸੀ ਮੇਰੀ ਉਸ

ਅਨੁਪਮ ਨਾਲ ਪਹਿਲੀ ਮੁਲਾਕਾਤ ਉਸ ਤੋਂ ਬਾਅਦ ਸਾਡੀ ਗੱਲਬਾਤ ਜਾਰੀ ਰਹੀ ਉਸ ਨੂੰ ਕਦੇ ਕਦੇ ਉਹੀ ਸ਼ਾਦੀ ਵਾਲਾ ਸੱਪ ਡੰਗ ਮਾਰਦਾ ਹੈ ਮੈਂ ਉਸੇ ਤਰ੍ਹਾਂ ਜੁਆਬ ਦੇ ਦਿੰਦੀਂ ਹਾਂ ਉਸਦਾ ਇੱਕ ਵੱਡਾ ਭਰਾ ਤੇ ਦੋ ਵੱਡੀਆਂ ਭੈਣਾਂ ਹਨ ਉਹ ਸਾਰੇ ਵਿਆਹੇ ਹੋਏ ਹਨ ਪਰਿਵਾਰ ਨਾਲ ਉਸ ਨੇ ਮੇਰੇ ਬਾਰੇ ਦੱਸਿਆ ਹੋਇਆ ਹੈ ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਉਸ ਨੂੰ ਹੋਰ ਕਿਸ ਤਰੀਕੇ ਨਾਲ ਕਹਾਂ ਕਿ ਮੈਂ ਸ਼ਾਦੀ ਨਹੀਂ ਕਰ ਸਕਦੀ ਮੈਂ ਉਸ ਕੋਲੋਂ ਉਮਰ ਵਿਚ ਵੱਡੀ ਹਾਂ ਆਪ ਹੀ ਕਹਿੰਦਾ ਹੈ ਕਿ ਪੰਜ ਛੇ ਸਾਲ ਵੱਡੇ ਹੋਣਾ ਕੋਈ ਵੱਡੀ ਗੱਲ ਨਹੀਂ ਹੈ ਸਚਿਨ ਦੀ ਪਤਨੀ ਵੀ ਪੰਜ ਸਾਲ ਵੱਡੀ ਹੈ ਪਰ ਮੈਂ ਅਜੇ ਇਸਨੂੰ ਇਹ ਨਹੀਂ ਦੱਸਿਆ ਹੋਇਆ ਕਿ ਮੈਂ ਉਸਦੇ ਕੋਲੋਂ ਪੰਜ ਛੇ ਸਾਲ ਨਹੀਂ ਸਗੋਂ ਪੂਰੇ ਤੇਰ੍ਹਾਂ ਸਾਲ ਵੱਡੀ ਹਾਂ।"

ਬੋਲਦੀ ਹੋਈ ਮੰਦਾਕਿਨੀ ਚੁੱਪ ਹੋ ਜਾਂਦੀ ਹੈ।

ਉਸੇ ਵੇਲੇ ਮੰਦਾਕਿਨੀ ਨੂੰ ਫ਼ੋਨ ਆ ਜਾਂਦਾ ਹੈ।

ਉਸ ਨੇ ਕਿਸੇ ਬਿਊਟੀ ਪਾਰਲਰ ਵਾਲੇ ਕੋਲੋਂ ਸਮਾਂ ਲਿਆ ਹੋਇਆ ਸੀ।

"ਇੱਕ ਇੱਕ ਕੌਫ਼ੀ ਹੋਰ ਹੋ ਜਾਏ ?" ਪ੍ਰੀਤਮ ਪੁੱਛਦਾ ਹੈ।

" ਹਾਂ ਜ਼ਰੂਰ ਕੁੱਝ ਬਿਸਕਿਟ ਵੀ ਹੋ ਜਾਣ ਤਾਂ ਚੰਗਾ ਰਹੇਗਾ ।"

" ਹਾਂ ਹੁਣ ਕੱਲ੍ਹ ਕੀ ਕਰਨ ਆ ਰਿਹਾ ਹੈ ਅਨੁਪਮ ?"

"ਕੁੱਝ ਵੀ ਨਹੀਂ ਬੱਸ ਮਿਲਣ ਵਾਸਤੇ ਮੈਂ ਹੀ ਕਿਹਾ ਸੀ ਕਿ ਆਉ ਯਾਰ ਮਿਲ ਜਾਉ ਪਹਿਲਾਂ ਕਹਿ ਰਿਹਾ ਸੀ ਮੇਰਾ ਨਾਟਕ ਹੈ ਜੈਪੁਰ ਫਿਰ ਮੰਨ ਗਿਆ ।"

"ਤੂੰ ਉਸ ਨੂੰ ਸਾਫ਼ ਸਾਫ਼ ਕਿਉਂ ਨਹੀਂ ਦੱਸ ਦਿੰਦੀ ਉਸ ਨੂੰ ਕਿਉਂ ਉਲਝਾਇਆ ਹੋਇਆ ਆਪਣੇ ਸ਼ਬਦ ਜਾਲ ਵਿਚ ।"

"ਮੈਂ ਉਸ ਨੂੰ ਸਾਫ਼ ਸਾਫ਼ ਦੱਸ ਚੁੱਕੀ ਹਾਂ ਕਿ ਮੈਂ ਆਜ਼ਾਦ ਜ਼ਿੰਦਗੀ ਜੀਉਣ ਦੀ ਆਦੀ ਹੋ ਚੁੱਕੀ ਹਾਂ ਸ਼ਾਦੀ ਕਰ ਕੇ ਮੈਂ ਆਪਣੀ ਜ਼ਿੰਦਗੀ ਨੂੰ ਨਰਕ ਨਹੀਂ ਬਣਾ ਸਕਦੀ ਕਿਸੇ ਨਾਲ ਬੱਝ ਕੇ ਨਹੀਂ ਰਹਿ ਸਕਦੀ।"

"ਤੂੰ ਉਸ ਨੂੰ ਸਾਫ਼ ਮਨ੍ਹਾ ਕਰਦੇ ਉਹ ਤਾਂ ਵਿਚਾਰਾ ਇਹੀ ਸੋਚ ਰਿਹਾ ਹੈ ਨਾ ਕਿ ਸ਼ਾਇਦ ਤੂੰ ਕਦੇ ਨਾ ਕਦੇ ਹਾਂ ਕਰ ਹੀ ਦਏਂਗੀ ਫਿਰ ਐਸੇ ਰਿਸ਼ਤੇ ਨੂੰ ਬਰਕਰਾਰ ਰੱਖਣ ਦਾ ਕੀ ਫ਼ਾਇਦਾ, ਜਿਸ ਦਾ ਕੋਈ ਅੰਤ ਹੀ ਨਾ ਹੋਵੇ ।"

" ਅੰਤ ਤਾਂ ਕਿਸੇ ਚੀਜ਼ ਦਾ ਵੀ ਨਹੀਂ ਹੈ ਹੋ ਸਕਦਾ ਹੈ ਜੋ ਤੁਹਾਡੇ ਵਾਸਤੇ ਅੰਤ ਹੋਵੇ, ਉਹ ਕਿਸੇ ਹੋਰ ਵਾਸਤੇ ਆਗ਼ਾਜ਼ ਹੋਵੇ ਵਕਤ ਨੂੰ ਦੋ ਕਦਮ ਹੋਰ ਚਲਣ ਦਿਓ ਕੀ ਪਤਾ ਆਉਣ ਵਾਲੇ ਸਮੇਂ ਦੀ ਕੁਖ ਵਿਚ ਕੀ ਪਿਆ ਹੈ ਕੀ ਹਾਲਾਤ ਬਣਦੇ ਹਨ ਮਾਹੌਲ ਬਣਦਾ ਹੈ...ਹੋ ਸਕਦਾ ਹੈ ਕਿ ਮੇਰਾ ਨਜ਼ਰੀਆ ਹੀ ਬਦਲ ਜਾਵੇ ਮਰਦਾਂ ਬਾਰੇ ਕੁੱਝ ਵੀ ਹੋ ਸਕਦਾ ਹੈ ਸੋ, ਲੈਟ ਅਸ ਵੇਟ ਐਂਡ ਵਾਚ !"

"ਮੰਦਾਕਿਨੀ, ਤੈਨੂੰ ਨਹੀਂ ਲੱਗਦਾ ਕਿ ਤੂੰ ਕੁੱਝ ਗ਼ਲਤ ਕਰ ਰਹੀਂ ਹੈ ਅਨੁਪਮ ਦੇ ਜਜ਼ਬਾਤਾਂ ਨਾਲ ਖਿਲਵਾੜ ਕਰ ਰਹੀਂ ਹੈਂ ਉਸ ਨੂੰ ਇਮੋਸ਼ਨਲ ਧੋਖਾ ਦੇ ਰਹੀਂ ਹੈਂ ਸੱਚ ਪੁੱਛੇਂ ਤਾਂ ਤੂੰ ਉਸ ਨੂੰ ਸੈਡੀਊਸ ਕਰ ਰਹੀਂ ਹੈ ਤੇਰੀ ਇਸ ਮਸਖਰੀ ਨਾਲ ਜਾਣੇ ਅਣਜਾਣੇ ਵਿਚ ਉਸ ਨਾਲ ਤਾਂ ਮਜ਼ਾਕ ਹੀ ਹੋ ਰਿਹਾ ਹੈ ਨਾ ਉਹ ਬਿਮਾਰ ਹੋ ਸਕਦਾ ਹੈ ਉਸਦਾ ਕੈਰੀਅਰ ਤਬਾਹ ਹੋ ਸਕਦਾ ਹੈ ਜਿਸਦੀ ਤੂੰ ਜ਼ਿੰਮੇਵਾਰ ਹੋਵੇਂਗੀ ਤੇਰੇ ਵਾਸਤੇ ਸਿਰਫ਼ ਇੱਕ ਹੋਰ ਨਵਾਂ ਰਿਸ਼ਤਾ ਹੈ ਪਰ ਉਸ ਦੀ ਜ਼ਿੰਦਗੀ ਤਬਾਹ ਹੋ ਸਕਦੀ ਹੈ ਕਿਉਂ ਗ਼ਲਤ ਤਾਂ ਨਹੀਂ ਕਹਿ ਰਿਹਾ ਨਾ ਮੈਂ ?"

ਪ੍ਰੀਤਮ ਦੇ ਬੋਲ ਸੁਣਦੇ ਸਾਰ ਹੀ ਮੰਦਾਕਿਨੀ ਦੇ ਤੇਵਰ ਬਦਲ ਜਾਂਦੇ ਹਨ।ਉਸਦੇ ਹਾਵ-ਭਾਵ ਦਸਦੇ ਹਨ ਕਿ ਪ੍ਰੀਤਮ ਦੀ ਇਹ ਗੱਲ ਉਸ ਨੂੰ ਚੁੱਭ ਗਈ ਹੈ।



"ਪ੍ਰੀਤਮ ਜੀ, ਤੁਸੀਂ ਮੇਰੇ ਉੱਪਰ ਗ਼ਲ਼ਤ ਇਲਜ਼ਾਮ ਲਗਾ ਰਹੇ ਹੋ ਮੈਂ ਤਾਂ ਸਾਰਾ ਕੁੱਝ ਉਸ ਨੂੰ ਸਾਫ਼ ਸਾਫ਼ ਦੱਸ ਚੁੱਕੀ ਹਾਂ ਨਾ ਫਿਰ ਮੈਂ ਜ਼ਿੰਮੇਵਾਰ ਕਿਵੇਂ ਹੋ ਸਕਦੀ ਹਾਂ ਮੈਂ ਤਾਂ ਉਸ ਨੂੰ ਓਹਲੇ ਵਿਚ ਨਹੀਂ ਰੱਖ ਰਹੀ ਨਾ ਉਸ ਨੂੰ ਮੇਰਾ ਸਾਥ ਚੰਗਾ ਲੱਗਦਾ ਹੈ, ਮੈਨੂੰ ਉਸਦਾ ਬੱਸ ਹੋਰ ਕੁੱਝ ਵੀ ਨਹੀਂ ਫਿਰ ਇਹ ਉਸ ਨਾਲ ਖਿਲਵਾੜ ਕਿਦਾਂ ਹੋ ਗਿਆ ਏਨਾ ਬੱਚਾ ਨਹੀਂ ਹੈ ਉਹ ਕਿ ਮੇਰੀ ਬਜਾ ਨਾਲ ਆਪਣੀ ਜ਼ਿੰਦਗੀ ਬਰਬਾਦ ਕਰ ਲਏ ਮੈਂ ਜਾਣਬੁੱਝ ਕੇ ਕੁੱਝ ਵੀ ਗ਼ਲਤ ਨਹੀਂ ਕਰ ਰਹੀ ਹਾਂ ।"

ਬੋਲਦੀ ਹੋਈ ਮੰਦਾਕਿਨੀ ਦੀਆਂ ਅੱਖਾਂ ਫਿਰ ਪਾਣੀ ਨਾਲ ਭਰ ਜਾਂਦੀਆਂ ਹਨ।

" ਮੈਂ ਤੇਰੇ ਉੱਪਰ ਇਲਜ਼ਾਮ ਨਹੀਂ ਲਗਾ ਰਿਹਾ ਕੇਵਲ ਆਪਣੇ ਵਿਚਾਰ ਸਾਂਝੇ ਕਰ ਰਿਹਾਂ ਹੋ ਸਕਦਾ ਹੈ ਮੇਰੇ ਵਿਚਾਰ ਤੈਨੂੰ ਠੀਕ ਨਾ ਲੱਗੇ ਹੋਣ ਆਈ ਐਮ ਸੋਰੀ ਫਾਰ ਦੈਟ ।"

ਹਾਲਾਤ ਬਿਗੜਦੇ ਦੇਖ ਪ੍ਰੀਤਮ ਬਹਿਸ ਰੋਕਣਾ ਪਸੰਦ ਕਰਦਾ ਹੈ।

ਕੁੱਝ ਦੇਰ ਬਾਅਦ ਮੰਦਾਕਿਨੀ ਫਿਰ ਸੰਭਲ ਜਾਂਦੀ ਹੈ।

"ਅਨੁਪਮ ਦੇ ਘਰ ਵਾਲੇ ਤਾਂ ਉਸ ਨੂੰ ਸ਼ਾਦੀ ਵਾਸਤੇ ਕਹਿ ਰਹੇ ਹੋਣੇ ਐਂ ਉਸ ਉੱਪਰ ਦਬਾਅ ਪਾ ਰਹੇ ਹੋਣਗੇ ਤੂੰ ਕਰਵਾ ਲੈ ਯਾਰ ਉਸ ਨਾਲ ਸ਼ਾਦੀ ਮਜ਼ੇ ਕਰ ਤੁਹਾਡੀ ਜੋੜੀ ਵੀ ਖੂਬ ਜਚੇਗੀ ਕੁੜੀ ਇਕਤਾਲੀਆਂ ਦੀ ਤੇ ਮੁੰਡਾ ਉਨੱਤੀਆਂ ਦਾ !"

ਹੱਸਦਾ ਹੋਇਆ ਪ੍ਰੀਤਮ ਮਾਹੌਲ ਨੂੰ ਖ਼ੁਸ਼ਨੁਮਾ ਬਣਾਉਣ ਦਾ ਯਤਨ ਕਰਦਾ ਹੈ।

ਮੰਦਾਕਿਨੀ ਦੇ ਚਿਹਰੇ ਉੱਪਰ ਇੱਕ ਵਾਰ ਫਿਰ ਰਹੱਸਮਈ ਮੁਸਕਰਾਹਟ ਆ ਜਾਂਦੀ ਹੈ।

"ਪ੍ਰੀਤਮ ਜੀ, ਤੁਸੀਂ ਵੀ ਕਮਾਲ ਕਰਦੇ ਹੋ ਕਿਹੋ ਜਿਹੀਆਂ ਗੱਲਾਂ ਕਰਦੇ ਹੋ ਉਹ ਤਾਂ ਮੇਰੇ ਵਾਸਤੇ ਬੱਚਾ ਹੈ ਅਜੇ ਹਾਂ, ਅਨੁਪਮ ਕੱਲ੍ਹ ਦੱਸ ਰਿਹਾ ਸੀ ਕਿ ਉਸ ਨੂੰ ਘਰ ਵਾਲੇ ਕਿਸੇ ਕੁੜੀ ਨੂੰ ਦਿਖਾਉਣ ਦੀ ਗੱਲ ਕਰ ਰਹੇ ਹਨ ਸੋ ਉਸ ਨੇ ਫਿਰ ਸ਼ਾਦੀ ਦਾ ਅਲਾਪ ਸ਼ੁਰੂ ਕਰ ਦਿੱਤਾ ਸੀ ਪਰ ਮੈਂ ਉਸ ਨੂੰ ਸਾਫ਼ ਸਾਫ਼ ਕਹਿ ਦਿੱਤਾ ਸੀ ਕਿ ਮੈਂ ਸ਼ਾਦੀ ਤਾਂ ਨਹੀਂ ਪਰ 'ਲਿਵ ਇਨ ਰਿਲੇਸ਼ਨ' ਵਿਚ ਰਹਿਣ ਨੂੰ ਤਿਆਰ ਹਾਂ ਮੈਨੂੰ ਪਤਾ ਹੈ ਕਿ ਸਮੇਂ ਦੇ ਨਾਲ ਨਾਲ ਹਰ ਸ਼ੈਅ ਬਦਲਦੀ ਹੈ ਉਹ ਵੀ ਬਦਲ ਜਾਵੇਗਾ ਕੱਲ੍ਹ ਕਿਸ ਨੇ ਦੇਖਿਆ ਹੈ ਉਹ, ਉਹੀ ਰਹੇਗਾ, ਜੋ ਅੱਜ ਹੈ ਮੈਂ ਉਹੀ ਰਹਾਂਗੀ, ਜੋ ਅੱਜ ਹਾਂ ਇਸ ਗੱਲ ਦਾ ਕੋਈ ਭਰੋਸਾ ਨਹੀਂ ਹੈ ਸੋ ਮੈਂ ਸਾਫ਼ ਕਹਿ ਦਿੱਤਾ ਸੀ ਕਿ ਮੈਂ ਸ਼ਾਦੀ ਨਹੀਂ ਕਰ ਸਕਦੀ ਮੇਰੀ ਨਜ਼ਰ ਵਿਚ ਸ਼ਾਦੀ ਇੱਕ ਬੋਝ ਹੈ ਬੰਧਨ ਹੈ ਨਰਕ ਹੈ ਪ੍ਰੀਤਮ ਜੀ, ਮੈਂ ਆਪਣੇ ਮਾਂ ਪਿਉ ਦਾ ਰਿਸ਼ਤਾ ਵੀ ਕਰੀਬ ਤੋਂ ਦੇਖਿਆ ਹੈ ਮੈਂ ਛੋਟੀ ਹੁੰਦੀ ਸੀ ਤਾਂ ਗੱਲ ਗੱਲ ਤੇ ਆਪਣੇ ਪਿਉ ਨੂੰ ਮਾਂ ਨੂੰ ਕੁਟਦੇ ਫੰਡਦੇ ਵੇਖਿਆ ਹੈ ਮੇਰੀ ਮਾਂ, ਮੇਰੇ ਪਿਉ ਸਾਹਮਣੇ ਕੁੱਝ ਨਹੀਂ ਬੋਲਦੀ ਸੀ ਪਰ ਅੰਦਰ ਹੀ ਅੰਦਰ ਕੁੜਦੀ ਰਹਿੰਦੀ ਸੀ ਰੋਂਦੀ ਰਹਿੰਦੀ ਸੀ ਸੱਚ ਪੁੱਛੋ ਤਾਂ ਮੇਰੀ ਮਾਂ ਆਪਣੀ ਬਿਮਾਰੀ ਨਾਲੋਂ ਜ਼ਿਆਦਾ ਮੇਰੇ ਪਿਉ ਤੋਂ ਦੁਖੀ ਸੀ ਇਸੇ ਕਰ ਕੇ ਸ਼ਾਇਦ ਉਹ ਜਲਦੀ ਰੱਬ ਨੂੰ ਪਿਆਰੀ ਹੋ ਗਈ ਸੀ ਪ੍ਰੀਤਮ ਜੀ, ਮੇਰੇ ਕਈ ਦੋਸਤ ਹਨ ਜੋ ਸ਼ਾਦੀਸ਼ੁਦਾ ਨੇ ਉਨ੍ਹਾਂ ਦੀ ਜ਼ਿੰਦਗੀ ਦੇਖ ਕੇ ਮੈਨੂੰ ਲੱਗਦਾ ਹੈ ਕਿ ਮੈਂ ਉਨ੍ਹਾਂ ਦੇ ਮੁਕਾਬਲੇ ਬਹੁਤ ਸੁਖੀ ਹਾਂ ਖ਼ੁਸ਼ ਹਾਂ ਉਹ ਪਤਨੀ ਨਾਲ ਤਾਂ ਹਰ ਸਮੇਂ ਲੜਦੇ ਰਹਿੰਦੇ ਹਨ ਪਰ ਗਰਲ ਫਰੈਂਡ ਉੱਪਰ ਵਕਤ ਤੇ ਪੈਸਾ ਬਰਬਾਦ ਕਰਦੇ ਹਨ ਆਖੇ-ਸਾਨੂੰ ਇਸ ਵਿਚ ਸਕੂਨ ਮਿਲਦਾ ਹੈ ਅੱਛਾ ਲੱਗਦਾ ਹੈ ਇਹ ਸਰਾਸਰ ਧੋਖਾ ਹੈ ਕਿ ਤੁਸੀਂ ਵਿਆਹ ਕਿਸੇ ਨਾਲ ਕਰਦੇ ਹੋ ਤੇ ਰਿਸ਼ਤੇ ਕਿਤੇ ਹੋਰ ਨਿਭਾਉਂਦੇ ਹੋ ਵਿਆਹ ਬਾਹਰੇ ਰਿਸ਼ਤਿਆਂ ਵਿਚ ਸਕੂਨ ਭਾਲਦੇ ਹੋ ਖ਼ੁਸ਼ੀ ਤਲਾਸ਼ਦੇ ਹੋ ਮੈਂ ਇਸ ਥਿਊਰੀ ਦੇ ਬਰਖ਼ਿਲਾਫ਼ ਹਾਂ ਮੈਨੂੰ ਸ਼ਾਦੀ ਸ਼ਬਦ ਨਾਲ ਹੀ ਨਫ਼ਰਤ ਹੈ ਮੈਂ ਲਿਵ ਇਨ ਰਿਲੇਸ਼ਨ ਨੂੰ ਪਸੰਦ ਕਰਦੀ ਹਾਂ ਪਰ ਇਸ ਰਿਸ਼ਤੇ ਵਾਸਤੇ ਅਨੁਪਮ ਰਾਜ਼ੀ ਨਹੀਂ ਹੈ ।"

"ਲਿਵ ਇਨ ਰਿਲੇਸ਼ਨ ਵੀ ਤਾਂ ਇੱਕ ਕਿਸਮ ਦਾ ਬੰਧਨ ਹੀ ਹੈ ਇਹ ਵੀ ਸ਼ਾਦੀ ਹੀ ਹੈ ਫ਼ਰਕ ਬੱਸ

ਇੰਨਾ ਹੈ ਕਿ ਇਸ ਵਿਚ ਸਮਾਜਿਕ ਤੌਰ ਉੱਪਰ ਤੁਸੀਂ ਵਿਆਹੇ ਨਹੀਂ ਹੁੰਦੇ ਹੁਣ ਤਾਂ ਅਦਾਲਤ ਨੇ ਨਵਾਂ ਕਾਨੂੰਨ ਬਣਾ ਦਿੱਤਾ ਹੈ ਕਿ ਇਸ ਰਿਸ਼ਤੇ ਵਿਚੋਂ ਪੈਦਾ ਹੋਏ ਬੱਚੇ ਦੀ ਸਾਰੀ ਜਿੰਮੇਵਾਰੀ ਦੋਨਾਂ ਧਿਰਾਂ ਨੂੰ ਉਠਾਉਣੀ ਪਵੇਗੀ ।"

"ਲਿਵ ਇਨ ਰਿਲੇਸ਼ਨ ਸ਼ਾਦੀ ਨਹੀਂ ਹੈ ਇਸ ਵਿਚ ਤੁਸੀਂ ਲਾਕ ਨਹੀਂ ਹੁੰਦੇ ..ਕੋਈ ਬੰਧਨ ਨਹੀਂ ਜਦੋਂ ਤੀਕ ਨਿਭਦੀ ਹੈ ਨਿਭਾਓ ਜਦੋਂ ਲੱਗਾ ਕਿ ਹੁਣ ਦਾਲ ਨਹੀਂ ਗਲ ਰਹੀ ਤਾਂ ਵੱਖ ਹੋ ਜਾਉ ਜਿਹੜਾ ਕਿ ਸ਼ਾਦੀ ਦੇ ਮਾਮਲੇ ਵਿਚ ਨਹੀਂ ਹੈ ਸ਼ਾਦੀ ਤੋਂ ਬਾਅਦ ਤਲਾਕ ਲੈਣਾ ਕਿਹੜਾ ਕੋਈ ਸੌਖਾ ਕੰਮ ਹੈ ਮੈਂ ਆਪਣੇ ਕਈ ਦੋਸਤਾਂ ਨੂੰ ਜਾਣਦੀ ਹਾਂ, ਸਤ ਸਤ ਸਾਲ ਹੋ ਗਏ ਨੇ ਉਨ੍ਹਾਂ ਦੇ ਤਲਾਕ ਦਾ ਕੇਸ ਚਲਦਿਆਂ ਅਜੇ ਤਕ ਖਲਾਸੀ ਨਹੀਂ ਹੋਈ ਮੇਰਾ ਇੱਕ ਦੋਸਤ ਦੱਸਦਾ ਸੀ ਕਿ ਉਸ ਦੀ ਪਤਨੀ ਨਾਲ ਤਲਾਕ ਦਾ ਕੇਸ ਚਲਦਿਆਂ ਕਿੰਨਾ ਚਿਰ ਹੋ ਗਿਆ ਹੈ ਕੇਸ ਚਲਣ ਦੇ ਬਾਵਜੂਦ ਵੀ ਉਸ ਦੀ ਪਤਨੀ ਨੇ ਉਸ ਦੀ ਜ਼ਿੰਦਗੀ ਨਰਕ ਬਣਾਈ ਹੋਈ ਹੈ ਉਸ ਉੱਪਰ ਪੈਰ੍ਹਾ ਬਿਠਾ ਕੇ ਰੱਖਦੀ ਹੈ ਕਿ ਕਿ ਉਹ ਕਿਸੇ ਹੋਰ ਔਰਤ ਕੋਲ ਤਾਂ ਨਹੀਂ ਜਾਂਦਾ ਜਦੋਂ ਗੁਰਤੇਜ ਨਾਲ ਮੈਂ ਸ਼ਾਦੀ ਕਰਨ ਦਾ ਮਨ ਬਣਾ ਲਿਆ ਸੀ ਤਾਂ ਮੈਂ ਉਸ ਅੱਗੇ ਵੀ ਇਹ ਸ਼ਰਤ ਰੱਖ ਦਿੱਤੀ ਸੀ ਕਿ ਵਿਆਹ ਤੋਂ ਪਹਿਲਾਂ ਤਲਾਕ ਵਾਲੇ ਕਾਗ਼ਜ਼ਾਂ ਉੱਪਰ ਦਸਤਖਤ ਕਰਨੇ ਪੈਣਗੇ ਅਨੁਪਮ ਨੇ ਵੀ ਜੇ ਜ਼ਿਆਦਾ ਜ਼ੋਰ ਭਰਿਆ ਤਾਂ ਮੈਂ ਇਸ ਨਾਲ ਸ਼ਾਦੀ ਲਿਵ ਇੰਨ ਰਿਲੇਸ਼ਨ ਵਾਂਗ ਹੀ ਕਰਾਂਗੀ ਇੱਕ ਕਾਰੋਬਾਰੀ ਸਮਝੌਤੇ ਦੀ ਤਰ੍ਹਾਂ ਸ਼ਰਤਾਂ ਉੱਪਰ ਜਦੋਂ ਤਕ ਸਭ ਠੀਕ ਰਹੇਗਾ ਤਦ ਤੀਕ ਹੀ ਸ਼ਾਦੀ ਰਹੇਗੀ ਜਿਸ ਦਿਨ ਗੜਬੜ ਹੋਈ, ਉਹ ਸਾਡਾ ਦੋਨਾਂ ਦਾ ਇਕੱਠੇ ਰਹਿਣ ਦਾ ਆਖਰੀ ਦਿਨ ਹੋਵੇਗਾ ਅਸਲ ਵਿਚ ਮੇਰੇ ਵਾਸਤੇ ਸ਼ਾਦੀ ਵਿਚ ਕੁੱਝ ਵੀ ਅੱਛਾ ਨਹੀਂ ਹੈ ਕੋਈ ਮਜ਼ਾ ਨਹੀਂ ਹੈ ਕੋਈ ਫਨ ਨਹੀਂ ਹੈ ਬੱਸ ਸ਼ਰਤਾਂ ਤੇ ਬੰਧਨ ਹਨ, ਜੋ ਤੁਹਾਡਾ ਜੀਵਨ ਨਰਕ ਬਣਾਉਣ ਵਿਚ ਬਹੁਤ ਵੱਡਾ ਕਿਰਦਾਰ ਨਿਭਾਉਂਦੇ ਹਨ ?"

"ਅੱਛਾ ਅੱਛਾ ਬਾਬਾ ਠੀਕ ਹੈ ਜੋ ਦਿਲ ਵਿਚ ਆਏ ਓਹੀ ਕਰਨਾ ਤੈਨੂੰ ਸਮਝਾਉਣਾ ਕਿਸੇ ਦੇ ਵੱਸ ਵਿਚ ਨਹੀਂ ਹੈ ਪਰ ਤੂੰ ਇਹ ਦੱਸ ਕਿ ਗੁਰਤੇਜ਼ ਤੋਂ ਇਲਾਵਾ ਬਾਕੀ ਸਾਰੇ ਰਿਸ਼ਤੇ ਤੂੰ ਆਪ ਖ਼ਤਮ ਕੀਤੇ ਸਨ ਤੂੰ ਇਸ ਤਰ੍ਹਾਂ ਕਿਉਂ ਕਰਦੀ ਹੈਂ ...ਤੂੰ ਠੀਕ ਤਾਂ ਹੈਂ ਨਾ ਮੇਰਾ ਮਤਲਬ ਤੂੰ ਔਰਤ ਤਾਂ ਹੈਂ ਨਾ ?"

ਪ੍ਰੀਤਮ ਪ੍ਰਸ਼ਨਵਾਚਕ ਨਜ਼ਰਾਂ ਨਾਲ ਮੰਦਾਕਿਨੀ ਨੂੰ ਪੁੱਛਦਾ ਹੈ।

ਸੁਆਲ ਸੁਣਦੇ ਹੀ ਮੰਦਾਕਿਨੀ ਹਿੱਲ ਜਾਂਦੀ ਹੈ। ਬੋਖਲਾਈ ਹੋਈ ਪ੍ਰੀਤਮ ਨੂੰ ਦੇਖਦੀ ਹੈ। ਬੇਚੈਨ ਲਕੀਰਾਂ ਉਸਦੇ ਚਿਹਰੇ ਉੱਪਰ ਉਭਰਦੀਆਂ ਹਨ। ਪ੍ਰੀਤਮ ਨੂੰ ਵੀ ਲੱਗਦਾ ਹੈ ਕਿ ਉਸ ਨੂੰ ਸ਼ਾਇਦ ਇਹ ਸੁਆਲ ਨਹੀਂ ਪੁੱਛਣਾ ਚਾਹੀਦਾ ਸੀ।

"ਵੈਸੇ ਤਾਂ ਸੁਆਲ ਬਹੁਤ ਹੀ ਨਿੱਜੀ ਹੈ... ਮੈਂ ਅੱਜ ਤਕ ਕਿਸੇ ਨੂੰ ਇਹ ਹੱਕ ਨਹੀਂ ਦਿੱਤਾ ਕਿ ਉਹ ਮੇਰੇ ਕੋਲੋਂ ਇਸ ਤਰ੍ਹਾਂ ਦੇ ਸੁਆਲ ਪੁੱਛੇ ਪਰ ਤੁਸੀਂ ਮੇਰੇ ਬਹੁਤ ਹੀ ਖਾਸ ਹੋ ਸੋ ਮੈਂ ਦੱਸ ਦਿੰਨੀ ਹਾਂ ਮੈਂ ਇੱਕ ਸੰਪੂਰਨ ਔਰਤ ਹਾਂ ਮੇਰੀਆਂ ਵੀ ਮਾਨਸਿਕ ਤੇ ਸ਼ਰੀਰਕ ਲੋੜਾਂ ਹਨ ਮੈਨੂੰ ਇਹ ਮਹਿਸੂਸ ਜ਼ਰੂਰ ਹੁੰਦਾ ਹੈ ਰੱਬ ਨੇ ਮੈਨੂੰ ਇਸ ਜਨਮ ਵਿਚ ਇੱਕ ਵਿਸ਼ੇਸ਼ ਪ੍ਰਾਣੀ ਬਣਾਇਆ ਹੈ ਜਿਸਨੇ ਪਿਛਲੇ ਜਨਮ ਵਿਚ ਉਹ ਸਾਰਾ ਕੁੱਝ ਸੀਮਾ ਤੋਂ ਜ਼ਿਆਦਾ ਹਾਸਲ ਕਰ ਲਿਆ ਹੈ ਸੋ ਇਸ ਜਨਮ ਵਿਚ ਕੋਈ ਲੋੜ ਨਹੀਂ ਹੈ... ਪਰ ਇਸਦਾ ਮਤਲਬ ਇਹ ਨਹੀਂ ਕਿ ਮੈਨੂੰ ਮਰਦ ਚੰਗੇ ਨਹੀਂ ਲਗਦੇ ਹਕੀਕਤ ਇਹ ਹੈ ਮੈਨੂੰ ਵੀ ਮਰਦਾਂ ਦਾ ਸਾਥ ਚੰਗਾ ਲੱਗਦਾ ਹੈ ਉਨ੍ਹਾਂ ਦਾ ਮੈਨੂੰ ਕਿਸੇ ਹੱਦ ਤਕ ਛੂਹਣਾ ਵੀ ਅੱਛਾ ਲੱਗਦਾ ਹੈ ਪਰ ਜਦੋਂ ਕੋਈ ਮਰਦ ਸੀਮਾ ਲੰਘ ਜਾਣ ਦੀ ਜ਼ਿੱਦ ਕਰਦਾ ਹੈ ਤਾਂ ਮੇਰੇ ਦਿਮਾਗ਼ ਵਿਚ ਇੱਕ ਦਮ ਆਪਣੀ ਮਾਂ ਦਾ ਤਿਲ ਤਿਲ ਮਰਦੀ, ਰੋਂਦੀ ਤੇ ਕੁਰਲਾਉਂਦੀ ਤੇ ਆਪਣੇ ਪਿਉ ਦਾ ਡਰਾਵਣਾ ਚਿਹਰਾ ਪਰਗਟ ਹੋ ਜਾਂਦਾ ਹੈ ਜੋ ਮੈਨੂੰ ਅੱਗੇ ਵਧਣ ਤੋਂ ਰੋਕ ਦਿੰਦਾ ਹੈ ਉਹ ਮਰਦ ਖੂੰਖਾਰ ਜਾਨਵਰ ਲੱਗਣ ਲੱਗ ਪੈਂਦਾ ਹੈ ਫਿਰ ਮੈਂ ਹਮੇਸ਼ਾ ਵਾਸਤੇ ਪਿੱਛਾ ਛੁਡਾ



ਲੈਂਦੀ ਹਾਂ ਤੁਸੀਂ ਵਿਸ਼ਵਾਸ਼ ਨਹੀਂ ਕਰੋਗੇ ਪਰ ਇਹ ਸੱਚ ਹੈ ਕਿ ਮੈਂ ਅੱਜ ਤਕ ਕੁਆਰੀ ਹਾਂ ਕਦੇ ਕਿਸੇ ਮਰਦ ਨਾਲ ਸੁੱਤੀ ਨਹੀਂ ਹਾਂ ਮੇਰੇ ਦਿਮਾਗ਼ ਵਿਚ ਇਹ ਗੰਢ ਬੱਝ ਗਈ ਹੈ ਕਿ ਜਿਸ ਦਿਨ ਮੈਂ ਇਹ ਸੀਮਾ ਪਾਰ ਕਰ ਲਈ ਉਸ ਦਿਨ ਮੈਂ ਕਮਜ਼ੋਰ ਪੈ ਜਾਵਾਂਗੀ ਮਰਦ ਦੀ ਗ਼ੁਲਾਮ ਹੋ ਜਾਵਾਂਗੀ ਜੋ ਮੈਨੂੰ ਬਿਲਕੁਲ ਮਨਜ਼ੂਰ ਨਹੀਂ ਹੈ ਮੈਂ ਆਜ਼ਾਦ ਤੇ ਆਤਮ ਨਿਰਭਰ ਔਰਤ ਹਾਂ ਤੇ ਜ਼ਿੰਦਗੀ ਆਪਣੀ ਮਰਜ਼ੀ ਨਾਲ ਜੀਉਣਾ ਚਾਹੁੰਦੀ ਹਾਂ ਨਾ ਕਿ ਕਿਸੇ ਹੋਰ ਦਿਆਂ ਇਸ਼ਾਰਿਆਂ ਉੱਪਰ ਪ੍ਰੀਤਮ ਜੀ, ਮੈਂ .?"

ਅਜੇ ਮੰਦਾਕਿਨੀ ਬੋਲ ਰਹੀ ਹੁੰਦੀ ਹੈ ਤਾਂ ਅਚਾਨਕ ਉਸ ਨੂੰ ਕਿਸੇ ਦਾ ਫ਼ੋਨ ਆ ਜਾਂਦਾ ਹੈ।

ਉਹ ਫ਼ੋਨ ਸੁਣਦੀ ਹੋਈ ਥੋੜ੍ਹੀ ਪਰਾਂ ਚਲੇ ਜਾਂਦੀ ਹੈ ਪਰ ਜਲਦੀ ਹੀ ਵਾਪਸ ਆ ਜਾਂਦੀ ਹੈ।

ਪ੍ਰੀਤਮ ਪ੍ਰਸ਼ਨਵਾਚਕ ਨਜ਼ਰਾਂ ਨਾਲ ਮੰਦਾਕਿਨੀ ਵੱਲ ਵੇਖਦਾ ਹੈ।


"ਗੱਲਾਂ ਗੱਲਾਂ ਵਿਚ ਟਾਈਮ ਦਾ ਪਤਾ ਹੀ ਨ੍ਹੀਂ ਚਲਿਆ....ਮੋਂਗਾ ਅੰਕਲ ਦਾ ਫ਼ੋਨ ਸੀ ਉਹ ਮੇਰਾ ਪਾਰਕ ਵਿਚ ਇੰਤਜ਼ਾਰ ਕਰਦਾ ਪਿਆ ਹੈ ਅਸੀਂ ਰੋਜ਼ ਸ਼ਾਮ ਨੂੰ ਇਕੱਠੇ ਸੈਰ ਕਰਦੇ ਹਾਂ ਬਹੁਤ ਸ਼ਰਾਰਤੀ ਅੰਕਲ ਹੈ ਸੱਤਰਾਂ ਤੋਂ ਉੱਪਰ ਦਾ ਹੈ ਰੋਜ਼ ਆਪਣੀ ਜਵਾਨੀ ਵਾਲੇ ਇਸ਼ਕ ਦੇ ਕਿੱਸਿਆਂ ਨੂੰ ਵਾਰ ਵਾਰ ਮਸਾਲੇ ਲਗਾ ਲਗਾ ਕੇ ਸੁਣਾਉਂਦਾ ਹੈ ਮੋਂਗਾ ਅੰਕਲ ਦੀ ਤਰ੍ਹਾਂ ਮੈਨੂੰ ਭਾਟੀਆ ਅੰਕਲ ਦਾ ਸਾਥ ਵੀ ਬਹੁਤ ਚੰਗਾ ਲੱਗਦਾ ਹੈ ਉਹ ਵੀ ਬਹੁਤ ਠਰਕੀ ਕਿਸਮ ਦਾ ਹੈ ਇਹਨਾਂ ਦੋਨਾਂ ਅੰਕਲਾਂ ਦੇ ਕਿੱਸੇ ਵੀ ਸੁਣਾਵਾਂਗੀ ਕਿਸੇ ਦਿਨ ਹਾਂ ਯਾਰ, ਕੱਲ੍ਹ ਸਵੇਰੇ ਜਲਦੀ ਉੱਠਣਾ ਹੈ ਪਾਰਲਰ ਵੀ ਜਾਣਾ ਹੈ ਫਿਰ ਅਨੁਪਮ ਨੂੰ ਮਿਲਣ ਵੀ ਜਾਣਾ ਹੈ ਓ.ਕੇ. ਬਾਏ ਸੀ ਯੂ ਸੂਨ ਪ੍ਰੀਤਮ ਜੀ ।"

ਪ੍ਰੀਤਮ ਦੇ ਦਿਮਾਗ਼ ਵਿਚ ਕਈ ਸਾਰੇ ਸੁਆਲ ਪੈਦਾ ਕਰਦੀ ਹੋਈ ਮੰਦਾਕਿਨੀ ਕਾਹਲੇ ਕਦਮ ਪੁਟਦੀ ਰੈਸਟੋਰੈਂਟ ਤੋਂ ਬਾਹਰ ਨਿਕਲ ਜਾਂਦੀ ਹੈ।


ਦਿਮਾਗ਼ ਵਿਚ ਉੱਠ ਰਹੇ ਕਈ ਸਾਰੇ ਸੁਆਲਾਂ ਦੇ ਜੁਆਬਾਂ ਦੀ ਤਲਾਸ਼ ਕਰਦਾ ਹੋਇਆ ਪ੍ਰੀਤਮ ਮੰਦਾਕਿਨੀ ਨੂੰ ਉਦੋਂ ਤਕ ਦੇਖਦਾ ਰਹਿੰਦਾ ਹੈ ਜਦੋਂ ਤਕ ਉਹ ਉਸ ਦੀਆਂ ਨਜ਼ਰਾਂ ਤੋਂ ਓਹਲੇ ਨਹੀਂ ਹੋ ਜਾਂਦੀ।

ਆਲ੍ਹਣਾ 433 ਫੇਜ਼ 9 ਮੁਹਾਲੀ 9417173700(ਮ)


**ਵਿਲੱਖਣ ਸ਼ੈਲੀਕਾਰ ਦੇਸ ਰਾਜ ਕਾਲੀ ਦੀਆਂ ਇਸੇ ਵਰ੍ਹੇ ਛਪ ਰਹੀਆਂ ਦੋ ਗਲਪ ਦੀਆਂ ਪੁਸਤਕਾਂ**




ਯਹਾਂ ਚਾਏ ਅੱਛੀ ਨਹੀਂ ਬਨਤੀ
(ਕਹਾਣੀ ਸੰਗ੍ਰਹਿ)
ਅਤੇ
ਸ਼ਹਿਰ ਵਿਚ ਸਾਨ੍ਹ ਹੋਣ ਦਾ ਮਤਲਬ
(ਨਾਵਲ)
ਪ੍ਰਕਾਸ਼ਕ ਦੀਪਕ ਪਬਲਿਸ਼ਰਜ਼, ਜਲੰਧਰ



## ਕਹਾਣੀ/ ਨਸਲ / ਡਾ. ਦਵਿੰਦਰ ਮੰਡ

ਉਸ ਰਾਤ ਪ੍ਰੋ. ਕੰਵਲ ਸੂਰੀ ਨੇ ਜਿਹੜੀਆਂ ਗੱਲਾਂ ਕੀਤੀਆਂ, ਉਨ੍ਹਾਂ ਨੇ ਮੈਨੂੰ ਪ੍ਰੇਸ਼ਾਨ ਈ ਕਰ ਦਿੱਤਾ। ਦੋ ਰਾਤਾਂ ਮੈਨੂੰ ਨੀਂਦ ਈ ਨਹੀਂ ਆਈ।

'ਸੂਰੀ ਮੈਨੂੰ ਇਹ ਘਟਨਾ ਨਾ ਈਂ ਦੱਸਦੈ!

ਪਰ ਫੇ ਵੀ ਦੋਸਤੀ ਤਾਂ ਦੋਸਤੀ ਸੀ, ਉਹਨੇ ਦੋਸਤਾਂ ਵਾਲਾ ਫ਼ਰਜ਼ ਨਿਭਾਇਆ।...

...ਪਰ... ਡੀ. ਐਮ. ਇਕ ਭ੍ਰਿਸ਼ਟ ਮਹਿਕਮੇ ਦਾ ਭ੍ਰਿਸ਼ਟ ਬੰਦਾ... ਕਿਹੜੀ ਹਉਮੈ 'ਚ ਤੁਰਿਆ ਫਿਰਦੈ ਮੈਨੂੰ ਇਨ੍ਹਾਂ ਦੋ-ਚਾਰ ਦਿਨਾਂ ਤੋਂ ਸਭ ਕੁਝ ਯਾਦ ਆਇਆ ਹੈ।

ਪ੍ਰੋ. ਕੰਵਲ ਸੂਰੀ ਨੇ ਮੇਰੇ ਕਹੇ 'ਤੇ ਹੀ ਮਿਕਸਡ ਲੈਬਰਾ ਲਿਆਂਦਾ ਸੀ, ਆਪਣੇ ਕਿਸੇ ਰਿਸ਼ਤੇਦਾਰ ਤੋਂ। ਉਹਨੂੰ ਇਹ ਲੈਬਰਾ ਮੁਫ਼ਤ ਈ ਮਿਲ ਗਿਆ ਸੀ। ਸੂਰੀ ਇਸ ਕਰਕੇ ਬਹੁਤ ਖੁਸ਼ ਸੀ। ਉਂਝ ਉਸ ਨੂੰ ਪਿਓਰ ਲੈਬਰੇ ਦਾ ਬੱਚਾ ਦੱਸ ਕੁ ਹਜ਼ਾਰ ਦੇ ਨੇੜੇ-ਤੇੜੇ ਮਿਲਦਾ ਸੀ। ਪ੍ਰੋਫੈਸਰ ਸੂਰੀ ਨੇ ਨੈੱਟ 'ਤੇ ਅਤੇ ਆਲੇ-ਦੁਆਲੇ ਤੋਂ ਕੁੱਤਿਆਂ ਦੀਆਂ ਨਸਲਾਂ ਅਤੇ ਆਦਤਾਂ ਬਾਰੇ ਬੜੀ ਖੋਜ ਕੀਤੀ ਸੀ। ਬਹੁਤਿਆਂ ਨੇ ਉਹਨੂੰ ਇਹੋ ਸੁਝਾਅ ਦਿੱਤਾ ਸੀ, ਅਸਲੀ ਲੈਬਰਾ ਹਰ ਇਕ ਨਾਲ ਘੁਲ ਮਿਲ ਜਾਂਦੈ, ਕੋਸ਼ਿਸ਼ ਕਰੋ ਕੋਈ ਮਿਕਸਡ ਮਿਲ ਜਾਵੇ। ਅਸਲੀ ਨੂੰ ਤਾਂ ਚੋਰ ਉਚੱਕੇ ਖੋਲ੍ਹ ਕੇ ਲੈ ਜਾਂਦੇ ਨੇ... ਇਹ ਨਿਮਰ ਸੁਭਾਅ ਦਾ ਹੁੰਦੈ...।

ਫਿਰ ਸੂਰੀ ਉਨ੍ਹਾਂ ਲੋਕਾਂ ਦੀਆਂ ਉਦਾਹਰਨਾਂ ਦਿੰਦਾ ਹੈ, ਜਿਨ੍ਹਾਂ ਦਾ ਲੈਬਰਾ ਖੋਲ੍ਹਿਆ ਗਿਆ ਸੀ। ਨਾਲ ਹੀ ਪ੍ਰੋ. ਉੱਚੀ-ਉੱਚੀ ਹੱਸ ਪੈਂਦਾ ਹੈ। ਮੈਨੂੰ ਉਂਝ ਪ੍ਰੋ. ਸੂਰੀ ਦੇ ਮਿਕਸਡ ਲੈਬਰਾ ਲਿਆਉਣ 'ਤੇ ਖੁਸ਼ੀ ਹੋਈ ਸੀ, ਕਿਉਂਕਿ ਉਹ ਮੇਰਾ ਮਿੱਤਰ ਸੀ ਅਤੇ ਮੇਰੀ ਗੱਲ ਨੂੰ ਉਹਨੇ ਪੁਗਾਇਆ ਵੀ ਸੀ। ਨਹੀਂ ਤਾਂ ਬਹੁਤੇ ਲੋਕ ਇਕ-ਦੂਜੇ ਤੋਂ ਸਲਾਹ ਲਈ ਜਾਣਗੇ ਅਤੇ ਮਰਜ਼ੀ ਆਪਣੀ ਕਰਨਗੇ, ਫਿਰ ਉਹ ਬਹੁਤੀ ਵਾਰ ਦੁਖਾਂਤ ਵੀ ਭੋਗਦੇ ਹਨ। ਮੈਂ ਪ੍ਰੋ. ਸੂਰੀ ਨੂੰ ਕੁੱਤਿਆਂ ਦੀਆਂ ਨਸਲਾਂ ਬਾਰੇ ਅਕਸਰ ਹੋਰ ਸਲਾਹਾਂ ਵੀ ਦਿੰਦਾ ਰਹਿੰਦਾ ਹਾਂ। ਮੈਂ ਵੀ ਕਈ ਕੁੱਤੇ ਪਾਲ ਚੁੱਕਾ ਹਾਂ। ਜਿਹੜਾ ਹੁਣ ਮੇਰੇ ਘਰ ਕੁੱਤਾ ਸੀ, ਉਹ ਮਿਕਸਡ ਲੈਬਰਾ ਹੀ ਸੀ। ਕੁੱਤੇ ਦੀਆਂ ਅੱਖਾਂ ਵਿੱਚ ਤੱਕ ਕੇ ਹੀ ਮੈਂ ਕਈ ਤਰ੍ਹਾਂ ਦੇ ਅੰਦਾਜ਼ੇ ਲਾ ਲੈਂਦਾ ਹਾਂ। ਆਪਣੇ ਇਸ ਕੁੱਤੇ 'ਮਿਲਕੀ' ਦੇ ਦੁੱਖ-ਸੁੱਖ ਨੂੰ ਮੈਂ ਚੰਗੀ ਤਰ੍ਹਾਂ ਸਮਝ ਲਿਆ ਹੈ। ਦੁੱਧ ਵੀ ਇਹ ਦਿਹਾੜੀ ਵਿੱਚ ਤਿੰਨ ਵਾਰ ਪੀਂਦਾ ਹੈ। ਰੋਟੀ ਵੀ ਇਹ ਘੱਟ ਖਾਂਦਾ ਹੈ। ਚਾਵਲ ਤਾਂ ਇਹਨੂੰ ਪੱਚਦੇ ਹੀ ਨਹੀਂ ਸਨ। ਮੇਰੀ ਪਤਨੀ ਕਈ ਵਾਰ ਮੇਰੇ 'ਤੇ ਖਿਝ ਚੁੱਕੀ ਸੀ, ਦੇਖੋ ਨਾ ਰੋਜ਼ ਤਿੰਨ ਪੈਕਿਟ ਦੁੱਧ ਪੀ ਛੱਡਦੈ ਇੰਨੇ ਮੁੱਲ ਦੇ... ਇਹਨੂੰ ਰੋਟੀ-ਖਾਣ ਦੀ ਵੀ ਆਦਤ ਪਾਓ। ਮੈਂ ਆਪਣੀ ਪਤਨੀ ਦੀਆਂ ਗੱਲਾਂ ਸੁਣ 'ਹੂੰ ਹਾਂ ਕਰ ਛੱਡਦਾ ਸਾਂ। ਉਹਨੂੰ ਪਤਾ ਵੀ ਸੀ ਕਿ ਮੈਂ ਆਪਣੀ ਮਰਜ਼ੀ ਦਾ ਮਾਲਕ ਹਾਂ। ਮੈਂ ਕਈ ਵਾਰ ਨੇੜਲੇ ਮੀਟ ਵਿਕਰੇਤਾ ਤੋਂ ਹੱਡੀ ਮੀਟ ਲਿਆ ਕੇ ਉਬਾਲ ਕੇ ਉਚੇਚੇ ਤੌਰ 'ਤੇ ਮਿਲਕੀ ਨੂੰ ਪਾਉਂਦਾ ਸਾਂ। ਦੋ-ਚਾਰ ਦਿਨ ਇਸ ਮੀਟ ਨਾਲ ਨਿਕਲ ਜਾਂਦੇ ਸਨ। ਸੈਰ ਕਰਦਿਆਂ ਮਿਲਕੀ ਨੂੰ ਲਾਡ ਲਡਾਉਣਾ ਮੇਰਾ ਕੰਮ ਵੀ ਸੀ। ਮੈਂ ਕਈ ਵਾਰ ਇਸ ਮਿਲਕੀ ਦੀਆਂ ਯਾਦਾਂ ਵਿੱਚ ਖੋ ਜਾਂਦਾ ਰਿਹਾ ਹਾਂ। ਉਦੋਂ ਮਿਲਕੀ ਦੀਆਂ ਅੱਖਾਂ ਵੀ ਨਹੀਂ ਸਨ ਖੁੱਲ੍ਹੀਆਂ, ਜਦੋਂ ਮੈਂ ਸਕੂਟਰ 'ਤੇ ਆਪਣੇ ਹੈਲਮਟ ਵਿੱਚ ਪਾ ਕੇ ਨਿੱਕੇ ਜਿਹੇ ਇਸ ਕਤੂਰੇ ਨੂੰ ਲਿਆਇਆ ਸਾਂ। ਉਹ ਵੀ ਆਪਣੇ ਸਹੁਰਿਆਂ ਦੇ ਘਰੋਂ। ਪ੍ਰੋ. ਸੂਰੀ ਨੇ ਮੈਨੂੰ ਕਿਹਾ ਸੀ, "ਲੈ ਬਈ ਸਹੁਰਿਆਂ ਦੇ ਘਰੋਂ ਲਿਆਂਦਾ ਕੁੱਤਾ ਕਦੇ ਭੁੱਖਾ ਨਹੀਂ ਮਰੇਗਾ। ਪਤਨੀ ਉਚੇਚੇ ਤੌਰ 'ਤੇ ਉਹਦਾ ਖਿਆਲ ਰੱਖੂਗੀ। ਅਖੇ ਮੇਰੇ ਪੇਕੇ ਘਰ ਦਾ ਹੈ। ਓਹੀ ਗੱਲ ਹੋਈ ਅੱਜ ਮਿਲਕੀ ਅੱਠ ਸਾਲ ਦਾ ਹੈ। ਇਹ ਸਾਰੀਆਂ ਗੱਲਾਂ ਮੈਂ ਪ੍ਰੋ. ਸੂਰੀ ਨਾਲ ਸਾਂਝੀਆਂ



ਕੀਤੀਆਂ ਸਨ। ਉਂਝ ਵੀ ਸੂਰੀ ਨੂੰ ਮੇਰਾ ਮਿਲਕੀ ਪਸੰਦ ਸੀ। ਉਹ ਜਿੰਨੀ ਵਾਰੀ ਵੀ ਘਰ ਆਇਆ ਹੈ, ਮਿਲਕੀ ਨੇ ਉਸ ਨਾਲ ਲਾਡ ਹੀ ਕੀਤਾ ਹੈ।

ਮੇਰੀ ਹਰ ਗੱਲ ਨੂੰ ਧਿਆਨ ਵਿੱਚ ਰੱਖ ਕੇ ਪ੍ਰੋ. ਸੂਰੀ ਨੇ ਆਪਣਾ ਕੁੱਤਾ ਪਾਲਣਾ ਸ਼ੁਰੂ ਕੀਤਾ ਸੀ। ਹੌਲੀ-ਹੌਲੀ ਸੂਰੀ ਦਾ ਕੁੱਤਾ ਆਪਣੀਆਂ ਆਦਤਾਂ ਆਪਣੇ ਵਿਹਾਰ ਦਾ ਪ੍ਰਗਟਾਵਾ ਕਰਨ ਲੱਗਾ। ਬਾਹਰਲੇ ਵਿਅਕਤੀ ਲਈ ਉਹ ਕੁੱਤਾ ਸਚਮੁੱਚ ਖ਼ਤਰਨਾਕ ਸਾਬਿਤ ਹੋਣ ਲੱਗਾ। ਇਕ ਦਿਨ ਸੂਰੀ ਦਾ ਜੀਜਾ ਘਰੇ ਆਇਆ। ਸੂਰੀ ਨੂੰ ਕਹਿਣ ਲੱਗਾ, ਭਰਾਵਾ ਬੜਾ ਖ਼ਤਰਨਾਕ ਕੁੱਤਾ ਰੱਖਿਆ। ਸੂਰੀ ਹੱਸ ਕੇ ਕਹਿਣ ਲੱਗਾ, "ਭਾਈਆ ਜੀ, ਕੁੱਤਾ ਤਾਂ ਖ਼ਤਰਨਾਕ ਈ ਚੰਗਾ। ਮਾੜੇ ਕੁੱਤੇ ਨਾਲੋਂ ਤਾਂ ਬੱਕਰੀ ਰੱਖ ਲਓ, ਜਦੋਂ ਮਰਜ਼ੀ ਚੋਅ ਲਓ, ਕੁੱਤਾ ਤਾਂ ਵੱਢਣ ਵਾਲਾ ਈ ਚੰਗਾ।" ਸੂਰੀ ਦਾ ਜੀਜਾ ਹੱਸ ਕੇ ਰਹਿ ਗਿਆ। ਹੁਣ ਪ੍ਰੋ. ਸੂਰੀ ਦੇ ਕੁੱਤੇ ਦੀ ਮਸ਼ਹੂਰੀ ਪੂਰੇ ਮੁਹੱਲੇ ਵਿੱਚ ਹੋ ਗਈ ਸੀ। ਸੂਰੀ ਪਰਿਵਾਰ ਵੀ ਕੁੱਤੇ ਦਾ ਵਿਸਾਹ ਨਹੀਂ ਸੀ ਖਾਂਦਾ। ਕਦੇ ਵੀ ਬਾਹਰ ਨਾ ਜਾਣ ਦਿੰਦਾ। ਇਕ-ਦੋ ਵਾਰ ਘਟਨਾਵਾਂ ਵਾਪਰੀਆਂ ਵੀ ਸਨ। ਅਚਨਚੇਤ ਗੇਟ ਖੁੱਲ੍ਹਾ ਰਹਿ ਗਿਆ ਸੀ ਤੇ ਕੁੱਤਾ ਨੱਠ ਕੇ ਬਾਹਰ ਵੱਲ ਨੂੰ ਭੱਜਾ ਸੀ। ਇਕ-ਦੋ ਸਾਈਕਲ ਸਵਾਰ ਅਤੇ ਸਕੂਟਰ ਵਾਲੇ ਜਾਂ ਢਾਏ ਸਨ। 'ਸੌਰੀ' ਮੰਗ ਕੇ ਪ੍ਰੋ. ਸੂਰੀ ਪਰਿਵਾਰ ਨੇ ਜਾਨ ਛੁਡਾਈ ਸੀ। ਇਸ ਕਰਕੇ ਉਚੇਚੇ ਤੌਰ 'ਤੇ ਕੁੱਤੇ ਦਾ ਖਿਆਲ ਰੱਖਦੇ ਸਨ। ਦੂਜੇ ਪਾਸੇ ਮੇਰੇ ਮਿਲਕੀ ਨਾਲ ਉਹਦਾ ਬੜਾ ਸਨੇਹ ਸੀ। ਉਹ ਲਾਡ ਲਡਾਉਂਦਾ ਉੱਕਾ ਨਹੀਂ ਸੀ ਥੱਕਦਾ। ਮਿਲਕੀ ਸਗੋਂ ਕਈ ਵਾਰ ਖਿਝ ਜਾਂਦਾ ਸੀ।

ਆਪਣੇ ਗੁਆਂਢੀ ਪਰਿਵਾਰ ਨੂੰ ਵੀ ਤਾਂ ਪ੍ਰੋ. ਸੂਰੀ ਨੇ ਹੀ ਮਿਲਾਇਆ ਸੀ। ਖਾਲੀ ਪੀਰੀਅਡ ਵਿੱਚ ਉਹ ਡੀ. ਐਮ. ਨੂੰ ਮੇਰੇ ਕੋਲ ਲੈ ਆਇਆ ਸੀ। ਇਹ ਕਿਰਾਏਦਾਰ ਜੋੜਾ ਕਈ ਸਾਲਾਂ ਤੋਂ ਪ੍ਰੋ. ਸੂਰੀ ਦੇ ਗੁਆਂਢ ਵਿੱਚ ਰਹਿੰਦਾ ਸੀ।

"ਪ੍ਰੋ. ਪਾਲ ਇਹ ਕੋਈ ਕੁੱਤਾ ਰੱਖਣਾ ਚਾਹੁੰਦੇ ਨੇ... ਮੈਂ ਸੋਚਿਆ ਤੁਹਾਨੂੰ ਇਸ ਬਾਰੇ ਜ਼ਿਆਦਾ ਜਾਣਕਾਰੀ ਹੈ। ਇਸ ਕਰਕੇ ਤੁਹਾਡੇ ਕੋਲ ਲੈ ਆਇਆ... ਉਂਝ ਇਹ ਐੱਫ. ਸੀ. ਆਈ. ਵਿੱਚ ਡੀ. ਐੱਮ. ਹਨ। ਮੈਂ ਦੋ ਪੀਰੀਅਡ ਵਿਹਲਾ ਹੋਣ ਕਾਰਣ ਉਨ੍ਹਾਂ ਨਾਲ ਖੁੱਲ੍ਹ ਕੇ ਗੱਲ ਕਰ ਸਕਦਾ ਸਾਂ। ਚਾਹ ਪੀਣ ਤੋਂ ਬਾਅਦ ਡੀ. ਐੱਮ. ਸਾਹਿਬ ਨੇ ਕੁੱਤਾ ਖਰੀਦਣ ਦੀ ਗੱਲ ਸ਼ੁਰੂ ਕਰ ਲਈ।

"ਪ੍ਰੋ. ਸਾਹਿਬ ਤੁਸੀਂ ਮੈਨੂੰ ਖੁੱਲ੍ਹ ਕੇ ਦੱਸੋ ਮੇਲ ਅਤੇ ਫੀਮੇਲ ਰੱਖਣ ਦਾ ਅੰਤਰ... ਲੋਕੀ ਕਹਿੰਦੇ ਗੰਦ ਬਹੁਤ ਪਾਉਂਦੇ ਕੁੱਤੇ।"

ਮੈਂ ਤੁਰੰਤ ਜਵਾਬ ਦਿੱਤਾ, "ਦੇਖੋ ਡੀ. ਐੱਮ. ਸਾਹਿਬ ਪਹਿਲਾਂ ਤਾਂ ਇਹ ਮੰਨ ਕੇ ਚੱਲੋ ਬਈ ਇਕ ਬੰਦਾ ਕੁੱਤੇ ਲਈ ਜ਼ਰੂਰ ਟੈਮ ਕੱਢੇ ਛੋਟਾ ਪੱਪੀ ਤਾਂ ਬੱਚਿਆਂ ਵਾਂਗ ਹੈ, ਉਸ ਨੇ ਥਾਂ ਪਰ ਥਾਂ ਗੰਦ ਪਾਉਣਾ ਹੈ ਫਿਰ ਉਸ ਨੇ ਤੁਹਾਡੇ ਨਾਲ ਖੇਡਣਾ ਵੀ ਹੈ, ਵੱਡਾ ਹੋਣ 'ਤੇ ਉਸ ਨੂੰ ਟਰੇਨਿੰਗ ਵੀ ਦਿੱਤੀ ਜਾ ਸਕਦੀ ਹੈ।"

ਡੀ. ਐੱਮ. ਮੇਰੀ ਗੱਲ ਸੁਣਦਾ ਵਿੱਚ ਬੋਲ ਪਿਆ, "ਚਲੋ ਸਮਝੋ ਬੱਚਾ ਵੱਡਾ ਹੋ ਗਿਐ... ਫਿਰ ਉਸ ਤੋਂ ਬਾਅਦ ਹੋਰ ਕਿਹੜੀਆਂ ਸਮੱਸਿਆਵਾਂ ਫੇਸ ਕਰਨੀਆਂ ਪੈਂਦੀਆਂ... "ਦੇਖੋ ਭਰਾ ਜੀ ਇਹ ਕੁੱਤੇ ਥਾਂ ਪਰ ਥਾਂ ਸੁੰਘਦੇ ਨੇ... ਆਪਣਾ ਇਲਾਕਾ ਨਿਸ਼ਚਿਤ ਕਰਨ ਲਈ ਇਹ ਲੱਤ ਚੁੱਕ ਕੇ ਪਿਸ਼ਾਬ ਵੀ ਕਰਦੇ ਨੇ... ਆਪਣੇ ਅਧਿਕਾਰ ਖੇਤਰ ਲਈ ਨਿਸ਼ਾਨਦੇਹੀ ਕਰਦੇ ਨੇ... ਹੁਣ ਜਦੋਂ ਮੈਂ ਕਾਰ ਅੰਦਰ ਕਰਦਾ ਹਾਂ ਤਾਂ ਟਾਇਰ ਸੁੰਘ ਕੇ ਮੇਰਾ ਕੁੱਤਾ ਤੁਰੰਤ ਪਿਸ਼ਾਬ ਕਰ ਦਿੰਦਾ ਹੈ... ਤੇ ਜਦੋਂ ਗੱਡੀ ਬਾਹਰ ਜਾਂਦੀ ਹੈ ਤਾਂ ਬਾਹਰਲੇ ਕੁੱਤੇ ਸੁੰਘ ਕੇ ਪਿਸ਼ਾਬ ਕਰ ਦਿੰਦੇ ਨੇ... ਇਹ ਸਿਲਸਿਲਾ ਲਗਾਤਾਰ ਜਾਰੀ ਹੈ, ਮੇਰੀ ਗੱਲ ਸੁਣ ਡੀ. ਐੱਮ. ਉੱਚੀ-ਉੱਚੀ ਹੱਸ ਪਿਆ।

" ...ਤੇ ਫਿਰ ਮਾਦਾ ਰੱਖਣ ਦਾ ਕੋਈ ਫਾਇਦੈ?" "ਦੇਖੋ ਜੀ ਫੀਮੇਲ ਦਾ ਮੈਨੂੰ ਤਜ਼ਰਬਾ ਨਹੀਂ ਪਰ ਮੇਰੇ

ਸਾਂਢੂ ਨੇ ਪੁਆਇੰਟਰ ਰੱਖੀ ਹੋਈ ਹੈ... ਉਹ ਬੜੀ ਸਹਿਜ ਨਸਲ ਹੈ, ਘਰ ਵਿੱਚ ਕੋਈ ਗੰਦ ਨਹੀਂ, ਬੜੀ ਰਾਖੀ ਕਰਦੀ... ਜਾਹ ਤਾਂ ਕੋਈ ਅੰਦਰ ਵੜ ਜਾਵੇ... ਰਿਸ਼ਤੇਦਾਰਾਂ ਨੂੰ ਵੀ ਪੂਰਾ ਪਹਿਚਾਣਦੀ ਹੈ...।

ਕੁੱਤਿਆਂ ਦੇ ਖਾਣ-ਪੀਣ ਬਾਬਤ ਹੋਰ ਵੀ ਕਈ ਗੱਲਾਂ ਹੋਈਆਂ। ਡੀ. ਐੱਮ. ਨੇ ਮੈਥੋਂ ਵਾਰ-ਵਾਰ ਸੇਂਟ ਬਰਨਾਰਡ ਵਰਗੇ ਸ਼ੇਰ ਵਰਗੇ ਖ਼ਤਰਨਾਕ ਕੁੱਤੇ ਬਾਰੇ ਵੀ ਕਈ ਕੁਝ ਪੁੱਛਿਆ। ਉਂਝ ਇਹ ਨਸਲ ਸ਼ਾਂਤੀ ਪਸੰਦ ਵਾਲੀ ਹੈ। ਸਵਿਟਜ਼ਰਲੈਂਡ ਵਿੱਚ ਇਹ ਨਸਲ ਕਈ ਔਖੇ ਕੰਮ ਕਰਨ ਵਿੱਚ ਬੜਾ ਸਹਾਈ ਹੁੰਦੀ ਹੈ। ਵਫ਼ਾਦਾਰ ਤਾਂ ਹੈ ਪਰ ਜੇ ਆਪਣੀ ਆਈ ਤੇ ਆ ਜਾਵੇ, ਇਹ ਕਿਸੇ ਨੂੰ ਨਹੀਂ ਸੀ ਬਖ਼ਸ਼ਦਾ। ਡੀ. ਐੱਮ. ਸਾਹਿਬ ਕੁੱਤਿਆਂ ਦੀਆਂ ਨਸਲਾਂ ਬਾਰੇ ਸੋਚ ਸੋਚੀ ਪਏ ਹੋਏ ਸਨ। ਉੱਧਰ ਮੇਰੇ ਪੀਰੀਅਡ ਦਾ ਸਮਾਂ ਵੀ ਹੋ ਗਿਆ ਸੀ। ਪ੍ਰੋ. ਸੂਰੀ ਤੇ ਡੀ. ਐੱਮ. ਮੇਰੇ ਨਾਲ ਪੂਰੀ ਗੱਲਬਾਤ ਕਰਕੇ ਸੰਤੁਸ਼ਟ ਹੋ ਗਏ। ਫਿਰ ਡੀ. ਐੱਮ. ਚਲੇ ਗਿਆ।

ਮੇਰਾ ਤੇ ਪ੍ਰੋ. ਸੂਰੀ ਦਾ ਯਾਰਾਨਾ ਕਾਫ਼ੀ ਗੂੜ੍ਹਾ ਹੈ। ਉਹਦਾ ਪਰਿਵਾਰ ਤੇ ਮੇਰਾ ਪਰਿਵਾਰ ਆਪਸ ਵਿੱਚ ਕਾਫੀ ਘੁਲੇ-ਮਿਲੇ ਹਨ। ਪਰਿਵਾਰਕ ਸਾਂਝ ਤਾਂ ਵੱਖਰੀ ਮੇਰਾ ਮਿਲਕੀ 'ਤੇ ਪ੍ਰੋ. ਸੂਰੀ ਦਾ ਕੁੱਤਾ ਵੀ ਇਕ-ਦੂਜੇ ਦਾ ਵਿਸਾਹ ਨਹੀਂ ਖਾਂਦੇ। ਇਕ-ਦੋ ਵਾਰ ਜਦੋਂ ਮੈਂ ਪਰਿਵਾਰ ਨਾਲ ਟੂਰ 'ਤੇ ਗਿਆ ਹਾਂ ਤਾਂ ਮਿਲਕੀ ਨੂੰ ਪ੍ਰੋ. ਸੂਰੀ ਦੇ ਘਰ ਛੱਡ ਕੇ ਗਿਆ ਹਾਂ। ਮੈਂ ਕਈ ਵਾਰ ਮਹਿਸੂਸ ਕੀਤਾ ਹੈ ਕੁੱਤੇ ਮਨੁੱਖ ਦੇ ਅੰਦਰਲੇ ਨੂੰ ਵੀ ਪੜ੍ਹ ਜਾਂਦੇ ਹਨ। ਜਦੋਂ ਤੁਹਾਡੇ ਘਰ ਕੋਈ ਇਹੋ ਜਿਹਾ ਰਿਸ਼ਤੇਦਾਰ ਆਉਂਦਾ ਹੈ, ਜਿਸ ਦੇ ਅੰਦਰ ਕਮੀਨਗੀ ਛੁਪੀ ਹੋਵੇ, ਕੁੱਤੇ ਨੂੰ ਉਸ ਪ੍ਰਤੀ ਕਾਫ਼ੀ ਗਿਲਾ ਹੁੰਦਾ ਹੈ। ਭੌਂਕ-ਭੌਂਕ ਘਰ ਸਿਰ 'ਤੇ ਚੁੱਕ ਲੈਂਦੇ ਹਨ। ਕੁਝ ਦਿਨਾਂ ਬਾਅਦ ਮੈਨੂੰ ਪ੍ਰੋ. ਸੂਰੀ ਨੇ ਦੱਸਿਆ ਕਿ ਡੀ. ਐੱਮ. ਸਾਹਿਬ ਇਕ ਪੁਆਇੰਟਰ ਮਾਦਾ ਪੱਪੀ ਲੈ ਕੇ ਆਏ ਹਨ। ਉਹਦਾ ਪਰਿਵਾਰ ਉਹਦਾ ਬੜਾ ਖਿਆਲ ਰੱਖਦਾ ਹੈ। ਇਸ ਮਾਦਾ ਪੁਆਇੰਟਰ ਨੂੰ ਸ਼ਹਿਰ ਦੇ ਚੰਗੇ ਖੇਤਰ ਮਾਡਲ ਟਾਊਨ ਵਿੱਚੋਂ ਲਿਆਂਦਾ ਗਿਆ ਹੈ। ਕਾਫ਼ੀ ਮਹਿੰਗੀ। ਇਸ ਮਾਦਾ ਦਾ ਪੂਰਾ ਇਤਿਹਾਸ ਵੀ ਡੀ. ਐੱਮ. ਪਰਿਵਾਰ ਨੂੰ ਸਾਂਭਣ ਲਈ ਦਿੱਤਾ ਗਿਆ ਹੈ। ਪੱਪੀ ਦੀ ਵਿਸ਼ੇਸ਼ ਖੁਰਾਕ ਅਤੇ ਡਾਕਟਰੀ ਸਹੂਲਤਾਂ ਦਾ ਵੀ ਇਕ ਪੂਰਾ ਖ਼ਾਕਾ ਡੀ. ਐੱਮ. ਸਾਹਿਬ ਦੇ ਪਰਿਵਾਰ ਨੂੰ ਦਿੱਤਾ ਗਿਆ ਹੈ। ਦਵਾਈ ਅਤੇ ਖੁਰਾਕ ਦੇਣ ਦੀਆਂ ਹਦਾਇਤਾਂ ਉਸ ਪਰਿਵਾਰ ਨੂੰ ਪੂਰੀ ਤਰ੍ਹਾਂ ਸਮਝਾਈਆਂ ਗਈਆਂ ਸਨ। ਡੀ. ਐੱਮ. ਛੋਟਾ ਮੁੰਡਾ ਤਾਂ ਪੱਪੀ ਦਾ ਉੱਕਾ ਵਿਸਾਹ ਨਹੀਂ ਸੀ ਖਾਂਦਾ। ਉਹ ਤਾਂ ਉਹਨੂੰ ਆਪਣੇ ਨਾਲ ਹੀ ਸੁਲਾਉਂਦਾ ਸੀ। ਮੈਂ ਜਿੰਨੀ ਵਾਰ ਵੀ ਪ੍ਰੋ. ਸੂਰੀ ਦੇ ਘਰ ਗਿਆਂ ਮੈਂ ਉਸ ਮਾਦਾ ਪੁਆਇੰਟਰ ਨੂੰ ਇਕ ਵਾਰ ਵੀ ਨਹੀਂ ਸੀ ਦੇਖਿਆ। ਉਹ ਤਾਂ ਅੰਦਰੋਂ ਬਾਹਰ ਹੀ ਨਹੀਂ ਸੀ ਕੱਢਦੇ। ਸ਼ਾਇਦ ਰਾਤ ਨੂੰ ਕਿਤੇ ਡੀ. ਐੱਮ. ਬਾਹਰ ਘੁਮਾਉਣ ਲਿਜਾਂਦਾ ਹੋਵੇ।

ਪ੍ਰੋ. ਸੂਰੀ ਦਾ ਮਿਕਸਡ ਲੈਬਰਾ ਮੇਰੇ ਨਾਲ ਬਹੁਤ ਲਾਡ ਕਰਦਾ ਰਹਿੰਦਾ ਹੈ। ਉਹ ਤਾਂ ਹਮੇਸ਼ਾ ਇਸ ਤਾਕ 'ਚ ਹੀ ਰਹਿੰਦਾ ਹੈ ਕਿ ਕਿਤੇ ਇਹਦੇ ਨਾਲ ਇਹਦਾ ਮਿਲਕੀ ਵੀ ਆ ਜਾਵੇ। ਦੋਹੇਂ ਕੁੱਤੇ ਉਪਰਲੀ ਮੰਜ਼ਿਲ 'ਤੇ ਬਥੇਰਾ ਖੇਡਦੇ ਹਨ। ਮੈਂ ਇਨ੍ਹਾਂ ਮਹੀਨਿਆਂ ਵਿੱਚ ਦੋ-ਤਿੰਨ ਵਾਰ ਆਪਣੇ ਮਿਲਕੀ ਨੂੰ ਪ੍ਰੋ. ਸੂਰੀ ਦੇ ਘਰ ਛੱਡ ਕੇ ਆਇਆ ਹਾਂ।...

ਬਸ ਆਹ ਕੁਝ ਦਿਨਾਂ ਤੋਂ ਪ੍ਰੋ. ਸੂਰੀ ਮੇਰੇ ਘਰ ਆ ਰਿਹਾ ਹੈ। ਚਿਹਰਾ ਥੋੜ੍ਹਾ ਪ੍ਰੇਸ਼ਾਨੀ ਵਾਲਾ ਹੁੰਦਾ ਹੈ। ਮੈਂ ਇਕ-ਦੋ ਵਾਰ ਪੁੱਛਿਆ ਵੀ ਪਰ ਉਹ 'ਕੋਈ ਗੱਲ ਨਹੀਂ' ਕਹਿ ਕੇ ਗੱਲ ਟਾਲ ਛੱਡਦਾ ਸੀ। ਓਦਣ ਪਤਾ ਨਹੀਂ ਕਿਵੇਂ ਮੇਰੇ ਘਰ ਖਾਣਾ ਖਾਂਦੇ ਉਹਦੇ ਮੂੰਹੋਂ ਦੋ ਕੁੱਤਿਆਂ ਦੀ ਰਾਖੀ ਕਰਨੀ ਪੈਂਦੀ ਵਾਲਾ ਵਾਕ ਨਿਕਲ ਗਿਆ। ਦੋ ਕੁੱਤੇ ਜਦੋਂ ਮੈਂ ਦੋਬਾਰਾ ਇਹ ਸ਼ਬਦ ਕਹੇ ਤਾਂ ਪ੍ਰੋ. ਸੂਰੀ ਨੇ ਫਿਰ ਗੱਲ ਹੋਰ ਪਾਸੇ ਪਾਉਣੀ ਚਾਹੀ। ਫਿਰ ਮੈਂ ਨਿਰੰਤਰ ਇਕ ਟੁੱਕ ਪ੍ਰੋ. ਸੂਰੀ ਦੇ ਚਿਹਰੇ ਵੱਲ ਦੇਖਣ ਲੱਗਾ। ਉਹ ਵੀ ਜਿਵੇਂ ਮੇਰੇ ਨਾਲ ਗੱਲ ਖੋਲ੍ਹਣੀ



ਚਾਹੁੰਦਾ ਹੋਵੇ। ਉਹ ਮੇਰੇ ਦੇਖਦਿਆਂ ਹੀ ਗਿਲਾਸ ਚੁੱਕ ਕੇ ਰਸੋਈ ਵਿੱਚ ਚਲਾ ਗਿਆ। ਇਕ ਵੱਡਾ ਸਾਰਾ ਪੈੱਗ ਪਾ ਕੇ ਰਸੋਈ ਵਿੱਚ ਹੀ ਪੀ ਆਇਆ।

"ਕੀ ਗੱਲ ਸੂਰੀ? ਦੁਖੀ ਲੱਗਦੈਂ? ਦੱਸ ਮੈਨੂੰ? ਯਾਰ ਨਾਲ ਈ ਗੱਲ ਸਾਂਝੀ ਕਰੀਦੀ ਆ...।" ਮੈਂ ਸੂਰੀ ਦੇ ਲਾਲ ਹੋ ਗਏ ਚਿਹਰੇ ਵੱਲ ਦੇਖਿਆ। "ਯਾਰ ਦੁਨੀਆਂ ਬੜੀ ਘਟੀਆ? ਅੰਦਰੋਂ ਬਾਹਲੀ ਕਮੀਨੀ ਆ?" ਬਈ ਪੁੱਛੇ...।" ਸੂਰੀ ਫਿਰ ਰੁਕ ਗਿਆ।

"ਕੀ ਹੋਇਆ? ਖੁੱਲ੍ਹ ਕੇ ਦੱਸ ਯਾਰ?"

ਮੈਂ ਗੱਲ ਸੁਣਨ ਲਈ ਉਤਸੁਕ ਸਾਂ...।"

"ਬਸ ਯਾਰ ਗੱਲ ਉਹਤੋਂ ਬਾਅਦ ਹੀ ਵਧ ਗਈ, ਜਦੋਂ ਤੁਸੀਂ ਪਿਕਨਿਕ 'ਤੇ ਗਏ ਸਓ... ਮਿਲਕੀ ਮੇਰੇ ਘਰ ਛੱਡ ਗਏ...।"

"ਕਿਸੇ ਨੂੰ ਵੱਢ ਤਾ 'ਉਹਨੇ?' ਮੇਰੀ ਹੈਰਾਨੀ ਹੋਰ ਵਧ ਗਈ।

"ਹਾਂਅ... ਵੱਢਣਾ ਕਾਹਨੂੰ ਉਹਨੇ...? ਭਰਾਵਾ ਲੋਕ ਤਾਂ ਕੁਦਰਤ ਦਾ ਵਿਰੋਧ ਕਰਨ ਲੱਗੇ ਵੀ ਗੁਰੇਜ਼ ਨਹੀਂ ਕਰਦੇ... ਡੀ. ਐੱਮ. ਹਨ ਨਾ ਆਪਣੇ ਗੁਆਂਢੀ...।

"ਆਹੋ... ਆਹੋ...।"

"ਤੂੰ ਜਾਣਦੈਂ ਉਨ੍ਹਾਂ ਦੀ ਮਾਦਾ ਪੁਆਇੰਟਰ, ਜਿਹੜੀ ਉਨ੍ਹਾਂ ਕਦੇ ਘਰੋਂ ਬਾਹਰ ਨਹੀਂ ਸੀ ਕੱਢੀ... ਉਸ ਰਾਤ... ਉਹ ਵੀ ਕੁਝ ਦਿਨਾਂ ਤੋਂ ਮੇਟਿੰਗ ਦੀ ਹਾਲਤ ਵਿੱਚ ਸੀ... ਬਾਹਰਲੇ ਕੁੱਤੇ ਵੀ ਡੀ. ਐੱਮ. ਦੇ ਗੇਟ ਮੂਹਰੇ ਬਥੇਰੇ ਘੁੰਮਣ ਲੱਗ ਪਏ ਪਰ ਪਤਾ ਨਹੀਂ ਕਿੱਦਾਂ ਉਸ ਰਾਤ... ਉਹ ਘਰੋਂ ਨਿਕਲ ਕੇ ਆਪਣੇ ਘਰ ਆ ਵੜੀ... ਬਸ ਫੇ ਕੀ ਆਪਣਾ ਮਿਲਕੀ...

ਓਹੀ ਗੱਲ ਹੋਈ ਸਵੇਰੇ ਡੀ. ਐੱਮ. ਸਾਹਿਬ ਮਾਦਾ ਲੱਭਦੇ ਘਰ ਖੜਕਾਉਣ ਲੱਗੇ.. ਉਦੋਂ ਵੀ ਆਪਣਾ ਮਿਲਕੀ... ਤੇ...।"

ਬਸ ਆਹ ਈ ਗੱਲ ਹੋ ਗਈ? ਇਹ ਤਾਂ ਪ੍ਰਮਾਤਮਾ ਦੇ ਰੰਗ ਨੇ... ਨੇਚਰ ਦਾ ਸਿਸਟਮ ਹੀ ਆਇਦਾਂ ਦਾ ਆ... ਕੁੱਤੇ ਜਾਤ ਦੀ ਇਹ ਸਮੈੱਲ ਵੀ ਬੜੀ ਦੂਰੋਂ ਆ ਜਾਂਦੀ...

... ਓਹ ਭਰਾਵਾ... ਪਰ ਬੰਦੇ ਦੇ ਰੰਗ ਹੋਰ ਨੇ... ਸ਼ਾਮ ਨੂੰ ਮਾਦਾ ਪੁਆਇੰਟ ਘਰ ਸੁੱਟ ਗਿਆ ਅਖੇ ਸਾਂਭੋ... ਪੀਤੀ ਲੱਗਦੀ ਸੀ... ਕਹਿਣ ਲੱਗਾ, "ਸੂਰੀ... ਤੇਰਾ ਕੁੱਤਾ ਹੁੰਦਾ ਤਾਂ ਕੋਈ ਨਹੀਂ... ਸਾਡੀ ਮਾਦਾ ਦੀ ਨਸਲ ਵਿਗਾੜ ਤੀ, ਅਸੀਂ ਕੀ ਕਰਨੀ ਹੁਣ... ਦਲਿਤ ਪ੍ਰੋਫੈਸਰ ਦਾ ਦਲਿਤ ਕੁੱਤਾ... ਅਸੀਂ ਆਪਣੀ ਜਾਤ ਖਰਾਬ ਕਰਨੀ... ਅਸੀਂ ਜੱਟ... ਉਹ ਵੀ ਮਲਵਈ...।" ਇਸ ਤੋਂ ਬਾਅਦ ਪ੍ਰੋ. ਸੂਰੀ ਚੁੱਪ ਕਰ ਗਿਆ।

ਮੈਨੂੰ ਉਸ ਵੇਲੇ ਮਹਿਸੂਸ ਹੋਇਆ ਜਿਵੇਂ ਤਿੰਨਾਂ ਕੁੱਤਿਆਂ ਨੇ ਰਲ ਕੇ ਮੈਨੂੰ ਨੋਚ ਲਿਆ ਹੋਵੇ। ਮੈਂ ਅਜੇ ਕੁਝ ਬੋਲਣ ਹੀ ਲੱਗਾ ਸਾਂ, ਲਾਲ ਅੱਖਾਂ ਨਾਲ ਪ੍ਰੋ. ਸੂਰੀ ਫਿਰ ਬੋਲ ਪਿਆ। "ਗਲਤੀ ਤਾਂ ਮੈਥੋਂ ਈ ਹੋਗੀ, ਮੈਂ ਈ ਸਾਰਾ ਭੇਦ ਖੋਲ੍ਹ ਤਾਂ ਤੁਹਾਡਾ, ਆਪਣਾ, ਕੁੱਤਿਆਂ ਦਾ... ਭਲਾ ਏਦਾਂ ਨਸਲ ਵਿਗੜ ਗਈ... ਸਾਲਾ ਨਸਲੀ...

ਮੈਂ ਆਪਣੇ ਆਪ ਨੂੰ ਰੋਕਦਿਆਂ ਵੀ ਕਹਿ ਈ ਦਿੱਤਾ, "ਪ੍ਰੋ. ਸੂਰੀ, ਭ੍ਰਿਸ਼ਟ ਨੂੰ ਕਹਿ ਦੇ ਸੇਂਟ ਬਰਨਾਲਡ ਬਾਰੇ ਵੀ ਉਹ ਦਲਿਤ ਸਭ ਕੁਝ ਜਾਣਦੈ...

194/8 ਫਰੈਂਡਜ਼ ਕਲੋਨੀ, ਨੇੜੇ ਡੀ. ਏ. ਵੀ. ਕਾਲਜ, ਜਲੰਧਰ
99145-65255

## ਕਹਾਣੀ / ਬਾਧੇ ਬਹੁ ਫੰਧਾ / ਇੱਛੂਪਾਲ

1. ਸਾਡਾ ਮਨ ਬਾਹਰ ਦੀਆਂ ਵਸਤੂਆਂ ਅੰਦਰ ਜਕੜਿਆ ਹੋਇਆ ਹੈ। ਮਨ, ਮਨ ਵਿਚਲੀ ਅਸ਼ਾਂਤੀ ਕਦੀ ਵੀ ਚੈਨ ਨਾਲ ਬੈਠਣ ਨਹੀਂ ਦੇਂਦੀ। ਇਹ ਇਕ ਅਜਿਹੀ ਸੁਨਾਮੀ ਹੈ ਕਿ ਅਸੀਂ ਸਦਾ ਇਸ ਵਿਚ ਗੋਤੇ ਖਾਂਦੇ ਰਹਿੰਦੇ ਹਾਂ। ਮਨ ਨੂੰ ਸ਼ਾਂਤ, ਸ਼ਾਂਤਚਿਤ ਕਰਨ ਲਈ ਕੇਵਲ ਇਕੋ ਸਾਧਨ ਹੈ। ਉਹ ਹੈ ਦ੍ਰਿੜਤਾ ਆਪਣੇ ਆਪ ਵਿਚਲੇ ਆਪੇ ਨੂੰ ਇਕੱਤਰ ਕਰਕੇ ਗੁਰੂ ਮਹਾਰਾਜ ਦੇ ਲੜ ਲਾਉਣਾ ਹੈ।" ਭਾਈ ਸਾਹਿਬ ਕੀਰਤਨ ਕਰਦਿਆਂ ਹੋਇਆਂ ਬੋਲ ਰਹੇ ਸਨ। ਕਿੰਨਾ ਚੰਗਾ ਬੋਲਦੇ ਹਨ ! ਮਨ ਕਰਦਾ ਹੈ ਸੁਣਦੇ ਰਹੀਏ...।

"ਕਿਹੜਾ ਮਾਂ... ਤੂੰ ਕਿਸ ਦੀ ਗੱਲ ਕਰਦੀ ਪਈ ਏਂ...?"

"ਆਪਣੇ ਗੁਰਦੁਆਰੇ ਦਾ ਭਾਈ ਉਤਮ ਸਿੰਘ ਉਤਮਾ ਭਾਪਾ ਹੋਰ ਕੌਣ। ਭਈਏ ਦੀ ਭੂਆ ਦਾ ਪੁੱਤਰ। ਸਾਡੀ ਨਜ਼ਦੀਕੀ ਰਿਸ਼ਤੇਦਾਰੀ ਵਿਚੋਂ ਹੈ। ਮਾੜ੍ਹੇ ਕੋਲ ਨਹੀਂ ਆਉਂਦਾ...? ਤੂੰ ਪਤਾ ਨਹੀਂ ਕੀ ਸੋਚਦਾ ਰਹਿੰਦਾ ਏਂ...!"

"ਹਾਂ ਮਾਂ ਮੈਂ ਜਾਣਦਾ ਹਾਂ ਤੇਰੇ ਉਤਮੇ ਭਾਪੇ ਨੂੰ... ਕਿੰਨਾ ਗੁਰਸਿਖ ...ਸ਼ਬਦ ਵਾਚਕ ਅਤੇ ਹੋਰ...।" ਇਹ ਸ਼ਬਦ ਮੈਂ ਆਪਣੇ ਮਨ ਅੰਦਰ ਹੀ ਉਚਾਰੇ ਸਨ। ਪਰ ਫਿਰ ਵੀ ਮਾਂ ਦੇ ਕੰਨਾਂ ਵਿਚ ਇਨ੍ਹਾਂ ਦੀ ਬਲੇਲ ਪੈ ਗਈ ਸੀ। ਮਾਂ ਬਹੁਤਾ ਸਮਝ ਨਾ ਪਾਈ। ਉਹ ਥੋੜਾ ਚੁੱਪ ਰਹਿਣ ਮਗਰੋਂ ਮੈਨੂੰ ਆਵਾਜ਼ ਦੇਣ ਲੱਗੀ।

"ਇੰਦਰ... ਉਹ ਇੰਦਰ ਕੀ ਆਖਿਆ ਤੂੰ...? ਗੁਰਸਿੱਖ...? ਇਹ ਕੀ ਬੁੜ ਬੁੜ ਕਰ ਰਿਹਾ ਸੀ ਵੇ ਤੂੰ...?"

"ਉਹ ਮਾਂ ਮੈਂ ਕਹਿ ਰਿਹਾ ਸੀ ਕਿ ਫੇਰ ਭਾਈ ਸਾਹਿਬ ਨੇ ਕਿਹਾ ਹੋਣਾ ਮਨ ਦੇ ਦੁਆਰ ਗੁਰ ਸਿੱਖ ਦੇ ਸਾਹਮਣੇ ਸਦਾ ਢਿੱਲੇ ਪੈ ਜਾਂਦੇ ਹਨ ਅਤੇ ਉਹ ਆਪਣੀ ਅੰਦਰ ਦੀ ਸਾਰੀ ਸ਼ਕਤੀ ਇਕੱਤਰ ਕਰਕੇ ਕੇਵਲ ਰੱਬ ਦਾ ਨਾਂ ਜਪਦਾ ਰਹਿੰਦਾ... ਸਦਾ ਗੁਰਬਾਣੀ ਦੁਆਰਾ ਅਜਿਹੀ ਅਵਸਥਾ 'ਚ ਪਹੁੰਚ ਜਾਂਦਾ ਹੈ...।"

"ਹਾਂ ਤੂੰ ਠੀਕ ਹੀ ਆਖਿਆ ਹੈ ਪਰ ਇਹ ਦਸ ਕਿ ਤੂੰ ਨਾ ਹੀ ਗੁਰਦੁਆਰੇ ਗਿਆ ਅਤੇ ਇਹ ਕਿਵੇਂ ਜਾਣ ਲਿਆ...?"

ਮਾਂ ਇਕ ਤਾਂ ਇਹ ਗੱਲਾਂ ਮੈਂ ਰੋਜ਼ ਸੁਣਦਾ ਰਹਿੰਦਾ ਹਾਂ... ਕਦੀ ਕਦੀ ਇਸ ਨਾਲ ਮੇਲ ਖਾਂਦੀਆਂ ਹੋਈਆਂ ਗੱਲਾਂ ਸਾਡੀਆਂ ਪਾਠ ਪੁਸਤਕਾਂ 'ਚੋਂ ਵੀ ਪ੍ਰਾਪਤ ਹੁੰਦੀਆਂ ਨੇ। ਜਿਹੜਾ ਬਾਪੂ ਨੇ ਇਹ ਰਸਾਲਾ ਲਵਾ ਕੇ ਦਿੱਤਾ ਹੈ ਇਸ ਵਿਚ ਵੀ ਬਹੁਤ ਕੁਝ ਹੁੰਦਾ ਹੈ। ਮਾਂ ਇਹ ਵੀ ਭੁੱਲ ਗਈ ਏ ਕਿ ਭਾਈ ਫ਼ਕੀਰ ਸਿੰਘ ਵਿਚੋਂ ਮਾਸੀ ਦਾ ਘਰਵਾਲਾ ਉਹ ਵੀ ਤੇ ਮੈਨੂੰ ਪੜ੍ਹਾਉਂਦੇ ਹੁੰਦੇ ਸੀ। ਹੋਰ ਕੋਈ ਸਬੂਤ ਤੇ ਨਹੀਂ ਲੋੜ।" ਮੈਂ ਵਕੀਲਾਂ ਵਾਂਗ ਆਪਣਾ ਪੱਖ ਪੂਰਿਆ ਸੀ।

"ਠੀਕ ਹੈ ਸਵਰਗੀ ਫ਼ਕੀਰ ਸਿੰਘ ਹੱਛਾ ਤੂੰ ਕਦੀ ਕਦੀ ਉਤਮੇ ਭਾਪੇ ਪਾਸ ਵੀ ਜਾ ਆਇਆ ਕਰ। ਕੁਝ ਤੇਰੇ ਪੱਲੇ ਵੀ ਪਏ...।" ਮਾਂ ਕੁਝ ਡੂੰਘੀ ਜਿਹੀ ਲੱਥ ਗਈ ਸੀ। ਮੈਂ ਮੁੜ ਕਿਹਾ।

"ਮੈਂ ਮੈਨੂੰ ਪੜ੍ਹਨ ਦੇ... ਇਸੇ ਕਲਾਸ ਤੇ ਮੇਰਾ ਭਵਿੱਖ ਨਿਰਭਰ ਕਰਦਾ ਹੈ। ਇਮਤਿਹਾਨ ਮਗਰੋਂ ਰੋਜ਼ ਜਾਵਾਂਗਾ। ਭਾਈ ਸਾਹਿਬ ਕਦੀ ਕਦੀ ਕੀਰਤੀ ਮਾਸੀ ਦੇ ਘਰ ਸਵੇਰੇ ਸਵੇਰੇ ਨਾਸ਼ਤਾ ਕਰਨ ਵੀ ਆਉਂਦੇ ਹਨ। ਉੱਥੇ ਵੀ ਮਿਲਦੇ ਹਨ। ਸਾਡੇ ਘਰ ਵੀ ਤੇ ਆਏ ਨੇ। ਗੁਰਦੁਆਰੇ ਵੀ ਮਿਲਿਆ ਹਾਂ...।"

ਰੱਬ ਜਾਣੇ ਬੱਚਿਆ, ਮੇਰੀ ਮੱਤ ਨੂੰ ਕੀ ਹੋ ਗਿਆ ਹੈ। ਭੁਲ ਜਾਂਦੀ ਹਾਂ। ਫਿਰ ਵੀ ਤੂੰ ਭਾਪੇ ਨੂੰ ਸਤਿਕਾਰ ਨਾਲ ਫਤਹਿ ਬੁਲਾ ਲਿਆ ਕਰ, ਚਰਨੀ ਵੀ ਹੱਥ ਲਾਇਆ ਕਰ। ਵੇਖੀਂ ਕਿਵੇਂ ਮਨ ਨੂੰ ਚੈਨ ਮਿਲਦਾ ਹੈ।"

"ਸੱਤ ਬਚਨ ਮਾਂ, ਇਹੋ ਕਰਾਂਗਾ। ਤੁਹਾਡੀ ਹਰ ਗੱਲ ਮੇਰੇ ਸਿਰ ਮੱਥੇ। ਹੋਰ ਵੀ ਕੁਝ...?"



"ਬਸ ਬੱਚਿਆ...।" ਮਾਂ ਕਹਿੰਦੀ ਹੋਈ ਜਿਵੇਂ ਕਿਧਰੇ ਡੂੰਘੀਆਂ ਸੋਚਾਂ ਅੰਦਰ ਧਸ ਗਈ ਹੋਵੇ। ਮੇਰੇ ਮਨ ਅੰਦਰ ਭਾਈ ਉਤਮ ਸਿੰਘ ਮਾਂ ਦੇ ਉਤਮੇ ਭਾਪੇ ਦੀ ਇਕ ਹੋਰ ਤਸਵੀਰ ਘੁੰਮੀ ਜਾ ਰਹੀ ਸੀ। ਹਰ ਇਕ ਵਿਆਕਤੀ ਆਪਣੇ ਆਪ ਨੂੰ ਖਬਰੇ ਕੀ ਸਮਝਦਾ ਪਿਆ ਹੈ। ਜਿਵੇਂ ਅਜ਼ਲੋਂ ਉਤਰਿਆ ਹੋਇਆ ਕੋਈ ਦੇਵਤਾ... ਇਹ ਦੇਵਤਾ ਕੋਈ ਸ਼ਬਦ ਉਚਾਰੇ, ਉਹ ਸ਼ਬਦ ਰੱਬ ਵਲੋਂ ਆਏ ਫਰਮਾਨ ਹਨ। ਇਨ੍ਹਾਂ ਸ਼ਬਦਾਂ ਨੂੰ ਲੋਕ ਸੁਣ ਕੇ ਅਸ਼ ਅਸ਼ ਕਰ ਉੱਠਦੇ ਹਨ। ਮੈਨੂੰ ਘਿਰਣਾ ਹੋ ਰਹੀ ਸੀ। ਮਾਂ ਦੇ ਇਸ ਉਤਮੇ ਭਾਪੇ ਤੋਂ। ਰੋਜ਼ ਆ ਟਪਕਦਾ ਹੈ ਕੀਰਤੀ ਮਾਸੀ ਦੇ ਘਰ। ਮਾਸੀ ਨਾਲ ਵੀ ਉਹਦੀ ਕੋਈ ਰਿਸ਼ਤੇਦਾਰੀ ਹੈ। ਸ਼ਰੀਕੇ ਵਿਚੋਂ ਹਨ। ਜਦੋਂ ਵੀ ਮਾਸੀ ਦਾ ਘਰਵਾਲਾ ਜੋਧ ਸਿੰਘ ਰਾਤ ਦੀ ਡਿਊਟੀ ਤੇ ਜਾਂਦਾ ਹੈ ਤੇ ਮੈਨੂੰ ਹੀ ਸੌਣ ਨੂੰ ਮਾਸੀ ਲੈ ਜਾਂਦੀ ਹੈ। ਪਹਿਲਾਂ ਕੁਝ ਦਿਨ ਮਾਸੀ ਰਾਤ ਨੂੰ ਸਾਡੇ ਘਰ ਹੀ ਸੌਣ ਲਈ ਆ ਜਾਂਦੀ ਸੀ। ਸਿੱਧੀ ਮੇਰੇ ਬਿਸਤਰੇ 'ਚ ਵੜ ਜਾਂਦੀ। ਮੈਨੂੰ ਚੁੰਮਦੀ ਤੇ ਮੇਰੇ ਨਾਲ ਜੱਫੀ ਪਾ ਕੇ ਸੌਂ ਜਾਂਦੀ। ਉਦੋਂ ਮੈਨੂੰ ਬੜੀ ਕੋਫ਼ਤ ਆਉਂਦੀ। ਮੈਨੂੰ ਘਿਰਣਾ ਹੋਣ ਲਗਦੀ ਮਾਂ ਨਾਲ ਜਿਹੜੀ ਹਰ ਕਿਸੇ ਨਾਲ ਆਪਣਾ ਮੋਹ ਜਤਾਉਂਦੀ ਹੈ। ਰੱਬ ਵਲੋਂ ਦਿੱਤੀ ਹੋਈ ਬੁੱਧੀ ਨੂੰ ਵੀ ਵਰਤੋਂ 'ਚ ਨਹੀਂ ਲਿਆ ਸਕਦੀ। ਹਰ ਕੋਈ ਉਹਦਾ ਰਿਸ਼ਤੇਦਾਰ ਨਿਕਲ ਆਉਂਦਾ। ਸਾਰਿਆਂ ਨਾਲ ਤਾੜ ਪਤਾੜ ਮਾਰਨ ਲਗਦੀ। ਮੈਂ ਰਾਤ ਨੂੰ ਹੌਲੀ ਜਿਹੇ ਕੀਰਤੀ ਮਾਸੀ ਤੋਂ ਆਪਣਾ ਆਪ ਛੜਾ ਕੇ ਰਸੋਈ ਦੀ ਬੱਤੀ ਜਗਾ ਕੇ ਪੜ੍ਹਨ ਬੈਠ ਜਾਂਦਾ। ਪੜ੍ਹਦਾ ਹੋਇਆ ਉੱਥੇ ਹੀ ਕੰਬਲ ਦੀ ਬੁਕਲ ਮਾਰ ਕੇ ਸੌਂ ਜਾਂਦਾ। ਮੁੜ ਸਵੇਰੇ ਸਵਖਤੇ ਹੀ ਉੱਠ ਕੇ ਪੜ੍ਹਨ ਬੈਠ ਜਾਂਦਾ। ਖੋਰੇ ਕੀਰਤੀ ਮਾਸੀ ਨੂੰ ਕੀ ਸੁੱਝਿਆ ਤੇ ਉਹਨੇ ਮਾਂ ਨੂੰ ਕਿਹਾ,

"ਭੈਣ ਜੀ ਕੱਲ੍ਹ ਤੋਂ ਇੰਦਰ ਨੂੰ ਮੇਰੇ ਘਰ ਸੌਣ ਨੂੰ ਭੇਜ ਦਿਉ। ਉੱਥੇ ਟੇਬਲ ਲੈਂਪ ਦੀ ਰੌਸ਼ਨੀ ਨਾਲ ਪੜ੍ਹੇਗਾ। ਇਹਨੂੰ ਆਪਣੇ ਪੜ੍ਹਨ ਦੀ ਫ਼ਿਕਰ ਰਹਿੰਦੀ ਹੈ। ਸੁਖ ਨਾਲ ਇਮਤਿਹਾਨ ਵੀ ਨੇੜੇ ਆਣ ਵਾਲੇ ਨੇ। ਉਹਨੂੰ ਵੀ ਪੁੱਛ ਲਵੋ। ਉਂਞ ਵੀ ਉੱਥੇ ਕੋਈ ਡਰ ਵਾਲੀ ਗੱਲ ਨਹੀਂ ਹੈ। ਮੈਂ ਤੇ ਇੱਕਲੀ ਵੀ ਰਹਿ ਸਕਦੀ ਹਾਂ ਪਰ ਇਕੱਲੇਪਨ 'ਚ ਘਰ ਖਾਣ ਨੂੰ ਆਉਂਦੇ...।"

"ਉਹਨੂੰ ਕੀ ਪੁੱਛਣਾ... ਆਪ ਆਏ ਗਾ... ਤੂੰ ਘਾਬਰੀ ਨਾ।"

"ਕੀਰਤੀ ਮਾਸੀ ਦੇ ਘਰ ਸੌਣ ਨੂੰ ਜਾਣਾ।" ਮੈਂ ਇਹ ਸ਼ਬਦ ਮਨ 'ਚ ਦੌਹਰਾਉਂਦਾ ਹੋਇਆ ਖੁਸ਼ੀ ਨਾਲ ਉਛਲ ਪਿਆ ਸੀ। ਉਂਞ ਵੀ ਮਾਸੀ ਦੇ ਘਰ ਜਦੋਂ ਵੀ ਮਾਂ ਮੈਨੂੰ ਘਲਦੀ ਤੇ ਮੈਂ ਖੁਸ਼ੀ ਖੁਸ਼ੀ ਚਲਾ ਜਾਂਦਾ। ਮਾਸੀ ਪਹਿਲਾਂ ਖਾਣ ਲਈ ਫਰੂਟ ਦੇਂਦੀ ਮਗਰੋਂ ਭਰਿਆ ਹੋਇਆ ਚਾਹ ਦਾ ਕੌਲ ਮਲਾਈ ਪਾ ਕੇ ਨਾਲ ਤਿਲਵੜਾ ਕੁਲਚਾ ਮੱਖਣ ਨਾਲ ਭਰ ਕੇ। ਮੇਰਾ ਮਨ ਪ੍ਰਸੰਨ ਹੋ ਜਾਂਦਾ। ਇਸ ਸਭ ਤੋਂ ਵਧ ਮਾਸੀ ਦੀ ਨਿੱਕੀ ਜਿਹੀ ਰਸੋਈ ਵਿਚ ਕਲੀਨ ਤੇ ਬੈਠ ਕੇ ਚਾਹ ਪੀਣ ਦਾ ਆਪਣਾ ਹੀ ਸਵਾਦ ਹੁੰਦਾ। ਮਾਸੀ ਦੀ ਹਰ ਇਕ ਚੀਜ਼ ਸਲੀਕੇ ਨਾਲ ਰੱਖੀ ਹੋਈ ਚੀਜ਼ ਮੰਗਣੀ ਨਹੀ ਸੀ ਪੈਂਦੀ, ਸਗੋਂ ਮੈਨੂੰ ਲਗਦਾ ਕਿ ਉਹ ਲੋੜ ਆਣ ਵਾਲੀ ਚੀਜ਼ ਜਿਵੇਂ ਆਪ ਹੀ ਬੁਲਾਵਾ ਦੇਂਦੀ ਹੋਈ ਕਹਿ ਰਹੀ ਹੋਵੇ ਕਿ ਮੈਂ ਇੱਥੇ ਤੇਰੇ ਸਾਹਵੇਂ ਹਾਂ, ਚੁਕ ਲੈ। ਵਰਤ ਲੈ। ਮਾਸੀ ਦਾ ਘਰਵਾਲਾ ਜਦੋਂ ਰਾਤ ਨੂੰ ਡਿਉਟੀ ਤੇ ਹੁੰਦਾ ਤੇ ਮੈਂ ਆਪਣਾ ਬਸਤਾ ਚੁਕ ਕੇ ਉਹਦੇ ਘਰ ਖੁਸ਼ੀ ਖੁਸ਼ੀ ਤੁਰ ਪੈਂਦਾ। ਰਾਤ ਨੂੰ ਦੇਰ ਤੱਕ ਪੜ੍ਹਦਾ ਅਤੇ ਮਾਸੀ ਸਲਾਈਆਂ ਲੈ ਕੇ ਸਵੈਟਰ ਬੁਣਨ ਲਗ ਜਾਂਦੀ। ਮਾਸੀ ਜਦੋਂ ਹੌਲੀ ਹੌਲੀ ਕੋਈ ਗੀਤ ਗੁਣ ਗੁਣਾਂਦੀ ਤੇ ਮੇਰੇ ਧਿਆਨ ਗੀਤ ਵੱਲ ਘੱਟ ਅਤੇ ਮਾਸੀ ਦੇ ਚਿਹਰੇ ਵੱਲ ਬਹੁਤਾ ਹੁੰਦਾ। ਉਹਦਾ ਲਾਲ ਸੁਰਖ ਭਖ਼ ਰਿਹਾ ਚਿਹਰਾ। ਬਿਜਲੀ ਦੀ ਰੌਸ਼ਨੀ ਵਿਚ ਹੋਰ ਵੀ ਸੁੰਦਰ ਲਗ ਰਿਹਾ ਸੀ। ਮਾਸੀ ਦੀਆਂ ਅੱਖਾਂ 'ਚੋਂ ਅੱਥਰੂ ਛਲਕਦੇ ਹੋਏ ਉਹਦੀਆਂ ਲਾਲ ਸੁਰਖ ਗਲ੍ਹਾਂ ਤੇ ਵਹਿਣ ਲਗਦੇ। ਮੈਂ ਇਹ ਸਭ ਕੁਝ ਵੇਖ ਕੇ ਭਾਵੁਕ ਹੋ ਜਾਂਦਾ। ਮੇਰੀਆਂ ਅੱਖਾਂ ਵੀ ਛਲਕ ਪੈਂਦੀਆਂ। ਮਾਸੀ ਦੇ ਅੱਥਰੂ ਪੂੰਝਣ ਲਈ ਮੇਰੇ ਹੱਥ ਆਪ ਮੁਹਾਰੇ ਅੱਗੇ ਵੱਧ ਜਾਂਦੇ। ਉਹ ਮੈਨੂੰ ਖਿੱਚ ਕੇ ਨਾ ਕੇਵਲ ਆਪਣੀ ਹਿੱਕ ਨਾਲ ਲਾਉਂਦੀ ਸਗੋਂ ਮੇਰੇ ਗਲ੍ਹਾਂ ਨਾਲ ਗਲ੍ਹਾਂ ਲਗਾ ਕੇ ਗੀਤ ਦੇ ਬੋਲ ਉਚਾਰਨ ਲਗਦੀ।

"ਚੰਨ ਮਾੜਿਆ ਬਣਾਂ ਵਿਚ ਬੋਲਦੀਏ ਟੱਟਰ, ਨਿੱਕਾ ਜਿਹਾ ਚੰਨ ਮ੍ਹਾੜਾ ਭਰੇ ਵਿਚ ਨੋਕਰ

ਹਾਏ ਪਰਦੇਸੀਆ ਚੰਨਾ ਕਿਹੜੇ ਦੇਸ ਏਂ। ਚੰਨਾ ਮ੍ਹਾੜਿਆ ਪਰਦੇਸੀਆਂ ਦੀ ਕੇ ਵੋ ਨਸ਼ਾਣੀ
ਮੈਲ਼ੇ ਮੈਲ਼ੇ ਕਪੜੇ ਤੇ ਟੋਰ ਨਮਾਣੀ, ਹਾਏ ਪਰਦੇਸੀਆ ਚੰਨਾ ਰੱਬ ਮੇਲੇ।"

ਜਦੋਂ ਮੈਂ ਪੂਰੀ ਤਰ੍ਹਾਂ ਸੌਂ ਜਾਂਦਾ ਤੇ ਮਾਸੀ ਮੇਰੇ ਬਿਸਤਰੇ ਤੋਂ ਉੱਠ ਕੇ ਮੰਜੇ ਤੇ ਚਲੀ ਜਾਂਦੀ। ਮੈਨੂੰ ਲਗਦਾ ਮਾਸੀ ਕਿਸੇ ਨਾਲ ਗੱਲਾਂ ਕਰ ਰਹੀ ਹੈ। ਰਾਤ ਦੇ ਸੰਨਾਟੇ 'ਚ ਮਾਸੀ ਦੇ ਦਿਲ ਦੀ ਧੜਕਣ ਜਿਵੇਂ ਮੈਨੂੰ ਸੁਣਾਈ ਦੇ ਰਹੀ ਹੁੰਦੀ ਸੀ। ਮੈਂ ਇਹ ਫੈਸਲਾ ਨਾ ਕਰ ਪਾਉਂਦਾ ਕਿ ਇਹ ਧੜਕਨਾ ਦਕ ਦਕ ਕਰਦੀ ਹੋਈ ਮੇਰੀ ਹੈ, ਮਾਸੀ ਦੀ ਜਾਂ ਹੋਰ ਕਿਸੇ ਦੀ। ਪਲੰਘ ਤੇ ਪਏ ਬਿਸਤਰੇ 'ਚੋਂ ਹੁਣ ਆਵਾਜ਼ ਦੇ ਬੋਲ ਜਿਵੇਂ ਕੋਈ ਕੰਨ 'ਚ ਗੱਲ ਕਰ ਰਿਹਾ ਸੀ।

"ਸਾਡੇ ਇਸ ਬੁੱਤ ਨੁਮਾ ਹੱਡ ਮਾਸ ਦੇ ਸਰੀਰ ਅੰਦਰ ਵੀ ਇਕ ਕੌਮਲ ਸ਼ਰੀਰ ਬਰਾਜਮਾਨ ਹੈ। ਜਿਸ ਨੂੰ ਅਸੀਂ ਮਨ ਕਹਿੰਦੇ ਹਾਂ। ਇਹ ਕੌਮਲ ਸ਼ਰੀਰ ਜਿਵੇਂ ਮਨ ਦੀ ਬਾਹਰਲੀ ਪਰਤ ਹੈ। ਮਨ ਸ਼ਰੀਰ ਦਾ ਕੌਮਲ ਅੰਸ਼ ਹੋਣ ਦੇ ਕਾਰਨ ਦੋਵਾਂ ਦਾ ਇਕ ਦੂਜੇ ਤੇ ਪ੍ਰਭਾਵ ਪੈਂਦਾ ਹੈ। ਇਹੋ ਕਾਰਨ ਹੈ ਕਿ ਸ਼ਰੀਰ ਦਾ ਰੋਗ ਬਹੁਤਾ ਮਨ ਨੂੰ ਪ੍ਰਭਾਵਿਤ ਕਰ ਦੇਂਦਾ ਹੈ। ਇੰਝ ਕਰਨ ਨਾਲ ਮਾਨਸਿਕ ਹਾਲਤ ਤਣਾਵ ਕਸ਼ਟ ਸ਼ਰੀਰ ਨੂੰ ਰੋਗੀ ਬਣਾ ਦੇਂਦਾ ਹੈ। ਇਸ ਰੋਗ ਦਾ ਨਿਵਾਰਨ ਲਈ ਸਾਥੀ ਦੀ ਲੋੜ ਪੈਂਦੀ ਹੈ।"

"ਮੇਰੇ ਅੰਦਰ ਦੇ ਰੋਗ ਦਾ ਕੀ...? ਇਹ ਰੋਗ ਮੈਂ ਕਿੰਨਿਆਂ ਹੀ ਵਰਿਆਂ ਤੋਂ ਸਾਂਭੀ ਬੈਠਾ ਹਾਂ। ਉਹਦਾ ਕੀ...? ਕਦੀ ਇਹਦਾ ਵੀ ਕੋਈ ਚਾਰਾ ਕੀਤਾ ਹੈ?"

"ਹੁਣੇ ਹੀ ਤੇ ਕਰਕੇ ਹਟਿਆ ਹਾਂ... ਕੀ ਹੋਰ ਵੀ ਲੋੜ ਹੈ?" ਮੈਂ ਕਰਵਟ ਲਈ। ਹਨੇਰੇ 'ਚ ਮੈਨੂੰ ਕੁਝ ਵੀ ਨਹੀਂ ਸੀ ਦਿਸ ਰਿਹਾ। ਪਰ ਹੋ ਰਹੀ ਗੱਲਬਾਤ ਸੁਣਾਈ ਦੇ ਰਹੀ ਸੀ। ਕੱਚੀ ਨੀਂਦ 'ਚ ਮੈਂ ਜਾਗਿਆ ਹੋਇਆ ਮੁੜ ਸੌਣ ਦਾ ਹੀਲਾ ਕਰਦਾ ਹਾਂ। ਬੈੱਡ ਦੇ ਹਿਲਣ ਦੀ ਆਵਾਜ਼ ਨਾਲ ਮੈਂ ਮੁੜ ਜਾਗ ਜਾਂਦਾ ਹਾਂ। ਮਾਸੀ ਧੀਮੀ ਆਵਾਜ਼ ਵਿਚ ਜਿਵੇਂ ਕੰਬਦੀ ਹੋਈ ਕੁਝ ਬੋਲ ਰਹੀ ਹੈ। ਮੇਰੀਆਂ ਅੱਖਾਂ ਕਦੀ ਬੰਦ ਹੁੰਦੀਆਂ ਹਨ ਤੇ ਕਦੀ ਖੁੱਲਦੀਆਂ ਹਨ। ਮਾਸੀ ਨੇ ਹਲਕੇ ਨੀਲੇ ਰੰਗ ਦੀ ਬੱਤੀ ਵੀ ਬੰਦ ਕਰ ਦਿੱਤੀ ਹੈ। ਮੇਰੇ ਬਿਸਤਰੇ ਤੇ ਕੁਝ ਕਪੜੇ ਇਕ ਇਕ ਕਰਕੇ ਡਿੱਗਦੇ ਹਨ। ਕੋਈ ਮੁਲਾਇਮ ਜਿਹਾ ਨਰਮ ਨਰਮ ਕਪੜਾ ਜਿਸ ਨੂੰ ਮੈਂ ਹੱਥ 'ਚ ਟਟੋਲਦਾ ਹੋਇਆ ਸਰਾਹਣੇ ਹੇਠਾਂ ਦਬਾ ਕੇ ਸੌਣ ਦਾ ਜਤਨ ਕਰਦਾ ਹਾਂ। ਉਸ ਕਪੜੇ ਨਾਲ ਲੱਗੀ ਹੋਈ ਹੁੱਕ ਮੇਰੇ ਹੱਥ ਵਿਚ ਚੁੱਭਦੀ ਹੈ। ਪਰ ਨੀਂਦ ਦੇ ਬਹੁਤੇ ਗਲਬੇ ਕਾਰਨ ਸੌਂ ਜਾਂਦਾ ਹਾਂ। ਕੀਰਤੀ ਮਾਸੀ ਕਦੋਂ ਮੇਰੇ ਨਾਲ ਜੱਫੀ ਮਾਰ ਕੇ ਸੋਈ ਸੀ ਇਹ ਗੱਲ ਮੈਨੂੰ ਬੇਚੈਨ ਕਰਦੀ ਹੈ। ਮਾਸੀ ਅਧਨੰਗੀ ਹੋਰ ਵੀ ਸੋਹਣੀ ਲੱਗਦੀ ਹੈ। ਉਹਦਾ ਸਾਰੇ ਦਾ ਸਾਰਾ ਸਰੀਰ ਭਖਦਾ ਹੋਇਆ ਜਾਪਦਾ ਹੈ। ਚਿੱਟੀ ਗੋਰੀ ਲਾਲ ਸੁਰਖ਼ ਚਿਹਰੇ ਵਾਲੀ ਮਾਸੀ ਦੀਆਂ ਨੰਗੀਆਂ ਛਾਤੀਆਂ, ਕਮਰੇ ਅੰਦਰ ਸਵੇਰ ਦੀਆਂ ਕਿਰਨਾਂ, ਹਲਕੇ ਕਰੀਮ ਕਲਰ ਦੇ ਪਰਦੇ 'ਚੋਂ ਜਿਵੇਂ ਮਾਸੀ ਦੀ ਦੇਹ ਨੂੰ ਹੋਰ ਵੀ ਨਿਖਾਰਨ ਲੱਗੀਆਂ ਹੋਣ। ਆਪ ਮੁਹਾਰੇ ਮੇਰੇ ਹੱਥ ਵਿਚ ਸਹਾਰਣੇ ਹੇਠਾਂ ਪਏ ਕਪੜੇ ਤੇ ਪੈਂਦੇ ਸਾਰ ਹੀ ਕੁਝ ਚੁਭਦਾ ਹੈ। ਉਹ ਕਪੜਾ ਮੈਂ ਹੱਥ ਵਿਚ ਵੇਖਦੇ ਸਾਰ ਹੀ ਸਮਝ ਜਾਂਦਾ ਹਾਂ ਕਿ ਇਹ ਸਰੀਰ ਦੇ ਕਿਸ ਭਾਗ ਲਈ ਵਰਤਿਆ ਜਾਂਦਾ ਹੈ। ਮਾਸੀ ਅਜੇ ਵੀ ਸੁੱਤੀ ਪਈ ਸੀ। ਮੈਂ ਨਹਾ ਧੋ ਕੇ ਆਪਣੇ ਪੜ੍ਹਨ ਵਿਚ ਰੁਝ ਜਾਂਦਾ ਹਾਂ। ਪਰ ਅੱਜ ਮੇਰਾ ਧਿਆਨ ਪੜ੍ਹਨ ਵੱਲ ਘਟ ਅਤੇ ਬਹੁਤਾ ਮਾਸੀ ਦੇ ਚਿਹਰੇ ਨੂੰ ਨਿਹਾਰਨ ਵੱਲ ਜਾ ਰਿਹਾ ਹੈ। ਬੈੱਡ ਤੇ ਪਈ ਚਿੱਟੀ ਸਾਫ਼ ਸੁਥਰੀ ਚਾਦਰ 'ਚ ਕਈ ਸਲਵਟਾਂ ਸਨ। ਸਿਰਾਹਣਾ ਹੇਠਾਂ ਪਿਆ ਸੀ। ਸਹਾਰਣੇ ਦੀ ਥਾਂ ਤੇ ਹੱਥਾਂ ਨਾਲ ਦੱਬੀ ਚਾਦਰ ਦੇ ਵੱਲ ਕੱਸੇ ਹੋਏ ਚਾਦਰ ਤੋਂ ਸਾਫ਼ ਵਖਾਈ ਦੇ ਰਹੇ ਸੀ। ਮੈਂ ਚੇਤੇ ਕਰਨ ਦਾ ਯਤਨ ਕਰਦਾ ਹਾਂ ਕਿ ਮਾਸੀ ਰਾਤ ਨੂੰ ਕਿਸ ਨਾਲ ਗੱਪਾਂ ਮਾਰ ਰਹੀ ਸੀ। ਸੁਣੇ ਹੋਏ ਬੋਲ ਚੇਤੇ ਕਰਨ ਦਾ ਯਤਨ ਵੀ ਕਰ ਰਿਹਾ ਸੀ। ਮੈਂ ਮਾਸੀ ਨੂੰ ਕਿਹਾ।

"ਮਾਸੀ ਰਾਤ ਨੂੰ ਬੈੱਡ 'ਤੇ ਕੌਣ ਸੁੱਤਾ ਸੀ...?"

ਇੰਦਰ ਰਾਤ ਨੂੰ ਤੂੰ ਪੜ੍ਹਦਾ ਪੜ੍ਹਦਾ ਜਦੋਂ ਸੌਂ ਗਿਆ ਸੀ ਤੇ ਖ਼ਬਰੇ ਸੁਪਨੇ ਵਿਚ ਕੀ ਕੀ ਬੁੜ ਬੁੜਾਈ ਜਾ



ਰਿਹਾ ਸੀ। ਮੈਂ ਹੌਲੀ ਜਿਹੇ ਬੈੱਡ ਤੇ ਜਾ ਸੁੱਤੀ। ਕੋਈ ਨਹੀਂ ਕਲ ਨੂੰ ਤੂੰ ਬੈੱਡ ਤੇ ਸੌਣਾ।

ਤੈਨੂੰ ਬੈੱਡ ਤੇ ਸੌਣਾ ਚੰਗਾ ਲਗਦਾ ਹੈ। ਮੈਂ ਜਾਣਦੀ ਹਾਂ। ਮੇਰਾ ਵੀ ਸਰੀਰ ਦੁੱਖ ਰਿਹਾ ਹੈ। ਰਾਤੀਂ ਮੱਛਰ ਵੀ ਤੰਗ ਕਰ ਰਹੇ ਸਨ। ਮੈਂ ਆਪਣੇ ਕੱਪੜੇ ਵੀ ਉਤਾਰ ਲਏ ਸੀ। ਕੱਲ੍ਹ ਨੂੰ ਮੱਛਰਦਾਨੀ ਲਾਵਾਂਗੇ।

ਖ਼ਬਰੇ ਮਾਸੀ ਦਾ ਸਾਫ਼ ਸੁਥਰਾ ਕਮਰਾ ਮੈਨੂੰ ਅੱਜ ਹਰ ਪਾਸੇ ਤੋਂ ਦਾਗ਼ੀ ਲਗ ਰਿਹਾ ਸੀ। ਮਾਸੀ ਦੇ ਜਿਸਮ ਤੋਂ ਅਜੀਬ ਜਿਹੀ ਬੂ ... ਕੁਝ ਪਸੀਨੇ ਦੀ ਕੁੱਝ ਹੋਰ ਜਿਹੀ ਮਹਿਸੂਸ ਹੋ ਰਹੀ ਸੀ। ਅਜਿਹੀ ਬੂ ਮੈਂ ਕਦੀ ਵੀ ਨਹੀਂ ਸੀ ਅਨੁਭਵ ਕੀਤੀ। ਬੈੱਡ ਦੀ ਇਕ ਗੁੱਠ 'ਚ ਪਿਆ ਛੋਟਾ ਜਿਹਾ ਮੁਲਾਇਮ ਤੌਲੀਆ ਜਿਸ ਵਿਚੋਂ ਇਹ ਬੂ ਆ ਰਹੀ ਸੀ। ਇਹ ਤੌਲੀਆ ਮੈਂ ਚੁੱਕ ਲਿਆ, ਅੱਧਾ ਆਕੜਿਆ ਹੋਇਆ ਤੇ ਵਿਚੋਂ ਚਿਪਕਦੀ ਜਿਹੀ ਗੋਂਦ ਮੇਰੇ ਹੱਥਾਂ ਨਾਲ ਲੱਗੀ। ਮੈਂ ਝੱਟ ਬਾਥ ਰੂਮ ਵਿਚ ਸਾਬਣ ਨਾਲ ਹੱਥ ਧੋਤੇ। ਬਾਰ ਬਾਰ ਆਪਣੇ ਹੱਥਾਂ ਨੂੰ ਸੁੰਘੀ ਜਾ ਰਿਹਾ ਸੀ। ਮੈਂ ਅਜੇ ਵੀ ਰਾਤ ਸੰਬੰਧੀ ਸੋਚੀ ਜਾ ਰਿਹਾ ਸੀ। ਬੈੱਡ ਦੇ ਹਿੱਲਣ ਦੀ ਆਵਾਜ਼ ਕਿਸੇ ਕਰਵਟ ਲੈਣ ਦੀ ਆਵਾਜ਼ ਨਹੀਂ ਸੀ ਮਾਸੀ ਨਹਾ ਕੇ ਨਵੇਂ ਵਸਤਰ ਪਾ ਲਏ ਸੀ। ਉਹਦਾ ਮੂੰਹ ਲਿਸ਼ਕ ਰਿਹਾ ਸੀ ਅਤੇ ਸਾਰਾ ਸਰੀਰ ਇਕ ਦਮ ਤਰੋ ਤਾਜ਼ਾ ਜਿਹਾ। ਮਾਸੀ ਨੇ ਬੈੱਡ ਤੇ ਨਵੀਂ ਚਾਦਰ ਪਾਣ ਲਈ ਮੈਨੂੰ ਉੱਥੋਂ ਉੱਠਣ ਨੂੰ ਕਿਹਾ। ਬੈੱਡ ਦੀ ਚਾਦਰ ਨੂੰ ਲਪੇਟਦੀ ਹੋਈ ਨੇ ਅੱਖ ਦੇ ਫੇਰ ਵਿਚ ਹੀ ਉਹ ਕੱਪੜਾ ਲਪੇਟ ਲਿਆ। ਕਪੜੇ ਨੂੰ ਲਪੇਟਣ ਲੱਗਿਆ ਚੋਰ ਅੱਖਾਂ ਨਾਲ ਮੈਨੂੰ ਵੀ ਵੇਖ ਰਹੀ ਸੀ। ਉਹ ਸਾਰੇ ਕੱਪੜੇ ਉਹਨੇ ਕੱਪੜੇ ਧੋਣ ਵਾਲੀ ਮਸ਼ੀਨ 'ਚ ਪਾ ਲਏ। ਮਾਸੀ ਨੇ ਗੁਰੂਆਂ ਦੇ ਸ਼ੀਸ਼ੇ ਵਿਚ ਜੜੇ ਫੋਟੂ ਅੱਗੇ ਅਗਰਬੱਤੀ ਧੁਖਾਈ। ਅੱਗਰਬੱਤੀ ਦੀ ਮਹਿਕ ਨਾਲ ਸਾਰਾ ਕਮਰਾ ਮਹਿਕਿਆ ਗਿਆ। ਖਿੜਕੀ ਦੇ ਖੁੱਲ੍ਹਣ ਨਾਲ ਤਾਜ਼ਾ ਹਵਾ ਕਮਰੇ 'ਚ ਆਣ ਤੇ ਮੇਰੇ ਜਿਸਮ ਅੰਦਰ ਕਾਂਬਾ ਜਿਹਾ ਛੇੜ ਗਈ।

******

ਅੱਜ ਮੈਨੂੰ ਵਿੱਦਿਆ ਮਾਸੀ ਚੇਤੇ ਆ ਗਈ ਸੀ। ਅਸੀਂ ਉਦੋਂ ਸਾਰੇ ਹੀ ਭਾਪਾ ਜੀ ਨਾਲ ਰਹਿੰਦੇ ਸੀ। ਖੁੰਦਰੂ ਜਿੱਥੇ ਭਾਪਾ ਜੀ ਨੌਕਰੀ ਕਰਦੇ ਸਨ। ਭਾਪਾ ਜੀ ਤੇ ਵਿੱਦਿਆ ਮਾਸੀ ਦਾ ਘਰਵਾਲਾ ਜਦੋਂ ਰਾਤ ਦੀ ਡਿਊਟੀ ਤੇ ਜਾਂਦੇ 'ਤੇ ਮੇਰੀ ਡਿਊਟੀ ਮਾਸੀ ਦੇ ਘਰ ਰਾਤ ਨੂੰ ਸੌਣ ਲਈ ਲਗ ਜਾਂਦੀ। ਉਦੋਂ ਵਿੱਦਿਆ ਮਾਸੀ ਬਿਸਤਰਾ ਹੇਠਾਂ ਹੀ ਭੌਂਇ ਤੇ ਵਿਛਾਂਦੀ। ਮੰਜਾ ਛੋਟਾ ਪੈਂਦਾ ਸੀ। ਮੰਜੇ ਤੇ ਉਂਝ ਹੀ ਸਾਫ਼ ਸੁਥਰੀ ਹੱਥ ਦੀ ਕਢਾਈ ਕੱਢੀ ਹੋਈ ਕੇਸਮੇਟ ਦੀ ਚਿੱਟੀ ਚਾਦਰ ਵਿਛੀ ਰਹਿੰਦੀ। ਮੰਜੇ ਦੇ ਨਾਲ ਹੀ ਲੱਕੜ ਦੀਆਂ ਦੋ ਕੁਰਸੀਆਂ ਉਨ੍ਹਾਂ ਤੇ ਵੀ ਦੋ ਗੱਦੀਆਂ ਸਫੈਦ ਕੇਸਮੇਂਟ ਦੇ ਕੱਪੜੇ ਦੀਆਂ ਬਣਾ ਰੱਖੀਆਂ ਸਨ। ਕਮਰੇ ਦੀਆਂ ਕੰਧਾਂ ਤੇ ਵੀ ਸਫ਼ੈਦ ਚੂਨੇ ਦੀ ਲਿਪਾਈ ਕੀਤੀ ਹੋਈ ਸੀ। ਵਿੱਦਿਆ ਮਾਸੀ ਦੇ ਘਰ ਵਾਲੇ ਨੂੰ ਸਫ਼ੈਦ ਰੰਗ ਬਹੁਤ ਪਸੰਦ ਸੀ। ਵਿਭਾਗੀ ਵਰਦੀ ਉਹਦੀ ਮਜਬੂਰੀ ਸੀ। ਘਰ 'ਚ ਕੇਵਲ ਸਫ਼ੈਦ ਕੱਪੜੇ ਹੀ ਪਹਿਨਦਾ ਸੀ। ਵਿੱਦਿਆ ਮਾਸੀ ਬੇਜੀ ਦੀ ਪੱਕੀ ਸਹੇਲੀ ਸੀ। ਇਸ ਪ੍ਰਾਂਤ ਵਿਚ ਭਾਂਤ ਭਾਂਤ ਦੇ ਲੋਕ ਇੱਕੋ ਥਾਂ ਤੇ ਨੌਕਰੀ ਕਰਦੇ ਸੀ। ਕੁਝ ਲੋਕਾਂ ਨੇ ਆਪੋ ਆਪਣੇ ਪਰਿਵਾਰ ਆਪਣੇ ਨਾਲ ਰੱਖੇ ਸਨ ਅਤੇ ਬਹੁਤਿਆਂ ਨੇ ਆਪਣੇ ਆਪਣੇ ਪਿੰਡਾਂ ਵਿਚ ਹੀ ਰੱਖੇ ਸਨ। ਭਾਈ ਫ਼ਕੀਰ ਸਿੰਘ ਚਿਹਰੇ ਤੋਂ ਸਖਤ ਸੁਭਾਵ ਵਾਲਾ ਲਗਦਾ ਹੀ ਨਹੀਂ ਸੀ। ਅਸਲ ਵਿਚ ਬਹੁਤਾ ਗੁੱਸੇ ਵਾਲਾ ਸੀ ਵਿੱਦਿਆ ਮਾਸੀ ਦਾ ਇਹ ਤੀਜਾ ਘਰਵਾਲਾ ਸੀ। ਕੇਵਲ ਪਹਿਲੇ ਘਰਵਾਲੇ ਵਿਚੋਂ ਇਕ ਕੁੜੀ ਜੀਤੀ ਨੂੰ ਜਨਮ ਦੇ ਸਕੀ ਸੀ। ਉਸ ਮਗਰੋਂ ਉਹਦੀ ਕੁੱਖ ਕਦੀ ਹਰੀ ਨਹੀਂ ਹੋ ਪਾਈ। ਦੂਜਾ ਘਰਵਾਲਾ ਡਰਾਇਵਰ ਸੀ, ਜਿਹੜਾ ਜੰਮੂ ਜਾਂਦਿਆਂ ਖ਼ੂਨੀ ਨਾਲੇ ਨੇੜੇ ਪਸੀ ਹੇਠਾਂ ਆ ਕੇ ਸਮੇਤ ਗੱਡੀ ਦੇ ਨਾਲੇ ਵਿਚ ਰੁੜ੍ਹ ਕੇ ਪੂਰਾ ਹੋ ਗਿਆ ਸੀ। ਉਦੋਂ ਬਹੁਤ ਸਾਰੀਆਂ ਗੱਡੀਆਂ ਰੁੜ੍ਹ ਗਈਆਂ ਸਨ। ਵਿੱਦਿਆ ਮਾਸੀ ਦੀ ਕੁੜੀ ਆਪਣੀ ਦਾਦੀ ਪਾਸ ਹੀ ਰਹਿੰਦੀ ਸੀ। ਕਦੀ ਕਦੀ ਮਾਂ ਪਾਸ ਵੀ ਆ ਜਾਂਦੀ ਸੀ। ਉਹ ਹੁਣ ਆਪਣੇ ਕਦਮ ਜਵਾਨੀ ਵੱਲ ਪੁਟ ਰਹੀ ਸੀ। ਫ਼ਕੀਰ ਸਿੰਘ ਉਹਨੂੰ ਬਹੁਤਾ ਪਿਆਰ ਕਰਦਾ ਸੀ। ਫ਼ਕੀਰ ਸਿੰਘ ਦੀ ਪਹਿਲੀ ਬੀਵੀ ਇਕ ਬੱਚੀ ਨੂੰ ਜਨਮ ਦੇਂਦੀ ਹੋਈ ਪ੍ਰਲੋਕ ਸਿਧਾਰ ਗਈ ਸੀ। ਉਹ ਬੱਚੀ ਵੀ ਨਹੀਂ ਬਚੀ।

ਫ਼ਕੀਰ ਸਿੰਘ ਆਪਣੀ ਨੌਕਰੀ ਦੇ ਕੰਮ ਨੂੰ ਨਿਪਟਾ ਕੇ ਕੇਵਲ ਗੁਰਬਾਣੀ ਪੜ੍ਹਨ ਵੱਲ ਰੁੱਝਿਆ ਰਹਿੰਦਾ। ਦਿਨੇ ਦੋ ਚਾਰ ਘੰਟੇ ਜਾਂ ਸਵੇਰੇ ਸ਼ਾਮ ਨੂੰ ਗੁਰਦੁਆਰੇ ਜਾ ਕੇ ਪਾਠ ਕਰਦਾ। ਜਦੋਂ ਮਾਸੀ ਨੂੰ ਲੈ ਕੇ ਪਿੰਡ ਜਾਂਦਾ ਤੇ ਜੀਤੀ ਇਥੇ ਇਕੱਲੀ ਹੁੰਦੀ। ਉਦੋਂ ਵੀ ਮੇਰੀ ਡਿਊਟੀ ਜੀਤੀ ਪਾਸ ਰਾਤ ਨੂੰ ਸੌਣ ਦੀ ਹੁੰਦੀ। ਜੀਤੀ ਮੈਨੂੰ ਬਹੁਤ ਹੀ ਚੰਗੀ ਲੱਗਦੀ ਸੀ। ਉਹ ਮੈਨੂੰ ਬਹੁਤਾ ਲਾਡ ਲਡਾਉਂਦੀ ਸੀ।

ਭਾਈ ਫ਼ਕੀਰ ਸਿੰਘ ਦੀ ਚਮਕ ਰਹੀ ਸਾਇਕਲ ਆਪਣੀ ਮਿਸਾਲ ਆਪ ਸੀ। ਨੌਕਰੀ ਤੋਂ ਆ ਕੇ ਉਹ ਸਾਇਕਲ ਨੂੰ ਦਾਸ ਰਾਮ ਦੀ ਇਸ ਵੱਡੀ ਬਿਲਡਿੰਗ ਦੇ ਵਰਾਂਡੇ ਵਿਚ ਖੜ੍ਹੀ ਕਰਕੇ ਕੱਪੜੇ ਬਦਲ ਕੇ ਨਹਾਉਂਣ ਧੋਣ ਤੋਂ ਪਹਿਲਾਂ ਕਪੜੇ ਨਾਲ ਸਾਫ਼ ਕਰਕੇ ਚਮਕਾਂਦਾ, ਮਗਰੋਂ ਚੈਨ ਬਰੇਕਾਂ ਆਦਿ ਨੂੰ ਪਰਖਦਾ। ਗਰੀਸ ਦੇਂਦਾ ਮੁੜ ਵਰਾਂਡੇ ਵਿਚ ਖੜੀ ਕਰ ਦੇਂਦਾ ਸੀ। ਇਕ ਦਿਨ ਉਹਨੇ ਮੈਨੂੰ ਸਾਇਕਲ ਤੇ ਚਾੜ੍ਹ ਕੇ ਚਲਾਣ ਨੂੰ ਹੱਲਾ ਸ਼ੇਰੀ ਦਿੱਤੀ ਪਰ ਮੈਂ ਘਬਰਾ ਗਿਆ ਸੀ। ਮੈਨੂੰ ਡਰ ਲਗ ਰਿਹਾ ਸੀ।

"ਚਲ ਛੱਡ ਦੇ ਸ਼ਾਮ ਨੂੰ ਮੇਰੇ ਪਾਸ ਆਵੀਂ। ਜੇ ਨਹੀਂ ਆਇਆ ਤੇ ਤੇਰੇ ਨਾਲ ਮੇਰੀ ਤੇ ਤੇਰੀ ਮਾਸੀ ਦੀ ਦੋਸਤੀ ਖਤਮ। ਚੇਤੇ ਰੱਖੀ?" ਮਿਥੇ ਸਮੇਂ ਮੈਂ ਡਰਦਾ ਡਰਦਾ ਉਨ੍ਹਾਂ ਦੇ ਦਰਵਾਜ਼ੇ ਤੱਕ ਬਹੁੜ ਗਿਆ। ਉਸੇ ਸਮੇਂ ਮਾਸੀ ਕੂੜਾ ਸੁੱਟਣ ਨੂੰ ਬਾਹਰ ਨਿਕਲੀ।

"ਮਾਸੀ...?" ਮੇਰੇ ਮੁੱਖੋਂ ਇਹੋ ਕਹਿਣਾ ਹੋਇਆ।

"ਇੰਦਰ ਅੰਦਰ ਜਾ ਤੇਰਾ ਮਾਸੜ ਉਡੀਕ ਰਿਹਾ ਹੈ। ਘਾਬਰ ਨਾ ਉਨ੍ਹਾਂ ਨੇ ਤੇਰੇ ਲਈ ਕੁਝ ਰੱਖਿਆ ਹੈ।" ਮੈਨੂੰ ਮਾਸੀ ਦੀ ਗੱਲ ਤੇ ਭਰੋਸਾ ਨਹੀਂ ਸੀ ਹੋਇਆ, ਫਿਰ ਵੀ ਹਿੰਮਤ ਜੁਟਾ ਕੇ ਅੰਦਰ ਜਾ ਕੇ ਫ਼ਤਹਿ ਬੁਲਾ ਕੇ ਹੇਠਾਂ ਗੱਦੇ ਤੇ ਜਾ ਬੈਠਿਆ।

"ਇੰਦਰ ਇਧਰ ਆ, ਮੇਰੇ ਨਾਲ ਸਾਹਮਣੇ ਮੰਜੇ 'ਤੇ ਬੈਠ ਜਾ।" ਉਹ ਪਾਠ ਕਰਕੇ ਥੋੜ੍ਹਾ ਸੁਸਤਾ ਰਹੇ ਸੀ। ਉਹ ਮੁੜ ਕਹਿਣ ਲੱਗੇ,

"ਵੇਖ ਇੰਦਰ, ਜਦੋਂ ਵੀ ਮਨ ਅੰਦਰ ਕੋਈ ਸ਼ੰਕਾ ਜਾਪੇ ਜਾਂ ਕਿਸੇ ਚੀਜ਼ ਤੋਂ ਡਰ ਭੈਅ ਲੱਗੇ ਤੇ ਇਕ ਸਿੱਧਾ ਤਰੀਕਾ ਹੈ। ਉਹਦੇ ਨਿਰਵਾਣ ਦਾ। ਚੁਪ ਕਰਕੇ ਈਸ਼ਵਰ ਨੂੰ ਯਾਦ ਕਰੋ ਅਤੇ ਮਨ ਵਿਚਲਾ ਭੈਅ ਡਰ ਉਨ੍ਹਾਂ ਤੇ ਛੱਡ ਦਿਉ। ਤੂੰ ਪਿਛਲੇ ਇਮਤਿਹਾਨ ਵਿਚ ਹਰ ਇਕ ਪਰਚੇ ਦਾ ਇਕ ਇਕ ਸਵਾਲ ਛੱਡ ਆਇਆ ਸੀ। ਉਹ ਸਵਾਲ ਆਉਂਦਾ ਸੀ। ਕਿਵੇਂ ਭੁਲ ਗਏ...? ਚੇਤੇ ਕਰਨ ਦੀ ਤੂੰ ਖੇਚਲ ਵੀ ਨਹੀਂ ਕੀਤੀ। ਤੇਰਾ ਮਾਸਟਰ ਖੇਮ ਸਿੰਘ ਦਸ ਰਿਹਾ ਸੀ। ਮੇਰੀ ਗੱਲ ਚੇਤੇ ਰੱਖਣੀ। ਪਾਠ ਸਿੱਖਣ ਲਈ ਮੇਰੇ ਪਾਸ ਆਇਆ ਕਰ, ਜਦੋਂ ਮੈਂ ਘਰ ਹੁੰਦਾ ਹਾਂ। ਮਨ ਨੂੰ ਸਾਂਤੀ ਮਿਲਦੀ ਹੈ ਪਾਠ ਨਾਲ।" ਮੈਂ ਡਰਦਿਆਂ ਡਰਦਿਆਂ ਧੰਨਵਾਦ ਕੀਤਾ। ਇਸ ਤੋਂ ਬਾਅਦ ਮੈਂ ਹੌਲੀ ਹੌਲੀ ਉਨ੍ਹਾਂ ਨਾਲ ਖੁੱਲ੍ਹ ਗਿਆ ਸੀ। ਉਹ ਜਦੋਂ ਵੀ ਮਾਸੀ ਨੂੰ ਲੈਣ ਲਈ ਉਨ੍ਹਾਂ ਦੇ ਭਰਾਵਾਂ ਦੇ ਘਰ ਮਟਨ ਵਿਖੇ ਜਾਂਦੇ ਤੇ ਮੈਨੂੰ ਵੀ ਆਪਣੇ ਨਾਲ ਲੈ ਜਾਂਦੇ। ਸਾਇਕਲ ਦੇ ਪਿੱਛਲੇ ਕੈਰੀਅਰ ਜਾਂ ਅੱਗੇ ਡੰਡੇ ਤੇ ਮੈਂ ਬੈਠ ਜਾਂਦਾ। ਕੁਝ ਮਿੰਟਾਂ ਅੰਦਰ ਅਸੀਂ ਅਛਾਬਲ ਦੇ ਵੱਡੇ ਬਾਜ਼ਾਰ 'ਚੋਂ ਨਿਕਲ ਕੇ ਮੁਗਲ ਬਾਗ਼ ਦੀ ਬਾਹਰਲੀ ਸੜਕ ਤੋਂ ਚਲਦੇ ਹੋਏ ਹਾੜੀਆਂ ਬਾਗ਼ ਦੀ ਚੜ੍ਹਾਈ ਵਾਲੇ ਪਲੇਸਵੇਂ ਮੋੜਾਂ ਤੇ ਸਾਇਕਲ ਤੋਂ ਉੱਤਰ ਜਾਂਦੇ। ਮੋੜ ਤੇ ਮੈਂ ਸਾਇਕਲ ਫੜ ਕੇ ਸੜਕੋ ਸੜਕ ਧੱਕਾ ਹੋਇਆ ਚੜ੍ਹਾਈ ਚੜ੍ਹ ਜਾਂਦਾ। ਉਨ੍ਹਾਂ ਦੇ ਮਨਾ ਕਰਨ ਤੇ ਵੀ ਮੈਂ ਭੱਜਦਾ ਹੋਇਆ ਉਨ੍ਹਾਂ ਦੀ ਉਡੀਕ ਵਿਚ ਪਹਿਲਾਂ ਬਹੁੜ ਕੇ ਬੈਠ ਜਾਂਦਾ। ਅੰਦਰ ਖਾਤੇ ਉਹ ਮਨ ਹੀ ਮਨ ਮੈਨੂੰ ਅਸ਼ੀਰਵਾਦ ਦੇਂਦੇ। ਥੋੜ੍ਹੀ ਦੇਰ ਤੱਕ ਥਕਾਵਟ ਦੂਰ ਕਰਨ ਮਗਰੋਂ ਅਸੀਂ ਹਾੜੀਆ ਬਾਗ਼ 'ਚੋਂ ਨਿਕਲ ਕੇ ਮਾਰਤੰਡ ਦੇ ਸੂਰਜ ਦੇਵਤੇ ਦੇ ਮੰਦਰ ਦੇ ਖੰਡਰਾਂ ਨੂੰ ਬਾਹਰੋਂ ਵੇਖਦੇ। ਸਾਇਕਲ ਚਲਾਦਿਆਂ ਹੋਇਆਂ ਉਹ ਮਾਰਤੰਡ ਦੇ ਮੰਦਰ ਦੀ ਕਹਾਣੀ ਛੇੜ ਦੇਂਦੇ। ਮਟਨ ਅਪੜਦੇ ਸਾਰ ਹੀ ਉਹ ਚੁੱਪ ਹੋ ਜਾਂਦੇ। ਮਾਸੀ ਪਹਿਲਾਂ ਹੀ ਸਾਡੀ ਉਡੀਕ ਵਿਚ ਹੁੰਦੀ। ਪਹਿਲਾਂ ਲੱਸੀ ਦੇ ਵੱਡੇ ਭਰੇ ਹੋਏ ਗਲਾਸ ਪੀਣ ਨੂੰ ਦੇਂਦੇ ਮਗਰੋਂ ਸਾਡੇ ਲਈ ਰੋਟੀ ਪਰੋਸੀ ਜਾਂਦੀ। ਬੈਠਕ ਵਿਚ ਹੀ ਗੱਦੇ ਤੇ ਬੈਠ ਕੇ ਲੱਕੜ ਦੀ ਚੌਂਕੀ ਤੇ



ਰੋਟੀ ਰੱਖੀ ਜਾਂਦੀ। ਮੈਂ ਦਹੀ ਨਾਲ ਹੀ ਰੋਟੀ ਖਾਂਦਾ। ਮੀਟ ਆਦਿ ਦਾ ਮੈਨੂੰ ਬਹੁਤਾ ਸ਼ੌਕ ਨਹੀਂ ਸੀ। ਮੇਰੀ ਆਦਤਾਂ ਤੋਂ ਮਾਸੀ ਜਾਣੂ ਸਨ। ਉੱਥੇ ਮੈਂ ਆਪਣੀ ਉਮਰ ਦੇ ਬੱਚਿਆਂ ਨਾਲ ਖੇਡਣ ਵੱਲ ਰੁਝ ਗਿਆ। ਮਾਸੀ ਦੀ ਵੱਡੀ ਭਰਜਾਈ ਉਨ੍ਹਾਂ ਨਾਲ ਰਚ ਮਿਚ ਜਾਣ ਤੇ ਥੋੜ੍ਹੀ ਅਚੰਭਿਤ ਹੋਈ ਸੀ। ਕੋਈ ਇਹ ਨਹੀਂ ਸੀ ਕਹਿ ਸਕਦਾ ਕਿ ਮੇਰਾ ਜਨਮ ਵਿੱਦਿਆ ਮਾਸੀ ਦੀ ਕੁੱਖੋਂ ਨਹੀਂ ਹੋਇਆ ਹੈ ਜਾਂ...। ਉਦੋਂ ਮੈਂ ਅੱਜੇ ਚੌਥੀ ਜਮਾਤ ਵਿਚ ਪੜ੍ਹ ਰਿਹਾ ਸੀ। ਵਿੱਦਿਆ ਮਾਸੀ ਮੇਰੇ ਤੇ ਆਪਣੀ ਮਮਤਾ ਨਛਾਵਰ ਕਰਦੀ ਸੀ। ਮਾਸੀ ਜੀਤੀ ਨੂੰ ਕਿਸੇ ਦੇ ਘਰ ਜਾਂ ਆਂਢ ਗੁਆਂਢ ਦੇ ਬੱਚਿਆਂ ਸੰਗ ਖੇਡਣ ਨਹੀਂ ਸੀ ਦੇਂਦੀ। ਉਹ ਕੇਵਲ ਮੇਰੇ ਨਾਲ ਹੀ ਜਾਂਦੀ, ਜਿੱਥੇ ਵੀ ਜਾਣਾ ਹੋਵੇ। ਇਕ ਦਿਨ ਮਾਸੀ ਤੇ ਮਾਸੜ ਆਪਣੇ ਪਿੰਡ ਜਾਣ ਤੋਂ ਪਹਿਲਾਂ ਜੀਤੀ ਦਾ ਧਿਆਨ ਰੱਖਣ ਲਈ ਮਾਂ ਨੂੰ ਕਹਿ ਗਏ। ਪਿੰਡ ਉਨ੍ਹਾਂ ਕਿਸੇ ਵਿਆਹ ਤੇ ਜਾਣਾ ਸੀ। ਜਾਣ ਤੋਂ ਪਹਿਲਾਂ ਭਾਈ ਫ਼ਕੀਰ ਸਿੰਘ ਨੇ ਮੈਨੂੰ ਬਹੁਤ ਸਾਰੀਆਂ ਹਿਦਾਇਤਾਂ ਦਿੱਤੀਆਂ। ਮਗਰੋਂ ਵਿੱਦਿਆ ਮਾਸੀ ਨੇ ਵੀ ਨਵੇਕਲੇ ਜਿਹੇ ਬਹੁਤ ਕੁਝ ਕਿਹਾ। ਰਹਿੰਦੀ ਕਸਰ ਮਾਂ ਨੇ ਸ਼ਾਮ ਨੂੰ ਮਾਸੀ ਦੇ ਘਰ ਜਾਣ ਲੱਗਿਆ ਪੂਰੀ ਕੀਤੀ। ਜਿਵੇਂ ਮੈਂ ਕੋਈ ਸਿਆਣਾ ਬਿਆਣਾ ਗੱਭਰੂ ਹੋਵਾਂ।

ਜੀਤੀ ਨੇ ਵੀ ਵਿੱਦਿਆ ਮਾਸੀ ਵਾਂਗ ਘਰ ਨੂੰ ਸੰਵਾਰਨ 'ਚ ਕੋਈ ਕਸਰ ਨਹੀਂ ਸੀ ਛੱਡੀ। ਰਜ਼ਾਈ ਅਤੇ ਤਲਾਈ ਦੇ ਗਿਲਾਫ਼ ਨੂੰ ਸਫੈਦ ਅਤੇ ਨੀਲ ਨਾਲ ਚਮਕਦੇ ਹੋਈ ਗੁਦ ਗੁਦੇ ਬਿਸਤਰੇ ਤੇ ਲਾਲ ਪ੍ਰਿੰਟ ਦੀ ਵਿਛੀ ਹੋਈ ਚਾਦਰ ਮੈਨੂੰ ਬਹੁਤ ਪਸੰਦ ਸੀ। ਜੀਤੀ ਨੇ ਆਪਣੇ ਹੱਥੀ ਕੇਸਮੇਟ ਦੇ ਕਪੜੇ ਤੇ ਵੇਲ ਬੂਟੀਆਂ ਵਾਲਾ ਇਕ ਰੁਮਾਲ ਮੈਨੂੰ ਦਿੱਤਾ ਸੀ। ਉਹ ਰੁਮਾਲ ਮੈਂ ਕਦੀ ਵੀ ਨਹੀਂ ਵਰਤਿਆ। ਅਜੇ ਵੀ ਸਾਂਭਿਆ ਹੈ। ਉਸ ਤੇ ਜੀਤੀ ਨੇ ਇਕ ਕੋਨੇ ਵਿਚ ਆਪਣਾ ਨਾਂ ਵੀ ਕਢਾਈ ਨਾਲ ਲਿਖਿਆ ਸੀ। ਆਪਣੇ ਨਾਂ ਹੇਠਾਂ ਮੇਰੇ ਨਾਂ ਦਾ ਇਕ ਅੱਖਰ ਵੀ...। ਰੁਮਾਲ ਦੇਂਦਿਆਂ ਕਹਿਣ ਲਗੀ ਸੀ।

"ਇੰਦਰ ਇਹ ਮੇਰੇ ਵੱਲੋਂ ਤੇਰਾ ਹੋਇਆ। ਸਾਂਭ ਕੇ ਰੱਖੀਂ। ਇੰਝ ਇਹ ਤੈਨੂੰ ਮੇਰੀ ਯਾਦ ਦਿਲਾਂਦਾ ਰਹੇ ਗਾ। ਮੇਰੀ ਯਾਦ ਕਦੀ ਨਾ ਭੁੱਲੀ। ਅਕਸਰ ਬਚਪਨ ਦੀਆਂ ਗੱਲਾਂ ਆਦਮੀ ਭੁੱਲ ਜਾਂਦਾ ਹੈ। ਪਰ ਤੂੰ ਮੈਨੂੰ ਇਸ ਗਲੋਂ ਸਿਆਣਾ ਲਗਦਾ ਏਂ।" ਉਸ ਰਾਤ ਅਸੀਂ ਦੇਰ ਤੱਕ ਗੱਲਾਂ ਕਰਦੇ ਰਹੇ। ਉਸ ਰਾਤ ਜੀਤੀ ਵਾਰ ਵਾਰ ਮੈਨੂੰ ਚੁੰਮਦੀ। ਬਿਸਤਰੇ 'ਚ ਲੇਟੇ ਲੇਟੇ ਹੀ ਕਦੀ ਮੈਨੂੰ ਆਪਣੇ ਸਰੀਰ ਨਾਲ ਘੁਟਦੀ। ਮੇਰੇ ਹੱਥ ਆਪਣੇ ਦੁਆਰਾ ਆਪਣੀ ਦੇਹ ਦੇ ਸਾਰੇ ਅੰਗਾਂ ਨੂੰ ਘੁੱਟਣ ਲਈ ਕਹਿੰਦੀ। ਮੇਰੇ ਸਰੀਰ ਤੇ ਸਾਰੇ ਵਸਤਰ ਉਹਨੇ ਹੌਲੀ ਜਿਹੇ ਲਾਹ ਦਿੱਤੇ ਅਤੇ ਆਪਣੇ ਵੀ। ਜੀਤੀ ਦੀ ਦੇਹ ਨਾਲ ਲਗਣ ਤੇ ਮੈਨੂੰ ਅਜਬ ਜਿਹਾ ਅਹਿਸਾਸ ਹੋ ਰਿਹਾ ਸੀ। ਮੇਰੇ ਮੱਥੇ ਤੇ ਤਰੇਲੀਆਂ ਆ ਗਈਆਂ ਸਨ। ਜੀਤੀ ਨੇ ਮੇਰੇ ਮੱਥੇ ਤੇ ਹੱਥ ਫੇਰਦਿਆਂ ਕਿਹਾ।

"ਇਹ ਤੇਰੇ ਮੱਥੇ ਦੀਆਂ ਤਰੇਲੀਆਂ ਕੀ ਕਹਿ ਰਹੀਆਂ ਨੇ। ਜਾਣਦਾ ਏਂ? ਪਰ ਤੂੰ ਕਿਵੇਂ ਜਾਣੇਂ ਗਾ? ਤੂੰ ਹੁਣ ਜਵਾਨ ਹੋ ਰਿਹਾ ਏਂ! ਮਰਦ ਏਂ ਨਾ। ਮਰਦ ਬਣ, ਡਰ ਨਾ, ਅਸੀਂ ਦੋਸਤ ਹਾਂ। ਉਦੋਂ ਉਹਦੀਆਂ ਗੱਲਾਂ ਦੀ ਸਮਝ ਮੇਰੇ ਤੋਂ ਬਹੁਤ ਦੂਰ ਸੀ। ਕਈ ਵਰ੍ਹਿਆਂ ਦੀ ਵਿੱਥ... ਉਸ ਰਾਤ ਜੀਤੀ ਨੇ ਵੀ ਆਪਣੇ ਸਾਰੇ ਕੱਪੜੇ ਲਾਹ ਲਏ ਸਨ। ਇਕ ਦੂਜੇ ਨੂੰ ਚੁੰਮਦੇ ਰਹੇ। ਉਸ ਰਾਤ ਮੈਂ ਜੀਤੀ ਦੀ ਛਾਤੀ ਤੇ ਹੱਥ ਰੱਖਕੇ ਕਦੋਂ ਸੌਂ ਗਿਆ ਸੀ ਮੈਨੂੰ ਕੋਈ ਚੇਤੇ ਨਹੀਂ ਸੀ ਰਿਹਾ। ਹਾਂ ਜੀਤੀ ਸਾਰੀ ਰਾਤ ਜਾਗਦੀ ਰਹੀ ਸੀ। ਕੁਝ ਦਿਨ੍ਹਾਂ ਮਗਰੋਂ ਜੀਤੀ ਦਾ ਵਿਆਹ ਚੰਨੂੰ ਨਾਲ ਹੋ ਗਿਆ ਸੀ। ਪਰ ਜੀਤੀ ਦੀ ਡੋਲੀ ਉਹਦੀ ਦਾਦੀ ਨੇ ਆਪਣੇ ਘਰ ਹੀ ਰੱਖੀ ਸੀ। ਅਸੀਂ ਸਾਰੇ ਵਿਆਹ 'ਚ ਗਏ ਸੀ। ਜੀਤੀ ਦਾ ਘਰਵਾਲਾ ਮੈਨੂੰ ਬਹੁਤਾ ਪਿਆਰ ਕਰਦਾ ਸੀ। ਵਿਆਹ ਮਗਰੋਂ ਮੈਂ ਉਨ੍ਹਾਂ ਨਾਲ ਦੋ ਚਾਰ ਦਿਨ ਹੋਰ ਵੀ ਉੱਥੇ ਕੱਟੇ ਸੀ।

3. ਕੀਰਤੀ ਮਾਸੀ ਦੇ ਘਰ ਰਾਤ ਨੂੰ ਸੌਣ ਲਈ ਮੇਰਾ ਮਨ ਜਿਵੇਂ ਕੁਝ ਉਕਤਾ ਗਿਆ ਸੀ। ਜਿਉਂ ਜਿਉਂ ਆਥਣ ਢਲਦੀ ਗਈ ਤਿਉਂ ਤਿਉਂ ਮੇਰੇ ਮੱਥੇ ਤੇ ਪਸੀਨੇ ਛੁਟ ਰਹੇ ਸਨ। ਮੇਰਾ ਸਰੀਰ ਭਾਰੀ ਹੁੰਦਾ ਜਾ ਰਿਹਾ ਸੀ। ਉਸ ਦਿਨ ਕੀਰਤੀ ਮਾਸੀ ਦੇ ਘਰਵਾਲੇ ਨੇ ਮੇਰੇ ਲਈ ਇਕ ਜੀਨ ਦੀ ਪੈਂਟ ਅਤੇ ਸ਼ਰਟ ਲਿਆਂਦੀ ਸੀ।

ਕਪੜੇ ਘਰ 'ਚ ਬੈੱਡ ਤੇ ਹੀ ਪਏ ਰਹੇ। ਮੈਂ ਉਨ੍ਹਾਂ ਵੱਲ ਅੱਖ ਭਰ ਕੇ ਵੀ ਨਹੀਂ ਵੇਖਿਆ। ਪਤਾ ਨਹੀਂ ਇਸ ਪਿੱਛੇ ਮਾਸੀ ਦੀ ਕਿਹੜੀ ਸੋਚ ਕੰਮ ਕਰ ਰਹੀ ਸੀ। ਮੈਨੂੰ ਕੁਝ ਪੜ੍ਹਿਆ ਹੋਇਆ ਚੇਤੇ ਆ ਗਿਆ ਸੀ।

"ਮਨ ਦੇ ਪਿੱਛੇ ਆਤਮਾ ਹੈ। ਇਹੋ ਮਨੁੱਖ ਦਾ ਯਥਾਰਥ ਸਰੂਪ ਹੈ। ਸਰੀਰ ਅਤੇ ਮਨ ਦੋਵੇਂ ਜੁੜੇ ਨੇ। ਆਤਮਾਂ ਸ਼ੁੱਧ ਚੇਤਨ ਸਰੂਪ ਹੈ। ਮਨ ਆਤਮਾ ਨਹੀਂ ਉਹ ਆਤਮਾ ਤੋਂ ਵਖਰਾ ਹੈ।" ਮੈਂ ਵਾਰ ਵਾਰ ਇਹ ਵਿਚਾਰ ਪੜ੍ਹ ਰਿਹਾ ਸੀ। ਕਦੀ ਮੈਨੂੰ ਲਗਦਾ ਇਹ ਵਿਚਾਰ ਮੇਰੀ ਆਤਮਾ ਦੇ ਨੇ, ਮਨ ਦੇ ਨੇ ਜਾਂ ਸਰੀਰ। ਸਰੀਰ ਤੇ ਆ ਕੇ ਮੇਰੀ ਸਾਰੀ ਚੇਤਨਾ ਭਲਿਉਂ ਹੀ ਉਕਮੁੱਕ ਜਾਂਦੀ ਸੀ। ਸਰੀਰ ਦਾ ਕਿਹੜਾ ਰੂਪ...? ਕਿਹੜਾ ਸਰੂਪ...? ਜਿਹੜਾ ਮੇਰੇ ਸਾਰੇ ਦੇ ਸਾਰੇ ਅੰਦਰ ਨੂੰ ਹਿਲਾ ਕੇ ਰੱਖ ਗਿਆ ਸੀ। ਮੈਂ ਆਪਣੇ ਆਪ ਵਿਚ ਗੁਆਚਿਆ ਹੋਇਆ ਲਗ ਰਿਹਾ ਸੀ। ਵਿੱਦਿਆ ਮਾਸੀ ਤੇ ਭਾਈ ਫਕੀਰ ਸਿੰਘ ਨਾਲ ਘੁੱਲ ਮਿਲ ਜਾਣਾ। ਮਾਸੀ ਦੀ ਭਰਜਾਈ ਦੇ ਸ਼ਬਦ ਉਦੋਂ ਇਹ ਸਭ ਕੁਝ ਮੇਰੀ ਬੁੱਧੀ ਤੋਂ ਪਰੇ ਸਨ। ਰਹਿ ਰਹਿ ਕੇ ਮੈਨੂੰ ਜੀਤੀ ਚੇਤੇ ਆਉਂਦੀ ਸੀ। ਜੀਤੀ ਨਾਲ ਬਿਤਾਈਆਂ ਉਹ ਰਾਤਾਂ, ਉਨ੍ਹਾਂ ਰਾਤਾਂ ਦੇ ਅਰਥ, ਇਹ ਕੀ ਯਥਾਰਥ ਸੀ। ਮਨ ਤੇ ਆਤਮਾ ਵਿਚਾਲੇ ਦਾ ਯਥਾਰਥ। ਮੇਰੇ ਜ਼ਿਹਨ 'ਚ ਕਈ ਸਵਾਲ ਗੁਥਮ ਗੁੱਥਾ ਹੁੰਦੇ ਰਹੇ ਅਤੇ ਇਨ੍ਹਾਂ ਸਵਾਲਾਂ ਦੇ ਅਰਥਾਂ ਲਈ ਪੜ੍ਹਨਾ ਚਾਹੁੰਦਾ ਸੀ। ਇੰਝ ਅਤੇ ਕਿਵੇਂ ਤੇ ਆ ਕੇ ਮੈਂ ਇਨ੍ਹਾਂ ਸਵਾਲਾਂ ਤੋਂ ਦੂਰ ਹੁੰਦਾ ਜਾ ਰਿਹਾ ਸੀ। ਕੀਰਤੀ ਮਾਸੀ ਤੋਂ ਜੋਧ ਸਿੰਘ ਤੱਕ...। ਭਾਈ ਫ਼ਕੀਰ ਸਿੰਘ ਤੋਂ ਵਿੱਦਿਆ ਮਾਸੀ ਤੱਕ। ਜੀਤੀ, ਭਾਈ ਉਤਮ ਸਿੰਘ ਅਤੇ ਮੇਰੇ ਆਪਣੇ ਆਪ ਤੱਕ। ਜੀਤੀ ਤੇ ਮੇਰੀ ਚੇਤਨਾ ਤੋਂ ਬਹੁਤ ਦੂਰ ਸੀ। ਮੈਂ ਅਜੇ ਵੀ ਇਸ ਤਿਕੋਨ ਅੰਦਰ ਗੁਆਚਿਆ ਸੀ, ਕਿ ਮਾਂ ਕਹਿਣ ਲੱਗੀ।

"ਇੰਦਰ... ਤੂੰ ਕਿਤਾਬ ਪੜ੍ਹਦਾ ਪੜ੍ਹਦਾ ਕਿਧਰ ਗੁਆਚ ਗਿਆ ਸੀ...। ਇੰਝ ਬਹੁਤਾ ਨਹੀਂ ਸੋਚਿਆ ਕਰ। ਭਾਈ ਫ਼ਕੀਰ ਸਿੰਘ ਨੇ ਤੈਨੂੰ ਕੁਝ ਦਸਿਆ ਸੀ। ਉਨ੍ਹਾਂ ਸ਼ਬਦਾਂ ਨੂੰ ਧਿਆਨ ਨਾਲ ਉਚਾਰਿਆ ਕਰ। ਆਪਣੇ ਆਪ ਵਿਚ ਆ। ਅਸੀਂ ਘਰ ਬਾਰ ਤਿਆਗ ਕੇ ਤੇਰੀ ਪੜ੍ਹਾਈ ਲਈ ਇੱਥੇ ਸ਼ਹਿਰ 'ਚ ਧੱਕੇ ਖਾ ਰਹੇ ਹਾਂ। ਤੇਰਾ ਬਾਪੂ ਨੌਕਰੀ ਦੇ ਨਾਲ ਨਾਲ ਥੱਕਿਆ ਟੁੱਟਿਆ ਹੋਇਆ ਆਪਣੇ ਹੱਥੀ ਕੱਚੀ ਪੱਕੀ ਬਣਾ ਕੇ ਖਾਂਦਾ ਹੈ। ਉਹ ਵੀ ਕੀ ਪਤਾ...। ਸਕੂਲ ਦਾ ਕੰਮ ਮੁਕਾ ਤੇ ਕੀਰਤੀ ਮਾਸੀ ਤੇਰੀ ਉਡੀਕ ਕਰਦੀ ਹੋਵੇਗੀ। ਉਹਨੂੰ ਵੀ ਸਾਡਾ ਹੀ ਸਹਾਰਾ ਹੈ...। ਤੇਰੇ ਨਾਲ ਕਿੰਨਾ ਮੋਹ ਕਰਦੇ ਹਨ।"

"ਮੋਹ ਮੈਂ ਜਾਣਦਾ ਹਾਂ... ਮੈਂ ਤੇ ਕੇਵਲ ਇਕ ਆੜ ਹਾਂ ਉਸ ਲਈ ਹਲਕੀ ਫੁਲਕੀ ਪਤੀਆਂ ਦੀ ਆੜ।" ਇਹ ਸ਼ਬਦ ਮੈਂ ਹੋਠਾਂ ਅੰਦਰ ਹੀ ਬੁੜ ਬੜਾਏ। "ਕੁਝ ਕਿਹਾ....?"

"ਨਹੀਂ ਮਾਂ ਜਾ ਰਿਹਾਂ... ਥੋੜਾ ਕੰਮ ਕਰ ਲਵਾਂ...।" ਕੀਰਤੀ ਮਾਸੀ ਅੱਜ ਹਲਕਾ ਜਿਹਾ ਮੇਕਅਪ ਕਰਕੇ ਰਾਤ ਦੇ ਸੌਣ ਲਈ ਹਲਕੇ ਨੀਲੇ ਰੰਗ ਦੀ ਮੈਕਸੀ ਪਾਈ ਹੋਈ ਸੀ। ਚੁੰਨੀ ਨਾਲ ਛਾਤੀ ਢਕੀ ਹੋਈ ਸੀ। ਮੈਕਸੀ 'ਚੋਂ ਉਹਦੇ ਸਰੀਰ ਦੇ ਸਾਰੇ ਉਭਾਰ ਦਿਸ ਰਹੇ ਸਨ। ਬੈੱਡ ਦੀ ਚਾਦਰ ਵੀ ਹਲਕੇ ਨੀਲੇ ਰੰਗ ਦੀ ਵਿਛਾਈ ਹੋਈ ਸੀ। ਮਾਸੀ ਅੱਜ ਕੁਝ ਨਸ਼ੇਈ ਜਿਹੀ ਲਗ ਰਹੀ ਸੀ। ਪਰਫੀਊਮ ਦੀ ਇਕ ਸਪਰੇ ਮੇਰੇ ਤੇ ਵੀ ਉਹਨੇ ਸੁਟ ਦਿੱਤੀ ਸੀ। ਮੈਨੂੰ ਇਹ ਕੁਝ ਚੰਗਾ ਨਹੀਂ ਸੀ ਲਗਦਾ। ਮਾਸੀ ਕੁਝ ਬਹੁਤਾ ਲਾਡ ਲਡਾ ਰਹੀ ਸੀ। ਮੈਂ ਆਪਣੇ ਪੜ੍ਹਨ ਦੇ ਕੰਮ ਵਿਚ ਰੁਝ ਗਿਆ ਸੀ। ਆਪਣੀਆਂ ਪੁਸਤਕਾਂ ਚੋਂ ਲੋੜ ਅਨੁਸਾਰ ਪੈਰੇ ਪੜ੍ਹਦਾ, ਚੇਤਾ ਕਰਦਾ, ਅਤੇ ਮੁੜ ਬਸਤੇ ਅੰਦਰ ਬੰਦ ਕਰਦਾ ਰਿਹਾ। ਅੱਜ ਮੈਨੂੰ ਆਪਣਾ ਸਰੀਰ ਕੁਝ ਬਹੁਤਾ ਹੀ ਭਾਰੀ ਲਗ ਰਿਹਾ ਸੀ। ਮੇਰਾ ਸਾਰਾ ਜਿਸਮ ਥੱਕਿਆ ਥੱਕਿਆ ਜਾਪ ਰਿਹਾ ਸੀ। ਨੀਂਦ ਨੇ ਵੀ ਘੇਰ ਲਿਆ ਸੀ। ਬੈੱਡ ਤੇ ਹੀ ਮੈਂ ਪੜ੍ਹਦਾ ਪੜ੍ਹਦਾ ਲੇਟ ਗਿਆ। ਮਾਸੀ ਨੇ ਮੈਨੂੰ ਕਲਾਵੇ ਵਿਚ ਲੈ ਲਿਆ ਅਤੇ ਹੌਲੀ ਹੌਲੀ ਮੇਰੇ ਵਾਲਾਂ ਵਿਚ ਉਂਗਲਾਂ ਨਾਲ ਕੰਘੀ ਕਰਦੀ ਰਹੀ। ਮੈਂ ਗੂੜੀ ਨੀਂਦ 'ਚ ਸੌਂ ਗਿਆ ਸੀ।

ਅੱਧੀ ਰਾਤ ਨੂੰ ਹੋ ਰਹੀ ਖੁਸਰ-ਫੁਸਰ ਨਾਲ ਮੇਰੀ ਨੀਂਦ ਖੁੱਲ੍ਹ ਗਈ। ਮਾਸੀ ਹੱਸ ਰਹੀ ਸੀ। ਮੱਛਰਦਾਨੀ 'ਚੋਂ ਬਾਹਰ ਹਨੇਰੇ ਵਿਚ ਕੁਝ ਵੀ ਤਾਂ ਨਹੀਂ ਸੀ ਦਿਸ ਰਿਹਾ। ਕਿਚਨ ਵਿਚ ਜਗ ਰਹੀ ਲਾਲ ਬੱਤੀ ਦਾ ਮਾੜਾ



ਜਿਹਾ ਚਾਨਣ ਦਰਵਾਜ਼ੇ ਦੀਆਂ ਸ਼ੀਸ਼ਾਂ 'ਚੋਂ ਉਨ੍ਹਾਂ ਤੇ ਪੈ ਰਿਹਾ ਸੀ। ਉਤਮ ਸਿੰਘ ਕਿਸੇ ਬੋਤਲ 'ਚੋਂ ਕੋਈ ਚੀਜ਼ ਦੋਹਾਂ ਗਿਲਾਸਾਂ ਵਿਚ ਪਾ ਰਿਹਾ ਸੀ। ਗਿਲਾਸਾਂ ਦੇ ਟਕਰਾਣ ਦੀ ਟਨ ਹੋਣ ਮਗਰੋਂ ਉਨ੍ਹਾਂ ਨੇ ਝਟ ਪੀ ਲਏ। ਮਾਸੀ ਨੇ ਭੈੜਾ ਜਿਹਾ ਮੂੰਹ ਬਣਾ ਕੇ ਉਤਮ ਸਿੰਘ ਦੇ ਮੋਢੇ ਤੇ ਹੱਥ ਮਾਰਿਆ ਮਗਰੋਂ ਇਕ ਵੇਰਾਂ ਹੋਰ ਗਿਲਾਸ ਭਰੇ ਗਏ ਤੇ ਖਾਲੀ ਹੋਏ। ਰੂਮ ਸਪਰੇ ਦੀ ਵਾਸ਼ਨਾ ਵਿਚ ਇਹ ਵਾਸ਼ਨਾ ਵੀ ਰਚਮਿਚ ਗਈ ਸੀ। ਉਨ੍ਹਾਂ ਦੋਨਾਂ ਦੇ ਚਿਹਰੇ ਮੈਂ ਮੱਛਰਦਾਨੀ ਵਿਚੋਂ ਵੇਖੀ ਜਾ ਰਿਹਾ ਸੀ। ਉਤਮ ਸਿੰਘ ਨੇ ਪਹਿਲਾਂ ਕੀਰਤੀ ਮਾਸੀ ਦੀ ਚੁੰਨੀ ਇਕ ਪਾਸੇ ਸੁੱਟੀ। ਮਗਰੋਂ ਮੈਕਸੀ ਦਾ ਚੋਲਾ ਅਤੇ ਆਪਣੇ ਜਿਸਮ ਦੇ ਸਾਰੇ ਵਸਤਰ। ਮਾਸੀ ਨੂੰ ਖੌਰੇ ਕੀ ਸੁੱਝਿਆ ਤੇ ਉਹ ਉਂਝ ਹੀ ਨਿਰਵਸਤਰ ਮੇਰੇ ਸੌਣ ਦਾ ਜਾਇਜ਼ਾ ਲੈਣ ਲੱਗੀ। ਮੈਂ ਝਟ ਸੌਣ ਦਾ ਬਹਾਨਾ ਕੀਤਾ। ਮਾਸੀ ਨੇ ਮੇਰਾ ਮੂੰਹ ਚੁੰਮਿਆ, ਮਗਰੋਂ ਮੇਰੇ ਸਿਰ ਤੇ ਹੱਥ ਫੇਰਿਆ। ਉਹਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਮੈਂ ਸੁੱਤਾ ਪਿਆ ਸੀ। ਕਿਚਨ ਵਾਲੀ ਬੱਤੀ ਉਹਨੇ ਬੰਦ ਕਰ ਲਈ ਸੀ। ਸਾਰਾ ਕਮਰਾ ਹਨੇਰ੍ਹੇ ਦੀ ਲਪੇਟ ਵਿਚ ਆ ਗਿਆ ਸੀ। ਉਨ੍ਹਾਂ ਦੀ ਗਲਬਾਤ ਦਾ ਕੁਝ ਕੁਝ ਅੰਸ਼ ਮੈਨੂੰ ਸੁਣਾਈ ਦੇ ਰਿਹਾ ਸੀ। ਉਤਮ ਸਿੰਘ ਕਹਿਣ ਲੱਗਾ,

"ਮੁੰਡਾ ਸੁੱਤਾ ਏ ਕਿ ਨਹੀਂ...? ਜੇ ਨਹੀਂ ਸੁੱਤਾ ਤੇ ਇਥੇ ਹੀ ਦਬਾ ਦਿਆ।" ਉਹਨੇ ਹੌਲੀ ਜਿਹੇ ਕਿਹਾ।

"ਉੱਚਾ ਨਹੀਂ ਬੋਲ। ਬਾਬਾ ਸੁੱਤਾ ਪਿਆ ਏ। ਹੁਣ ਸਵੇਰੇ ਪੰਜ ਵਜੇ ਜਾਗੇਗਾ। ਉਹ ਮੇਰੀ ਸੌਹ ਨਹੀਂ ਖਾਂਦਾ। ਬੱਚੇ ਨੂੰ ਪਿਆਰ ਨਾਲ ਮਾਰੀ ਦਾ, ਹੱਥਿਆਰ ਨਾਲ ਨਹੀਂ! ਸਾਂਭ ਕੇ ਰੱਖ ਕਿਧਰੇ ਕੰਮ ਆਣ ਗੇ।"

ਪੌਹ ਫੁੱਟਣ ਤੋਂ ਪਹਿਲਾਂ ਉਹ ਚਲਾ ਗਿਆ ਸੀ। ਕੀਰਤੀ ਮਾਸੀ ਮੇਰੇ ਨਾਲ ਬੈੱਡ ਤੇ ਆ ਗਈ ਸੀ। ਉਹਨੇ ਮੈਨੂੰ ਕਲਾਵੇ ਵਿਚ ਭਰ ਲਿਆ। ਬਹੁਤੀ ਦੇਰ ਤੱਕ ਚੁੰਮਦੀ ਰਹੀ। ਮਾਸੀ ਦੇ ਮੂੰਹ 'ਚੋਂ ਬੜੀ ਹੀ ਕੱਚੀ ਜਿਹੀ ਬਦਬੂ ਆ ਰਹੀ ਸੀ। ਉਹਦੀ ਨੰਗੀ ਛਾਤੀ ਨਾਲ ਲਗ ਕੇ ਹੋਰ ਵੀ ਬੁਰਾ ਲਗ ਰਿਹਾ ਸੀ। ਉਹਦਾ ਸਾਰਾ ਜਿਸਮ ਸ਼ਰਾਬ ਦੀ ਬਦਬੂ ਨਾਲ ਭਰਿਆ ਹੋਇਆ ਸੀ। ਸੌਂਦੀ ਹੋਈ ਨੇ ਮੈਨੂੰ ਕੱਸ ਕੇ ਆਪਣੀ ਦੇਹ ਤੇ ਲਿਟਾ ਦਿੱਤਾ ਸੀ। ਜਦੋਂ ਉਹਨੂੰ ਗਹਿਰੀ ਨੀਂਦ ਨੇ ਘੇਰਿਆ ਤੇ ਮੈਂ ਆਪਣਾ ਆਪ ਛੁੜਾ ਕੇ ਉਹਦੇ ਪੁਆਂਦੀ ਲੇਟ ਗਿਆ ਸੀ। ਮਾਸੀ ਘੂਕ ਸੁੱਤੀ ਪਈ ਸੀ। ਮੈਂ ਨਹਾ ਧੋ ਕੇ ਪੜ੍ਹਨ ਨੂੰ ਬਹਿ ਗਿਆ। ਪਰ ਪੜ੍ਹਨ ਲੱਗਿਆ ਮੈਨੂੰ ਨੀਂਦ ਦੇ ਝਟਕੇ ਲਗਣ ਲੱਗੇ। ਮੈਨੂੰ ਬਾਰ ਬਾਰ ਉੱਤਮ ਸਿੰਘ ਦੇ ਸ਼ਬਦ ਚੇਤੇ ਆ ਰਹੇ ਸਨ।

"ਮੁੰਡਾ ਸੁੱਤਾ ਏ ਕਿ ਨਹੀਂ...? ਜੇ ਨਹੀਂ ਸੁੱਤਾ ਏ ਤੇ ਇੱਥੇ ਹੀ ਦਬਾ ਦਿਆਂ।" ਇਸ ਗੱਲ ਤੇ ਮੈਂ ਭੈਅ ਭੀਤ ਹੋ ਗਿਆ ਸੀ। ਮੇਰਾ ਸਾਰਾ ਸਰੀਰ ਭਖ਼ ਰਿਹਾ ਸੀ। ਚੱਕਰ ਤੇ ਚੱਕਰ ਆ ਰਹੇ ਸਨ। ਮੈਂ ਸਕੂਲ ਵੀ ਨਹੀਂ ਗਿਆ। ਕੇਵਲ ਸਰਾਣੇ 'ਚ ਮੂੰਹ ਲੁਕਾਇਆ ਸੀ। ਮਾਸੀ ਨੇ ਮੇਰਾ ਭੱਖ ਰਿਹਾ ਸਰੀਰ ਵੇਖ ਲਿਆ ਸੀ। ਪਰ ਮੇਰੇ ਡਰ ਦਾ ਕਾਰਣ ਕੋਈ ਵੀ ਨਹੀਂ ਸੀ ਜਾਣਨਾ ਚਾਹੁੰਦਾ। ਅੱਜ ਜੋਧ ਸਿੰਘ ਕਦੋਂ ਡਿਊਟੀ ਤੋਂ ਘਰ ਬਹੁੜਿਆ ਸੀ ਮੈਨੂੰ ਪਤਾ ਵੀ ਨਹੀਂ ਲਗਿਆ। ਜੋਧ ਸਿੰਘ ਨੂੰ ਵੇਖਦੇ ਸਾਰ ਹੀ ਮੈਂ ਉਹਦੇ ਗਲੇ ਜਾ ਲੱਗਿਆ ਸੀ। ਮਾਸੀ ਲਾਡ ਪਿਆਰ ਦੇ ਸ਼ਬਦਾਂ ਨਾਲ ਮੈਨੂੰ ਸੰਬੋਧਨ ਹੋ ਰਹੀ ਸੀ। ਉਹਦੇ ਪਿਆਰ ਦਾ ਜਾਲ਼ ਮੈਂ ਸਮਝ ਗਿਆ ਸੀ। ਮੈਨੂੰ ਮਾਸੀ ਤੋਂ ਵੀ ਭੈਅ ਆਣ ਲੱਗਾ ਸੀ। ਸਾਰੇ ਸੋਚੀ ਪੈ ਗਏ ਸਨ।

"ਜ਼ਰੂਰ ਕੋਈ ਭੈੜਾ ਸੁਪਨਾ ਵੇਖਿਆ ਹੋਣਾ।" ਜੋਧ ਸਿੰਘ ਨੇ ਸਿਰਾਹਣੇ ਹੇਠ ਪਈ ਤਲਵਾਰ ਵੇਖੀ। ਉਹਨੇ ਮੈਨੂੰ ਬੁਖਾਰ ਘੱਟ ਹੋਣ ਦੀ ਦਵਾਈ ਦੇਂਦਿਆਂ ਕਿਹਾ।

"ਬਸ ਪੁੱਤਰ ਅੱਜ ਤੋਂ ਮੇਰੀ ਰਾਤ ਦੀ ਡਿਊਟੀ ਖਤਮ। ਇਸ ਨਾਲ ਤੇਰੀ ਰਾਤ ਦੀ ਸ਼ਿਕਦਾਰੀ ਵੀ ਖਤਮ ਹੋ ਗਈ ਹੈ। ਤੂੰ ਹੁਣ ਅੱਜ ਤੋਂ ਮੇਰੇ ਨਾਲ ਹੀ ਇੱਥੇ ਮੇਰੇ ਘਰ ਰਹੇਂਗਾ। ਮੈਂ ਵੇਖਦਾ ਹਾਂ ਮੇਰੇ ਬੱਚੇ ਨੂੰ ਕੌਣ ਡਰਾਉਂਦਾ ਹੈ।" ਮੇਰੀਆਂ ਸਿਸਕੀਆਂ ਕੁਝ ਘੱਟ ਹੋਈਆਂ। ਮੈਂ ਮਾਸੀ ਵੱਲ ਵੇਖੀ ਜਾ ਰਿਹਾ ਸੀ। ਮਾਸੀ ਨੀਲੀ ਪੀਲੀ ਹੋਈ ਜਾ ਰਹੀ ਸੀ। ਖੌਰੇ ਮੈਨੂੰ ਕਿਉਂ ਲਗ ਰਿਹਾ ਸੀ ਕਿ ਜੋਧ ਸਿੰਘ ਦੇ ਮੂੰਹ ਦੇ ਦਾਗ ਸਾਰੇ ਦੇ ਸਾਰੇ ਮਾਸੀ ਦੇ ਚਿਹਰੇ ਤੇ ਆ ਟਿਕੇ ਸਨ ਅਤੇ ਜੋਧ ਸਿੰਘ ਦਾ ਚਿਹਰਾ ਉਹਦੇ ਵਿਸ਼ਾਲ ਹਿਰਦੇ ਵਾਂਗ ਸਾਫ਼ ਸੁਥਰਾ ਸਵੇਰ ਦੀ ਲਾਲੀ 'ਚ ਖਿੜਿਆ ਖਿੜਿਆ ਜਾਪਣ ਲਗਾ ਸੀ।

ਸੰਪਰਕ-094197-95923

## ਕਹਾਣੀ / ਕੀ ਅੰਤ ਐ / ਦਰਸ਼ਨ ਜੋਗਾ

'ਸਮਝ ਨੀਂ ਆਉਂਦੀ ਬੰਦੇ ਦੀ '

ਅੱਜ ਫੇਰ ਉਸੇ ਤਰ੍ਹਾਂ ਦੀ ਸਥਿਤੀ ਬਣੀ ਹੋਈ ਐ। ਜਦੋਂ ਵੀ ਇੰਝ ਹੁੰਦੈ, ਬੱਸ ਬੈੱਡ ਰੂਮ ਵਿੱਚ ਬੈਠ ਜਾਨਾ ਟਿਕਟਿਕੀ ਲਾ ਕੇ। ਸਰੀਰ 'ਚ ਝੁਣ-ਝੁਣੀ ਸ਼ੁਰੂ ਹੋ ਜਾਂਦੀ ਐਂ। ਸਮਝ ਨੀਂ ਆਉਂਦੀ ਕਦੇ ਇਹ ਟਿਕਟਿਕੀ ਪਿਆਰੀ ਕਦੇ ਨਿਆਰੀ, ਕਦੇ ਡਰ .। ਨਹੀਂ ਡਰ ਕਾਹਦਾ ! ਹੈ ਡਰ ਡਰ ਕਰਕੇ ਤਾਂ ਇਓਂ ਛਾਊਂ-ਮਾਊਂ ਹੋਇਆ ਬੈਠਾ ਰਹਿਨਾਂ ।ਆਪਣਾ ਘਰ ਐ। ਫਿਰ ਵੀ ਡਰਿਆ-ਡਰਿਆ ਫਿਰਦਾਂ। ਨਹੀਂ ਡਰਿਆ ਨਹੀਂ ਛਾਪਲਿਆ ਹੋਇਆ .। ਇਹ ਖਿਆਲ ਆਉਂਦਿਆਂ ਅੰਦਰੋਂ ਹਾਸਾ ਆ ਰਿਹੈ। ਇੱਕਲਾ ਹੀ ਮੁਸਕਰਾਅ ਪਿਆਂ। ਨਿਗਾਹ ਸਾਹਮਣੇ ਨਵਜੋਤ ਦੀ ਫੋਟੋ 'ਤੇ ਜਾ ਪੈਂਦੀ ਐ। ਉਹ ਵੀ ਮੁਸਕਰਾਅ ਰਹੀ ਐ। ਸਿਰਫ ਮੁਸਕਰਾਅ . ਨਹੀਂ ! ਗੱਲਾਂ ਵੀ ਕਰਦੀ ਐ। ਮੈਨੂੰ ਇਕੱਲਤਾ 'ਚ ਇਕੱਲਾ ਨਹੀਂ ਰਹਿਣ ਦਿੰਦੀ। ਉਸਦੀਆਂ ਯਾਦਾਂ ਖੁਸ਼ ਕਰਦੀਆਂ ਨੇ। ਉਦਾਸ ਵੀ। ਜਦੋਂ ਟਿਕਟਿਕੀ ਦੇ ਪਲਾਂ 'ਚ ਹੁੰਨਾ ਤਾਂ ਵੇਖਦੀ ਰਹਿੰਦੀ ਐ।

ਪਹਿਲਾਂ ਵੀ ਜਦੋਂ ਕਦੇ ਮੇਰੀ ਬੇ-ਅਕਲੀ ਵਾਲੀ ਹਰਕਤ ਵੇਖਦੀ, ਉਸਦਾ ਪੱਕਾ ਡਾਇਲਾਗ ਹੁੰਦਾ, "ਕੀ ਅੰਤ ਐ..! ਫੋਟ.. ਸਿਆਣੇ ਬਿਆਣੇ ਓਂ। ਕੀ ਕਹੂ ਕੋਈ ਵੇਖਣ ਸੁਣਨ ਆਲਾ?" ਪਰ ਰਹਿੰਦੀ ਖੁਸ਼।

ਦਫਤਰੋਂ ਆਉਦਾ ਸਜੀ-ਫਬੀ ਮਿਲਦੀ।

"ਆਗੇ ਜੀ।" ਕਹਿ ਪਾਣੀ ਦਾ ਗਿਲਾਸ ਲੈ ਆਉਂਦੀ। ਪਾਣੀ ਸ਼ਰਬਤ ਲੱਗਦਾ। ਇਉਂ ਲੱਗਦਾ ਮੇਰੇ ਸਵੇਰੇ ਦਫਤਰ ਜਾਣ ਤੋਂ ਬਾਅਦ ਸਾਰਾ ਦਿਨ ਮੈਨੂੰ ਹੀ ਉਡੀਕੀ ਜਾਂਦੀ ਰਹੀ ਹੋਊ। ਸੀ ਵੀ ਠੀਕ। ਆਥਣੇ ਉਸ ਦੀ ਉਡੀਕ ਮੁਕਦੀ। ਤੜਕੇ ਫੇਰ ਸ਼ੁਰੂ ਹੋ ਜਾਂਦੀ। ਕਮਾਲ ਦੇ ਦਿਨ ਸੀ। ਉਹਨਾਂ ਦਿਨਾਂ ਨੂੰ ਯਾਦ ਕਰਕੇ ਮਨ ਭਰ ਲੈਨਾਂ। ਆਪ ਤੁਰਗੀ। ਮੈਨੂੰ ਆਹ ਤੰਦਾਂ ਦੀ ਉਧੇੜ-ਬੁਣ 'ਚ ਪਾ ਗਈ। ਅੱਜ ਵੀ ਇਹੋ ਤੰਦਾਂ ਦੀ ਉਧੇੜ-ਬੁਣ ਸ਼ੁਰੂ ਹੋ ਗਈ ਐ। ਸਮਝ ਨੀਂ ਆਉਂਦੀ ਇਹਨਾਂ ਦਾ ਕੀ ਕਰਾਂ। ਫੇਰ ਵੀ ਬੱਸ ਕਰ ਰਿਹਾਂ। ਬਿਨ੍ਹਾ ਕੋਈ ਸਿਰਾ ਲੱਭਿਆਂ ਰੱਸੀ ਨੂੰ ਘੁੰਮਾਈ ਜਾਣ ਵਾਲੀ ਗੱਲ ਐ, ਕਦੇ ਤੰਦ ਜੁੜ ਜਾਂਦੀ ਐ, ਕਦੇ ਟੁੱਟ ਜਾਂਦੀ ਐ। ਲੱਗਦੈ ਸੁਲਝ ਗਈ ਐ । ਉਸੇ ਪਲ ਮਗਰੋਂ ਠਠੰਬਰ ਜਾਨਾਂ ! ਲੈ ਇਹਤਾਂ ਹੋਰ ਵੀ ਉਲਝ ਗਈ ਐ ! ਅਸਲ ਗੱਲ ਤਾਂ ਇਹ ਐ ਜਿਹੜੀ ਤੰਦ ਨਵਜੋਤ ਦੇ ਜਾਣ ਨਾਲ ਟੁੱਟੀ ਐ, ਜੁੜਨੀ ਮੁਸ਼ਕਿਲ ਐ। ਪਰ ਫੇਰ ਵੀ ਕੋਸ਼ਿਸ਼ ਕਰਦਾਂ। ਛੋਟੇ ਹੁੰਦੇ ਇਕ ਗੀਤ ਸੁਣਦਾ ਸਾਂ ਉਹਦੇ ਬੋਲ ਚੇਤੇ 'ਚ ਤੈਰਨ ਲਗਦੇ ਨੇ।" ਚਰਖਾ ਮੈਂ ਆਪਣਾ ਕੱਤਾਂ ਤੰਦ ਤੇਰਿਆਂ ਦੁੱਖਾਂ ਦੇ ਪਾਵਾਂ ।" ਗੀਤ 'ਚ ਮੁਟਿਆਰ ਚਰਖਾ ਕੱਤਦੀ ਦੁੱਖਾਂ ਦੇ ਤੰਦ ਪਾਉਂਦੀ ਐ। ਪਰ ਆਹ ਜ਼ਿੰਦਗੀ ਦਾ ਚਰਖਾ ਜਿਹੜਾ ਮੈਂ ਕੱਤੀ ਜਾਨਾਂ ਇਹ ਦੇ 'ਚ ਵੀ ਦੁੱਖਾਂ ਦੀਆਂ ਤੰਦਾਂ ਤਾਂ ਕੀ ਦੁੱਖਾਂ ਦੇ ਗਲੋਟੇ ਕੱਤੀ ਜਾਨਾਂ, ਹੱਥ ਪੱਲ੍ਹੇ ਫੇਰ ਵੀ ਕੁਝ ਨੀਂ ਆਉਂਦਾ ।ਕੁਛ ਸੋਹਣਾ ਫੜਨ ਦੀ ਕੋਸਿਸ਼ ਕਰਦਾਂ । ਫੜਿਆ ਕੁਛ ਨੀਂ ਜਾਦਾਂ । ਬੱਸ ਫੜਨ ਲੱਗਿਆ ਰਹਿੰਨਾ। ਇਹ ਫੜੋ-ਫੜਾਈ 'ਚ ਮੁਕੰਦ ਸੁਨਿਆਰ ਦਾ ਚਿਹਰਾ ਮੂਹਰੇ ਆ ਖੜਿਐ। ਨਵਜੋਤ ਦੇ ਪੈਰਾਂ ਦੀ ਪੰਜੇਬ ਟੁੱਟਗੀ। ਮੁਕੰਦ ਦੀ ਦੁਕਾਨ ਤੇ ਬੈਠੀ ਉਸ ਨੂੰ ਆਖੇ, "ਮੇਰੀ ਇੰਨੀ ਸੋਹਣੀ ਪੰਜੇਬ ਸੀ ਇਹਨੂੰ ਪਹਿਲਾਂ ਵਰਗੀ ਬਣਾਦੇ ਜਿਹੜੇ ਘੁੰਗਰੂ ਲਹੇ ਨੇ ਉਹ ਵੀ ਜੜ ਦੀਂ । ਪੈਰ 'ਚ ਪਾਈ 'ਤੋਂ ਪਤਾ ਨਾ ਲੱਗੇ।"

ਉਹ ਹੱਸਦਾ ਕਹਿਣ ਲਗਿਆ, "ਭਾਈ ਅਸਲ, ਅਸਲ ਹੁੰਦੈ, ਟਾਂਕਾ, ਟਾਂਕਾ ਹੁੰਦੈ ਦੇਖਣ ਨੂੰ ਲੱਗੂ ਤਾਂ ਓਹਜੀ ਪਰ ਟਾਂਕਾ ਕਿਤੇ ਨਾ ਕਿਤੇ ਚੁਗਲੀ ਕਰ ਜਾਂਦੈ। ਵਾਹ ਮੈਂ ਪੂਰੀ ਲਾਊਂ, ਵੀ ਦਿਸੇ ਨਾ।"



"ਚੰਗਾ ਜਿਵੇ ਤੈਨੂੰ ਸੂਤ ਲੱਗਦੈ ਬਣਾਦੇ।" ਕਹਿ ਮੇਰੇ ਬੰਨੀ ਝਾਕੀ।

ਰਿਹਾ ਮੈਥੋਂ ਵੀ ਨਾ ਗਿਆ ਹੌਲੀ ਦੇਣੇ ਕੰਨ 'ਚ ਕਿਹਾ "ਮਖਿਆਂ ਤੂੰ ਆਪ ਪਹਿਲਾਂ ਵਰਗੀ ਹੈਗੀ ਐਂ।"

ਕੂਹਣੀ ਮਾਰਕੇ ਪਰ੍ਹੇ ਨੂੰ ਹੋਗੀ। ਐਨਕਾਂ ਵਿਚਦੀ ਝਾਂਜਰ ਦਾ ਮੁਆਇਨਾ ਕਰਦੇ ਸੁਨਿਆਰ ਵੱਲ ਠੋਡੀ ਦੇ ਹੇਠਾਂ ਹੱਥ ਰੱਖਕੇ ਨੀਝ ਲਾ ਵੇਖਣ ਲੱਗੀ। ਇਹੋ ਗੱਲਾਂ ਯਾਦ ਕਰਕੇ ਗਲਾ ਭਰਦੈ। ਤੰਦ ਸੁਲਝਦੀ ਨਹੀਂ ਸਗੋਂ ਉਲਝਦੀ ਐ। ਗਮ ਦੇ ਗੀਤ ਗਾਉਂਦਾ ਰਹਿਨਾਂ।

" ਡੈਡੀ ਅੱਜ ਸੰਦੇਹਾਂ ਈ ਉੱਠੇ ਬੈਠੇ ਓਂ। ਪਰ ਤਿਆਰ ਨੀਂ ਹੋਏ। ਕੋਈ ਟੈਂਸ਼ਨ ਐ। ਫਿਕਰ ਨਾ ਕਰਿਆ ਕਰੋ। ਮਸਤ ਰਹੋ।" ਅਮਨ ਮੇਰੇ ਕੋਲ ਪਏ ਛੋਟੇ ਮੇਜ਼ ਤੇ ਚਾਹ ਦਾ ਕੱਪ ਰੱਖ ਕਹਿ ਰਹੀ ਐ।

"ਠੀਕ ਐ ਬੇਟੇ" ਕਹਿ ਚੁੱਪ ਕਰ ਜਾਨਾਂ। ਮੇਰੇ ਤੋਂ ਤੱਸਲੀ ਲੈ ਉਹ ਆਪਣੇ ਕਮਰੇ ਵੱਲ ਤੁਰ ਗਈ ਐ। ਅਮਨ ਸੁਭਾਅ ਦੀ ਖੁੱਲੀ ਅਤੇ ਦਿਲ ਦੀ ਸਾਫ ਐ। ਆਉਂਦੀ ਨੇ ਘਰ ਨੂੰ ਸੰਭਾਲ ਲਿਐ। ਜਦੋਂ ਦਾ ਗੈਰੀ ਦਾ ਵਿਆਹ ਹੋਇਐ, ਘਰ 'ਚ ਰੌਣਕ ਪਰਤ ਆਈ ਐ। ਮੈਂ ਆਪਣੀ ਬੇਚੈਨੀ ਇਹਨਾਂ ਨਾਲ ਸਾਂਝੀ ਤਾਂ ਕੀ ਕਰਨੀ ਐ ਪਤਾ ਵੀ ਲੱਗਣ ਨਹੀਂ ਦੇਣਾ ਚਹੁੰਦਾ। ਇਹਨਾਂ ਦੋਵਾਂ ਦੀ ਆਵਦੀ ਜਿੰਦਗੀ ਐ। ਮੌਜਾਂ ਕਰਨ। ਮੇਰੀ ਟੈਸ਼ਨ ਕਰਕੇ ਇਹ ਕਿਉਂ ਕੋਈ ਤਣਾਅ ਲੈਣ। ਨਾਲੇ ਮੇਰੀ ਬੇਚੈਨੀ ਤਾਂ ਇਹਨਾਂ ਨੂੰ ਹੋਰ ਬੇਚੈਨ ਕਰੇਗੀ। ਅੰਦਰੋਂ ਉੱਠਦੇ ਤੂਫਾਨਾਂ ਨੂੰ ਠੱਲੀਂ, ਚੁੱਪ ਹੋਇਆ ਅੰਦਰੇ-ਅੰਦਰ ਘੁਲ ਰਿਹਾਂ।

ਆਹ ਪਤਾ ਲੱਗਣ ਵਾਲੀ ਗੱਲ ਤੋਂ ਤੰਦਾਂ ਦੀ ਅਗਲੀ ਵਿੰਡੋ ਹੋਰ ਖੁੱਲ ਗਈ ਐ। ਨਵਜੋਤ ਦੇ ਬਾਅਦ ਮੈਂ ਘਰ ਨਾਲੋਂ ਟੁੱਟ ਗਿਆਂ ਸਾਂ। ਮੈਂ ਕੀ ਘਰ ਈ ਟੁੱਟ ਗਿਆ ਸੀ। ਬੱਸ ਦਿਨ ਚੜ੍ਹਨ ਦੀ ਉਡੀਕ ਹੁੰਦੀ। ਫਟਾਫਟ ਨਹਾਕੇ ਤਿਆਰ ਹੋ ਦਫਤਰ ਪਹੁੰਚ ਜਾਂਦਾ। ਦਫ਼ਤਰ 'ਚ ਮੇਰੇ ਹਾਣ ਦੇ ਚਾਰ ਜਣੇ ਸੀ। ਆਪੋ-ਆਪਣੇ ਘਰਾਂ ਤੇ ਦਫਤਰੀ ਕੰਮਾਂ 'ਚ ਖੁੱਭੇ ਹੋਏ। ਹੈਲੋ-ਹਾਏ ਕਰਕੇ ਹੱਥ ਮਿਲਾ ਚੁੱਪ ਦੀ ਦੁਨੀਆ ਵਿੱਚ ਖੋ ਜਾਣ ਵਾਲੇ। ਉਹਨਾਂ ਦੇ ਬੈਠੇ ਵੀ ਸੈਕਸ਼ਨ ਵਿੱਚ ਮਾਤਮ ਵਰਗੀ ਚੁੱਪ ਪਸਰੀ ਰਹਿੰਦੀ। ਮੇਰੇ ਅੰਦਰਲੀ ਤਨਹਾਈ ਨੂੰ ਛੋਹਕੇ ਕੋਈ ਦਿਲ ਦਾ ਦਰਦ ਹਰਨ ਵਾਲਾ ਇਕ ਵੀ ਨਹੀ ਸੀ। ਸਿਰਫ ਦਫਤਰੀ ਮਸ਼ੀਨਾਂ। ਕਰ ਵੀ ਕੀ ਸਕਦਾਂ ਸੀ। ਕਦੇ-ਕਦੇ ਕੰਪਿਊਟਰ 'ਚ ਫੀਡ ਕੀਤੇ ਡਾਟੇ ਵਾਂਗ ਬੋਲਦੇ "ਗਿੱਲ ਯਾਰ ਜੀਵਨ ਸਾਥੀ ਤੁਰ ਜਾਣ ਕਰਕੇ ਔਖਾ ਬਹੁਤ ਹੋ ਜਾਂਦੈ।"

"ਹਾਂ" ਕਹਿਕੇ ਚੁੱਪ ਹੋ ਜਾਂਦਾ। ਦੋ ਨਵੇਂ ਮੁੰਡੇ ਦਫਤਰ 'ਚ ਆਏ ਸੀ। ਦੋਵੇਂ ਐਮ.ਏ. ਪਾਸ। ਵਧੀਆ ਫੀਲਡ ਅਫਸਰ ਸਨ। ਉਹਨਾਂ ਦੀਆਂ ਸੀਟਾਂ ਵੀ ਮੇਰੇ ਵਾਲੇ ਕੈਬਿਨ 'ਚ ਸਨ। ਬੀਮੇ ਦਾ ਕੋਈ ਕਲੇਮ ਆਉਂਦਾ ਫਟਾ-ਫਟ ਨਬੇੜਦੇ। ਉਹਨਾਂ ਦੀਆਂ ਗੱਲਾਂ ਸੁਣ ਲੈਂਦਾ। ਮੁੰਡਿਆਂ ਦੇ ਹਾਸਿਆ 'ਚ ਉਦਾਸੀ ਦਾ ਆਲਮ ਕੁਝ ਪਲਾਂ ਲਈ ਦੂਰ ਚਲਾ ਜਾਂਦਾ। ਖੈਰ । ਜ਼ਿੰਦਗੀ ਤਾਂ ਤੋਰਨੀ ਹੀ ਹੁੰਦੀ ਐ। ਦੋਹਾਂ ਨੂੰ ਕੀ ਕਹਾਂ ? ਪੁੱਤ ਜਾਂ ਦੋਸਤ? ਸ਼ਾਇਦ ਦੋਵੇਂ ਗੱਲਾਂ ਹੀ । ਨਹੀਂ ਦੋਵਾਂ 'ਚੋਂ ਕੋਈ ਵੀ ਨਹੀਂ। ਮੇਰੇ ਕੁਲੀਗ। ਮੇਰਾ ਟਾਇਮ ਪਾਸ। ਹਾਂ ! ਮੇਰੇ ਹਮਦਰਦ। ਨਵੇਂ ਖਿਆਲ। ਨਵੀਆਂ ਗੱਲਾਂ ਤੇ ਅਦਭੁੱਤ ਸ਼ਰਾਰਤਾਂ ਉਹਨਾਂ ਦੀਆਂ। ਉਹਨਾਂ ਨਾਲ ਉਹੋ ਜਿਹਾ ਹੀ ਹੋ ਜਾਂਦਾ। ਅੰਦਰੋਂ ਟੁੱਟੇ ਬੰਦੇ ਦੀ ਇਹ ਵੀ ਕਹਾਣੀ ਹੋ ਜਾਂਦੀ ਐ। ਵਕਤ ਨੂੰ ਧੱਕਣ ਲਈ। ਉਹਨਾਂ ਦਾ ਸਾਥ ਹੁਣ ਕਾਫੀ ਖੁੱਲਾਂ ਵੀ ਲੈ ਲੈਂਦਾ।

ਓਂਦੇ ਰੋਜ਼ ਵਾਂਗ ਦਫਤਰ ਪਹੁੰਚਿਆ ਸਾਂ ਤਾਂ ਸ਼ੈਰੀ ਕਹਿੰਦਾ, "ਅੰਕਲ ਉਦਾਸ ਨਾ ਰਿਹਾ ਕਰੋ। ਆਓ ਤੁਹਾਨੂੰ ਨਵੀਂ ਦੁਨੀਆਂ ਵਿਖਾਵਾਂ।" ਆਪਣੇ ਕਿਤਾਬ ਜਿੱਡੇ ਮੋਬਾਇਲ ਸੈਟ ਦੇ ਬਟਨ ਫਟਾ-ਫਟ ਦੱਬਣ ਲੱਗਾ। ਨਵੀਂ ਦੁਨੀਆਂ ਦੇ ਨਵੇਂ ਰੰਗ ਮੇਰੀਆਂ ਅੱਖਾਂ ਮੂਹਰੇ ਦੌੜਨ ਲੱਗੇ। ਸਡੌਲ ਭਖਦੇ ਜਿਸਮਾਂ ਨੇ ਮੇਰੇ ਅੰਦਰਲੇ ਦੱਬੇ ਪਏ ਪਤਾ ਨੀਂ ਕਿੰਨੇ ਅੰਗਿਆਰਿਆਂ ਨੂੰ ਭਖਾਅ ਦਿੱਤਾ। ਨਵੀਂ ਸਾਇਟ ਨੇ ਦਿਲ ਦਿਮਾਗ

ਦਾ ਸਾਰਾ ਕੁਝ ਅਪਸੈਟ ਕਰ ਦਿੱਤਾ। ਬੱਸ ਫੇਰ ਕੀ ਸੀ, ਜਦੋਂ ਵੀ ਸ਼ੈਰੀ ਮਿਲਦਾ ਹੱਸ ਪੈਂਦਾ। ਉਸਦਾ ਮੋਬਾਇਲ ਮੇਰੇ ਹੱਥਾਂ 'ਚ ਆ ਜਾਂਦਾ। ਮੋਬਾਇਲ ਨਾਲ ਖੇਡਦੇ ਨੂੰ ਸ਼ੈਰੀ ਕਹਿਣ ਲੱਗਾ, "ਅੰਕਲ ਫੋਟੋਆਂ ਵੇਖ-ਵੇਖ ਈ ਡੰਗ ਕਿਵੇਂ ਲਹਿੰਦੈ। ਤੁਸੀ ਸੰਗੋ ਨਾ ਮੈਨੂੰ ਦੱਸੋ? ਸ਼ੈਰੀ ਦੀਆਂ ਗੱਲਾਂ ਸੁੱਤੀਆਂ ਕਲਾਵਾਂ ਜਗਾਅ ਜਾਂਦੀਆਂ। ਸੁੱਖੀ ਸੁਣ ਤਾਂ ਲੈਂਦਾ ਬੋਲਦਾ ਘੱਟ ਸੀ। ਪਰ ਜੋੜੀ ਉਹਨਾਂ ਦੀ ਪੱਕੀ ਸੀ।

"ਜਾਣ ਦੇ ਸ਼ੈਰੀ ਕਿਓਂ ਪੰਗੇ ਛੇੜਦੈਂ।" ਕਹਿ ਤਾਂ ਦਿੰਦਾ ਹਾਂ ਪਰ ਅੰਦਰਲੀਆਂ ਤਰੰਗਾਂ ਤੇਜ਼ ਚੱਲਣ ਲੱਗਦੀਆਂ ਨੇ।

"ਅੰਕਲ ਤੂੰ ਵੇਖਲੀਂ ਜਿਵੇਂ ਕਹੇਂ ਓਵੇਂ ਕਰਵਾ ਦਿਊਂ।" ਉਸਦੇ ਫੁਰਤੀਲੇ ਬੋਲ ਸੁਣਕੇ ਭੰਬੀਰੀਆਂ ਹੋਰ ਘੁੰਮਣ ਲੱਗ ਜਾਂਦੀਆਂ।

ਉਸ ਦਿਨ ਵੀ ਕੰਟੀਨ 'ਚ ਬੈਠੇ ਚਾਹ ਪੀਂਦਿਆਂ ਵਕਤ ਕਹਿਣ ਲੱਗਿਆ, "ਅੰਕਲ ਅਖਬਾਰ 'ਚ ਮੈਟਰੀਮੋਨੀਅਲ ਦੇ ਦਿਓ। ਦੇਖਿਓ ਕਿਵੇਂ ਛਹਿਬਰਾਂ ਲੱਗਦੀਐ।" ਸੁਣਕੇ ਦਿਮਾਗ ਦੇ ਹੋਰ ਡਾਇਲ ਘੁੰਮ ਗਏ।

"ਉਹ ਜਾਣਦੇ ਸ਼ੈਰੀ ਜੋ ਹੋਣਾ ਸੀ ਹੋ ਗਿਆ। ਹੁਣ ਉਮਰ ਨੀਂ।" ਕਹਿ ਚੁੱਪ ਹੋ ਗਿਆ ਸਾਂ। ਪਰ ਮਨ ਅੰਦਰ ਬਹੁਤ ਕੁਝ ਚੱਲਣ ਲੱਗ ਪਿਆ ਸੀ। ਕਿਹੜਾ ਨਾਨਕੇ ਆਇਐਂ। ਬੀ ਮੁੜਕੇ ਫੇਰ ਆਜੇਂਗਾ। ਜ਼ਿੰਦਗੀ ਤਾਂ ਇਕ ਵਾਰ ਮਿਲਦੀ ਐ। ਜੇ ਇਕ ਟਾਇਰ ਫਟਜੇ ਤਾਂ ਦੂਜਾ ਲਗਾਕੇ ਗੱਡੀ ਚਲਾਉਣੀ ਪੈਂਦੀ ਐ। ਖੜ੍ਹੇ ਪਾਣੀਆਂ 'ਚੋਂ ਬੋਅ ਮਾਰਨ ਲੱਗ ਪੈਂਦੀ ਐ। ਟੋਬਿਆਂ ਦੇ ਪਾਣੀ 'ਚ ਇਸੇ ਕਰਕੇ ਹਰੀ ਕਾਈ ਜੰਮ ਜਾਂਦੀ ਹੈ। ਨਦੀਆਂ ਦਾ ਵਹਿੰਦਾ ਪਾਣੀ ਹੀ ਨਿਰਮਲ ਰਹਿੰਦੈ।

"ਅੰਕਲ ਕਿਹੜੀਆਂ ਸੋਚਾਂ 'ਚ ਡੁੱਬਗੇ। ਚਾਹ ਉਵੇਂ ਦੀ ਉਵੇ ਪਈ ਐ। ਚਾਹ ਪੀ ਕੇ ਮੈਂ ਤਾਂ ਵਾਟਸਐਪ ਦੇ ਤਿੰਨ ਵੀਡੀਓ ਮੈਸਿਜ਼ ਵੇਖਲੇ। ਤੁਸੀ ਉਵੇਂ ਸੁੰਨ ਬੈਠੇ ਓਂ। ਪੀਓ ਚਾਹ। ਹੋਵੋ ਤਰੋਤਾਜ਼ਾ। ਸੋਚ ਲਿਓ ਠੰਢੇ ਦਿਮਾਗ ਨਾਲ। ਉੱਠੋ ਚੱਲੀਏ ਛੇਤੀ। ਟਾਇਮ ਵਾਹਵਾ ਲੱਗ ਗਿਐ। ਅੱਜ ਤਾਂ ਕਈ ਜ਼ਰੂਰੀ ਫਾਇਲਾਂ ਕੱਢਣੀਆਂ ਨੇ।" ਸ਼ੈਰੀ ਦੀ ਗੱਲ ਸੁਣਕੇ ਇਕਦਮ ਤ੍ਰਬਕ ਜਾਨਾਂ।

"ਚੱਲ ਭਤੀਜ ਅੱਜ ਤਾਂ ਮੇਰੇ ਕੋਲ ਵੀ ਢੇਰ ਲੱਗਿਆ ਪਿਐ। ਸਾਲਾ ਬਰਾੜ ਆਖੂ, "ਤੂੰ ਤਾਂ ਵਿਹਲੈਂ ਯਾਰ ਨਬੇੜ ਦਿਆ ਕਰ ਲੋਕਾਂ ਦੇ ਕੰਮ। ਹਰੇਕ ਔਖਿਆਈ 'ਚ ਆਉਂਦੈ ਇਥੇ। ਬੀਮੇ ਦੇ ਕਲੇਮ ਦਾ ਮਾਮਲਾ ਬੜਾ ਸੰਵੇਦਨਸ਼ੀਲ ਹੁੰਦੈ।" ਉਹਨੂੰ ਕੀ ਪਤੈ ਕਿ ਮੈ ਕਿੰਨਾ ਸੰਵੇਦਨਸ਼ੀਲ ਆਂ। ਲੋਕਾਂ ਦੇ ਕੰਮ ਬੰਦਾ ਫੇਰ ਨਬੇੜੂ ਜੇ ਆਵਦੇ ਨਿਬੜਨ। ਫੇਰ ਵੀ ਲੇਟ ਤਾਂ ਹੁੰਦਾ ਨੀਂ ਕਿਸੇ ਦਾ ਕੰਮ। ਮੇਰੇ ਵਰਗਾ ਵਿਹਲਾ ਜੇ ਰੱਬ ਤੈਨੂੰ ਕਰਦੇ, ਫੇਰ ਪੁੱਛਾਂ। ਪਤਾ ਲੱਗੇ ਵਿਹਲੇ ਕਿਵੇਂ ਹੁੰਦੇ ਨੇ। ਲਾਕੇ ਦਾੜ੍ਹੀ ਨੂੰ ਕਲਫ਼ ਆ ਬੈਠੂ ਦਿਨ ਚੜ੍ਹਦੇ ਨਾਲ। ਹਰੇਕ ਦੇ ਕੰਮ 'ਚ ਨਿਰਖਾਂ ਕੱਢੀ ਜਾਊ। ਕਈ ਵਾਰ ਸੁਣਕੇ ਹਾਸੀ ਵੀ ਆਊ, ਗੁੱਸਾ ਵੀ। ਗੁਰਮਤਿ ਗਿਆਨ ਦੀਆਂ ਗੱਲਾਂ ਕਰੂ। ਜਿਵੇਂ ਸਾਰੀ ਦੁਨੀਆਂ ਦਾ ਭੇਦ ਏਸੇ ਗਿਆਨੀ ਕੋਲ ਐ। ਸੁਆਰਥੀ ਐਨਾ ਕਿ ਵੱਢੀ ਉਂਗਲੀ 'ਤੇ ਨੀਂ ਮੂਤਦਾ। ਦੂਜਿਆ ਨੂੰ ਈ ਮੱਤਾ ਦੇਣ ਆਲੈ। ਜੇ ਕੋਈ ਜ਼ਰੂਰੀ ਮਸਲਾ ਡਿਸਕਸ ਕਰਨ ਇਹਦੇ ਕੈਬਿਨ 'ਚ ਚਲਾ ਜਾਵਾਂ ਤਾਂ ਆਖੂ, "ਇਹਨਾਂ ਛੋਰਾਂ ਨਾਲ ਬਹੁਤਾ ਨਾ ਬੈਠਿਆ ਕਰ ਗਿੱਲ। ਨਿਆਣਿਆਂ ਨਾਲ ਰਾਜ ਰਾਜਣ ਨਾਲੋ ਸਿਆਣਿਆਂ ਨਾਲ ਭੀਖ ਮੰਗੀ ਚੰਗੀ ਹੁੰਦੀ ਐ।"

ਮਨ 'ਚ ਆਉਂਦੈ ਮੈਨੂੰ ਕਾਹਨੂੰ ਪਤੈ ਇਹਨਾਂ ਗੱਲਾਂ ਦਾ। ਵਕਤ-ਵਕਤ ਦੀ ਗੱਲ ਐ। ਜਿਹੜੇ ਸਿਆਣਿਆਂ ਨਾਲ ਭੀਖ ਮੰਗਣ ਦੀ ਗੱਲ ਕਰਦੈਂ ਇਹ ਤਾਂ ਐਂ ਬੈਠੇ ਰਹਿੰਦੇ ਨੇ ਜਿਵੇਂ ਜੀਭ ਤੇ ਸੱਪ ਲੜਿਆ ਹੋਵੇ। ਮੋਨ ਧਾਰੀਂ ਬੈਠੇ ਰਹਿਣਗੇ ਜਿਵੇਂ ਜੁਬਾਨ ਹਿਲਾਈ ਤੋਂ ਪਤਾ ਨੀਂ ਕਿੱਡਾ ਭਾਰੀ ਟੈਕਸ ਲੱਗਜੂ। ਹੋ ਸਕਦੈ ਇਹਨਾਂ ਦੀਆਂ ਕੋਈ ਮਜਬੂਰੀਆਂ ਹੋਣ। ਇਹਨਾਂ ਦੀਆਂ ਤਾਂ ਹੋਣ ਨਾ ਹੋਣ ।ਪਰ ਅੱਜ



ਮੈਨੂੰ ਤਾਂ ਮੇਰੀਆਂ ਮਜਬੂਰੀਆਂ ਨੇ ਘੇਰ ਰੱਖਿਐ। ਜਿੰਨਾ 'ਚੋਂ ਪਰ੍ਹੇ ਹੋਣ ਦੀ ਕੋਸ਼ਿਸ਼ 'ਚ ਲੱਗਿਆ ਰਹਿੰਨਾਂ। ਉਹ ਵੀ ਦਿਨ ਸੀ।

ਜਦੋਂ ਗੈਰੀ ਤਿੰਨ ਕੁ ਸਾਲ ਦਾ ਸੀ ਅਸੀਂ ਸ਼ਹਿਰ 'ਚ ਆ ਘਰ ਬਣਾਕੇ ਰਹਿਣ ਲੱਗੇ। ਅਸਲ 'ਚ ਸ਼ਹਿਰ ਵੀ ਕਾਹਾਦੈ ਪਿੰਡਾਂ ਦੇ ਲੋਕ ਮੰਡੀ 'ਚ ਆਪਣੇ ਘਰ ਬਣਾਕੇ ਰਹਿਣ ਲੱਗਪੇ। ਟੁੱਟਵੀਂ ਅਬਾਦੀ। ਕੋਈ ਛੋਟਾ ਕੋਈ ਵੱਡਾ। ਭਾਂਤ-ਭਾਂਤ ਦੇ ਘਰ ।

ਮੈਂ ਦਫ਼ਤਰ ਚਲਿਆ ਜਾਂਦਾ। ਗੈਰੀ ਦੀ ਵੈਨ ਉਸਨੂੰ ਸਕੂਲ ਲੈ ਜਾਂਦੀ । ਬੇ ਫਿਕਰੀ 'ਚ ਉੱਡਦੇ ਪੰਛੀ ਆਥਣੇ ਆਪਣੇ ਆਲ੍ਹਣੇ ਆ ਬਹਿੰਦੇ। ਇਕ ਸ਼ਾਮ ਨਵਜੋਤ ਕਹਿਣ ਲੱਗੀ, "ਮੇਰਾ ਕੱਲ੍ਹੀ ਦਾ ਜੀਅ ਨੀਂ ਲੱਗਦਾ। ਬਿਟ-ਬਿਟ ਝਾਕੀ ਜਾਂਦੀ ਰਹਿੰਦੀ ਆਂ ਬਾਰ ਬੰਨੀ। ਆਥਣ ਤਾਈਂ।"

"ਮਖਿਆਂ ਫੇਰ"

ਕਹਿੰਦੀ, "ਮੱਝ ਨਾ ਰੱਖਲੀਏ, ਪਿੰਡ ਵੀ ਮੈਂ ਸਾਰਾ ਕੰਮ ਕਰਦੀ ਆਈਂ ਆਂ। ਤੂੜੀ ਪਿੰਡੋਂ ਲੈ ਆਇਆ ਕਰਾਂਗੇ। ਘਰੇ ਦੁੱਧ ਹੋਜੂ। ਨਾਲੇ ਰੁੱਝੀ ਰਿਹਾ ਕਰੂੰ । ਥਾਂ ਸੁੱਖ ਨਾਲ ਵਥੇਰਾ ਪਿਐ।"

ਸੁਣ ਕੇ ਮੈਂ ਵੀ ਕਿਹਾ, "ਜਿਵੇਂ ਤੇਰੀ ਮਰਜ਼ੀ।"

ਮਰਜ਼ੀ ਨਾਲ ਉਹਨੇ ਮੱਝ ਰੱਖੀ, ਸਾਂਭੀ। ਆਥਣੇ ਆ ਕੇ ਮੈਂ ਵੀ ਧਾਰ-ਡੋਕਾ ਕੱਢ ਦਿੰਦਾ। ਵਧੀਆ ਜੀਅ ਲੱਗਿਆ ਰਹਿੰਦਾ। ਜੀਅ ਦੀਆਂ ਗੱਲਾਂ ਕਰੀਂ ਜਾਨਾਂ ਹਰ ਵਕਤ। ਅਸਲ 'ਚ ਆਪਣੇ ਹੁਨਰ ਨਾਲ ਘਰ ਨੂੰ ਬੰਨਣ ਆਲੀ ਹੀ ਉਹ ਸੀ। ਉਦੋਂ ਤਾਂ ਕਮਾਲ ਹੀ ਹੋ ਗਿਆ । ਦਫਤਰੋਂ ਆ ਕੇ ਵੇਖਿਆ, ਸੂਤ ਦੇ ਤਿੰਨ ਪੁੜੇ ਪਏ। ਮੈਂ ਪੁੱਛਿਆ "ਇਹ ਕੀ?"

ਤਾਂ ਹੱਸ ਕੇ ਕਹਿੰਦੀ, "ਖਾਦੀ ਭੰਡਾਰ ਆਲਿਆਂ ਦੇ ਗਈ ਸੀ। ਅੰਗਰੇਜ਼ੀ ਸੂਤ ਐ। ਤਾਣਾ ਇਹਦਾ ਪੈਜੂ। ਪੇਟੇ ਵਾਸਤੇ ਘਰ ਦਾ ਕੱਤਿਆ ਮੇਰੇ ਕੋਲ ਪਿਐ। ਮਖਿਆਂ ਦਰੀਆਂ ਬਣਾਊਂ ਵਧੀਆ ਨਾਲੇ ਡੱਬੀਦਾਰ ਖੇਸ। ਸੂਤ ਭਾਅ ਸਿਰ ਮਿਲ ਗਿਐ।"

"ਜਿਵੇਂ ਤੇਰੀ ਖੁਸ਼ੀ" ਕਹਿ ਮੈਂ ਆਪਣੇ ਕਮਰੇ 'ਚ ਜਾ ਕੱਪੜੇ ਬਦਲਣ ਲੱਗਿਆ।

ਉਸਦੇ ਰੁਝੇਵੇਂ ਵੇਖ ਕੇ ਮਨ ਖੁਸ਼ ਹੁੰਦਾ। ਰੰਗ ਰੰਗਾਈ, ਕਢਾਈ ਤੇ ਬੁਣਤੀ ਦੀ ਉਹ ਪਹਿਲੇ ਦਿਨੋਂ ਈ ਮਾਹਰ ਸੀ। ਸਾਡੇ ਬੈੱਡ ਤੇ ਕਿੰਨੇ ਈ ਸਾਲ ਉਸਦੀਆਂ ਕੱਢੀਆਂ ਦਸੂਤੀ ਦੀਆਂ ਚਾਦਰਾਂ ਵਿਛਦੀਆਂ ਰਹੀਆਂ । ਆਏ ਗਏ ਤੋਂ ਡਹਿੰਦੇ ਮੰਜਿਆ ਤੇ ਵਿਛਦੀਆਂ ਦਰੀਆਂ ਖੇਸ ਅਸੀ ਕਦੇ ਮੁੱਲ ਲੈਕੇ ਨੀਂ ਵਰਤੇ ਸੀ।

ਮੁੱਲ ਦੀਆਂ ਚਾਦਰਾਂ ਤਾਂ ਗੈਰੀ ਦੇ ਵਿਆਹ ਵੇਲੇ ਤੋਂ ਵਿਛਾਉਣ ਲੱਗੇ ਆਂ ਜਿਆਦਾ।

ਦਰੀਆਂ ਖੇਸਾਂ ਦਾ ਝੱਸ ਉਸਨੂੰ ਪਿੰਡੋਂ ਸ਼ਹਿਰ ਆਕੇ ਵੀ ਪੂਰਾ ਰਿਹੈ। ਜਿੱਦੇਂ ਦਰੀ ਬੁਣੀ ਜਾਂਦੀ ਅੱਡੇ ਤੋਂ ਕੱਟਕੇ ਮੰਜੇ 'ਤੇ ਵਿਛਾ ਕੇ ਕਹਿੰਦੀ, "ਬੈਠੋ ਬੰਦਾ ਪਹਿਲਾਂ ਬੈਠੇ ਨਵੀਂ ਦਰੀ ਤੇ ਸ਼ੁਭ ਸ਼ਗਨ ਹੁੰਦੈ।"

"ਮਖਿਆ ਨਹੀਂ ਐਵੇਂ ਨਾ ਬੰਦੇ ਨੂੰ ਮੋਢੀਂ ਚੜ੍ਹਾਇਆ ਕਰ। ਪਹਿਲਾਂ ਉਹ ਬੈਠੇ ਜਿਨੇ ਮਹੀਨਾ ਭਰ ਮਿਹਨਤ ਕੀਤੀ ਐ।" ਮੈਂ ਕਈ ਵਾਰ ਉਸਨੂੰ ਮੋਢਿਆ ਤੋਂ ਫੜ ਕੇ ਮੱਲੋਂ-ਮੱਲ੍ਹੀ ਮੰਜੇ ਤੇ ਲਿਟਾਅ ਦਿੰਦਾ। ਬਹੁਤ ਖੁਸ਼ ਹੁੰਦੀ।

ਉਸਦੇ ਹੁਨਰ ਦੀ ਖੁਸ਼ੀ ਮਨ ਨੂੰ ਖੀਵਾ ਕਰੀਂ ਰੱਖਦੀ।

ਆਂਢ ਗੁਆਂਢ ਦੀਆਂ ਔਰਤਾਂ ਉਸਦੇ ਦਾਜ ਵਾਲੀਆਂ ਦਰੀਆਂ ਦੇ ਨਮੂਨੇ ਲਿਜਾਦੀਆਂ । ਸਕੂਲ ਦੀ ਪੜ੍ਹਾਈ ਉਸਦੀ ਘੱਟ ਸੀ। ਜ਼ਿੰਦਗੀ ਦੀ ਕਲਾ ਦੀ ਮੁਹਾਰਤ ਵੱਧ। ਇਹਨਾਂ ਕਲਾਵਾਂ ਕਰਕੇ ਘਰੇ ਹਰ ਵੇਲੇ ਰੌਣਕ ਲੱਗੀ ਰਹਿੰਦੀ। ਜਦੋਂ ਦਫਤਰੋਂ ਆਉਂਦਾ ਗੁਆਂਢ ਦੀਆਂ ਕੁੜੀਆਂ ਕਿੰਨਾ-ਕਿੰਨਾ ਚਿਰ

ਸਿਲਾਈਆਂ ਤੇ ਪਸ਼ਮ ਲੈਕੇ ਉਹਦੇ ਕੋਲ ਬੈਠੀਆਂ ਰਹਿੰਦੀਆਂ। ਬੁਣਤੀ ਸਿੱਖਣ ਲਈ । ਕਈ ਮਾਵਾਂ ਚਾਦਰਾਂ ਦੇ ਕੇ ਤੋਰ ਦਿੰਦੀਆਂ, "ਜਾਉ ਕੁੜੇ ਨਵਜੋਤ ਅੰਟੀ ਤੋਂ ਸਿੱਖ ਆਓ।"

ਪਰ ਕੀ ਪਤਾ ਸੀ ! ਇਕੋ ਹਾਰਟ ਅਟੈਕ ਨੇ ਉਸਨੂੰ ਸਾਥੋਂ ਖੋਹ ਲਿਆ। ਜ਼ਿੰਦਗੀ ਦੀ ਤਰਤੀਬੀ ਬੁਣਤੀ ਬੇਤਰਤੀਬੀ ਹੋ ਗਈ। ਇਸ ਨੂੰ ਮੁੜ ਤਰਤੀਬ ਦੇਣ ਦੀ ਕੋਸ਼ਿਸ਼ ਕਰਦਾਂ। ਬੇਤਰਤੀਬ ਜ਼ਿੰਦਗੀ ਦੇ ਬੇਤਰਤੀਬ ਕੰਮਾਂ 'ਚ ਉਲਝਿਆ ਤੁਰਿਆ ਫਿਰਦਾਂ। ਨਵਜੋਤ ਦੇ ਬੁਣੇ ਤਾਣੇ ਪੇਟੇ ਨਾਲ ਘਰ ਦੀਆਂ ਅਨੇਕ ਆਰਥਿਕ ਗੁੰਝਲਾਂ ਸੁਲਝਦੀਆਂ। ਮਾਨਸਿਕ ਤਸੱਲੀ ਵੀ ਮਿਲਦੀ। ਸਰੀਰ ਉੱਡੂੰ-ਉੱਡੂੰ ਕਰਦਾ ਰਹਿੰਦਾ। ਉਹਦੇ ਮਗਰੋਂ ਜ਼ਿੰਦਗੀ ਦਾ ਤਾਣਾ ਪੇਟਾ ਕਿਸੇ ਹਿਸਾਬ 'ਚ ਨਹੀਂ ਆ ਰਿਹਾ। ਮਨ ਦੀ ਤਾਣੀ ਉਲਝੀ ਰਹਿੰਦੀ ਐ। ਵਿੰਗਤੜਿੰਗੀ ਬੁਣਤੀ ਪੈਂਦੀ ਐ। ਸੋਚਦਾ ਹੋਰ ਆਂ। ਕਰਦਾ ਹੋਰ। ਜਾਂ ਇਹ ਵੀ ਕਹਾਂ, ਕਿ ਜੋ ਸੋਚਦਾਂ। ਉਹ ਨਹੀ ਹੁੰਦਾ। ਕੁਝ ਹੋਰ ਈ ਹੁੰਦੈ। ਕਈ ਵਾਰ ਮਨ ਪੁਛਦੈ ਇਹ ਵੀ ਕਰਨਾ ਪੈਂਣੈ .? ਜਾਂ ਨਹੀ ..? ਇਹ ਨਿਰਣੇ ਫ਼ੈਸਲੇ ਕਰਦਾ ਸ਼ੈਰੀ ਹੋਰਾਂ ਨਾਲ ਤੁਰ ਜਾਨਾ।" ਅੱਜ ਵੀ ਉਸੇ ਦੀ ਸਲਾਹ 'ਚ ਹਾਂ ਮਿਲਾਕੇ ਟਿਕਟਿਕੀ ਲਾਈਂ ਬੈਠਾਂ। ਉਹਦਾ ਗੱਲ ਕਰਨ ਦਾ ਅੰਦਾਜ ਈ ਐਸੈ, ਮੇਰੇ ਦਿਲ 'ਚ ਗੁਡ ਜਾਂਦੀ ਐ ਗੱਲ। ਇਹ ਵੀ ਨਹੀਂ। ਮੇਰੇ ਅੰਦਰੋਂ ਵੀ ਇਹੋ ਜੀ ਲੂਹਰੀ ਉੱਠਦੀ ਰਹਿੰਦੀ ਐ। ਬੱਸ ਗੱਲਾਂ ਕਰਦਿਆਂ-ਕਰਦਿਆਂ ਸਾਡੇ ਦੋਵਾਂ ਦੇ ਹੱਥ ਮਿਲ ਜਾਂਦੇ ਨੇ। ਹਾਸੇ ਦੀ ਤਾੜੀ ਵਜਦੀ ਐ।

ਤਾੜੀ ਆਲੀ ਗੱਲ ਕਰਕੇ ਹਾਸਾ ਆ ਰਿਹੈ। ਸਾਡੇ ਸੁਪਰਡੈਂਟ ਆਇਆ ਗੁਰਦਾਸਪੁਰ ਕੰਨੀ ਦਾ। ਐਵੇਂ ਦੋ ਕੁ ਮਹੀਨੇ ਰਿਹਾ । ਬਦਲੀ ਕਰਵਾ ਗਿਆ। ਆਖੇ "ਪਿੱਛੇ ਸਰਦਾ ਨੀਂ ਘਰ ਦਾ।" ਉਹ ਬੈਠਾ-ਬੈਠਾ ਅਖਬਾਰ ਪੜ੍ਹਦਾ ਕਹਿਣ ਲੱਗਿਆ, "ਯਾਰ ਆਹ ਡੱਬੀ 'ਚ ਦਿੱਤੇ ਇਸ਼ਤਿਹਾਰ 'ਚ ਬਰੀਕ-ਬਰੀਕ ਲਿਖਿਆ ਹਮੇਸ਼ਾ ਈ ਪੜ੍ਹੀਂਦੈ, ਦਿਲ ਖੋਲ੍ਹਕੇ ਮਨ ਦੀਆਂ ਗੱਲਾਂ ਕਰੋ। ਫਰੈਂਡਸ਼ਿਪ ਕਰੋ। ਨਾਲ ਫੋਟੋ ਹੁੰਦੀ ਐ।"

ਕੋਲ ਬੈਠਾ ਸ਼ੈਰੀ ਸੁਣਦਾ ਸੀ । ਚਲਦਾ-ਚਲਦਾ ਪੈੱਨ ਉਸਦਾ ਰੁਕ ਗਿਆ।

ਬੋਲਿਆ, "ਸਰ ਜੀ ਥੋਨੂੰ ਹਾਲੇ ਤੱਕ ਪਤਾ ਨੀਂ? ਮੈਂ ਦੱਸਦਾਂ, ਨੰਬਰ ਮਿਲਾਓ। ਅੱਗਿਓਂ ਆਫਰ ਸੁਣਿਓ। ਗੱਲ ਕਰਿਓ। ਦੇਖਿਓ ਕੀ ਕਹਿੰਦੀ ਐ।"

ਉਸ ਨੇ ਨੰਬਰ ਮਿਲਾ ਲਿਆ। ਗੱਲਾਂ ਕਰਨ ਲੱਗਿਆ। ਸੁਪਰਡੈਂਟ ਦੇ ਚਿਹਰੇ ਦਾ ਰੰਗ ਬਦਲੀ ਜਾਵੇ। ਗੱਲਾਂ ਵੀ ਕਰੇ। ਸੰਗੇ ਜੇ ਵੀ। ਪਰ ਖੁਸ਼ ਦਿਸੇ। ਫੋਨ ਬੰਦ ਕੀਤਾ। ਮੋਬਾਇਲ ਸੈੱਟ ਦੀ ਸਕਰੀਨ 'ਤੇ ਬਕਾਇਆ ਤਿੰਨ ਰੁਪੈ ਪੰਜਾਹ ਪੈਸੇ ਪੜ੍ਹ ਕੇ ਸਾਲੇ ਦੇ ਫਿਊਜ ਉੱਡਗੇ।

"ਉਹ ਮੈਂ ਤਾਂ ਕੱਲ ਸ਼ਾਮੀ ਪੰਜ ਸੌ ਰੁਪੈ ਦਾ ਫੁੱਲ ਟਾਕ ਟਾਇਮ ਰੀਚਾਰਜ ਕਰਵਾਇਆ ਸੀ। ਸਾਰੇ ਈ ਉੱਡਗੇ।"

ਸ਼ੈਰੀ ਪਹਿਲਾਂ ਤਾਂ ਦੰਦਾ 'ਚ ਜੀਭ ਲੈਕੇ ਘੁੱਟਦਾ ਜਾ ਰਿਹਾ। ਜਦੋਂ ਸਾਰੇ ਹੱਸ ਪਏ ਤਾੜੀ ਮਾਰਕੇ ਕਹਿਣ ਲੱਗਾ, "ਸਰ ਜੀ, ਫਰੈਂਡਸ਼ਿਪ ਵੀ ਕੀਤੀ ਐ। ਲੋਕ ਤਾਂ ਹਜ਼ਾਰਾ ਲੱਖਾਂ ਫੂਕੀਂ ਜਾਂਦੇ ਐ। ਸ਼ੁਕਰ ਕਰੋ ਪੰਜ ਸੌ ਈ ਗਿਐ।"

ਮਖਿਆਂ, "ਸ਼ੈਰੀ ! ਪੱਟੋਂਗਾ ਬੁੜਿਆਂ ਨੂੰ।"

ਕਹਿੰਦਾ, "ਨਹੀਂ ਬੁੜੇ ਪੱਟਣਗੇ ਪਟੋਲੇ।"

"ਮਖਿਆਂ ਦੇਖੀ ਜਾਊ।"

ਉਸੇ ਦੇਖੀ ਜਾਊ ਦੇ ਚੱਕਰ ਨੂੰ ਹਾਲੇ ਤੱਕ ਦੇਖੀ ਜਾਨਾਂ। ਇਸਦਾ ਅੰਤ ਜਾਂ ਅੰਜਾਮ ਕੀ ਹੋਊ ਇਹ ਪਤਾ ਨਹੀਂ।



ਮੈਟਰੀਮੋਨੀਅਲ ਦੀ ਸਲਾਹ ਨੇ ਸੁਪਨਿਆਂ ਦੀ ਗੱਡੀ ਚਾੜ੍ਹਤਾ। ਅਖ਼ਬਾਰ 'ਚ ਮੈਟਰੀਮੋਨੀਅਲ ਦੇਤਾ। ਕਈ ਲੋੜਵੰਦਾਂ ਦੇ ਫੋਨ ਵੀ ਆਏ।

ਜਿਵੇਂ ਸ਼ੈਰੀ ਕਹਿੰਦਾ ਹੁੰਦੈ "ਦੁਨੀਆਂ ਰੰਗ ਰੰਗੀਲੀ ਐ।" ਇਕ ਤਾਂ ਸਿੱਧੀ ਹੀ ਪਹੁੰਚਗੀ। ਆਪਣੇ ਰੰਗਾਂ ਵਿੱਚ ਰੰਗੀ ਦੱਸੀ ਜਾਵੇ, "ਹਫਤਾ ਹੋਇਐ ਡੇਰੇ ਆਈ ਹੋਈ ਆਂ। ਉਥੇ ਅਖਬਾਰ ਦੇਖ ਲਿਆ ਤਾਂ ਪੜ੍ਹਕੇ ਆਗੀ। ਘਰ ਵਾਲਾ ਨਾਲਾਇਕ ਐ। ਮੈਂ ਤਲਾਕ ਲੈ ਲਿਆ। ਇਸੇ ਲਈ ਮਨ ਹੋਰ ਪਾਸੇ ਲਾਉਣ ਲਈ ਸੰਤਾਂ ਦੇ ਡੇਰੇ ਆਊਨੀ ਆਂ ।" ਜਾਣ ਵੇਲੇ ਕਹਿੰਦੀ ਜਦੋਂ ਦਿਲ ਕਰੇ ਫ਼ੋਨ ਕਰ ਦੀ। ਜੇ ਰਾਇ ਬਣਜੇ ਤਾਂ ਵੀ ਦੱਸਦੀਂ। ਉਸਦੀਆਂ ਗੋਰੀਆਂ-ਗੋਰੀਆਂ ਬਾਹਾਂ 'ਚ ਪਾਈਆਂ ਰੰਗ ਬਿਰੰਗੀਆਂ ਚੂੜੀਆਂ ਬੰਨੀਂ ਵੇਖਦੇ ਤੋਂ ਇਹੋ ਹੀ ਕਹਿ ਹੋਇਆ, "ਠੀਕ ਜ਼ਰੂਰ ਦੱਸੂੰ।"

ਲੱਗਿਆ ਸੁਣਕੇ ਉਹ ਵੀ ਖੁਸ਼ ਸੀ। ਖੁਸ਼ੀ ਵਾਸਤੇ ਈ ਦੁਨੀਆਂ ਤੁਰੀ ਫਿਰਦੀ ਐ। ਜੇ ਮਿਲਜੇ। ਪਰ ਹੱਥ ਆਉਂਦੀ ਨਹੀਂ। ਤਾਂ ਹੀ ਹੱਥ ਭੁਲੱਥੇ ਮਾਰੀਂ ਜਾਨਾਂ।

"ਡੈਡੀ ਨਹਾ ਲਵੋ ਨਾਸ਼ਤਾ ਤਿਆਰ ਐ।" ਮੈਂ ਵੀ ਤਿਆਰ ਹੋਕੇ ਜਾਣੈ। ਡਿਊਟੀ ਤੋਂ ਬਾਅਦ ਮੈਂ ਤੇ ਗੈਰੀ ਸਿੱਧੇ ਈ ਗੋਬਿੰਦਪੁਰੇ ਜਾਵਾਂਗੇ। ਮੰਮੀ ਦੋ-ਤਿੰਨ ਦਿਨ ਹੋਗੇ ਬਿਮਾਰ ਐ। ਪਰਸੋਂ ਸੁਭਾ ਜਾਂ ਕੱਲ੍ਹ ਸ਼ਾਮ ਨੂੰ ਮੁੜਾਂਗੇ। ਗੈਰੀ ਕਾਰ ਇਸੇ ਕਰਕੇ ਲੈ ਕੇ ਗਿਐ।" ਅਮਨ ਆਪਣੀ ਮਾਂ ਬਾਰੇ ਗੱਲ ਕਰਦੀ ਰਸੋਈ 'ਚ ਚਲੀ ਗਈ ਐ।

"ਹਾਂ ਠੀਕ ਐ ਮੈਨੂੰ ਰਾਤ ਦੱਸਿਆ ਸੀ ਗੈਰੀ ਨੇ ਵੀ। ਜਾਕੇ ਫੋਨ ਕਰ ਦਿਓ।" ਕਹਿ ਚੁੱਪ ਹੋ ਗਿਆਂ। ਚੁੱਪ ਦੇ ਬਾਵਜੂਦ ਵੀ ਅੰਦਰਲੀ ਵਾਰਤਾਲਾਪ ਚੱਲ ਰਹੀ ਐ।

ਗੈਰੀ ਤੇ ਅਮਨ ਇਕ ਦੂਜੇ ਨੂੰ ਸਮਝਦੇ ਐ। ਮੇਰੇ ਤੱਕ ਕਦੇ ਵੀ ਇਹਨਾਂ ਆਪਣੀ ਸ਼ਿਕਾਇਤ ਨਹੀ ਆਉਣ ਦਿੱਤੀ। ਕੋਈ ਸਮੱਸਿਆ ਹੋਵੇ ਆਪਣੀ ਆਪ ਹੱਲ ਕਰਦੇ ਨੇ।

ਮੈਂ ਵੀ ਸੁਚੇਤ ਰਹਿੰਨਾ ਕਿ ਕਦੇ ਵੀ ਇਹਨਾਂ ਨੂੰ ਮੇਰੀ ਕਿਸੇ ਗੱਲ ਦਾ ਪਤਾ ਨਾ ਲੱਗੇ। ਪਰ ਬੰਦੇ ਦੀਆਂ ਹਰਕਤਾਂ ਦੂਜਿਆਂ ਨੂੰ ਮਹਿਸੂਸ ਹੋ ਵੀ ਜਾਂਦੀਆਂ ਐ।

ਉਦੋਂ ਬਾਥਰੂਮ 'ਚ ਨਹਾ ਕੇ ਬਾਹਰ ਨਿਕਲਿਆ ਤਾਂ ਇਹਨਾਂ ਦੇ ਕਮਰੇ 'ਚੋਂ ਅਵਾਜ਼ ਮੇਰੇ ਕੰਨੀ ਪਾਈ, "ਤੁਸੀਂ

ਨਿੱਕੀ-ਨਿੱਕੀ ਗੱਲ ਤੇ ਮੈਨੂੰ ਕਹਿੰਦੇ ਰਹਿੰਨੇ ਓਂ। ਡੈਡੀ ਦੇ ਕਮਰੇ 'ਚ ਜਾ ਕੇ ਵੇਖਿਐ, ਪਰਸੋ ਕਿਵੇਂ ਖੁਸ਼ਬੂਆਂ ਆਉਂਦੀਆਂ ਸੀ। ਮੈਂ ਦਫਤਰੋਂ ਆਈ। ਅਖਬਾਰ ਚੁੱਕਣ ਲਈ ਅੰਦਰ ਚਲੀ ਗਈ। ਡੈਡੀ ਹੈਨੀਂ ਸੀ। ਕਮਰਾ ਪੂਰਾ ਫਰੈਂਗਰੈਂਸ ਨਾਲ ਭਰਿਆ ਪਿਆ। ਬੈੱਡ 'ਚੋਂ ਅੱਡ ਸੁੰਗਧੀਆਂ ਆਉਣ। ਅੱਜ ਕੱਲ੍ਹ ਰੋਜ਼ ਸ਼ੇਵ ਕਰਕੇ ਆਫਟਰ ਸ਼ੇਵ ਲੋਸ਼ਨ ਤੇ ਕਰੀਮ ਲਾਉਂਦੇ ਐ। ਪੈਂਟ ਦੀ ਕਰੀਜ ਸਿੱਧੀ ਤੇ ਤਿੱਖੀ। ਮਜ਼ਾਲ ਐ ਵੱਟ ਪੈਜੇ। ਲੱਗੂ ਜਿਵੇਂ ਫੋਟੋ ਸ਼ੈਸ਼ਨ 'ਚ ਜਾਣਾ ਹੋਵੇ।" ਅਮਨ ਦਾ ਹਾਸਾ ਸੁਣਦੈ।

"ਅਮਨ ਧਿਆਨ ਰੱਖੀਏ ਡੈਡੀ ਦਾ ਕਿਤੇ ਹੱਥਾਂ 'ਚੋਂ ਈ ਨਾ ਨਿਕਲਜੇ।" ਦੋਵਾਂ ਦਾ ਹਾਸਾ ਤੇ ਹਰਕਤਾਂ ਮੇਰੇ ਕੰਨਾਂ ਨੂੰ ਸੁਣਾਈ ਦਿੱਤੀਆਂ। ਸੁਣਕੇ ਦਿਮਾਗ ਘੁੰਮ ਗਿਆ। ਜਿਵੇਂ ਪਾੜ 'ਚੋਂ ਫੜਿਆ ਗਿਆ ਹੋਵਾਂ। ਕਿੰਨਾ ਚਿਰ ਬੁਨੈਣ ਨਾਲ ਈ ਬੈਠਾ ਰਿਹਾ। ਕਮੀਜ਼ ਪੈਂਟ ਉਵੇਂ ਹੈਂਗਰ ਤੇ ਟੰਗੇ ਪੱਖੇ ਦੀ ਹਵਾ ਨਾਲ ਹਿਲਦੇ ਰਹੇ। ਹੌਂਸਲਾ ਨਹੀ ਪੈ ਰਿਹਾ ਸੀ ਤਿਆਰ ਹੋਣ ਦਾ। ਦਿਮਾਗ 'ਚ ਆਉਣ ਲੱਗਿਆ ਮੇਰੀਆਂ ਆੜੀਆਂ, ਦੋਸਤੀਆਂ ਤੇ ਮਹਿਫਿਲਾਂ ਦੇ ਕਾਰਨਾਮੇ ਜੇ ਗੈਰੀ ਦੀ ਅਦਾਲਤ 'ਚ ਪਹੁੰਚ ਗਏ। ਕੀ ਬਣੇਗਾ? ਕੀ ਫ਼ੈਸਲੇ ਹੋਣਗੇ ? ਕੀ ਜਵਾਬ ਦਿਊਂ ਦੋਵਾਂ ਦੀ ਜਿਊਰੀ ਨੂੰ? ਹੁਣ ਤਾਂ ਇਹ ਆਪਣੀ ਦਿਲ ਲਗੀ ਕਰਦੇ ਨੇ। ਭਰਮ ਟੁੱਟਣ ਮਗਰੋਂ ਕੀ ਕਰਾਂਗਾ। ਬਣਿਆ ਬਣਾਇਆ ਪਰਦਾ ਪਾਟ ਤਾਂ ਕੀ, ਲੀਰੋ ਲੀਰ ਹੋ ਜਾਵੇਗਾ।

ਜ਼ਾਰੋ-ਜ਼ਾਰ ਰੋਂਦੇ ਨੂੰ ਕਿਸੇ ਨੇ ਚੁੱਪ ਨੀਂ ਕਰਵਾਉਣਾ। ਕੁਛ ਪਲਾਂ ਮਗਰੋਂ ਸੰਭਲਦੇ ਪੈਂਟ ਕਮੀਜ਼ ਪਾ ਦਫਤਰ ਨੂੰ ਤੁਰ ਗਿਆ ਸਾਂ। ਅੱਜ ਉਸੇ ਕਮਰੇ ਅਤੇ ਘਰ ਵਿੱਚ ਟਿਕਟਿਕੀ ਲਗਾਈਂ ਬੈਠਾਂ। ਨਹਾਇਆ ਵੀ ਨਹੀਂ ਹਾਂ।

"ਡੈਡੀ ਜਦੋਂ ਤਿਆਰ ਹੋਗੇ ਨਾਸ਼ਤਾ ਕਰ ਲਿਓ। ਪਰੌਂਠਾ ਜੇ ਠੰਡਾ ਹੋਵੇ। ਮਾਈਕਰੋਵੇਵ ਯੂਜ ਕਰ ਲਿਓ। ਮੈ ਚੱਲੀ ਆਂ।"

"ਠੀਕ ਐ। ਜਾ ਕੇ ਫੋਨ ਕਰ ਦੇਣਾ।"

ਅਮਨ ਦੇ ਜਾਣ ਨਾਲ ਮਨ ਦੇ ਘੋੜੇ ਫੇਰ ਤੇਜੀ ਨਾਲ ਦੌੜਨ ਲੱਗਦੇ ਐ। ਕਿੰਨੇ ਦਿਨ ਹੋਗੇ। ਸ਼ੈਰੀ ਫੋਨ ਵੀ ਕਰਦਾ ਰਹਿੰਦੈ। ਪਰ ਉਸਦਾ ਕੱਲ ਸ਼ਾਮ ਵਾਲਾ ਫੋਨ ਮੈਨੂੰ ਹੁਣ ਤੱਕ ਕਿਧਰ ਦਾ ਕਿਧਰ ਲਈਂ ਫਿਰ ਰਿਹੈ। ਸਿੱਧਾ ਫੋਨ ਵੀ ਆ ਚੁੱਕੈ। ਗੱਲ ਹੋ ਗਈ ਐ। ਹੁਣ ਤਾਂ ਸਾਰਾ ਪ੍ਰੋਗਰਾਮ ਹੱਥ 'ਚ ਐ। ਨਾਲੇ ਇਹ ਕੋਈ ਓਪਰੀ ਪਰਾਈ ਗੱਲ ਥੋੜੋ ਰਹਿ ਗਈ ਐ। ਪੂਰੇ ਵਿਸ਼ਵਾਸ ਵਾਲੀ ਐ। ਜਿਵੇਂ ਕਹਾਂ ਉਵੇਂ ਹੀ ਹੁੰਦਾ ਹੈ। ਫਿਰ ਡਰਨ ਵਾਲੀ ਕਿਹੜੀ ਗੱਲ। ਸਰੀਰ ਪੂਰੇ ਤਾਅ ਤੇ ਤੇਜ਼ੀ 'ਚ ਆ ਗਿਐ। ਟਿਕਟਿਕੀ ਹੁਣ ਟਿਕ-ਟਿਕ ਵਿੱਚ ਬਦਲਣ ਲੱਗੀ ਐ। ਸਾਹਮਣੇ ਕੰਧ ਘੜੀ ਦੀਆਂ ਸੂਈਆਂ ਵੱਲ ਵੇਖ ਰਿਹਾਂ। ਸਕਿੰਟਾਂ ਵਾਲੀ ਸੂਈ ਤਾਂ ਛੜੱਪੇ ਮਾਰ-ਮਾਰ ਭੱਜੀ ਫਿਰਦੀ ਹੈ। ਪਰ ਘੰਟਿਆ ਵਾਲੀ ਸੂਈ ਹਿਲਦੀ ਮਸਾਂ ਐ। ਫੇਰ ਵੀ ਰਿਸਕ ਤਾਂ ਰਹੀ ਐ। ਇਕ ਦਮ ਧਿਆਨ ਆਉਂਦੈ ਹੱਥ ਮੋਬਾਇਲ ਤੇ ਜਾ ਪੈਂਦੈ। ਉਂਗਲ ਦੇ ਪੋਟਿਆਂ ਨਾਲ ਵੱਖ-ਵੱਖ ਨੰਬਰਾਂ ਨੂੰ ਦਸ ਵਾਰੀ ਦਬਾਉਨਾ। ਘੰਟੀ ਚਲ ਰਹੀ ਐ। ਦਿਲ ਦੀ ਧੜਕਨ ਵੀ ਹੋਰ ਤੇਜ਼, ਹੋ ਰਹੀ ਐ। ਅਵਾਜ਼ ਦੀ ਉਡੀਕ ਐ।

ਅਵਾਜ਼ ਵੀ ਕੰਨਾਂ ਨੂੰ ਸੁਣਨ ਲੱਗੀ ਐ।

ਹੌਲੇ ਨੂੰ ਪੁੱਛਦਾਂ, "ਕਿਥੇ ਐਂ।"

"ਜਿਥੇ ਚਾਹੋ।"

ਸੁਣਕੇ ਹੱਸਦਾ ਹਾਂ, "ਘਰੇ। ਠੀਕ ਐ।" ਕਹਿ ਫੋਨ ਬੰਦ ਕਰ ਦਿੱਤਾ ਹੈ। ਪਰ ਦਿਮਾਗ ਦੇ ਬੰਦ ਪਏ ਪੁਰਜੇ ਹੋਰ ਵੀ ਤੇਜ਼ੀ ਨਾਲ ਚੱਲਣ ਲੱਗ ਪਏ ਨੇ। ਆਲਾ ਦੁਆਲਾ ਚੈਕ ਕਰਨ ਲੱਗਾਂ। ਇਕ ਵਾਰ ਨਹੀਂ ਕਿੰਨੇ ਵਾਰ ਇਸੇ ਤਰ੍ਹਾਂ ਫੋਨ ਕਰਦਾਂ। ਮਨ ਦੀਆਂ ਤੰਦਾ ਉਧੇੜਨ ਲੱਗਦਾਂ। ਤੰਦਾਂ ਸੁਲਝਾਉਂਣ ਦੇ ਯਤਨ ਕਰਦਾਂ। ਇਸੇ ਯਤਨ 'ਚ ਬਿਜਲੀ ਕੜਕਦੀ ਐ। ਕਈ ਵਾਰ ਮੋਹਲੇਧਾਰ ਮੀਂਹ ਪੈਂਦੈ। ਅਸਮਾਨ ਸਾਫ ਹੋ ਜਾਂਦੈ। ਮੁੜਕੇ ਫੇਰ ਓਹੀ ਗਰਦਾ-ਗੁਬਾਰ ਅਸਮਾਨੀ ਚੜ੍ਹ ਜਾਂਦੈ। ਉਸ ਨੂੰ ਲਾਹੁਣ ਦੀ ਸੋਚਣ ਲੱਗਦਾਂ। ਇਸੇ ਤਰ੍ਹਾਂ ਈ ਸੋਚਾਂ ਸੋਚੀ ਜਾ ਰਿਹਾਂ। ਕੰਨ ਗੇਟ ਵੱਲ ਲੱਗੇ ਹੋਏ ਨੇ। ਕਿਹੜਾ ਵੇਲਾ ਆਵੇ ਘੰਟੀ ਵੱਜੇ। ਸੋਚਦਾ ਈ ਆਂ ਘੰਟੀ ਵੱਜਦੀ ਐ। ਗੇਟ ਹੇਠੋਂ ਦੀ ਨਿਗਾਹ ਜਾਂਦੀ ਹੈ। ਪੈਰ ਦਿਸਦੇ ਨੇ। ਸੈਂਡਲਾਂ ਦੀ ਉਹੀ ਉੱਚੀ ਹੀਲ ਦਿਸਦੀ ਐ। ਫਟਾ-ਫਟ ਗੇਟ ਖੋਲ ਅੰਦਰ ਕਰਕੇ ਗੇਟ ਬੰਦ ਕਰ ਦਿੰਨਾ।

ਤੇ ਫੇਰ ਤਾਂ ਗੱਲਾਂ-ਗੱਲਾਂ 'ਚ ਪਤਾ ਨਹੀ ਲੱਗਦਾ ਕਦੋਂ ਕੀ ਹੋ ਗਿਆ। ਹਫਦਾ ਹੋਇਆ ਬੈੱਡ ਤੇ ਵਿਛਾਈ ਚਾਦਰ ਦੀਆਂ ਸਿਲਵਟਾਂ ਠੀਕ ਕਰਦਾਂ।

ਉਹ ਸਾਹਮਣੇ ਸ਼ੀਸ਼ੇ ਮੂਹਰੇ ਵਾਲ ਸੰਵਾਰਦੀ ਕਹਿ ਰਹੀ ਐ, "ਵੇ ਤੂੰ ਐਨਾ ਕਾਹਲਾ ਨਾ ਪਿਆ ਕਰ।"

ਮੇਰੇ ਅੰਦਰ ਖਲਬਲੀ ਐ ਕਿ ਕਿਹੜੇ ਵੇਲੇ ਇਥੋਂ ਜਾਵੇ।

ਪਰਸ ਚੁੱਕ ਕੇ ਨੋਟ ਕੱਢਣ ਲਗਦਾਂ ਤਾਂ ਮੇਰਾ ਹੱਥ ਫੜ ਲਿਆ।

"ਹਰੇਕ ਵਾਰੀ ਸਰਕਾਰੀ ਫੀਸ ਵਾਂਗ ਬੱਝਵੇਂ ਦੇ ਕੇ ਤੋਰ ਦਿੰਨੈਂ। ਕਦੇ ਆਵਦਾ ਵੀ ਸਮਝਿਆ ਕਰ।"

"ਆਵਦੀ ਕਰਕੇ ਈ ਬੁਲਾਈਂ ਦੈ।"



"ਬੁਲਾਕੇ ਕਿਹੜੇ ਸਿਲਕ ਦੇ ਸੂਟ ਸਿਵਾਤੇ। ਤੈਨੂੰ ਪਤਾ ਵੀ ਐ। ਕੁੜੀ ਦਾ ਵਿਆਹ ਐ। ਤੂੰ ਪੁੱਛਿਆ ਤਕ ਨੀਂ।"

"ਲੈ ਐਨੀ ਕੁ ਗੱਲ ਐ। ਉੱਠ ਖੜ੍ਹੀ ਹੋ।" ਗੱਦਾ ਪਰ੍ਹਾਂ ਕਰ। ਮੈਂ ਬੈੱਡ ਦਾ ਢੱਕਣ ਉਤਾਂਹ ਚੱਕ ਦਿੱਤੈ।

"ਜੋ ਚੰਗਾ ਲੱਗਦੈ ਕੱਢ ਲੈ।" ਨਵਜੋਤ ਦੇ ਕਿੰਨੇ ਸੂਟ ਦਰੀਆਂ ਤੇ ਕੰਬਲ ਪਏ ਨੇ।

ਉਹ ਹਾਬੜਿਆਂ ਵਾਂਗ ਸਾਰਿਆਂ ਬੰਨੀ ਟੁੱਟਕੇ ਪਈ ਐ।

ਦੋ ਖੇਸ, ਇਕ ਕੰਬਲ ਤੇ ਦਰੀ ਉਸਦੇ ਹੱਥਾਂ 'ਚ ਨੇ। ਮੇਰੀ ਨਿਗਾਹ ਦਰੀ ਤੇ ਆ ਕੇ ਅਟਕ ਗਈ ਐ। ਇਹ ਦਰੀ ਤਾਂ ਓਹੀ ਐ ਜਿਹੜੀ ਦੇ ਨਮੂਨੇ ਔਰਤਾਂ ਲੈ-ਲੈ ਜਾਂਦੀਆ ਰਹੀਆਂ ਨੇ। ਉਸ ਉਪਰ ਰੰਗਾਂ ਵਿੱਚ ਬੁਣਿਆ ਉਸਦਾ ਨਾਂ ਪੜ੍ਹਦਾਂ ਨਵਜੋਤ !

"ਤੂੰ ਆਹ ਕੰਬਲ ਲੈਜਾ। ਦਰੀ ਦਾ ਕੀ ਕਰੇਂਗੀ ?"

"ਕਿਉਂ ?"

"ਇਹਦੇ ਤੇ ਉਹਦਾ ਨਾਂ ਬੁਣਿਐ। ਇਹ ਤੇਰੇ ਕੰਮ ਨੀਂ ਆਉਣੀ।" ਇਕ ਦਮ ਅੰਦਰੋਂ ਕੁਝ ਸੁੱਝ ਗਿਐ। ਇਹ ਕਹਿ ਉਸਤੋਂ ਦਰੀ ਫੜ ਲੈਨਾਂ।

"ਹਾਂ। ਇਹਤਾਂ ਮੈਂ ਵੇਖਿਆ ਈ ਨੀਂ ਸੀ।" ਆਖ ਉਹ ਨਿੱਕ-ਸੁੱਕ ਦੀ ਗੱਠੜੀ ਬੰਨ ਬਾਹਰ ਨਿੱਕਲ ਗਈ ਐ।

ਮੇਰੀਆਂ ਨਜ਼ਰਾਂ ਤਾਂ ਬੱਸ ਦਰੀ 'ਤੇ ਹੀ ਜੰਮ ਗਈਆਂ ਨੇ।

ਲੱਗਿਆ ਜਿਵੇਂ ਰੰਗਾਂ ਦੇ ਅੱਖਰਾਂ 'ਚੋਂ ਨਿਕਲ ਕੇ ਨਵਜੋਤ ਸਾਕਾਰ ਹੋ ਗਈ ਹੋਵੇ।

"ਕੀ ਅੰਤ ਐ !ਫੋਟ..ਸਿਆਣੇ ਬਿਆਣੇ ਓਂ ਕੋਈ ਵੇਖਦਾ ਕੀ ਕਹਿੰਦਾ। ਪਰ ਸ਼ੁਕਰ ਐ ਸਾਰੀ ਉਮਰ ਦੀਆਂ ਬੇ-ਅਕਲੀਆਂ 'ਚੋਂ ਕੋਈ ਚੱਜ ਦੀ ਗੱਲ ਤਾਂ ਕੀਤੀ।"

ਭਮੱਤਰਿਆ ਜਿਹਾ ਦਰੀ ਨੂੰ ਵਾਰ-ਵਾਰ ਛਾਤੀ ਨਾਲ ਘੁੱਟਣ ਲੱਗ ਪਿਆਂ।

**ਗਲੀ ਨੰ: 05 , ਲਿੰਕ ਰੋਡ, ਮਾਨਸਾ- 151505, ਮੋਬਾਇਲ ਨੰ: 98720-01856**


## 'ਕਹਾਣੀ ਧਾਰਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈ-ਮਾਸਿਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਭਗਵੰਤ ਰਸੂਲਪੁਰੀ |
| 4. ਕੌਮੀਅਤ | ਭਾਰਤੀ |
| 5. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| 6. ਸੰਪਾਦਕ | ਭਗਵੰਤ ਰਸੂਲਪੁਰੀ |
| 7. ਕੌਮੀਅਤ | ਭਾਰਤੀ |
| 8. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ। |

ਮੈਂ ਭਗਵੰਤ ਰਸੂਲਪੁਰੀ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਮਿਤੀ. 10 ਫਰਵਰੀ, 2015 ਦਸਤਖਤ

ਭਗਵੰਤ ਰਸੂਲਪੁਰੀ, ਪ੍ਰਕਾਸ਼ਕ

## ਕਹਾਣੀ / ਭਵਿੱਖ ਦਾ ਕਤਲ/ ਲਖਵੀਰ ਚੰਦ

ਮੈਨੂੰ ਲੱਗਿਆ ਜਿਵੇਂ ਕੋਮਲ ਕੁਝ ਕਹਿਣਾ ਚਾਹੁੰਦੀ ਹੋਵੇ। ਜਿਆਦਾਤਰ ਉਹ ਸ਼ਾਂਤ ਚਿੱਤ ਹੀ ਰਹਿੰਦੀ ਆ। ਮਤਲਬ ਦੀ ਹੀ ਗੱਲ ਕਰਦੀ ਆ, ਬਾਕੀਆਂ ਦੀ ਤਰ੍ਹਾਂ ਸਾਰੀ-ਸਾਰੀ ਦਿਹਾੜੀ ਆਲਤੂ-ਫਾਲਤੂ ਗੱਲਾਂ ਵੱਲ ਉਸਦਾ ਕੋਈ ਧਿਆਨ ਨਹੀਂ ਹੁੰਦਾ। ਕੋਮਲ ਨੂੰ ਜਦ ਵੀ ਦੇਖਦੀ ਹਾਂ ਮੈਨੂੰ ਆਪਣੀ ਕੁੜੀ 'ਅੰਮ੍ਰਿਤ' ਦਾ ਚੇਤਾ ਆ ਜਾਂਦਾ। ਮੈਂ ਕਈ ਵਾਰ ਉਸ ਨਾਲ ਗੱਲ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਇੱਕ-ਦੋ ਗੱਲਾਂ ਕਰਕੇ ਆਪਣੀਆਂ ਅੱਖਾਂ ਬੰਦ ਕਰ ਲੈਂਦੀ ਹੈ, ਜਿਵੇਂ ਆਪਣੇ ਅੰਦਰ ਦੱਬੇ ਸਮੁੰਦਰ ਦੇ ਬਾਹਰ ਆਉਣ ਤੋਂ ਡਰਦੀ ਹੋਵੇ। ਮੈਂ ਦਿਨ-ਰਾਤ ਉਸਦੇ ਵੱਲ ਵੇਖ-ਵੇਖ ਉਸ ਦੁਆਰਾ ਕੀਤੇ ਜੁਰਮ ਦਾ ਅੰਦਾਜਾ ਲਗਾਉਂਦੀ ਰਹਿੰਦੀ। ਜੇਲ੍ਹ ਦੇ ਸੁਪਰਡੰਟ ਤੋਂ ਹੀ ਪਤਾ ਲੱਗਿਆ ਕਿ ਇਸ ਉੱਤੇ ਕਤਲ ਦਾ ਇਲਜਾਮ ਆ। ਇਹ 28-29 ਕੁ ਸਾਲ ਦੀ ਕੁੜੀ ਕਿਸੇ ਦਾ ਕਤਲ ਵੀ ਕਰ ਸਕਦੀ ਏ . . .? ਫਿਰ ਖੁਦ ਹੀ ਇਸਦਾ ਜਵਾਬ ਦੇ ਦਿੰਦੀ ਹਾਂ, 'ਨਹੀਂ-ਨਹੀਂ ਇਹ ਐਨੀ ਖੂਬਸੂਰਤ, ਨਾਜ਼ੁਕ ਜਿਹੇ ਜਿਸਮ ਵਾਲੀ ਕਿਸੇ ਦਾ ਕਤਲ ਨ੍ਹੀਂ ਕਰ ਸਕਦੀ।' ਫਿਰ ਮਨ ਹੀ ਮਨ ਸੋਚਦੀ ਹਾਂ ਕਿ ਆਖਰ ਉਹ ਕਿਸ ਤਰ੍ਹਾਂ ਦੀਆਂ ਪ੍ਰਸਥਿਤੀਆਂ ਹੋਣਗੀਆ ਜਿਹਨਾ ਅਧੀਨ ਉਸਨੂੰ ਕਤਲ ਵਰਗੀ ਵਾਰਦਾਤ ਨੂੰ ਅੰਜਾਮ ਦੇਣਾ ਪਿਆ ਹੋਵੇਗਾ?

"ਆਂਟੀ ਜੀ! ਪਲੀਜ ਮੇਰਾ ਇੱਕ ਕੰਮ ਕਰ ਸਕਦੇ ਓ?"

ਅਚਾਨਕ ਕੋਮਲ ਦੀ ਆਵਾਜ਼ ਨੇ ਮੈਨੂੰ ਸੋਚਾਂ ਵਿੱਚੋਂ ਕੱਢ ਕੇ ਚੇਤਨ ਅਵਸਥਾ ਵਿੱਚ ਲੈ ਆਂਦਾ।

"ਹਾਂ-ਹਾਂ ਦੱਸ ਅੰਮ੍ਰਿਤ . . . ਓ ਮਾਫ ਕਰੀ ਮੇਰੇ ਮੂੰਹ 'ਚੋਂ ਐਵੀਂ ਨਿੱਕਲ ਗਿਆ। ਕੋਮਲ ਪੁੱਤ ਦੱਸ ਮੈਂ ਤੇਰੇ ਲਈ ਕੀ ਕਰ ਸਕਦੀ ਆ?"

"ਆਂਟੀ ਅੰਮ੍ਰਿਤ ਥੋਡੀ ਬੇਟੀ ਦਾ ਨਾਂ ਏ ਨਾ? ਉਹਦੇ ਕਤਲ ਦੀ ਸਜਾ ਤੁਸੀਂ . . .? ਚਲੋਂ ਛੱਡੋ ਮੈਂ ਵੀ ਕਿਹੜੀਆਂ ਗੱਲਾਂ ਲੈ ਕੇ ਬਹਿ ਗਈ। ਅਤੀਤ ਨੂੰ ਤਾਂ ਭੁੱਲ ਕੇ ਵੀ ਯਾਦ ਨ੍ਹੀ ਕਰਨਾ ਚਾਹੀਦਾ। ਨਾਲੇ ਜੇ ਟਾਈਮ ਮਾੜਾ ਹੋਵੇ ਆਂਟੀ ਫਿਰ ਬੰਦੇ ਤੋਂ ਕੋਈ ਵੀ ਕੰਮ ਹੋ ਸਕਦਾ ਏ।"

" .................. !!!"

"ਓ ਸੌਰੀ ਆਂਟੀ ਜੀ ਸ਼ਾਇਦ ਮੈਨੂੰ ਇਹ ਗੱਲ ਨ੍ਹੀ ਕਰਨੀ ਚਾਹੀਦੀ ਸੀ। ਪਲੀਜ ਤੁਸੀਂ ਰੋਵੋਂ ਨਾ . . . ਮੈਨੂੰ ਮਾਫ ਕਰ ਦਿਉ ਮੈਂ ਥੋਡਾ ਦਿਲ ਦੁਖਾਇਆ।"

"ਨਹੀਂ ਪੁੱਤ ਤੈਨੂੰ ਮਾਫੀ ਮੰਗਣ ਦੀ ਲੋੜ ਨ੍ਹੀ। ਬੁਰਾ ਸਮਾਂ ਯਾਦ ਕਰਕੇ ਰੋਣਾ ਤਾਂ ਆ ਹੀ ਜਾਂਦਾ ਏ। ਚੱਲ ਛੱਡ ਹੋਰ ਸੁਣਾ ਅੱਜ ਕਿਵੇਂ ਯਾਦ ਆ ਗਈ ਆਂਟੀ ਦੀ?"

" ਅਜਿਹੀ ਤਾਂ ਕੋਈ ਗੱਲ ਨ੍ਹੀ ਬਸ . . . "

"ਬਸ ਕੀ ??? ਖੁੱਲ ਕੇ ਦੱਸ ਕੀ ਚਾਹੀਦਾ ਏ ਪੁੱਤ।"

"ਆਂਟੀ ਮੈਨੂੰ ਮਜਬੂਰੀ ਵਿੱਚ ਇਹ ਗੱਲ ਕਹਿਣੀ ਪੈ ਰਹੀ ਆ ਕਿਉਂਕਿ ਸਾਰੇ ਪਾਸੇ ਟਰਾਈ ਕੀਤਾ ਕੁਝ ਨ੍ਹੀ ਬਣਿਆ। ਸੋ ਥੋਡੇ ਕੋਲ . . ."

"ਓ ਪੁੱਤਰ ਜੀ ਬੇ-ਝਿਜਕ ਹੋ ਕੇ ਕਹੋ ਕੀ ਕੰਮ ਆ?"

"ਜਿਹੜੇ ਅੰਕਲ ਥੋਨੂੰ ਮਿਲਣ ਨ੍ਹੀ ਆਉਂਦੇ, ਉਨ੍ਹਾਂ ਨੂੰ ਕਹਿ ਕੇ ਮੈਨੂੰ ਇੱਕ ਸ਼ਰਾਬ ਦੀ ਬੋਤਲ ਮੰਗਵਾ ਸਕਦੇ ਓ???"

"ਹੈਂ! ਪੁੱਤ ਤੂੰ ਆਹ ਕੀ ਮੰਗ ਰਹੀ ਆ?"



"ਪਲੀਜ ਆਂਟੀ ਐਨੇ ਹੈਰਾਨ ਨਾ ਹੋਵੋ। ਕੀ ਸ਼ਰਾਬ ਸਿਰਫ ਮਰਦਾਂ ਲਈ ਹੀ ਬਣੀ ਆ . . . ? ਨਹੀਂ ਇਹ ਤਾਂ ਸਿਰਫ ਦਰਦ ਨੂੰ ਸਹਿਣ ਕਰਨ ਦੀ ਦਵਾਈ ਆ ਦਵਾਈ। ਪਤਾ ਨ੍ਹੀਂ ਕਿਉਂ ਲੋਕਾਂ ਨੇ ਇਹਨੂੰ ਬਦਨਾਮ ਕੀਤਾ ਹੋਇਐ।"

ਐਨਾ ਕਹਿ ਮੇਰਾ ਜਵਾਬ ਸੁਣੇ ਬਿਨਾਂ ਉਹ ਆਪਣੀ ਬੈਰਕ ਵਿੱਚ ਵਾਪਸ ਚਲੀ ਗਈ। ਸੋਚਦੀ ਹਾਂ ਇਹ ਕਿਹੋ-ਜਿਹੀ ਕੁੜੀ ਏ? ਮੈਨੂੰ ਇਹਦੀ ਕੋਈ ਗੱਲ ਸਮਝ ਨਹੀਂ ਆ ਰਹੀ। ਕਈ ਵਾਰ ਪੁੱਛਣ ਦੀ ਵੀ ਕੋਸ਼ਿਸ਼ ਕੀਤੀ ਪਰ ਨਾਕਾਮ ਰਹੀ। ਮੈਂ ਸੁਣਿਆ ਏ ਕਿ ਸ਼ਰਾਬ ਪੀ ਕੇ ਬੰਦਾ ਸੱਚ ਬੋਲਣ ਲੱਗਦਾ ਹੈ ਕਿਉਂ ਨਾ ਇਹਨੂੰ ਮੰਗਵਾ ਹੀ ਦੇਵਾਂ। ਹੋ ਸਕਦਾ ਸ਼ਰਾਬ ਪੀ ਕੇ ਇਹ ਆਪਣਾ ਦੁੱਖ ਮੇਰੇ ਨਾਲ ਸਾਂਝਾ ਕਰ ਲਏ, ਕੁਝ ਤਾਂ ਇਹਦਾ ਮਨ ਹਲਕਾ ਹੋਏਗਾ। ਮੈਂ ਜਲਦੀ ਨਾਲ ਬੈਰਕ 'ਚ ਜਾ ਕੇ ਆਪਣੇ ਬੈਗ ਵਿੱਚੋਂ ਮੋਬਾਇਲ ਕੱਢਕੇ ਆਨ ਕਰਦੀ ਹਾਂ ਤੇ ਆਪਣੇ ਪਤੀ ਦਿਲਜੀਤ ਨੂੰ ਸ਼ਰਾਬ ਦੀ ਬੋਤਲ ਲਿਆਉਣ ਲਈ ਕਹਿੰਦੀ ਹਾਂ। ਪਹਿਲਾ ਤਾਂ ਉਹ ਮੇਰੀ ਇਸ ਮੰਗ ਉੱਤੇ ਹੈਰਾਨ ਹੋ ਜਾਂਦੇ ਨੇ ਪਰ ਮੇਰੇ ਇਹ ਕਹਿਣ 'ਤੇ ਕਿ ਕਿਸੇ ਨੂੰ ਚਾਹੀਦੀ ਹੈ, ਉਹ ਅਗਲੇ ਦਿਨ ਹੀ ਪਹੁੰਚਾਉਣ ਦਾ ਇਕਰਾਰ ਕਰ ਲੈਂਦੇ ਨੇ। ਉਂਝ ਤਾਂ ਇਸ ਜੇਲ ਵਿੱਚ ਰਹਿਣ ਦੇ ਬਹੁਤ ਨਿਯਮ ਨੇ ਪਰ ਲਾਗੂ ਸਿਰਫ ਗਰੀਬ ਬੰਦਿਆਂ ਉੱਤੇ ਹੀ ਹੁੰਦੇ ਨੇ। ਇਹ ਤਾਂ ਸਿਰਫ ਨਾਂ ਦੀ ਹੀ ਜੇਲ੍ਹ ਆ ਬਾਕੀ ਪੈਸੇ ਨਾਲ ਹਰ ਸਹੂਲਤ ਖ਼੍ਰੀਦੀ ਜਾ ਸਕਦੀ ਹੈ।

ਸੁਪਰਡੰਟ ਜਾਣ-ਪਹਿਚਾਣ ਦਾ ਹੋਣ ਕਰਕੇ ਮੈਂ ਕੋਮਲ ਨੂੰ ਆਪਣੀ ਬੈਰਕ ਵਿੱਚ ਸ਼ਿਫਟ ਕਰਵਾ ਲਿਆ। ਉਹ ਮੇਰੇ ਸਾਹਮਣੇ ਬੈਠੀ ਕਿਤੇ ਡੂੰਘੀਆਂ ਸੋਚਾਂ ਵਿੱਚ ਖੋਈ ਬੈਠੀ ਆ। ਇਹਨੂੰ ਖੁਸ਼ ਕਰਨ ਦੀ ਦਵਾਈ ਦਾ ਵੀ ਇੰਤਜਾਮ ਮੈਂ ਕੀਤਾ ਹੋਇਐ। ਦੇਖੂਗੀ ਤਾਂ ਖੁਸ਼ ਹੋ ਜਾਊਗੀ।. . . ਸ਼ਰਾਬ ਦੀ ਬੋਤਲ ਮੈਂ ਕੋਮਲ ਦੇ ਮੂਹਰੇ ਰੱਖ ਦਿੱਤੀ ਹੈ। ਬੋਤਲ ਰੱਖਣ ਦੇ ਖੜਾਕ ਨਾਲ ਉਸਦਾ ਧਿਆਨ ਬੋਤਲ ਵੱਲ ਜਾਂਦਾ ਹੈ। ਉਸਦਾ ਚਿਹਰਾ ਖਿੜ ਜਾਂਦਾ ਹੈ।

"ਹਾਏ ਆਂਟੀ! ਤੁਸੀਂ ਕਿੰਨੇ ਚੰਗੇ ਓ। ਮੈਂ ਤਾਂ ਥੋਨੂੰ ਐਵੇਂ . . ."

"ਬਸ-ਬਸ ਰਹਿਣ ਦੇ। ਗਲਾਸ ਚੱਕ ਤੇ ਪੀ ਲੈ ਆਪਣੇ ਦਰਦਾਂ ਦੀ ਦਵਾਈ।"

ਕੋਮਲ ਛੇਤੀ-ਛੇਤੀ ਗਲਾਸ ਤੇ ਪਾਣੀ ਦੀ ਬੋਤਲ ਭਰ ਲਿਆਉਂਦੀ ਹੈ। ਬੜ੍ਹੇ ਹੀ ਉਦਾਸ ਲਹਿਜੇ ਵਿੱਚ ਕਹਿੰਦੀ ਹੈ, "ਆਂਟੀ ਪਤਾ ਨ੍ਹੀ ਤੁਸੀਂ ਮੇਰੇ ਬਾਰੇ ਕੀ ਸੋਚ ਰਹੇ ਹੋਵੋਂਗੇ। ਮੈਂ ਸ਼ਰਾਬ ਆਪਣੀ ਮਰਜੀ ਨਾਲ ਨਹੀਂ ਬਲਕਿ ਮਰਦ ਜਾਤ ਦੀ ਦਰਿੰਦਗੀ ਤੋਂ ਛੁਟਕਾਰਾ ਪਾਉਣ ਲਈ ਪੀਂਦੀ ਹਾਂ।"

"ਮੈਂ ਕੁਝ ਸਮਝੀ ਨ੍ਹੀ?"

"ਮੈਂ ਇਹ ਕਹਿਣਾ ਚਾਹੁੰਦੀ ਹਾਂ ਆਂਟੀ ਜੀ ਕਿ ਪਹਿਲਾ ਮੈਨੂੰ ਜਬਰਦਸਤੀ ਸ਼ਰਾਬ ਪਿਲਾਈ ਜਾਂਦੀ ਸੀ, ਧੱਕਾ ਕੀਤਾ ਜਾਂਦਾ ਸੀ ਫਿਰ ਮੈਂ ਉਸ ਧੱਕੇ ਨੂੰ ਸਹਿਣ ਲਈ ਖੁਦ ਪੀਣ ਲੱਗ ਪਈ ਤੇ ਹੁਣ ਇਹ ਮੇਰੀ ਪੱਕੀ ਸਹੇਲੀ ਬਣ ਚੁੱਕੀ ਹੈ।" ਕੋਮਲ ਨੇ ਗੱਲਾਂ ਕਰਦੇ-ਕਰਦੇ ਸਟੀਲ ਦਾ ਪੂਰਾ ਗਲਾਸ ਭਰਿਆ ਤੇ ਇਕੋ ਸਾਹ ਵਿੱਚ ਪੀ ਗਈ।

"ਤੂੰ ਮੈਨੂੰ ਇੱਕ ਚੰਗੇ ਪਰਿਵਾਰ ਵਿੱਚੋਂ ਲੱਗਦੀ ਏ। ਤੇਰਾ ਮਾਸੂਮ ਚਿਹਰਾ ਤੇਰੇ ਉੱਤੇ ਲੱਗੇ ਕਤਲ ਦੇ ਕਲੰਕ ਨੂੰ ਝੂਠਲਾ ਰਿਹਾ ਪ੍ਰਤੀਤ ਹੁੰਦੈ। . . . ਨਾ ਤੈਨੂੰ ਕੋਈ ਮਿਲਣ ਆਉਂਦਾ?" ਮੈਂ ਕੋਮਲ ਦੇ ਗਲਾਸ ਵਿੱਚ ਸ਼ਰਾਬ ਪਾਉਂਦਿਆ ਸਵਾਲ ਕੀਤਾ।

"ਬੰਦਾ ਤਾਂ ਕੁਝ ਵੀ ਨ੍ਹੀ ਕਰਦਾ ਆਂਟੀ ਇਹ ਮਾੜੀਆਂ ਪ੍ਰਸਥਿਤੀਆਂ ਹੀ ਬੰਦੇ ਤੋਂ ਉਹ ਸਭ ਕੁਝ ਕਰਵਾ ਦਿੰਦੀਆਂ ਨੇ ਜਿਨ੍ਹਾਂ ਬਾਰੇ ਅਸੀਂ ਕਦੇ ਕੁਝ ਸੋਚਿਆ ਵੀ ਨਹੀਂ ਹੁੰਦਾ। ਨਾਲੇ ਕੋਈ ਬੱਚਾ ਮਾਂ ਦੇ ਪੇਟ ਵਿੱਚੋਂ ਹੀ ਚੰਗਾਂ-ਮਾੜਾ ਨਹੀਂ ਹੁੰਦਾ, ਇਨਸਾਨ ਹੀ ਉਸਨੂੰ ਚੰਗਾ-ਮਾੜਾ ਬਣਾਉਂਦਾ ਏ।"

ਜਿਵੇਂ-ਜਿਵੇਂ ਕੋਮਲ ਉੱਤੇ ਨਸ਼ਾ ਹਾਵੀ ਹੁੰਦਾ ਜਾ ਰਿਹਾ ਸੀ ਉਵੇਂ-ਉਵੇਂ ਹੀ ਉਹ ਆਪਣਾ ਅਤੀਤ ਮੇਰੇ

ਸਾਹਮਣੇ ਪਰੋਸੀ ਜਾ ਰਹੀ ਸੀ।ਨੀਮ-ਬੇਹੋਸ਼ੀ ਜਿਹੀ ਹਾਲਤ 'ਚ ਉਸਨੇ ਆਪਣੀ ਹੱਡ-ਬੀਤੀ ਸੁਣਾਉਣੀ ਸ਼ੁਰੂ ਕਰ ਦਿੱਤੀ।

'ਮੈਂ ਜੱਲ੍ਹੇ ਪਿੰਡ 'ਚੋਂ ਦੱਸਵੀਂ ਕਰ ਲਈ ਸੀ ਤੇ ਗਿਆਰਵੀ ਕਲਾਸ ਵਿੱਚ ਸਰਹਿੰਦ ਦਾਖਲ ਹੋ ਗਈ।ਮੈਂ ਸਕੂਲ ਆਪਣੀਆਂ ਸਹੇਲੀਆਂ ਨਾਲ ਸਾਈਕਲ ਉੱਤੇ ਜਾਂਦੀ ਸੀ।ਸਕੂਲ ਤੋਂ ਥੋੜ੍ਹਾ ਪਹਿਲਾ ਇੱਕ ਮੈਡੀਕਲ ਸਟੋਰ ਸੀ।ਉਸ ਮੈਡੀਕਲ ਸਟੋਰ ਦੇ ਮੂਹਰੇ ਰੋਜ ਇੱਕ ਮੁੰਡਾ ਖੜਾ ਮੇਰੇ ਵੱਲ ਟਿਕ-ਟਿਕੀ ਲਗਾ ਕੇ ਦੇਖਦਾ ਰਹਿੰਦਾ। ਇੱਕ ਦੋ ਮਹੀਨੇ ਐਦਾ ਹੀ ਚੱਲਦਾ ਰਿਹਾ।ਫਿਰ ਉਸਨੇ ਮੈਨੂੰ ਸਤਿ ਸ਼੍ਰੀ ਅਕਾਲ ਬੁਲਾਉਣੀ ਸ਼ੁਰੂ ਕਰ ਦਿੱਤੀ।ਮੈਂ ਮੂੰਹ ਪਰ੍ਹਾ ਕਰਕੇ ਲੰਘ ਜਾਂਦੀ।ਇਹ ਸਿਲਸਿਲਾ ਲਗਾਤਾਰ ਜਾਰੀ ਰਿਹਾ। . . .ਇੱਕ ਦਿਨ ਉਹ ਲੜਕਾ ਮੈਨੂੰ ਨੇੜੇ-ਤੇੜੇ ਕਿਤੇ ਵੀ ਦਿਖਾਈ ਨਾ ਦਿੱਤਾ।ਮੈਂ ਸਾਈਕਲ ਰੋਕ ਕੇ ਜਦ ਪਿੱਛੇ ਮੁੜ ਕੇ ਦੇਖਿਆ ਤਾਂ ਪਤਾ ਨ੍ਹੀ ਉਹ ਕਿੱਥੋ ਪ੍ਰਗਟ ਹੋ ਗਿਆ ਤੇ ਉਸਨੇ ਮੇਰੇ ਹੱਥ ਵਿੱਚ ਮੋਬਾਇਲ ਤੇ ਇੱਕ ਪਰਚੀ ਜਿਸ ਉੱਤੇ ਉਸਦਾ ਨਾਂ 'ਰਮਨ' ਲਿਖਿਆ ਹੋਇਆ ਸੀ, ਫੜਾ ਦਿੱਤੀ।ਮੈਂ ਸ਼ਰਮ ਨਾਲ ਪਾਣੀ-ਪਾਣੀ ਹੋ ਗਈ।ਉੱਥੋਂ ਜਲਦੀ ਸਾਈਕਲ ਭਜਾ ਕੇ ਸਕੂਲ ਵੜੀ।ਮੋਬਾਇਲ ਮੈਂ ਆਪਣੇ ਬੈਗ ਵਿੱਚ ਹੀ ਲੁਕੋ ਲਿਆ ਸੀ।ਮੈਨੂੰ ਮੋਬਾਇਲ ਦੀ ਬਹੁਤ ਖੁਸ਼ੀ ਸੀ।ਘਰ ਜਾ ਕੇ ਚੋਰੀ-ਚੋਰੀ ਮੋਬਾਇਲ ਵੇਖਦੀ ਰਹਿੰਦੀ।ਮੈਂ ਰਮਨ ਦੇ ਫੋਨ ਦਾ ਇੰਤਜਾਰ ਕਰਨ ਲੱਗੀ।ਦੋ ਕੁ ਦਿਨਾਂ ਬਾਅਦ ਉਸਨੇ ਫੋਨ ਕੀਤਾ।ਉਸਨੇ ਦੱਸਿਆ ਕਿ ਉਹ ਸਰਹਿੰਦ ਆਪਣੀ ਭੂਆ ਕੋਲ ਰਹਿੰਦਾ ਹੈ।ਉਸਦਾ ਘਰ ਹਰਿਆਣੇ ਵਿੱਚ ਹੈ। ਇਸ ਤਰ੍ਹਾਂ ਸਾਡੀ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਦੋ ਸਾਲ ਤਾਂ ਅਸੀਂ ਇਸੇ ਤਰ੍ਹਾਂ ਫੋਨ 'ਤੇ ਗੱਲਾਂ ਕਰਦੇ ਰਹੇ।ਰਮਨ ਮੈਨੂੰ ਬਾਹਰ ਮਿਲਣ ਦੀ ਜਿੱਦ ਵੀ ਕਰਦਾ ਪਰ ਮੈਂ ਡਰਦੇ ਮਾਰੇ ਮਨ੍ਹਾ ਕਰ ਦਿੰਦੀ।ਉਹ ਇੱਕ-ਦੋ ਦਿਨ ਗੁੱਸੇ ਹੁੰਦਾ ਫਿਰ ਤੀਜੇ ਦਿਨ ਖੁਦ ਹੀ ਸੌਰੀ ਫੀਲ ਕਰ ਲੈਂਦਾ।ਬਾਰਵੀਂ ਕਰਕੇ ਮੈਂ ਆਪਣੀ ਐਡਮਿਸ਼ਨ ਪਟਿਆਲੇ ਦੇ ਕਾਲਜ ਵਿੱਚ ਕਰਾ ਦਿੱਤੀ।ਹੁਣ ਤਾਂ ਘਰਦਿਆ ਨੇ ਹੀ ਮੈਨੂੰ ਮੋਬਾਇਲ ਲੈ ਕੇ ਦੇ ਦਿੱਤਾ ਸੀ, ਸੋ ਗੱਲ ਕਰਨੀ ਹੋਰ ਵੀ ਸੁਖਾਲੀ ਹੋ ਗਈ।ਇੱਕ ਦਿਨ ਮੈਂ ਕਾਲਜ ਦੀ ਕੰਟੀਨ ਵਿੱਚ ਆਪਣੀ ਸਹੇਲੀ ਨਾਲ ਚਾਹ ਪੀ ਰਹੀ ਸੀ ਕਿ ਰਮਨ ਦਾ ਫੋਨ ਆ ਗਿਆ।ਉਸਨੇ ਮੈਨੂੰ ਕਾਲਜ ਦੇ ਗੇਟ ਮੂਹਰੇ ਆਉਣ ਲਈ ਕਿਹਾ।ਜਦ ਮੈਂ ਕਾਲਜ ਦੇ ਬਾਹਰ ਗਈ ਤਾਂ ਉਹ ਗੱਡੀ ਵਿੱਚ ਬੈਠਾ ਸੀ।ਉਸਨੇ ਦੂਰੋਂ ਹੀ ਗੱਡੀ ਵਿੱਚ ਬੈਠਣ ਦਾ ਇਸ਼ਾਰਾ ਕੀਤਾ।ਮੈਂ ਬੈਠ ਗਈ।"ਹੈਪੀ ਬਰਥਡੇ ਕੋਮਲ!" ਕਹਿ ਉਸਨੇ ਮੈਨੂੰ ਗਿਫਟ ਪੇਸ਼ ਕੀਤਾ।

"ਓ ਥੋਨੂੰ ਯਾਦ ਆ ਮੇਰਾ ਬਰਥਡੇ? . . .ਥੈਂਕਯੂ ਸੋ ਮੱਚ।"

"ਲਉ ਦੱਸੋ ਐਨਾ ਖਾਸ ਦਿਨ ਭਲਾ ਕੋਈ ਭੁੱਲ ਸਕਦਾ? ਕੋਮਲ ਮੈਂ ਅੱਜ ਤੇਰੇ ਬਰਥਡੇ ਦੀ ਹੋਟਲ ਵਿੱਚ ਛੋਟੀ ਜਿਹੀ ਪਾਰਟੀ ਰੱਖੀ ਆ।"

"ਨਹੀਂ ਰਮਨ ਆਪਾ ਕਿਸੇ ਹੋਟਲ-ਵੋਟਲ ਵਿੱਚ ਨਹੀਂ ਜਾਣਾ।ਇੱਥੇ ਹੀ ਕਿਸੇ ਬੇਕਰੀ ਸ਼ਾਪ 'ਤੇ ਪਾਰਟੀ ਕਰ ਲੈਣੇ ਆ।"

"ਮੈਂ ਹੋਟਲ 'ਚ ਰੂਮ ਬੁੱਕ ਕਰਵਾਇਆ ਹੋਇਐ।ਨਾਲੇ ਮੇਰਾ ਦੋਸਤ ਤੇ ਉਹਦੀ ਵਾਈਫ ਵੀ ਆ ਰਹੇ ਨੇ ਪਾਰਟੀ 'ਚ ਸ਼ਾਮਿਲ ਹੋਣ ਲਈ।"

"ਰਮਨ ਇੱਕ ਵਾਰ ਮੈਥੋਂ ਪੁੱਛ ਤਾਂ ਲੈਣਾ ਸੀ।"

ਮੈਂ ਅਣਮੰਨੇ ਜਿਹੇ ਮਨ ਨਾਲ ਰਮਨ ਨਾਲ ਚੱਲ ਪਈ।ਕਮਰਾ ਬਹੁਤ ਵਧੀਆ ਸਜਾਇਆ ਹੋਇਆ ਸੀ। ਟੇਬਲ 'ਤੇ ਕੇਕ ਪਿਆ ਸੀ।ਮੈਂ ਰਮਨ ਨੂੰ ਉਸਦੇ ਦੋਸਤ ਤੇ ਉਸਦੀ ਵਾਈਫ ਬਾਰੇ ਪੁੱਛਿਆ।'ਉਹ ਵੀ ਆ ਜਾਣਗੇ ਪਹਿਲਾਂ ਆਪਾ ਪਾਰਟੀ ਇਨਜੁਆਏ ਤਾਂ ਕਰ ਲਈਏ।' ਐਨਾ ਕਹਿ ਉਹਨੇ ਕਮਰਾ ਲਾਕ ਕਰ ਦਿੱਤਾ।ਮੈਂ ਕਮਰੇ ਵਿੱਚੋਂ ਬਾਹਰ ਜਾਣ ਦੀ ਜਿੱਦ ਕੀਤੀ ਪਰ ਉਸਨੇ ਇਹ ਕਹਿ ਕੇ ਮੈਨੂੰ ਆਪਣੇ ਹੱਥਾਂ ਵਿੱਚ ਜਕੜ ਲਿਆ ਕਿ



ਕਮਰਾ ਤਾਂ ਹੁਣ ਉਸਦੀ ਮਰਜੀ ਨਾਲ ਹੀ ਖੁਲੇਗਾ।ਮੈਂ ਰਮਨ ਦੀਆਂ ਬਹੁਤ ਮਿੰਨਤਾਂ ਕੀਤੀਆਂ।ਬਹੁਤ ਰੋਈ ਪਰ ਉਸ ਉੱਤੇ ਕੋਈ ਅਸਰ ਨਾ ਹੋਇਆ।ਉਧਰ ਘਰ ਲੇਟ ਹੋਣ ਦੇ ਡਰੋ ਮੈਂ ਉਸਦੇ ਸਖਤ ਹੱਥਾਂ ਸਾਹਮਣੇ ਆਪਣੇ ਨਰਮ ਹੱਥਾਂ ਦੀ ਪਕੜ ਢਿੱਲੀ ਕਰ ਦਿੱਤੀ।ਬਸ ਫਿਰ ਜਿਸ ਦਾ ਡਰ ਸੀ ਉਹੀ ਹੋਇਆ।ਜਾਣ ਲੱਗੇ ਉਹ ਮੇਰੇ ਪੈਰਾਂ ਵਿੱਚ ਬੈਠ ਕੇ ਰੋਣ ਲੱਗ ਪਿਆ।ਅਖੇ 'ਮੈਥੋ ਗ਼ਲਤੀ ਹੋ ਗਈ ਜੋ ਤੇਰੇ ਨਾਲ . . .।ਮੈਨੂੰ ਇਸ ਤਰ੍ਹਾਂ ਧੱਕਾ ਨ੍ਹੀ ਕਰਨਾ ਚਾਹੀਦਾ ਸੀ ਪਰ ਮੈਂ ਕੀ ਕਰਾਂ ਮੈਂ ਤੈਨੂੰ ਪਿਆਰ ਹੀ ਐਨਾ ਕਰਦਾ ਏ।ਇਹ ਜੋ ਵੀ ਹੋਇਆ ਬਸ ਮੈਨੂੰ ਕੁਝ ਨ੍ਹੀ ਪਤਾ ਲੱਗਿਆ ਸਭ ਤੇਰੇ ਪਿਆਰ ਕਰਕੇ ਹੀ ਹੋਇਆ।ਪਲੀਜ ਕੋਮਲ ਮੈਨੂੰ ਮਾਫ ਕਰ ਦੇ।' ਜਿੰਨਾ ਚਿਰ ਮੈਂ ਉਸਨੂੰ ਮੂੰਹੋਂ ਮਾਫ ਨ੍ਹੀ ਕਰਿਆ ਓਨ੍ਹਾਂ ਚਿਰ ਉਹ ਮੇਰੇ ਪੈਰ੍ਹਾਂ ਕੋਲ ਹੀ ਪਿਆ ਰਿਹਾ।ਮੈਂ ਬੇਵਕੂਫ ਫਿਰ ਉਸਦੀਆਂ ਗੱਲਾਂ ਵਿੱਚ ਆ ਗਈ।ਉਧਰ ਮੇਰੇ ਘਰਦਿਆ ਨੇ ਮੇਰੇ ਰਿਸ਼ਤੇ ਦੀ ਗੱਲ ਪੱਕੀ ਕਰ ਦਿੱਤੀ।ਮੈਂ ਬਹੁਤ ਸਮਝਾਇਆ ਕਿ ਹਾਲੇ ਪੜ੍ਹਾਈ ਅਧੂਰੀ ਪਈ ਆ ਪਰ ਮੁੰਡੇ ਦੇ ਵਧੀਆ ਘਰ-ਬਾਰ ਸਾਹਮਣੇ ਮੇਰੀਆਂ ਇਛਾਵਾਂ ਦੱਬ ਕੇ ਰਹਿ ਗਈਆ।ਮੇਰੀ ਰੋਕ ਕਰ ਦਿੱਤੀ ਗਈ ਤੇ ਵਿਆਹ ਦਾ ਦਿਨ ਵੀ ਨਿਯਤ ਕਰ ਦਿੱਤਾ ਗਿਆ।ਮੇਰੇ ਦਿਲ-ਦਿਮਾਗ ਉੱਤੇ ਰਮਨ ਹੀ ਛਾਇਆ ਹੋਇਆ ਸੀ।ਜਿਸ ਨੂੰ ਆਪਣਾ ਆਪ ਪੂਰੀ ਤਰ੍ਹਾਂ ਸੌਂਪ ਦਿੱਤਾ ਜਾਵੇ ਫਿਰ ਉਸ ਬਿਨ੍ਹਾਂ ਜ਼ਿੰਦਗੀ ਜਿਉਣੀ ਬੋਝ ਜਿਹੀ ਲੱਗਦੀ ਹੈ।

ਮੈਂ ਰਮਨ ਨੂੰ ਸਾਰੀ ਗੱਲਬਾਤ ਦੱਸੀਂ।ਉਸਨੇ ਜ਼ਹਿਰ ਖਾਣ ਦੀ ਧਮਕੀ ਦਿੱਤੀ।ਮੈਨੂੰ ਵੀ ਯਕੀਨ ਆ ਗਿਆ ਕਿ ਜੇਕਰ ਸਾਡਾ ਵਿਆਹ ਨਾ ਹੋ ਸਕਿਆ ਤਾਂ ਰਮਨ ਸੁਸਾਈਡ ਕਰ ਲਏਗਾ।ਉਸਨੇ ਘਰੋਂ ਭੱਜ ਕੇ ਕੁਝ ਦਿਨ ਹਿਮਾਚਲ ਰਹਿਣ ਅਤੇ ਫਿਰ ਆਪਣੇ ਘਰ ਹਰਿਆਣੇ ਵਿੱਚ ਜਾਣ ਦੀ ਸਕੀਮ ਘੜੀ।ਮੈਂ ਉਸਨੂੰ ਹਰਿਆਣੇ ਉਸਦੇ ਘਰ ਜਾਣ ਬਾਰੇ ਜਿੱਦ ਕੀਤੀ ਤਾਂ ਉਸਨੇ ਇਹ ਕਹਿ ਕੇ ਟਾਲ ਦਿੱਤਾ, 'ਘਰੋ ਭੱਜਣ ਸਾਰ ਪੁਲਿਸ ਪਹਿਲਾਂ ਸਾਡੇ ਘਰ ਹੀ ਜਾਵੇਗੀ ਸੋ ਆਪਾਂ ਕੁਝ ਸਮਾਂ ਹਿਮਾਚਲ ਰਹਿ ਕੇ ਜਦ ਮਾਮਲਾ ਠੰਡਾ ਹੋਏਗਾ ਉਦੋ ਘਰ ਵਾਪਸ ਜਾਵਾਂਗੇ।' ਇਸ ਤਰ੍ਹਾਂ ਅਸੀਂ ਘਰੋਂ ਭੱਜਣ ਦਾ ਫੈਸਲਾ ਕਰ ਲਿਆ ਅਤੇ ਮਿੱਥੀ ਤਾਰੀਕ ਨੂੰ ਘਰੋਂ ਭੱਜ ਨਿਕਲੇ। ਰਮਨ ਮੈਨੂੰ ਹਿਮਾਚਲ ਦੇ ਮੰਡੀ ਕਸਬੇ ਵਿੱਚ ਲੈ ਗਿਆ।ਜਿਵੇਂ ਉਹ ਕਹੀ ਗਿਆ ਮੈਂ ਉਸ ਉੱਤੇ ਵਿਸ਼ਵਾਸ ਕਰਕੇ ਉਦਾ ਹੀ ਮੰਨੀ ਗਈ।

ਇੱਕ ਸ਼ਾਮ ਮੈਂ ਖਾਣੇ ਦੀ ਤਿਆਰੀ ਕਰ ਰਹੀ ਸੀ ਕਿ ਰਮਨ ਕਾਹਲੀ-ਕਾਹਲੀ ਵਿੱਚ ਆਇਆ ਤੇ ਮੈਨੂੰ ਤਿਆਰ ਹੋਣ ਲਈ ਕਿਹਾ।ਮੇਰੇ ਪੁੱਛਣ 'ਤੇ ਕਹਿੰਦਾ,

"ਇੱਕ ਨਵਾਂ ਮਕਾਨ ਦੇਖਿਆ ਏ।ਜੇ ਪਸੰਦ ਆ ਗਿਆ ਤਾਂ ਖ੍ਰੀਦ ਲਵਾਂਗੇ।ਬਸ ਇੱਕ ਵਾਰ ਦੇਖ ਲੈ ਤੈਨੂੰ ਪਸੰਦ ਵੀ ਆ।"

"ਪਰ ਆਪਾਂ ਮਕਾਨ ਕਿਉਂ ਖ੍ਰੀਦਣਾ ਤੇ ਆਪਣੇ ਘਰ ਕਦੋਂ ਜਾਵਾਂਗੇ???"

"ਕੋਮਲ ਮੈਨੂੰ ਮੇਰੇ ਦੋਸਤ ਤੋਂ ਪਤਾ ਲੱਗਿਆ ਕਿ ਪਾਪਾ ਨੇ ਮੈਨੂੰ ਬੇਦਖਲ ਕਰ ਦਿੱਤਾ ਏ।ਸੋ ਹੁਣ ਘਰ ਜਾਣ ਦਾ ਰਸਤਾ ਵੀ ਬੰਦ ਹੋ ਗਿਆ।ਮਕਾਨ ਵਧੀਆ ਤੇ ਠੀਕ ਰੇਟ 'ਚ ਮਿਲ ਰਿਹਾ ਏ।ਪੈਸਿਆ ਦਾ ਪ੍ਰਬੰਧ ਮੈਂ ਔਖੇ-ਸੌਖੇ ਕਰ ਲਵਾਂਗਾ।"

"ਰਮਨ ਇਹ ਸਭ ਕੀ ਹੋ ਰਿਹਾ ਏ??? ਤੁਸੀਂ ਕੀ ਕਿਹਾ ਸੀ ਤੇ ਹੁਣ ਕੀ ਕਰ ਰਹੇ ਓ?"

"ਕੋਮਲ ਮੈਂ ਵੀ ਹੁਣ ਕੀ ਕਰ ਸਕਦਾ ਏ? . . .ਚੱਲ ਛੱਡ ਹੁਣ ਜੋ ਹੋਣਾ ਸੀ ਉਹ ਹੋ ਗਿਆ।ਜਲਦੀ ਨਾਲ ਤਿਆਰ ਹੋ ਜਾ।"

"ਕੱਲ੍ਹ ਦੇਖ ਆਵਾਂਗੇ ਫਿਰ???"

"ਐਨਾ ਟਾਈਮ ਨ੍ਹੀ ਆਪਣੇ ਕੋਲ।ਇੱਕ ਹੋਰ ਬੰਦਾ ਉਸ ਮਕਾਨ ਨੂੰ ਲੈਣ ਲਈ ਫਿਰਦਾ।ਕਿਤੇ ਆਪਾਂ ਇਹ ਸੌਦਾ ਹੱਥੋਂ ਨਾ ਗਵਾ ਲਈਏ।"

ਇਸ ਤਰ੍ਹਾਂ ਮੈਂ ਮਕਾਨ ਦੇਖਣ ਦੇ ਇਰਾਦੇ ਨਾਲ ਜਾਣ ਲਈ ਤਿਆਰ ਹੋ ਗਈ। 20-22 ਕੁ ਮੀਲ ਅੱਗੇ ਜਾ ਕੇ ਉਸਨੇ ਇੱਕ ਢਾਬੇ ਕੋਲ ਗੱਡੀ ਰੋਕ ਲਈ। ਮੈਂ ਕਾਰਨ ਪੁੱਛਿਆ ਤਾਂ ਕਹਿੰਦਾ ਬੜੀ ਭੁੱਖ ਲੱਗੀ ਹੋਈ ਆ ਪਹਿਲਾਂ ਰੋਟੀ ਖਾ ਚੱਲੀਏ। ਅਸੀਂ ਅੰਦਰ ਟੇਬਲ 'ਤੇ ਬੈਠ ਗਏ। ਰਮਨ ਢਾਬੇ ਦੇ ਮਾਲਕ ਕੋਲ ਕਾਫੀ ਦੇਰ ਤੱਕ ਖੜ੍ਹਾ ਬਹਿਸ ਜਿਹੀ ਕਰੀ ਜਾਵੇ। ਮੈਨੂੰ ਕੁਝ ਸਮਝ ਜਿਹੀ ਨਾ ਪਵੇ। ਮੇਰਾ ਦਿਲ ਬਹੁਤ ਘਬਰਾ ਰਿਹਾ ਸੀ। ਫਿਰ ਰਮਨ ਢਾਬੇ ਤੋਂ ਬਾਹਰ ਚਲਾ ਗਿਆ। ਮੈਂ ਸੋਚਿਆ ਸ਼ਾਇਦ ਬਾਥਰੂਮ ਗਿਆ ਹੋਣੈ। ਕੁਝ ਦੇਰ ਬਾਅਦ ਢਾਬੇ ਦਾ ਮਾਲਕ ਤੇ ਇੱਕ ਹੋਰ ਬੰਦਾ ਮੇਰੇ ਕੋਲ ਟੇਬਲ 'ਤੇ ਆ ਕੇ ਬੈਠ ਗਏ। ਮੈਂ ਉੱਥੋਂ ਉਠਣ ਲੱਗੀ ਤਾਂ ਉਸਨੇ ਮੇਰਾ ਹੱਥ ਫੜ ਕੇ ਬੈਠੇ ਰਹਿਣ ਲਈ ਕਿਹਾ। ਮੈਂ ਬਹੁਤ ਘਬਰਾ ਗਈ। ਇਸ ਤੋਂ ਬਾਅਦ ਜੋ ਮੈਨੂੰ ਉਸ ਬੰਦੇ ਨੇ ਦੱਸਿਆ ਮੇਰੇ ਤਾਂ ਪੈਰਾਂ ਹੇਠੋਂ ਜਮੀਨ ਹੀ ਨਿੱਕਲ ਗਈ,

"ਮੈਡਮ ਜੀ ਅਬ ਤੁਮਾਰਾ ਬਸੇਰਾ ਇਧਰ ਹੀ ਹੋਗਾ।"

"ਕੀ ਮਤਲਬ ਆ ਥੋਡਾ?"

"ਮਤਲਬ ਸਮਝਣਾ ਹੈ ਤੁਮਹੇ। ਤੋ ਸੁਣੋ. . . ਜੋ ਆਦਮੀ ਤੁਮਾਹਰੇ ਸਾਥ ਆਇਆ ਥਾ ਵੋ ਤੁਮਹੇ ਪਚਾਸ ਹਜਾਰ ਮੇਂ ਵੇਚ ਗਿਆ ਹੈ।"

"ਨਹੀਂ ਰਮਨ ਐਦਾ ਕਿਵੇਂ ਕਰ ਸਕਦਾ ਏ?"

"ਅਰੀ ਮੈਡਮ ਜੀ ਵੋ ਤੋ ਪਿਛਲੇ ਚਾਰ ਸਾਲੋ ਸੇ ਜੇਹੀ ਧੰਦਾ ਕਰ ਰਹਾ ਹੈ। ਲੜਕੀਆਂ ਵੇਚਣੇ ਕਾ।"

ਮੈਂ ਉਸ ਵੇਲੇ ਬਹੁਤ ਰੋਈ-ਕੁਰਲਾਈ ਪਰ ਉਨ੍ਹਾਂ ਜਾਲਮਾਂ ਉੱਤੇ ਮੇਰੇ ਹੰਝੂਆਂ ਦਾ ਕੀ ਅਸਰ ਹੋਣਾ ਸੀ। ਉਸ ਢਾਬੇ ਦੇ ਪਿਛਲੇ ਪਾਸੇ ਛੋਟੇ-ਛੋਟੇ ਪੰਜ-ਛੇ ਕਮਰੇ ਬਣੇ ਹੋਏ ਸੀ, ਉਨ੍ਹਾਂ ਨੇ ਮੈਨੂੰ ਉੱਥੇ ਬੰਦ ਕਰ ਦਿੱਤਾ। ਪਹਿਲੀ ਹੀ ਰਾਤ ਢਾਬੇ ਦੇ ਮਾਲਕ ਨੇ ਮੇਰੇ ਨਾਲ ਜਬਰਸਦਤੀ ਕੀਤੀ। ਮੈਂ ਸਾਰੀ ਰਾਤ ਇੱਕ ਖਿਡਾਉਣੇ ਵਾਂਗ ਉਸਦੇ ਮਨਪ੍ਰਚਾਵੇ ਦਾ ਸਾਧਨ ਬਣੀ ਰਹੀ। ਅਗਲੀ ਰਾਤ ਢਾਬੇ ਵਾਲੇ ਦੇ ਨਾਲ ਦੋ ਹੋਰ ਆਦਮੀ ਸਨ। ਮੈਂ ਉਨ੍ਹਾਂ ਨੂੰ ਦੇਖ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆ ਪਰ ਉਨ੍ਹਾਂ ਪੱਥਰ ਦਿਲ ਇਨਸਾਨਾਂ 'ਤੇ ਮੇਰੀਆਂ ਚੀਕਾਂ ਦਾ ਕੀ ਅਸਰ ਹੋਣਾ ਸੀ? ਉਨ੍ਹਾਂ ਆਦਮੀਆਂ ਨੇ ਮੈਨੂੰ ਆਪਣੀਆਂ ਬਾਹਵਾਂ ਵਿੱਚ ਜਕੜ ਲਿਆ। ਢਾਬੇ ਦੇ ਮਾਲਕ ਨੇ ਮੇਰੇ ਮੂੰਹ ਨੂੰ ਸ਼ਰਾਬ ਦੀ ਬੋਤਲ ਲਗਾ ਦਿੱਤੀ। ਜਦ ਤੱਕ ਬੋਤਲ ਅੱਧੀ ਮੇਰੇ ਅੰਦਰ ਨਾ ਚਲੀ ਗਈ ਉਸਨੇ ਬੋਤਲ ਮੂੰਹ 'ਚੋ ਨਾ ਕੱਢੀ। ਉਸ ਰਾਤ ਉਨ੍ਹਾਂ ਦਰਿੰਦਿਆ ਨੇ ਜੋ ਮੇਰੇ ਨਾਲ ਕੀਤਾ ਉਸ ਬਾਰੇ ਸੋਚ ਕੇ ਤਾਂ ਅੱਜ ਵੀ ਮੇਰੇ ਰੌਂਗਟੇ ਖੜ੍ਹੇ ਹੋ ਜਾਂਦੇ ਨੇ। ਸਵੇਰ ਤੱਕ ਉਨ੍ਹਾਂ ਵਹਿਸ਼ੀ ਦਰਿੰਦਿਆਂ ਨੇ ਮੇਰੇ ਨਾਲ ਅਜਿਹੀ ਗੰਦੀ ਖੇਡ ਖੇਡੀ ਕਿ ਮੈਨੂੰ ਲਹੂ ਲਹਾਣ ਕਰਕੇ ਰੱਖ ਦਿੱਤਾ। ਪੂਰਾ ਇੱਕ ਹਫਤਾ ਮੇਰੀਆਂ ਚੀਕਾਂ ਇੱਕ ਮਿੰਟ ਲਈ ਵੀ ਬੰਦ ਨਾ ਹੋਈਆਂ, ਪੂਰੇ ਸਰੀਰ ਉੱਤੇ ਜ਼ਖ਼ਮ ਹੀ ਜ਼ਖ਼ਮ ਦਿਖਾਈ ਦੇ ਰਹੇ ਸੀ। ਮੈਂ ਆਪਣੇ ਘਰ ਨੂੰ, ਮਾਂ-ਬਾਪ ਨੂੰ ਯਾਦ ਕਰ-ਕਰ ਰੋਈ ਜਾਂਦੀ ਤੇ ਉਸ ਵੇਲੇ ਨੂੰ ਪਛਤਾਉਂਦੀ ਜਦ ਉਸ ਕਮੀਨੇ ਰਮਨ ਦੀਆਂ ਗੱਲਾਂ ਵਿੱਚ ਆ ਕੇ ਆਪਣੇ ਭਵਿੱਖ ਨੂੰ ਕਤਲ ਕਰ ਬੈਠੀ ਸੀ। ਪਹਿਲਾਂ ਰਮਨ ਮੇਰੇ ਜਿਸਮ ਤੇ ਆਤਮਾ ਨਾਲ ਖੇਡਦਾ ਰਿਹਾ ਤੇ ਹੁਣ . . . ਹੁਣ ਤਾਂ ਕੋਈ ਗਿਣਤੀ ਹੀ ਨਹੀਂ ਸੀ। ਸ਼ਰਾਬ ਮੇਰੀ ਆਦਤ ਬਣ ਗਈ ਸੀ।

ਮੈਂ ਤਾਂ ਆਪਣੇ ਭਵਿੱਖ ਦਾ ਅੰਦਾਜਾ ਲਗਾ ਚੁੱਕੀ ਸੀ ਪਰ ਇੱਕ ਦਿਨ ਅਚਾਨਕ ਉਹ ਕੁਝ ਹੋਇਆ ਜਿਸ ਬਾਰੇ ਮੈਂ ਸੋਚਿਆ ਤੱਕ ਨਹੀਂ ਸੀ। ਢਾਬੇ ਦਾ ਮਾਲਕ ਇੱਕ ਅੱਧਖੜ੍ਹ ਜਿਹੀ ਉਮਰ ਦੇ ਬੰਦੇ ਨੂੰ ਕਮਰੇ ਵਿੱਚ ਛੱਡ ਆਪ ਬਾਹਰ ਚਲਾ ਗਿਆ। ਮੈਂ ਸੋਚਿਆ ਚੱਲ ਥੋੜਾ ਚਿਰ 'ਖੇਡ' ਕੇ ਚਲਾ ਜਾਵੇਗਾ ਪਰ ਜੋ ਉਸਨੇ ਮੈਨੂੰ ਕਿਹਾ ਮੈਂ ਹੈਰਾਨ ਰਹਿ ਗਈ। ਉਹਦੇ ਬੋਲ ਸਨ, "ਦੇਖ ਮੈਂ ਇੱਕ ਡਰਾਇਵਰ ਆਦਮੀ ਆ। ਮੇਰੀ ਉਮਰ ਹੁਣ ਵਿਆਹ ਵਾਲੀ ਤਾਂ ਨਹੀਂ ਰਹੀ ਪਰ ਅੱਜ ਵੀ ਘਰ ਵਸਾਉਣ ਦੇ ਸੁਪਨੇ ਦੇਖਦਾ ਆ। ਜੇ ਤੂੰ ਹਾਂ ਕਰੇ ਤਾਂ ਮੈਂ ਆਪਣੀ ਪੂਰੀ ਜ਼ਿੰਦਗੀ ਦੀ ਕਮਾਈ ਦੇ ਕੇ ਤੈਨੂੰ ਖ਼ਰੀਦ ਸਕਦਾ। ਮੈਨੂੰ ਨ੍ਹੀ ਪਤਾ ਤੂੰ ਇੱਥੇ ਕਿਵੇਂ ਪਹੁੰਚੀ ਤੇ ਤੇਰਾ ਅਤੀਤ ਕੀ ਆ।



ਪਰ ਮੈਂ ਤੈਨੂੰ ਆਪਣੇ ਪਿੰਡ ਘਰਆਲੀ ਬਣਾ ਕੇ ਰੱਖੂੰਗਾ। ਬੋਲ ਜੇ ਤੈਨੂੰ ਮੇਰੀ ਗੱਲ ਮੰਜੂਰ ਆ ਤਾਂ . . . ਪਰ ਤੈਨੂੰ ਆਪਣਾ ਪੁਰਾਣਾ ਟੈਮ ਭੁੱਲ ਕੇ ਮੇਰੇ ਨਾਲ ਨਵੀਂ ਜਿੰਦਗੀ ਸ਼ੁਰੂ ਕਰਨੀ ਪੈਣੀ ਆ।"

ਉਸ ਡਰਾਇਵਰ ਦੀਆਂ ਗੱਲਾਂ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਪਰ ਮੇਰੇ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ ਬਚਿਆ। ਉੱਥੇ ਰਹਿ ਕੇ ਤਰ੍ਹਾਂ-ਤਰ੍ਹਾਂ ਦੇ ਵਹਿਸ਼ੀ ਦਰਿੰਦਿਆ ਦੀ ਦਰਿੰਦਗੀ ਸਹਿਣ ਨਾਲੋਂ ਇਹ ਕਿਤੇ ਚੰਗਾ ਮੌਕਾ ਸੀ ਮੇਰੇ ਲਈ ਜ਼ਿੰਦਗੀ ਕੱਟਣ ਦਾ। ਦੂਜੇ ਪਾਸੇ ਮੇਰੀ ਹਾਲਤ ਘਰ ਮੁੜਨ ਵਾਲੀ ਵੀ ਨਹੀਂ ਸੀ। ਬਸ ਮੈਂ ਹਾਂ ਕਰ ਦਿੱਤੀ ਤੇ ਉਸ ਡਰਾਇਵਰ ਨਾਲ ਸਮਾਣੇ ਦੇ ਇੱਕ ਪਿੰਡ ਬਿੱਲੂ ਮਾਜਰੇ ਪਹੁੰਚ ਗਈ।

ਕੁਝ ਕੁ ਦਿਨਾਂ ਵਿੱਚ ਹੀ ਮੈਂ ਉਸ ਡਰਾਇਵਰ ਜਿਸ ਨੂੰ ਪੂਰੇ ਪਿੰਡ ਵਿੱਚ ਛੜਾ ਅਮਲੀ ਕਿਹਾ ਜਾਂਦਾ ਸੀ, ਦਾ ਘਰ ਸੰਭਾਲ ਲਿਆ। ਉਹ ਹਫ਼ਤਾ-ਪੰਦਰਾਂ ਦਿਨ ਜਦ ਟਰੱਕ ਲੈ ਕੇ ਜਾਂਦਾ ਤਾਂ ਮੈਨੂੰ ਸਾਰਾ ਰਾਸ਼ਣ ਖ਼ਰੀਦ ਕੇ ਦੇ ਜਾਂਦਾ। ਉਹਦੇ ਵਾਪਸ ਆਉਣ 'ਤੇ ਮੈਂ ਉਸਨੂੰ ਰੋਟੀ-ਟੁੱਕ ਬਣਾ ਕੇ ਦਿੰਦੀ, ਉਹਦੇ ਕੱਪੜੇ ਧੋ ਕੇ ਸੰਵਾਰ ਦਿੰਦੀ। ਮੈਂ ਬੜੀ ਖੁਸ਼ ਸੀ ਕਿ ਚਲੋ ਪਹਿਲੀ ਨਰਕ ਵਾਲੀ ਜ਼ਿੰਦਗੀ ਤੋਂ ਤਾਂ ਇਹ ਜ਼ਿੰਦਗੀ ਕਿਤੇ ਚੰਗੀ ਹੈ। ਪਰ ਕੀ ਪਤਾ ਸੀ ਇੱਥੇ ਵੀ ਮੇਰੀ ਜ਼ਿੰਦਗੀ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਊ। ਡਰਾਇਵਰ ਦੀ ਇੱਕ ਕਮਜੋਰੀ ਸੀ ਜਿਸ ਕਰਕੇ ਉਹ ਮੈਨੂੰ ਨਿੱਕੀ-ਨਿੱਕੀ ਗੱਲ 'ਤੇ ਗਾਲ੍ਹਾਂ ਕੱਢਣ ਲੱਗ ਜਾਂਦਾ। ਇੱਕ ਤਾਂ ਉਹਦੀ ਉਮਰ ਪੰਜਾਹ ਨੂੰ ਟੱਪ ਚੁੱਕੀ ਸੀ ਦੂਜਾ ਨਸ਼ਿਆਂ ਨੇ ਅੰਦਰੋਂ ਖੋਖਲਾ ਕਰ ਛੱਡਿਆ ਸੀ। ਜੇ ਮੈਂ ਕੋਈ ਕੰਮ ਕਰਦੀ ਹੋਣਾ ਤਾਂ ਉਸਨੇ ਮੈਨੂੰ ਬੈੱਡ 'ਤੇ ਸੁੱਟ ਲੈਣਾ ਤੇ ਜਬਰਦਸਤੀ ਕਰਨ ਦੀ ਕੋਸ਼ਿਸ਼ ਕਰਨੀ, ਹਾਲਾਂਕਿ ਮੈਂ ਖੁਦ ਹੀ ਆਪਣੇ ਆਪ ਨੂੰ ਉਹਦੇ ਸਾਹਮਣੇ ਵਿਛਾ ਦਿਆ ਕਰਦੀ ਸੀ। ਫਿਰ ਉਸਨੇ ਹੱਥਾਂ ਨਾਲ ਜੋਰ ਅਜਮਾਇਸ਼ ਕਰਨੀ ਤੇ ਹੌਲੀ-ਹੌਲੀ ਮੇਰੇ ਕੱਪੜੇ ਉਤਾਰਨੇ। ਫਿਰ ਉਸਨੇ ਆਪਣੀ ਮਰਦਾਨਗੀ ਦਿਖਾਉਣ ਦੀ ਕੋਸ਼ਿਸ਼ ਕਰਨੀ ਪਰ ਦੋ ਕੁ ਪਲਾਂ ਵਿੱਚ ਹੀ ਉਸਦੀ ਮਰਦਾਨਗੀ ਮਿੱਟੀ 'ਚ ਮਿਲ ਜਾਣੀ। ਫਿਰ ਉਹ ਗਾਲ੍ਹਾਂ ਕੱਢਣ ਲੱਗ ਪੈਂਦਾ, ਮੇਰੇ ਲੱਤਾਂ ਮਾਰਨ ਲੱਗਦਾ। ਮੈਂ ਚੁੱਪ ਕਰਕੇ ਉਹ ਵੀ ਜਰ ਲੈਂਦੀ।

. . . . . . . . . . . .

ਮੈਨੂੰ ਹੁਣ ਵੀ ਉਹ ਕਾਲੀ ਦੀਵਾਲੀ ਦੀ ਰਾਤ ਯਾਦ ਆ। ਮੈਂ ਖੁਸ਼ੀ-ਖੁਸ਼ੀ ਆਪਣੇ ਕਮਰੇ ਨੁਮਾ ਘਰ ਨੂੰ ਦੀਵਿਆਂ-ਮੋਮਬੱਤੀਆਂ ਨਾਲ ਸਜਾ ਰਹੀ ਸੀ। ਡਰਾਇਵਰ ਸ਼ਹਿਰ ਤੋਂ ਮਿਠਾਈਆਂ ਤੇ ਹੋਰ ਸਮਾਨ ਲੈਣ ਗਿਆ ਹੋਇਆ ਸੀ। ਰਾਤ ਦੇ ਗਿਆਰਾ ਵੱਜ ਗਏ ਸੀ ਤੇ ਮੈਂ ਉਹਦਾ ਇੰਤਜਾਰ ਕਰ ਰਹੀ ਸੀ। ਮੈਨੂੰ ਗਲੀ ਵਿੱਚੋਂ ਦੋ ਬੰਦਿਆਂ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। 'ਹੈਂ ਇਹ ਡਰਾਇਵਰ ਦੇ ਨਾਲ ਦੂਸਰਾ ਆਦਮੀ ਕੌਣ ਆ?' ਇਹ ਸੋਚਦਿਆਂ-ਸੋਚਦਿਆਂ ਗੇਟ ਖੁਲ੍ਹਿਆਂ ਤੇ ਡਰਾਇਵਰ ਆਪਣੇ ਨਾਲ ਆਏ ਬੰਦੇ ਨੂੰ ਮੇਰੇ ਵੱਲ ਦੇਖ ਕੇ ਕਹਿਣ ਲੱਗਾ, "ਕਿਉਂ ਹੈ ਨਾ ਨਿਰੀ ਅੱਗ ਸਾਬ੍ਹ ਜੀ? ਹੁਣ ਤੁਸੀਂ ਆਪਣਾ ਚਿੱਤ ਪਰਚਾਓ ਤੇ ਓਨੀ ਦੇਰ ਮੈਂ ਬਾਹਰ ਬੈਠਕੇ ਆਸਮਾਨੀ ਆਤਿਸ਼ਬਾਜੀ ਦੇਖਦਾ।"

ਐਨਾ ਕਹਿ ਡਰਾਇਵਰ ਗੇਟ ਤੋਂ ਬਾਹਰ ਹੋ ਗਿਆ। ਮੈਂ ਉਸ ਆਦਮੀ ਅੱਗੇ ਬਹੁਤ ਤਰਲੇ-ਮਿੰਨਤਾਂ ਕੀਤੀਆਂ ਪਰ ਉਹ ਕਮੀਨਾ ਪਤਾ ਨ੍ਹੀ ਕਿਸ ਮਿੱਟੀ ਦਾ ਬਣਿਆ ਹੋਇਆ ਸੀ, ਉਹਨੇ ਮੈਨੂੰ ਦੋਵਾਂ ਹੱਥਾਂ ਨਾਲ ਛਾਤੀ ਕੋਲੋਂ ਫੜ੍ਹ ਕੇ ਆਪਣੇ ਵੱਲ ਨੂੰ ਖਿੱਚਿਆ। ਮੈਂ ਉਹਦੇ ਮੂੰਹ 'ਤੇ ਜੋਰ ਦੀ ਥੱਪੜ ਜੜ੍ਹ ਦਿੱਤਾ। ਉਹਨੇ ਮੈਨੂੰ ਜੋਰ ਦੀ ਕੰਧ ਵੱਲ ਧੱਕਾ ਮਾਰਿਆ। ਮੇਰਾ ਸਿਰ ਚਕਰਾਉਣ ਲੱਗ ਪਿਆ। ਉਸ ਵਕਤ ਪਤਾ ਨ੍ਹੀ ਮੇਰੇ ਅੰਦਰ ਕਿਹੜੀ ਸ਼ੈਅ ਆਈ ਕਿ ਮੈਂ ਕਨਸ 'ਤੇ ਪਿਆ ਚਾਕੂ ਉਸ ਵਹਿਸ਼ੀ ਦਰਿੰਦੇ ਦੇ ਢਿੱਡ ਵਿੱਚ ਮਾਰਿਆ। ਸਾਰਾ ਕਮਰਾ ਲਹੂ ਲੁਹਾਨ ਹੋ ਗਿਆ। ਕੁਝ ਦੇਰ ਮੈਂ ਉੱਥੇ ਹੀ ਬੇਹੋਸ਼ੀ ਜਿਹੀ 'ਚ ਪਈ ਰਹੀ। ਜਦ ਡਰਾਇਵਰ ਨੇ ਕੁੰਢਾ ਖੋਲ੍ਹਿਆ ਤਾਂ ਇਹ ਸਭ ਦੇਖ ਕੇ ਉਹ ਬੋਖਲਾ ਜਿਹਾ ਗਿਆ। ਦੇਖਦੇ-ਦੇਖਦੇ ਸਾਰਾ ਪਿੰਡ 'ਕੱਠਾ ਹੋ ਗਿਆ ਤੇ ਮੇਰੀ ਮਜਬੂਰੀ ਸੁਣਨ ਦੀ ਥਾਂ ਸਭ ਨੇ ਮੈਨੂੰ ਹੀ ਬਦਚਲਣ ਦੱਸ ਕੇ ਇਲਜਾਮ ਮੇਰੇ ਸਿਰ ਮੜ੍ਹ ਦਿੱਤਾ ਤੇ ਇਸ ਤਰ੍ਹਾਂ ਮੈਂ ਇਸ ਕਾਲ

ਕੋਠੜੀ ਵਿੱਚ ਪਹੁੰਚ ਗਈ।

ਬਸ ਧੀਏ ਬਸ ਹੋਰ ਨ੍ਹੀ ਸੁਣ ਹੁੰਦਾ ਮੈਥੋਂ ਨ੍ਹੀਂ ਤੂੰ ਐਨੀਆਂ ਮੁਸੀਬਤਾਂ ਝੱਲੀਆਂ ਨੇ ਇਹ ਤਾਂ ਕੋਈ ਸੋਚ ਵੀ ਨ੍ਹੀ ਸਕਦਾ।. . .ਮੈਂ ਖੁਦ ਕੋਮਲ ਦੇ ਗਮਾਂ ਦੇ ਵਹਿਣ 'ਚ ਵਹਿ ਤੁਰੀ ਸੀ।ਮੇਰੀਆਂ ਅੱਖਾਂ ਸਾਹਮਣੇ ਵੀ ਅਤੀਤ ਦੀ ਤਸਵੀਰ ਘੁੰਮਣ ਲੱਗੀ।

'ਫਤਿਹਗੜ੍ਹ ਸਾਹਿਬ ਦੇ ਇੱਕ ਛੋਟੇ ਜਿਹੇ ਪਿੰਡ ਰੰਘੇੜੀ ਕਲਾਂ ਵਿਖੇ ਮੈਂ ਦਿਲਜੀਤ ਨਾਲ ਵਿਆਹ ਕੇ ਆਈ ਸੀ। ਦਿਲਜੀਤ ਹੁਰੀਂ ਤਿੰਨ ਭਰਾ ਸਨ। ਤਿੰਨੇ ਭਰਾ ਰਹਿੰਦੇ ਇੱਕੋ ਘਰ ਵਿੱਚ ਸੀ ਪਰ ਚੁੱਲ੍ਹਾ ਸਭ ਦਾ ਅਲੱਗ-ਅਲੱਗ ਸੀ।ਮੇਰੇ ਸੱਸ-ਸਹੁਰਾ ਸਾਡੇ ਕੋਲ ਹੀ ਰੋਟੀ-ਪਾਣੀ ਖਾਂਦੇ ।ਦਿਲਜੀਤ ਦੇ ਵੱਡੇ ਭਰਾ ਕੋਲ ਦੋ ਮੁੰਡੇ ਸਨ। ਜ਼ਿੰਦਗੀ ਆਪਣੀ ਚਾਲ ਚੱਲ ਰਹੀ ਸੀ। ਪਰਿਵਾਰ ਦੀਆਂ ਖੁਸ਼ੀਆਂ ਨੂੰ ਉਦੋਂ ਗ੍ਰਹਿਣ ਲੱਗ ਗਿਆ ਜਦ ਮੇਰੀ ਕੁੱਖੋਂ ਅੰਮ੍ਰਿਤ ਦਾ ਜਨਮ ਹੋਇਆ। ਪਹਿਲਾਂ ਬੱਚਾ ਹੋਣ ਕਰਕੇ ਮੈਂ ਉਸਨੂੰ ਬਹੁਤ ਪਿਆਰ ਕਰਦੀ ਪਰ ਦਿਲਜੀਤ ਕੋਈ ਬਹੁਤਾ ਖੁਸ਼ ਨਹੀਂ ਸੀ। ਕੁਝ ਦਿਨਾਂ ਬਾਅਦ ਹੀ ਮੇਰੇ ਸਹੁਰੇ ਦੀ ਹਾਰਟ ਅਟੈਕ ਕਾਰਨ ਮੌਤ ਹੋ ਗਈ।ਉਦੋਂ ਘਰ ਦੇ ਬਾਕੀ ਮੈਂਬਰ ਵੀ ਅੰਮ੍ਰਿਤ ਨੂੰ ਮਨਹੂਸ ਸਮਝਣ ਲੱਗ ਪਏ।ਅੰਮ੍ਰਿਤ ਵੱਡੀ ਹੋ ਰਹੀ ਸੀ।ਉਧਰ ਦਿਲਜੀਤ ਦੇ ਛੋਟੇ ਭਰਾ ਦਾ ਵਿਆਹ ਵੀ ਹੋ ਗਿਆ।ਸਾਲ ਬਾਅਦ ਉਨ੍ਹਾਂ ਦੇ ਵੀ ਮੁੰਡੇ ਨੇ ਜਨਮ ਲਿਆ।ਸਾਰੇ ਘਰ ਵਿੱਚ ਖੁਸ਼ੀਆਂ ਦਾ ਮਹੌਲ ਬਣ ਗਿਆ।ਸਾਰੇ ਉਸ ਬੱਚੇ ਦੁਆਲੇ ਹੋਏ ਰਹਿੰਦੇ।ਉਸ ਲਈ ਰੋਜ ਦੀ ਰੋਜ ਨਵੇਂ-ਨਵੇਂ ਖਿਡਾਉਣੇ ਆਉਣ ਲੱਗੇ।ਅੰਮ੍ਰਿਤ ਦਾ ਦਿਲ ਵੀ ਉਨ੍ਹਾਂ ਖਿਡਾਉਣਿਆਂ ਨਾਲ ਖੇਡਣ ਨੂੰ ਕਰਦਾ ਪਰ ਮੇਰੀ ਦਰਾਣੀ ਆਪਣੇ ਮੁੰਡੇ ਉੱਤੇ ਅੰਮ੍ਰਿਤ ਦਾ ਪਰਛਾਵਾ ਤੱਕ ਨਾ ਪੈਣ ਦਿੰਦੀ। ਦਿਲਜੀਤ ਵੀ ਸਾਰਾ-ਸਾਰਾ ਦਿਨ ਮੁੰਡੇ ਨੂੰ ਚੁੱਕੀ ਫਿਰੀ ਜਾਂਦਾ।ਭਾਵੇਂ ਅੰਮ੍ਰਿਤ ਬਹੁਤ ਛੋਟੀ ਸੀ ਪਰ ਐਨੀ ਨਾ-ਸਮਝ ਵੀ ਨਹੀਂ ਸੀ ਕਿ ਕੁਝ ਸਮਝ ਨਾ ਸਕਦੀ ਹੋਵੇ। ਸ਼ਾਇਦ ਪ੍ਰਮਾਤਮਾ ਨੇ ਉਸਨੂੰ ਸਮੇਂ ਤੋਂ ਪਹਿਲਾਂ ਹੀ ਸਮਝਦਾਰ ਬਣਾ ਦਿੱਤਾ ਸੀ। ਉਹ ਚੁੱਪ ਰਹਿਣ ਲੱਗੀ, ਮੇਰੇ ਨਾਲ ਵੀ ਬਹੁਤੀ ਗੱਲ ਨਾ ਕਰਦੀ।ਥੋੜ੍ਹੀ ਵੱਡੀ ਹੋਈ ਤਾਂ ਉਸਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਣ ਲਗਾ ਦਿੱਤਾ ਗਿਆ।

ਦਿਲਜੀਤ ਭਾਦਸੋਂ ਪਿੰਡ ਸੁਨਿਆਰੇ ਦੀ ਦੁਕਾਨ ਕਰਦਾ ਸੀ।ਆਉਣ-ਜਾਣ ਦੀ ਸਮੱਸਿਆਂ ਕਰਕੇ ਅਸੀਂ ਦੁਕਾਨ ਉਪਰ ਹੀ ਚੁਬਾਰਾ ਪਾ ਕੇ ਰਹਿਣ ਲੱਗ ਪਏ। ਅੰਮ੍ਰਿਤ ਦੇ ਵੱਡੀ ਹੋਣ ਦੇ ਨਾਲ-ਨਾਲ ਦਿਲਜੀਤ ਦੀ ਨਫਰਤ ਵੀ ਜਿਵੇਂ ਵੱਧਦੀ ਜਾ ਰਹੀ ਸੀ। ਦੇਖਦੇ-ਦੇਖਦੇ ਅੰਮ੍ਰਿਤ ਬਾਰਵੀਂ ਜਮਾਤ ਵਿੱਚੋਂ ਪੂਰੇ ਜਿਲ੍ਹੇ 'ਚੋ ਫਸ਼ਟ ਆਈ।ਉਹਦਾ ਮਨ ਕਰਦਾ ਸੀ ਕਿ ਉਹ ਕਾਲਜ ਲੱਗੇ ਪਰ ਦਿਲਜੀਤ ਨੇ ਕਾਲਜ ਪੜ੍ਹਾਉਣ ਤੋਂ ਸਾਫ ਇਨਕਾਰ ਕਰ ਦਿੱਤਾ।ਮੈਂ ਬਹੁਤ ਮਿੰਨਤਾ ਕੀਤੀਆ ਕਿ ਬਰਵੀਂ ਪਾਸ ਨੂੰ ਤਾਂ ਚੱਜ ਦਾ ਕੋਈ ਰਿਸ਼ਤਾ ਵੀ ਨ੍ਹੀ ਆਉਣਾ। ਅੱਜ-ਕਲ੍ਹ ਤਾਂ ਲੋਕੀਂ ਬੀ.ਏ. ,ਐੱਮ.ਏ. ਤੋਂ ਘੱਟ ਕੁੜੀ ਨ੍ਹੀ ਲੈਂਦੇ।ਅੰਮ੍ਰਿਤ ਤਾਂ ਬੇਚਾਰੀ ਰੋਣ ਤੋਂ ਬਿਨ੍ਹਾਂ ਕੁਝ ਨਾ ਕਰ ਸਕਦੀ। ਹਫਤਾ ਭਰ ਘਰ ਵਿੱਚ ਮੇਰਾ ਤੇ ਦਿਲਜੀਤ ਦਾ ਝਗੜਾ ਹੁੰਦਾ ਰਿਹਾ ਹਾਰ ਕੇ ਦਿਲਜੀਤ ਨੇ ਪ੍ਰਾਈਵੇਟ ਬੀ.ਏ. ਕਰਵਾਉਣ ਲਈ ਹਾਂ ਕਰ ਦਿੱਤੀ। ਮੈਂ ਖੁਸ਼ ਸੀ ਕਿ ਚੱਲ ਜਿਵੇਂ ਵੀ ਆ ਬੀ.ਏ. ਤਾਂ ਹੋਏਗੀ।

ਰੋਜ ਅਖਬਾਰਾਂ ਵਿਚਲੀਆਂ ਖਬਰਾਂ, ਕੁੜੀਆਂ ਨਾਲ ਹੋ ਰਹੇ ਬਲਾਤਕਾਰ, ਤੇਜਾਬ ਸੁੱਟਣ ਵਰਗੀਆਂ ਵਾਰਦਾਤਾਂ, ਮੁੰਡੇ-ਕੁੜੀ ਦਾ ਘਰੋਂ ਭੱਜ ਜਾਣਾ, ਖੁਦਕੁਸ਼ੀ ਕਰ ਲੈਣਾ ਆਦਿ ਪੜ੍ਹ-ਪੜ੍ਹ ਦਿਲਜੀਤ ਕੁਝ ਜਿਆਦਾ ਹੀ ਪਰੇਸ਼ਾਨ ਰਹਿਣ ਲੱਗ ਪਿਆ ਸੀ। ਇਹੀ ਕਾਰਨ ਸੀ ਕਿ ਬੀ.ਏ. ਹੋਣ ਸਾਰ ਉਸਨੇ ਅੰਮ੍ਰਿਤ ਦਾ ਵਿਆਹ ਸਮਾਣੇ ਦੇ ਕਿਸੇ ਦੁਕਾਨਦਾਰ ਨਾਲ ਕਰ ਦਿੱਤਾ ਸੀ। ਵਧੀਆ ਜ਼ਮੀਨ ਜਾਇਦਾਦ ਦੇਖ ਮੈਨੂੰ ਵੀ ਜਾਪਿਆ ਕਿ ਸ਼ਾਇਦ ਅੰਮ੍ਰਿਤ ਖੁਸ਼ ਰਹੇਗੀ ਪਰ ਕੀ ਪਤਾ ਸੀ ਐਨੀ ਕਾਹਲੀ ਵਿੱਚ ਲਿਆ ਫੈਸਲਾ ਸਾਰੀ ਉਮਰ ਭੁਗਤਨਾ ਪਊਗਾ।

ਅੰਮ੍ਰਿਤ ਦਾ ਪਤੀ ਮਨਪ੍ਰੀਤ ਉਮਰ ਵਿੱਚ ਉਸ ਨਾਲੋਂ ਸੱਤ ਸਾਲ ਵੱਡਾ ਸੀ। ਵਿਆਹ ਤੋਂ ਇੱਕ-ਦੋ ਮਹੀਨੇ



ਤਾਂ ਠੀਕ ਰਿਹਾ ਫਿਰ ਉਸਦੇ ਵਿਵਹਾਰ ਵਿੱਚ ਪਰਿਵਰਤਨ ਆਉਣ ਲੱਗ ਪਿਆ। ਛੋਟੀ-ਛੋਟੀ ਗੱਲ ਪਿੱਛੇ ਅੰਮ੍ਰਿਤ ਨੂੰ ਮਾਰਨ-ਕੁੱਟਣ ਲੱਗ ਜਾਂਦਾ।ਸੱਸ-ਸਹੁਰਾ ਵੀ ਲਾਲਚੀ ਨਿਕਲੇ।ਅੰਮ੍ਰਿਤ ਨੂੰ ਦਾਜ ਲਿਆਉਣ ਲਈ ਤਾਹਣੇ-ਮਿਹਣੇ ਦਿੰਦੇ ਰਹਿੰਦੇ। ਜਦ ਉਹ ਕਿਸੇ ਤਿਉਹਾਰ ਨੂੰ ਪੇਕੇ ਆਉਂਦੀ ਤਾਂ ਉਸਦੀ ਸੱਸ ਆਖਦੀ ਕਿ ਇਸ ਵਾਰ ਕੋਈ ਸੋਨੇ ਦੀ ਚੀਜ ਲੈ ਕੇ ਆਈ ਨਹੀਂ ਤਾਂ ਉੱਥੇ ਹੀ ਰਹੀ। ਡੇਢ ਸਾਲ ਤਾਂ ਮੈਂ ਦਿਲਜੀਤ ਨਾਲ ਲੜ੍ਹ-ਝਗੜ ਕੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਵਾਉਂਦੀ ਰਹੀ ਪਰ ਕਿੰਨਾ ਕੁ ਚਿਰ ਇਸ ਤਰ੍ਹਾਂ ਚੱਲ ਸਕਦਾ ਸੀ।

ਮੈਨੂੰ ਅੱਜ ਵੀ ਉਹ ਦਿਨ ਚੰਗੀ ਤਰ੍ਹਾਂ ਯਾਦ ਆ ਜਦ ਅੰਮ੍ਰਿਤ ਦੁਸਹਿਰੇ ਵਾਲੇ ਦਿਨ ਆਈ ਸੀ।ਮਨਪ੍ਰੀਤ ਉਸਨੂੰ ਛੱਡ ਗਿਆ ਸੀ ਫਿਰ ਮੁੜ ਕੇ ਲੈਣ ਤੱਕ ਨ੍ਹੀ ਸੀ ਆਇਆ। ਵਿਆਹ ਤੋਂ ਬਾਅਦ ਔਰਤ ਇਕੱਲੀ ਆਪਣੇ ਪੇਕਿਆ ਤੋਂ ਵਾਪਸ ਆਵੇ ਤਾਂ ਚੰਗਾ ਨ੍ਹੀਂ ਸਮਝਿਆ ਜਾਂਦਾ ਪਰ ਫਿਰ ਵੀ ਆਪਣੇ ਪਾਪਾ ਦੇ ਤਾਹਣੇ-ਮਿਹਣੇ ਸੁਣ ਇੱਕ ਦਿਨ ਅੰਮ੍ਰਿਤ ਨੇ ਬੈਗ ਚੁੱਕਿਆ ਤੇ ਇਕੱਲੀ ਹੀ ਆਪਣੇ ਸਹੁਰੇ ਘਰ ਚਲੀ ਗਈ। ਦਿਲਜੀਤ ਨੂੰ ਜਿਵੇਂ ਕੋਈ ਫਰਕ ਹੀ ਨਹੀਂ ਪੈਂਦਾ ਸੀ। ਪਤਾ ਨ੍ਹੀ ਉਹ ਕਿਸ ਮਿੱਟੀ ਦਾ ਬਣਿਆ ਹੋਇਆ ਸੀ? ਮਨਪ੍ਰੀਤ ਤੇ ਉਸਦੇ ਮਾਂ-ਬਾਪ ਸਮਝ ਗਏ ਸੀ ਕਿ ਘਰ ਵਿੱਚ ਅੰਮ੍ਰਿਤ ਦੀ ਕਿੰਨੀ ਕੁ ਇੱਜਤ ਹੁੰਦੀ ਹੋਵੇਗੀ।

ਇਸੇ ਤਰ੍ਹਾਂ ਭਾਵੇ ਦੋ ਸਾਲ ਦਾ ਸਮਾਂ ਤਾਂ ਲੰਘ ਗਿਆ ਪਰ ਇਸ ਸਮੇਂ ਵਿੱਚ ਅੰਮ੍ਰਿਤ ਨੇ ਪੇਕੇ ਘਰ ਪੈਰ ਵੀ ਨਹੀਂ ਸੀ ਰੱਖਿਆ। ਇਹ ਨ੍ਹੀ ਕਿ ਉਸਦੇ ਸੱਸ-ਸਹੁਰੇ ਦੀਆਂ ਮੰਗਾਂ ਖਤਮ ਹੋ ਗਈਆਂ ਸੀ। ਇਸ ਸਮੇਂ ਦੇ ਵਿੱਚ ਪਤਾ ਨ੍ਹੀ ਅੰਮ੍ਰਿਤ ਕਿੰਨੀ ਕੁ ਵਾਰ ਕਤਲ ਹੋਈ ਹੋਣੀ ਆ। ਦੋ ਵਾਰ ਤਾਂ ਉਸ ਨੂੰ ਜਿੰਦਾ ਸਾੜਨ ਦੀ ਕੋਸ਼ਿਸ਼ ਵੀ ਕੀਤੀ ਗਈ। ਇਹ ਗੱਲਾਂ ਮੈਨੂੰ ਅੰਮ੍ਰਿਤ ਦੇ ਗੁਆਂਢ ਵਿੱਚੋਂ ਹੀ ਪਤਾ ਲੱਗੀਆ। ਅੰਮ੍ਰਿਤ ਨੇ ਤਾਂ ਜਿਵੇਂ ਆਪਣੇ ਬਾਪ ਦੀ ਗੱਲ ਹੀ ਪੱਲੇ ਬੰਨ ਲਈ ਸੀ, 'ਤੇਰੀ ਸਿਰਫ ਅਰਥੀ ਹੀ ਉਸ ਘਰੋਂ ਨਿਕਲਣੀ ਚਾਹੀਦੀ ਆ।'

ਮਨਪ੍ਰੀਤ ਦਾ ਕਿਸੇ ਹੋਰ ਔਰਤ ਨਾਲ ਵੀ ਅਫੇਅਰ ਚਲਦਾ ਸੀ। ਇਸ ਬਾਰੇ ਅੰਮ੍ਰਿਤ ਨੇ ਮੈਨੂੰ ਕਈ ਵਾਰ ਦੱਸਿਆ ਵੀ ਸੀ ਕਿ ਉਹ ਕਈ ਵਾਰ ਫੋਨ 'ਤੇ ਕਿਸੇ ਔਰਤ ਨਾਲ ਰਾਤ-ਰਾਤ ਤੱਕ ਗੱਲਾਂ ਕਰਦਾ ਰਹਿੰਦਾ ਏ। ਪਰ ਹੁਣ ਤਾਂ ਹੱਦ ਹੀ ਹੋ ਗਈ ਸੀ। ਉਹ ਔਰਤ ਅੰਮ੍ਰਿਤ ਦੀ ਮੌਜੂਦਗੀ ਵਿੱਚ ਘਰ ਵੀ ਆਉਣ ਲੱਗ ਪਈ ਸੀ। ਇੱਕ ਔਰਤ ਸਭ ਦੁੱਖ ਸਹਾਰ ਸਕਦੀ ਏ ਪਰ ਆਪਣੀਆਂ ਅੱਖਾਂ ਸਾਹਮਣੇ ਹੀ ਪਤੀ ਨੂੰ ਵੰਡਣਾ ਉਸ ਲਈ ਮੌਤ ਦੇ ਸਮਾਨ ਹੁੰਦੈ। ਜਦ ਉਸਨੇ ਇਸਦਾ ਵਿਰੋਧ ਕੀਤਾ ਤਾਂ ਮਨਪ੍ਰੀਤ ਨੇ ਉਹਨੂੰ ਕੁੱਟ-ਕੁੱਟ ਕੇ ਅੱਧ ਮੋਇਆ ਕਰ ਦਿੱਤਾ ਤੇ ਟੈਕਸੀ ਕਰਕੇ ਪੇਕੇ ਘਰ ਭੇਜ ਦਿੱਤਾ।

ਦਿਲਜੀਤ ਨੇ ਮਨਪ੍ਰੀਤ ਨੂੰ ਇਸ ਸਬੰਧੀ ਫੋਨ ਕੀਤਾ ਤਾਂ ਉਸਨੇ ਅੰਮ੍ਰਿਤ ਨੂੰ ਚਰਿੱਤਰਹੀਣ ਆਖ ਕੇ ਤਲਾਕ ਦੀ ਮੰਗ ਕਰ ਦਿੱਤੀ। ਮੈਂ ਬਥੇਰਾ ਜੋਰ ਲਗਾਇਆ ਕਿ ਆਪਾਂ ਨੂੰ ਉਨ੍ਹਾਂ ਖਿਲਾਫ਼ ਥਾਣੇ ਰਿਪੋਰਟ ਲਿਖਵਾਉਣੀ ਚਾਹੀਦੀ ਹੈ ਜਾਂ ਫਿਰ ਪੰਚਾਇਤ 'ਕੱਠੀ ਕਰਕੇ ਉਨ੍ਹਾਂ ਨਾਲ ਗੱਲ ਕਰਨੀ ਚਾਹੀਦੀ ਹੈ। ਪਰ ਦਿਲਜੀਤ ਨੇ ਇਹ ਕਹਿ ਕੇ ਮਨ੍ਹਾ ਕਰ ਦਿੱਤਾ ਕਿ, "ਰੇਨੂੰ ਕਿਉਂ ਆਪਣੀ ਇੱਜ਼ਤ ਮਿੱਟੀ ਵਿੱਚ ਮਿਲਾਉਣ ਉੱਤੇ ਤੁਲੀ ਹੋਈ ਏ? ਇਹ ਥਾਣੇ ਕਚਹਿਰੀ ਦੇ ਕੰਮ ਕਿਹੜਾ ਸੁਖਾਲੇ ਹੁੰਦੇ ਨੇ? ਆਪਣਾ ਕੰਮ-ਕਾਰ ਵੀ ਛੱਡਣਾ ਪੈਂਦਾ ਦੂਜਾ ਪੈਸੇ ਅਲੱਗ ਲੱਗਦੇ ਨੇ। ਕਿੱਥੋਂ ਲਿਆਵਾਂਗੇ ਐਨਾ ਪੈਸਾ???"

"ਕੁੜੀ ਨੂੰ ਉਹ ਜਾਲਮ ਅੱਧ-ਮੋਇਆ ਕਰਕੇ ਘਰ ਸੁੱਟ ਗਏ ਤੇ ਤੁਸੀਂ ਕਿਹੜੀ ਇਜ਼ੱਤ ਬਚਾਉਣ ਦੀਆਂ ਗੱਲਾਂ ਕਰਦੇ ਓ?"

"ਇਸ ਕੁੜੀ ਦੇ ਕਰਮ ਹੀ ਮਾੜੇ ਨੇ। ਜਦ ਤੋਂ ਪੈਦਾ ਹੋਈ ਆ ਇਹਨੇ ਦੁੱਖ ਹੀ ਦੁੱਖ ਦਿੱਤੇ ਨੇ।. . .ਜੇ ਰੱਬ ਨੇ ਮੁੰਡਾ ਦਿੱਤਾ ਹੁੰਦਾ ਤਾਂ ਇਹ ਦਿਨ ਤਾਂ ਨਾ ਦੇਖਣੇ ਪੈਂਦੇ।ਹੁਣ ਜੇ ਥਾਣੇ ਜਾਵਾਂਗੇ ਜਾਂ ਪੰਚਾਇਤ ਲੈ ਕੇ ਜਾਵਾਂਗੇ ਉਹਨਾਂ ਨੇ ਪਤਾ ਨ੍ਹੀ ਅੰਮ੍ਰਿਤ ਉੱਤੇ ਹੋਰ ਕੀ-ਕੀ ਇਲਜਾਮ ਲਗਾਉਣੇ ਆ। ਜਿਹੜੀ ਥੋੜ੍ਹੀ-ਬਹੁਤੀ ਇੱਜ਼ਤ ਬਾਕੀ ਆ ਉਹ ਵੀ ਜਾਊਗੀ। ਮੁੜਕੇ ਕੋਈ ਰਿਸ਼ਤਾ ਵੀ ਨ੍ਹੀ ਹੋਣਾ।"

ਮੈਂ ਬਥੇਰੀ ਕੋਸ਼ਿਸ਼ ਕੀਤੀ ਪਰ ਦਿਲਜੀਤ ਦੇ ਅੜੀਅਲ ਤੇ ਆਪਹੁਦਰੇ ਸੁਭਾਅ ਅੱਗੇ ਮੇਰੀ ਵੀ ਕੋਈ ਪੇਸ਼ ਨਾ ਗਈ। ਜਿਵੇਂ-ਕਿਵੇਂ ਵੀ ਦੋਵਾਂ ਦਾ ਤਲਾਕ ਹੋ ਗਿਆ। ਪਰ ਅੰਮ੍ਰਿਤ ਡਿਪਰੈਸ਼ਨ ਵਿੱਚ ਚਲੀ ਗਈ। ਸਾਡੇ ਘਰ ਤੋਂ ਥੋੜੀ ਦੂਰੀ ਉੱਤੇ ਹੀ, ਦੂਰ ਦੀ ਰਿਸ਼ਤੇਦਾਰੀ ਵਿੱਚੋਂ ਮੇਰੀ ਮਾਸੀ ਰਹਿੰਦੀ ਸੀ।ਉਹਨੇ ਦਿੱਤੁਪੁਰ ਪਿੰਡ ਵਿੱਚ ਆਪਣਾ ਸਕੂਲ ਖੋਲ੍ਹਿਆ ਹੋਇਐ। ਮੈਂ ਉਸਨੂੰ ਕਹਿ ਕੇ ਅੰਮ੍ਰਿਤ ਨੂੰ ਉੱਥੇ ਲਗਵਾ ਦਿੱਤਾ। ਦਿਲਜੀਤ ਨੂੰ ਬਹੁਤ ਔਖਾ ਮਨਾਇਆ ਅਖੇ ਬੱਚਿਆਂ ਨਾਲ ਰਹਿ ਕੇ ਉਹਦਾ ਦਿਲ ਲੱਗਿਆ ਰਹੇਗਾ।

ਅੰਮ੍ਰਿਤ ਦੇ ਤਲਾਕ ਹੋਏ ਨੂੰ ਲੱਗਭਗ ਤਿੰਨ ਵਰ੍ਹੇ ਬੀਤ ਗਏ ਹੋਣੇ ਨੇ। ਕਈ ਰਿਸ਼ਤਿਆਂ ਦੀ ਗੱਲ ਵੀ ਚੱਲੀ ਪਰ ਸਿਰੇ ਕੋਈ ਨਾ ਚੜ੍ਹ ਸਕੀ। ਸ਼ਾਇਦ ਇਹੀ ਕਾਰਨ ਸੀ ਕਿ ਅੰਮ੍ਰਿਤ ਪ੍ਰਤੀ ਮੇਰਾ ਰਵੱਈਆਂ ਵੀ ਪਹਿਲਾ ਜਿਹਾ ਨਾ ਰਿਹਾ। ਪਤਾ ਨ੍ਹੀ ਕਿਉਂ ਮੈਨੂੰ ਅੰਮ੍ਰਿਤ ਇੱਕ ਬੋਝ ਜਿਹਾ ਲੱਗਣ ਲੱਗ ਪਈ। ਆਖਰ ਮੈਂ ਵੀ ਕਿੰਨਾ ਕੁ ਚਿਰ ਉਸਦੀ ਰਾਖੀ ਰੱਖ ਸਕਦੀ ਸੀ। ਮੈਂ ਕਈ ਵਾਰ ਅੱਧੀ ਰਾਤ ਨੂੰ ਜਦ ਪਾਣੀ ਜਾਂ ਬਾਥਰੂਮ ਜਾਣ ਲਈ ਉਠਣਾ ਤਾਂ ਅੰਮ੍ਰਿਤ ਦੇ ਕਮਰੇ ਵਿੱਚੋਂ ਆਵਾਜਾਂ ਆਉਣੀਆ। ਮੈਂ ਕਈ ਵਾਰ ਦਰਵਾਜੇ ਨੂੰ ਕੰਨ ਲਾ ਕੇ ਵੀ ਸੁਣਿਆ ਜਿਵੇਂ ਅੰਮ੍ਰਿਤ ਕਿਸੇ ਲੜਕੇ ਨਾਲ ਫੋਨ 'ਤੇ ਗੱਲ ਕਰ ਰਹੀ ਹੋਵੇ।

ਦਿਨ ਪ੍ਰਤੀ ਦਿਨ ਅੰਮ੍ਰਿਤ ਦੇ ਰਹਿਣ-ਸਹਿਣ ਵਿੱਚ ਪਰਿਵਰਤਨ ਆ ਰਿਹਾ ਸੀ। ਸਕੂਲ ਜਾਣ ਤੋਂ ਪਹਿਲਾ ਘੰਟਾ-ਘੰਟਾ ਸ਼ੀਸ਼ੇ ਮੂਹਰੇ ਬੈਠ ਕੇ ਤਿਆਰ ਹੋਣਾ, ਗਵਾਹੀ ਭਰਦਾ ਸੀ ਕਿ ਅੰਮ੍ਰਿਤ ਦੀ ਜ਼ਿੰਦਗੀ ਵਿੱਚ ਕੋਈ ਜ਼ਰੂਰ ਹੈ। ਇਸ ਗੱਲ ਬਾਰੇ ਮੈਂ ਦਿਲਜੀਤ ਨੂੰ ਕੁਝ ਨਾ ਦੱਸਿਆ ਪਰ ਅੰਦਰ ਖਾਤੇ ਮੇਰੇ ਦਿਲ-ਦਿਮਾਗ ਉੱਤੇ ਇੱਕ ਅਜੀਬ ਜਿਹੀ ਕਿਸਮ ਦਾ ਬੋਝ ਰਹਿੰਦਾ। ਮੈਂ ਅੰਮ੍ਰਿਤ ਨੂੰ ਕਈ ਵਾਰ ਕੋਲ ਬਿਠਾ ਕੇ ਸਮਝਾਉਣ ਦੀ ਵੀ ਬਹੁਤ ਕੋਸ਼ਿਸ਼ ਕੀਤੀ ਪਰ ਉਸਨੇ ਮੈਨੂੰ ਅਜਿਹੀ ਕੋਈ ਗੱਲ ਨਹੀਂ ਦੱਸੀ। ਸਾਨੂੰ ਬਿਨਾਂ ਪੁੱਛੇ ਇੱਕ ਦਿਨ ਉਸਨੇ ਆਪਣੀ ਸਕੂਲ ਦੀ ਤਨਖਾਹ ਵਿੱਚੋਂ ਪ੍ਰਾਈਵੇਟ ਐੱਮ.ਏ. ਦੀ ਫੀਸ ਭਰ ਦਿੱਤੀ। ਜਦ ਦਿਲਜੀਤ ਨੂੰ ਪਤਾ ਲੱਗਿਆ ਤਾਂ ਉਸਨੇ ਬਹੁਤ ਬੁਰਾ-ਭਲਾ ਕਿਹਾ, ਪਰ ਉਹ ਕਿਸੇ ਦੀ ਪਰਵਾਹ ਹੀ ਨਹੀਂ ਕਰਦੀ ਸੀ। ਫਿਰ ਉਸਨੇ ਸ਼ਾਮ ਨੂੰ ਦੇਰ ਨਾਲ ਆਉਣਾ ਸ਼ੁਰੂ ਕਰ ਦਿੱਤਾ, ਕਦੇ ਸਕੂਲ ਦੇ ਕਿਸੇ ਫੰਕਸ਼ਨ ਦਾ ਬਹਾਨਾ ਲਗਾ ਦਿਆ ਕਰੇ ਤੇ ਕਦੇ ਐੱਮ.ਏ. ਦੀਆਂ ਕਲਾਸਾਂ ਦਾ।

ਇੱਕ ਦਿਨ ਮੈਂ ਪਟਿਆਲੇ ਰਜਿੰਦਰਾ ਹਸਪਤਾਲ ਆਪਣੀ ਭਾਣਜੀ ਜੋ ਕਿ ਦੋਰਾਹੇ ਵਿਆਹੀ ਏ, ਦਾ ਪਤਾ ਲੈਣ ਗਈ। ਮੈਂ ਲੋਕਲ ਬੱਸ ਵਿੱਚ ਬੈਠ ਗਈ। ਜਦ ਬੱਸ ਓਮੈਕਸ ਮਾਲ ਦੇ ਮੂਹ੍ਰੇ ਦੀ ਲੰਘੀ ਜਾ ਰਹੀ ਸੀ ਤਾਂ ਅਚਾਨਕ ਮੈਨੂੰ ਅੰਮ੍ਰਿਤ ਕਿਸੇ ਮੁੰਡੇ ਨਾਲ ਮਾਲ ਵਿੱਚ ਵੜਦੀ ਦਿੱਸੀ। ਮੈਂ ਉਸੇ ਵਕਤ ਅੰਮ੍ਰਿਤ ਨੂੰ ਫੋਨ ਮਿਲਾਇਆ ਉਹਨੇ ਮੇਰਾ ਫੋਨ ਕੱਟ ਦਿੱਤਾ। ਮੈਂ ਉੱਥੇ ਹੀ ਉਤਰ ਗਈ ਤੇ ਮਾਲ ਵਿੱਚ ਪਹੁੰਚ ਗਈ ਪਰ ਉੱਥੇ ਮੈਨੂੰ ਅੰਮ੍ਰਿਤ ਕਿਤੇ ਨਜਰ ਨਾ ਆਈ। ਸ਼ਾਮ ਨੂੰ ਜਦ ਮੈਂ ਅੰਮ੍ਰਿਤ ਤੋਂ ਇਸ ਬਾਰੇ ਪੁੱਛਿਆ ਤਾਂ ਉਸਨੇ ਮੈਨੂੰ ਕੋਈ ਜਵਾਬ ਨਾ ਦਿੱਤਾ ਤੇ ਆਪਣੇ ਕਮਰੇ ਵਿੱਚ ਚਲੀ ਗਈ। ਮੈਂ ਉਸਨੂੰ ਧਮਕੀ ਵੀ ਦਿੱਤੀ ਕਿ ਅੱਗੇ ਤੋਂ ਜੇ ਅਜਿਹਾ ਕੁਝ ਕੀਤਾ ਤਾਂ ਤੇਰਾ ਬਾਹਰ ਜਾਣਾ-ਆਉਣਾ ਵੀ ਬੰਦ।

ਦਿਲਜੀਤ ਹਰ ਤੀਜੇ ਜਾਂ ਚੌਥੇ ਦਿਨ ਦੁਕਾਨ ਦਾ ਸਮਾਨ ਲੈਣ ਲੁਧਿਆਣੇ ਜਾਇਆ ਕਰਦਾ ਸੀ। ਮੈਂ ਸੋਚਿਆ ਕਿਉਂ ਨਾ ਆਪਣੀ ਭਾਣਜੀ ਦੇ ਘਰ ਉਸਦਾ ਹਾਲ-ਚਾਲ ਪੁੱਛ ਆਵਾਂ। ਸੋ ਘਰ ਦੀ ਦੂਸਰੀ ਚਾਬੀ ਅੰਮ੍ਰਿਤ ਨੂੰ ਦੇ ਕੇ ਦਿਲਜੀਤ ਨਾਲ ਹੀ ਦੋਰਾਹੇ ਨੂੰ ਚੱਲ ਪਈ। ਦਿਲਜੀਤ ਨੇ ਮੈਨੂੰ ਦੋਰਾਹੇ ਉਤਾਰ ਦਿੱਤਾ, ਅਚਾਨਕ ਉਨ੍ਹਾਂ ਨੂੰ ਵਪਾਰੀ ਦਾ ਫੋਨ ਆ ਗਿਆ। ਉਸਨੂੰ ਕੋਈ ਪੁਰਾਣੀ ਰਸੀਦ ਚਾਹੀਦੀ ਸੀ ਤਾਂ ਦਿਲਜੀਤ ਵਾਪਸ ਘਰ ਨੂੰ ਚੱਲ ਪਿਆ। ਘਰ ਆ ਕੇ ਉਸਨੇ ਦੇਖਿਆ ਕਿ ਗੇਟ ਅੰਦਰੋਂ ਲੱਗਿਆ ਹੋਇਆ ਏ। ਅੰਮ੍ਰਿਤ ਸਕੂਲ ਗਈ ਹੋਈ ਏ ਫਿਰ ਗੇਟ . . .? ਦਿਲਜੀਤ ਨੇ ਬੜ੍ਹੀ ਚਲਾਕੀ ਨਾਲ ਘਰ ਦੀ ਕੰਧ ਟੱਪੀ ਤੇ ਵਿਹੜੇ ਵਿੱਚੋਂ ਲੋਹੇ ਦੀ ਰਾੜ ਚੁੱਕ ਲਈ। ਦਿਲਜੀਤ ਗਹਿਣੇ ਵਗੇਰਾ ਆਪਣੇ ਬੈੱਡਰੂਮ ਦੀ ਅਲਮਾਰੀ ਵਿੱਚ ਹੀ ਰੱਖਿਆ ਕਰਦਾ



ਸੀ। ਆਵਾਜ਼ਾਂ ਵੀ ਉਸਨੂੰ ਬੈੱਡਰੂਮ ਵੱਲੋਂ ਹੀ ਸੁਣਾਈ ਦੇ ਰਹੀਆਂ ਸਨ। ਉਸਨੂੰ ਪੱਕਾ ਯਕੀਨ ਹੋ ਗਿਆ ਕਿ ਕੋਈ ਚੋਰ ਉਸਦੇ ਕਮਰੇ ਦੀ ਅਲਮਾਰੀ ਵਿੱਚੋਂ ਗਹਿਣੇ ਚੋਰੀ ਕਰ ਰਿਹਾ ਹੋਵੇਗਾ। ਉਸਨੇ ਬੜ੍ਹੀ ਹੁਸ਼ਿਆਰੀ ਨਾਲ ਰਾਹਦਾਰੀ ਵਾਲੀ ਚਾਬੀ ਨਾਲ ਲੌਕ ਖੋਲ੍ਹਿਆ ਤੇ ਕਮਰੇ ਅੰਦਰ ਦਾਖਲ ਹੋਇਆ। ਅੰਮ੍ਰਿਤ ਨੂੰ ਕਿਸੇ ਅਜਨਬੀ ਲੜਕੇ ਨਾਲ ਸ਼ਰਮਨਾਕ ਸਥਿਤੀ ਵਿੱਚ ਦੇਖ ਕੇ ਦਿਲਜੀਤ ਬੁਖਲਾ ਜਿਹਾ ਗਿਆ, ਇਸ ਤੋਂ ਪਹਿਲਾਂ ਕਿ ਉਹ ਕੁਝ ਕਹਿੰਦੇ ਦਿਲਜੀਤ ਨੇ ਉਸ ਲੜਕੇ ਦੇ ਸਿਰ ਉੱਤੇ ਪੰਜ-ਛੇ ਵਾਰ ਕੀਤੇ। ਉਹ ਤਾਂ ਉੱਥੇ ਹੀ ਢਹਿ-ਢੇਰੀ ਹੋ ਗਿਆ। ਫਿਰ ਉਸਨੇ ਗੁੱਸੇ ਵਿੱਚ ਅਗਲਾ ਵਾਰ ਅੰਮ੍ਰਿਤ ਉੱਤੇ ਕੀਤਾ ਉਹ ਤਾਂ ਇੱਕ ਵਾਰ ਨਾਲ ਹੀ ਫਰਸ਼ 'ਤੇ ਵਿਛ ਗਈ। ਦੇਖਦੇ-ਦੇਖਦੇ ਕਮਰੇ ਵਿੱਚ ਲਹੂ ਦਾ ਛੱਪੜ ਲੱਗ ਗਿਆ। ਫਿਰ ਦਿਲਜੀਤ ਨੇ ਮੈਨੂੰ ਜਲਦੀ ਤੋਂ ਜਲਦੀ ਘਰ ਆਉਣ ਲਈ ਕਿਹਾ। ਜਦ ਮੈਂ ਘਰ ਪਹੁੰਚੀ ਤਾਂ ਦਿਲਜੀਤ ਪੱਥਰ ਜਿਹਾ ਬਣੀ ਬੈਠਾ ਸੀ। ਜਦ ਮੈਂ ਕਾਰਨ ਪੁੱਛਿਆ ਤਾਂ ਉਸਨੇ ਮੈਨੂੰ ਕਮਰੇ ਵੱਲ ਇਸ਼ਾਰਾ ਕੀਤਾ। ਮੈਂ ਅੰਮ੍ਰਿਤ ਤੇ ਅਜਨਬੀ ਲੜਕੇ ਨੂੰ ਲਹੂ ਨਾਲ ਲੱਥ-ਪੱਥ ਹੋਏ ਦੇਖ ਕੇ ਇੱਕੋਦਮ ਘਬਰਾ ਕੇ ਬੇਹੋਸ਼ ਹੋ ਗਈ। ਜਦ ਹੋਸ਼ ਵਿੱਚ ਆਈ ਤਾਂ ਬਾਹਰਲਾ ਗੇਟ ਖੜਕ ਰਿਹਾ ਸੀ। ਸ਼ਾਇਦ ਘਰ ਵਿਚਲੀ ਵਾਰਦਾਤ ਬਾਰੇ ਆਂਢੀਆਂ-ਗੁਆਂਢੀਆਂ ਨੂੰ ਭਿਣਕ ਪੈ ਗਈ ਸੀ। ਪੁਲਿਸ ਦਿਲਜੀਤ ਤੋਂ ਇਸ ਬਾਰੇ ਪੁੱਛ-ਪੜਤਾਲ ਕਰ ਰਹੀ ਸੀ ਪਰ ਉਹ ਕੁਝ ਵੀ ਬੋਲ ਨਹੀਂ ਪਾ ਰਿਹਾ ਸੀ, ਜਿਵੇਂ ਉਸਦੀ ਜ਼ਬਾਨ ਜਾਮ ਹੋ ਗਈ ਹੋਵੇ। ਸਮੇਂ ਦੀ ਨਜਾਕਤ ਨੂੰ ਸਮਝਦਿਆ ਸਾਰਾ ਇਲਜਾਮ ਮੈਂ ਆਪਣੇ ਉੱਤੇ ਲੈ ਲਿਆ। ਆਖਰ ਹੋਰ ਚਾਰਾ ਵੀ ਕੀ ਸੀ। ਜੇ ਦਿਲਜੀਤ ਅੰਦਰ ਚਲੇ ਜਾਂਦਾ ਤਾਂ ਮੈਂ ਕਿਵੇਂ ਕੋਰਟ-ਕਚਹਿਰੀਆਂ ਦੇ ਚੱਕਰ, ਤੇ ਘਰ ਦਾ ਬੋਝ ਉਠਾਉਂਦੀ। ਸੋ ਉਸ ਵੇਲ਼ੇ ਜੋ ਠੀਕ ਲੱਗਿਆ ਉਹੀ ਕੀਤਾ . . .।'

"ਆਂਟੀ ਜੀ ਤੁਸੀਂ ਕਿੱਧਰ ਖੋ ਗਏ???"

ਕੋਮਲ ਦੀ ਆਵਾਜ ਨੇ ਮੈਨੂੰ ਸੋਚਾਂ ਦੇ ਸਮੁੰਦਰ 'ਚੋਂ ਬਾਹਰ ਕੱਢਿਆ।

"ਬਸ ਆਂਟੀ ਮੈਨੂੰ ਹਾਲੇ ਤੱਕ ਇਸ ਗੱਲ ਦੀ ਸਮਝ ਨ੍ਹੀ ਲੱਗੀ ਕਿ ਢਾਬੇ ਵਾਲੇ ਕੋਲ ਜਾਣ ਤੋਂ ਬਾਅਦ ਤਾਂ ਮੈਨੂੰ ਵੀ ਕੋਈ ਹਿਸਾਬ ਨ੍ਹੀ ਕਿ ਕਿੰਨੇ ਕੁ ਦਰਿੰਦਿਆ ਨੇ ਵਹਿੰਦੀ ਗੰਗਾ ਵਿੱਚ ਹੱਥ ਧੋਏ ਹੋਣੇ ਆ? ਫਿਰ ਆਖਰ ਮੇਰੀ ਉਸ ਵੇਲੇ ਕੀ ਮਾਨਸਿਕ ਅਵਸਥਾ ਸੀ, ਜਿਸ ਨੇ ਮੇਰੇ ਹੱਥੋਂ ਕਤਲ ਤੱਕ ਕਰਵਾ ਦਿੱਤਾ???"

'ਕਤਲ? ਕਤਲ ਤੂੰ ਨ੍ਹੀ ਕੀਤਾ ਬਲਕਿ ਕਤਲ ਤਾਂ ਤੇਰਾ ਹੋਇਐ। ਤੇਰੇ ਭਵਿੱਖ ਦਾ ਕਤਲ।. . . ਜਿਵੇਂ ਅੰਮ੍ਰਿਤ ਦੇ ਭਵਿੱਖ ਦਾ ਕਤਲ ਹੋਇਆ ਸੀ। 'ਕੱਲਾ ਦਿਲਜੀਤ ਜਾਂ ਮੈਂ ਹੀ ਸ਼ਾਮਿਲ ਨ੍ਹੀਂ ਸੀ ਉਸ ਕਤਲ ਵਿੱਚ ਬਲਕਿ ਸਮੁੱਚਾ ਸਮਾਜ ਵੀ ਸ਼ਾਮਿਲ ਆ ਜਿਸਨੇ ਅਜਿਹੀਆਂ ਪ੍ਰਸਥਿਤੀਆਂ ਨੂੰ ਜਨਮ ਦਿੱਤਾ . . .।'

"ਆਂਟੀ ਜੀ ਕੀ ਬੁੜਬੁੜਾਈ ਜਾ ਰਹੇ ਓ? ਉਹ ਕੀ ਕਾਰਨ ਸੀ ਜਿਸ ਕਰਕੇ ਤੁਸੀਂ ਆਪਣੀ ਹੀ ਧੀ ਦਾ ਕਤਲ ਕਰ ਦਿੱਤਾ? . . . ਆਖਿਰ ਅੰਮ੍ਰਿਤ ਤੋਂ ਅਜਿਹਾ ਕੀ ਕਸੂਰ ਹੋ ਗਿਆ ਸੀ ?"

ਕੋਮਲ ਸਵਾਲ ਦਰ ਸਵਾਲ ਪੁੱਛਦੀ ਜਾ ਰਹੀ ਆ। ਪਰ ਮੇਰੇ ਕੋਲ ਉਹਦੇ ਸਵਾਲਾ ਦਾ ਉੱਤਰ ਦੇਣ ਦੀ ਹਿੰਮਤ ਨਹੀਂ ਹੋ ਰਹੀ। ਮੇਰਾ ਵੀ ਦਿਲ ਕਰਦਾ ਹੈ ਕਿ ਆਪਣੇ ਦੁੱਖ ਬਾਰੇ ਕੋਮਲ ਨੂੰ ਦੱਸ ਕੇ ਦਿਲ ਹੌਲਾ ਕਰਾ ਪਰ ਹਿੰਮਤ ਕਿੱਥੋਂ ਲਿਆਵਾ? ਮੈਨੂੰ ਸਿਰਫ ਕੋਮਲ ਦੇ ਬੁੱਲ੍ਹ ਹਿੱਲਦੇ ਨਜ਼ਰ ਆ ਰਹੇ ਨੇ। ਮੈਂ ਆਪਣਾ ਧਿਆਣ ਕੋਮਲ ਦੀ ਅਵਾਜ਼ ਨੂੰ ਸੁਣਨ ਲਈ ਕੇਂਦਰਿਤ ਕਰਦੀ ਹਾਂ ਪਰ ਐਦਾ ਲੱਗਦਾ ਜਿਵੇਂ ਮੇਰੀਆਂ ਸਭ ਇੰਦਰੀਆਂ ਜਵਾਬ ਦੇ ਗਈਆ ਹੋਣ। ਕੋਮਲ ਸ਼ਰਾਬ ਦਾ ਗਲਾਸ ਭਰਦੀ ਹੈ ਤੇ ਪਾਣੀ ਮਿਲਾ ਕੇ ਪੀਣ ਲੱਗਦੀ ਹੈ। ਅਚਾਨਕ ਮੈਂ ਉਸ ਦੇ ਹੱਥੋਂ ਗਲਾਸ ਫੜ ਕੇ ਖੁਦ ਪੀ ਲੈਂਦੀ ਹਾਂ। ਇਸ ਤੋਂ ਬਾਅਦ ਮੈਨੂੰ ਕੋਈ ਹੋਸ਼ ਨਹੀਂ ਰਹਿੰਦਾ। ਸਵੇਰੇ ਉੱਠਦੀ ਹਾਂ ਤਾਂ ਆਪਣਾ ਸਰੀਰ ਬੜ੍ਹਾ ਹੌਲਾ-ਫੁੱਲ ਮਹਿਸੂਸ ਕਰਦੀ ਹਾਂ। ਇਸ ਬਾਰੇ ਕੋਮਲ ਨੂੰ ਦੱਸਦੀ ਹਾਂ ਤੇ ਰਾਤ ਬਾਰੇ ਪੁੱਛਦੀ ਹਾਂ ਉਹ ਸਿਰਫ ਮੁਸਕਰਾ ਦਿੰਦੀ ਹੈ। ਅਜਿਹੀ ਮੁਸਕਰਾਹਟ ਜੋ ਮੈਨੂੰ ਕਦੇ ਵੀ ਅੰਮ੍ਰਿਤ ਦੇ ਚਿਹਰੇ 'ਤੇ ਦਿਖਾਈ ਨਹੀਂ ਦਿੱਤੀ।

ਪਤਾ-ਅਮਲੋਹ (ਫਤਿਹਗੜ੍ਹ ਸਾਹਿਬ) ਮੋਬਾ. 98555-86687

# ਪ੍ਰੇਮ ਗੋਰਖੀ ਨਾਲ ਇਕ ਗੈਰ ਰਸਮੀ ਮੁਲਾਕਾਤ/ ਕਿਰਪਾਲ ਕਜ਼ਾਕ

ਪ੍ਰੇਮ ਗੋਰਖੀ ਪੰਜਾਬੀ ਸਾਹਿਤ ਜਗਤ ਵਿਚ ਸਥਾਪਿਤ ਨਾਂ ਹੈ। ਉਹ ਸੰਵੇਦਨਸ਼ੀਲ ਕਹਾਣੀਕਾਰ ਹੈ। ਉਸਨੇ ਪੁਰਖਿਆਂ ਦੇ ਹਾਸ਼ੀਆ ਗ੍ਰਸ਼ਤ ਵਰਗ ਵਿਚੋਂ ਆਪਣੀ ਮਿਹਨਤ ਮੁਸ਼ੱਕਤ ਅਤੇ ਬੌਧਿਕ ਗਿਆਨ ਦੀ ਚੇਤਨਾ ਸਦਕਾ ਚਿੰਤਨ ਵਰਗ ਵਿਚ ਕੇਵਲ ਆਪਣੀ ਧਾਂਕ ਹੀ ਨਹੀਂ ਪੈਦਾ ਕੀਤੀ ਮਿੱਟੀ ਰੰਗੇ ਲੋਕਾਂ ਦੀ ਸਦੀਆਂ ਲੰਮੀ ਚੁੱਪ ਨੂੰ ਹੱਕਾਂ ਦੀ ਰਾਖੀ ਲਈ ਜ਼ੁਬਾਨ ਵੀ ਦਿੱਤੀ ਹੈ। ਇਕ ਗ਼ੈਰ ਹਾਜ਼ਰ ਵਰਗ ਦੀ ਪ੍ਰਤਿਨਿਧਤਾ ਕਰਦਿਆਂ ਉਸਨੇ ਕਈ ਅਜਿਹੀਆਂ ਜ਼ਿਕਰਯੋਗ ਰਚਨਾਵਾਂ ਦੀ ਸਿਰਜਣਾ ਕੀਤੀ ਹੈ ਜੋ ਪੰਜਾਬੀ ਕਹਾਣੀ ਦਾ ਹਾਸਲ ਹੈ। ਉਸਦੀ ਲਿਖਤ ਕਿਸੇ ਫੈਸ਼ਨ ਨੁਮਾ ਭੀੜ ਦਾ ਹਿੱਸਾ ਨਹੀਂ ਹੈ। ਉਸਦੀ ਲਿਖਤ ਦੀ ਵੱਖਰਤਾ ਹੀ ਉਸਦੀ ਤਾਕਤ ਅਤੇ ਪ੍ਰਾਪਤੀ ਹੈ। ਉਸਦੀ ਸਿਰਜਣ ਪ੍ਰਕਿਰਿਆ ਬਾਰੇ ਸੰਖੇਪ ਗੱਲਬਾਤ ਕੀਤੀ ਗਈ ਹੈ।

**? ਗੋਰਖੀ ਜੀ ਇਸ ਮੁਲਾਕਾਤ ਦੇ ਸੀਮਤ ਪੰਨੇ ਹਨ। ਮੈਂ ਕਈ ਨਿੱਕੇ ਨਿੱਕੇ ਪ੍ਰਸ਼ਨਾਂ ਦਾ ਅਭਿਲਾਸ਼ੀ ਹਾਂ। ਇਸ ਲਈ ਸੰਖੇਪਤਾ ਇਸ ਮੁਲਾਕਾਤ ਦੀ ਮਜਬੂਰੀ ਹੈ। ਇਹ ਦੱਸੋ ਕਿ ਪਹਿਲੀ ਕਹਾਣੀ ਕਿਉਂ ਲਿਖੀ? ਕਦੋਂ ਲਿਖੀ ਅਤੇ ਕਿੱਥੇ ਛਪੀ?**

-ਮੇਰੇ ਲਈ ਇਸ ਪ੍ਰਸ਼ਨ ਦਾ ਉੱਤਰ ਦੇਣਾ ਸੌਖਾ ਨਹੀਂ ਹੈ। ਨਾ ਹੀ ਮੈਂ ਇਹਨੂੰ ਸੰਖੇਪ ਕਰ ਸਕਦਾ ਹਾਂ ਕਿਉਂਕਿ ਜਿਹੜੇ ਹਾਲਾਤਾਂ ਵਿਚ ਮੈਂ ਕੁਝ ਲਿਖਣ ਬਾਰੇ ਸੋਚਣ ਲੱਗਾ, ਪਹਿਲਾਂ ਤਾਂ ਉਹ ਹਾਲਾਤ ਹੀ ਬੜੀ ਵੱਖਰੀ ਕਿਸਮ ਦੇ ਸਨ।

**? ਮਸਲਨ?**

-ਮਸਲਨ ਮੈਂ ਪੰਜਵੀਂ ਛੇਵੀਂ ਵਿਚ ਹੀ ਇਕ ਟੀਚਰ ਦੀ ਪ੍ਰੇਰਨਾ ਨਾਲ ਕਿਤਾਬਾਂ ਰਸਾਲੇ ਪੜ੍ਹਨੇ ਸ਼ੁਰੂ ਕਰ ਦਿੱਤੇ ਸੀਗੇ। ਪਰ ਮੇਰੇ ਲਈ ਇਹ ਬੇਹੱਦ ਹੈਰਾਨੀ ਵਾਲੀ ਗੱਲ ਸੀ ਕਿ ਉਹਨਾਂ ਨਾਵਲਾਂ ਕਹਾਣੀਆਂ ਜਾਂ ਰਸਾਲਿਆਂ ਵਿਚ ਉਹੋ ਜਿਹਾ ਕੁਝ ਵੀ ਲਿਖਿਆ ਨਹੀਂ ਸੀ ਮਿਲਦਾ, ਜਿਹੋ ਜਹੀ ਜ਼ਿੰਦਗੀ ਮੇਰੇ ਆਲੇ-ਦੁਆਲੇ ਲੋਕ ਜਾਂ ਮੇਰੇ ਮਾਪੇ ਜਿਉਂ ਰਹੇ ਸੀ। ਮੈਂ ਪ੍ਰਿੰਸੀਪਲ ਸੁਜਾਨ ਸਿਹੁੰ ਨੂੰ ਵੀ ਪੜ੍ਹਿਆ, ਪਰ ਉਹਦੀਆਂ ਕਹਾਣੀਆਂ ਵਿਚ ਵੀ ਮੈਨੂੰ ਉਹੋ ਜਿਹੀ ਗੱਲ ਨਹੀਂ ਲੱਭੀ, ਉਹ ਪੜ੍ਹਿਆ ਲਿਖਿਆ ਸੀ, ਪ੍ਰਿੰਸੀਪਲ ਲੱਗਾ ਸੀ। ਉਹਨੂੰ ਸ਼ਾਇਦ ਇਹ ਅਨੁਭਵ ਹੀ ਨਹੀਂ ਸੀ ਕਿ ਲੋਕ ਪਿੰਡਾਂ 'ਚ ਦਿਹਾੜੀਆਂ ਕਿਵੇਂ ਕਰਦੇ ਐ, ਜਾਂ ਉਹਨਾਂ ਨੂੰ ਕਿਹੜੀਆਂ ਮੁਸ਼ਕਲਾਂ ਚੋਂ ਲੰਘਣਾ ਪੈਂਦਾ। ਉਹਨਾਂ ਦੀਆਂ ਧੀਆਂ ਭੈਣਾਂ ਨਾਲ ਕੀ ਵਾਪਰਦੈ? ਜਾਂ ਉਹਨਾਂ ਨੂੰ ਮਜ਼ਦੂਰੀ ਦੇਣ ਲੱਗਿਆਂ ਉਹਨਾਂ ਨਾਲ ਕਿਵੇਂ ਦਾ ਵਿਤਕਰਾ ਹੁੰਦੈ। ਲੋਕੀਂ ਜਿਹੜਾ ਮੜ੍ਹੀ ਦਾ ਦੀਵਾ' ਬਾਰੇ ਕਹਿੰਦੇ ਨੇ ਕਿ ਇਹਦੇ 'ਚ ਦਲਿਤ ਜਗਸੀਰ ਨੂੰ ਚਿਤਰਿਆ ਗਿਐ, ਮੈਂ ਜਾਂ ਮੇਰੇ ਆਲੇ ਦੁਆਲੇ ਇੱਥੋਂ ਤੱਕ ਕਿ ਮੇਰੇ ਮਾਪੇ ਵੀ ਜਿਹੋ ਜਿਹੀ ਜ਼ਿੰਦਗੀ ਜਿਉਂ ਰਹੇ ਸਨ ਉਹਦਾ ਨਾਂ ਮਾਤਰ ਵੀ 'ਮੜ੍ਹੀ ਦਾ ਦੀਵਾ' ਵਿਚ ਜ਼ਿਕਰ ਨਹੀਂ ਸੀ। ਕਿਉਂਕਿ ਜਗਸੀਰ ਭਾਵੇਂ ਸੀਰੀ ਐ, ਪਰ ਉਹ ਉਹੋ ਜਿਹੀ ਜ਼ਲਾਲਤ ਭਰੀ ਜ਼ਿੰਦਗੀ ਨਹੀਂ ਜਿਉਂਦਾ ਜਿਹੋ ਜਿਹੀ ਸਾਡੇ ਪਰਿਵਾਰਾਂ ਦੀ ਸੀ। ਇਥੇ ਮੈਂ ਦੱਸ ਦਿਆਂ ਕਿ ਮੇਰਾ ਬਹੁਤਾ ਬਚਪਨ ਨਾਨਕੇ ਗੁਜ਼ਰਿਐ। ਵਾਢ੍ਹੀ ਟੋਕੀ ਅਤੇ ਗੋਡੀ ਜਾਂ ਝੋਨਾ ਲੁਆਈ ਦੇ ਦਿਨੀਂ ਮੇਰਾ ਭਾਈਆ (ਪਿਤਾ) ਤੇ ਬੀਬੀ (ਮਾਂ) ਦਿਹਾੜੀ ਦੱਪੇ ਲਈ ਮੇਰੇ ਨਾਨਕੇ ਆ ਜਾਂਦੀ ਸੀ। ਕਿਉਂਕਿ ਇੱਥੇ ਜਲੰਧਰ ਦਿਹਾੜੀ ਦਾ ਏਨਾ ਕੰਮ ਨਹੀਂ ਸੀ ਮਿਲਦਾ। ਏਥੇ ਜਲੰਧਰ ਮੇਰੇ ਭਾਈਆ ਪਹਿਲਾਂ ਲਾਲਿਆਂ ਦੀ ਮੁਜ਼ਾਰੇ ਵਜੋਂ ਜ਼ਮੀਨ ਵਾਹੁੰਦਾ ਸੀ ਫਿਰ ਜਦੋਂ ਲਾਡੋਵਾਲੀ ਨੇੜੇ



**ਪੁਸਤਕਾਂ-**

*1. ਮਿੱਟੀ ਰੰਗੇ ਲੋਕ (ਕਹਾਣੀਆਂ)*
*2. ਜੀਣ ਮਰਨ*
*3. ਧਰਤੀ ਪੁੱਤਰ*
*4. ਅਰਜਨ ਸਫੈਦੀ ਵਾਲਾ*
*5. ਤਿੱਤਰ ਖੰਭੀ ਜੂਹ (ਨਾਵਲੈੱਟ)*
*6. ਗ਼ੈਰ ਹਾਜ਼ਿਰ ਆਦਮੀ (ਸਵੈ ਜੀਵਨੀ)*
*7. ਹਿੰਦੀ ਦੀਆਂ ਸਰਵੋਤਮ ਕਹਾਣੀਆਂ (ਅਨੁਵਾਦ)*
*8. ਕਿੱਸਾ ਗੁਲਾਮ (ਅਨੁਵਾਦ)*
*9. ਅਸੀਂ ਜਵਾਬ ਦਿੰਦੇ ਹਾਂ (ਸੰਪਾਦਤ)*

ਬਸਤੀਆਂ ਬਣਨ ਲੱਗੀਆਂ ਤਾਂ ਭਾਈਏ ਤੋਂ ਜ਼ਮੀਨ ਖੁੱਸ ਗਈ ਤੇ ਅਸੀਂ ਬੇ ਰੁਜ਼ਗਾਰ ਹੋ ਗਏ। ਇਸ ਲਈ ਉਹ ਦਿਹਾੜੀ ਕਰਨ ਮੇਰੇ ਨਾਨਕੇ ਚਲੇ ਜਾਂਦੇ। ਜ਼ਾਹਿਰ ਹੈ ਕਿ ਮੈਂ ਵੀ ਛੁੱਟੀਆਂ 'ਚ ਜਾਂ ਅੱਗੇ ਪਿੱਛੇ ਉਹਨਾਂ ਦੇ ਨਾਲ ਹੀ ਵਾਢ੍ਹੀ ਟੋਕੀ ਕਰਦਾ। ਪਰ ਉਸ ਸਮੇਂ ਮੈਂ ਜੋ ਵੀ ਥੋੜ੍ਹਾ ਬਹੁਤਾ ਪੜ੍ਹਿਆ ਉਸ ਵਿਚ ਮੈਨੂੰ ਆਪਣੀ ਜ਼ਿੰਦਗੀ ਵਰਗੀ ਗੁਰਬਤ ਅਤੇ ਜ਼ਲਾਲਤ ਕਿਸੇ ਨਾਵਲ ਕਹਾਣੀ ਵਿਚ ਨਹੀਂ ਮਿਲੀ। ਫਿਰ ਦਿਨ 'ਚ ਆਇਆ ਕਿ ਆਪ ਕੋਸ਼ਿਸ਼ ਕੀਤੀ ਜਾਵੇ। ਸ਼ੁਰੂ 'ਚ ਮੈਂ ਕਵਿਤਾ ਲਿਖੀ, ਫਿਰ ਜਦੋਂ ਮੈਨੂੰ ਅਮਰਜੀਤ ਚੰਦਨ ਜਾਂ ਹੋਰ ਦੋਸਤ ਮਿਲੇ ਤਾਂ ਉਹਨਾਂ ਸਲਾਹ ਦਿੱਤੀ ਕਿ ਜਿਹੋ ਜਿਹੀਆਂ ਗੱਲਾਂ ਤੂੰ ਕਰਨਾਂ ਚਾਹੁੰਨੈਂ, ਉਸ ਬਾਰੇ ਕਹਾਣੀ ਲਿਖ। ਇਹ ਤਾਂ ਹੋ ਗਈ ਪਹਿਲੀ ਗੱਲ। ਇਹਦੇ ਨਾਲ ਇਕ ਦੂਜੀ ਗੱਲ ਵੀ ਜੁੜਦੀ ਐ ਕਿ ਮੈਂ ਲਿਖਣ ਦਾ ਹੌਂਸਲਾ ਕਿਵੇਂ ਕੀਤਾ? ਉਹ ਇਹ ਐ ਕਿ ਪਤਾ ਨਹੀਂ ਕਿਉਂ ਮੇਰੇ ਅੰਦਰ ਗੁਸਾ ਨਿੱਕੇ ਹੁੰਦਿਆਂ ਤੋਂ ਹੀ ਬਹੁਤ ਸੀ। ਗੁੱਸਾ ਵੀ ਅਜੀਬ ਕਿਸਮ ਦਾ, ਦਿਲ ਕਰਦਾ ਬਹੁਤ ਉੱਚੀ ਉੱਡਾਂ, ਡੂੰਘੇ ਟੋਕ੍ਹੇ 'ਚ ਤੈਰਾਂ, ਭਲਵਾਨੀ ਕਰਾਂ। ਕਿਸੇ ਤਕੜੇ ਬੰਦੇ ਨੂੰ ਢਾਹਾਂ। ਮੈਨੂੰ ਗੁੱਸਾ ਉਦੋਂ ਆਉਂਦਾ ਜਦੋਂ ਮੈਂ ਖੇਤ ਮਾਲਕਾਂ ਵੱਲੋਂ ਸਾਡੇ ਨਾਲ ਬੜਾ ਭੈੜਾ ਵਰਤਾਓ ਹੁੰਦਾ ਦੇਖਦਾ। ਕੰਮ ਕਰਾਉਣ ਵੇਲੇ, ਪੈਸੇ ਦੇਣ ਵੇਲੇ, ਚਾਹ ਪਾਣੀ ਦੇਣ ਵੇਲੇ ਵਿਤਕਰਾ ਹੁੰਦਾ... ਗੁੱਸਾ ਆਉਂਦਾ ਤਾਂ ਮੈਂ ਤੇਜ਼ ਵਗਦੀ ਵੇਈਂ 'ਚ ਜਾ ਛਾਲ ਮਾਰਦਾ... ਮਾਂ ਕਲਪਦੀ ਪਰ ਮੈਂ ਰੋਹ ਨਾਲ ਭਰਿਆ ਹੁੰਦਾ, ਬਸ ਮੂੰਹੋਂ ਕੁਝ ਕਹਿ ਨਾ ਸਕਦਾ। ਮੈਨੂੰ ਲੱਗਦੈ ਉਸ ਗੁੱਸੇ ਅਤੇ ਬੇ ਨਿਆਈਂ ਵਿਚੋਂ ਹੀ ਮੇਰੇ ਅੰਦਰ ਲਿਖਣ ਦਾ ਬੀਜ ਫੁੱਟਿਆ। ਗੁੱਸਾ ਆਉਂਦਾ ਬਈ ਭਲਵਾਨ ਬਣਾ ਤੇ ਇਹਨਾਂ ਵਧੀਕੀਆਂ ਕਰਨ ਵਾਲਿਆਂ ਨੂੰ ਗੋਡਾ ਫੇਰਾਂ। ਇਸ ਗੁੱਸੇ ਕਰਕੇ ਹੀ ਮੈਂ ਹੜ੍ਹ ਆਈ ਬੇਈਂ 'ਚ ਜਾ ਵੜਦਾ, ਕਈ ਵੇਰ ਲੋਕਾਂ ਦੇ ਡੰਗਰ ਰੁੜ ਕੇ ਆ ਰਹੇ ਹੁੰਦੇ, ਕਈ ਵੇਰੀ ਹੋਰ ਅਸਬਾਬ, ਪਰ ਮੇਰੇ ਲਈ ਜਿਨਾਂ ਉਹ ਅਸਬਾਬ ਕੱਢ ਕੇ ਲਿਆਉਣਾ ਜ਼ਰੂਰੀ ਹੁੰਦਾ, ਉਨਾ ਹੀ ਜ਼ਰੂਰੀ ਗੁੱਸੇ ਨੂੰ ਸ਼ਾਂਤ ਕਰਨਾ। ਮੇਰੇ ਟੀਚਰ ਸੀ ਬਲਬੀਰ ਸਿੰਘ ਕੰਵਲ, ਭਲਵਾਨਾਂ ਬਾਰੇ ਉਹਨਾਂ ਨੇ ਕਿਤਾਬ ਵੀ ਲਿਖੀ ਹੈ। ਉਹਨਾਂ ਨੇ ਵੀ ਮੈਨੂੰ ਪ੍ਰੇਰਨਾ ਦਿੱਤੀ ਕਿ ਮੈਂ ਜਿਹੜੀ ਗੱਲ ਕਹਿ ਨਹੀਂ ਸਕਦਾ, ਉਹ ਲਿਖ ਦਿਆਂ ਕਰਾਂ। ਬਾਅਦ ਵਿਚ ਜਲੰਧਰ ਆ ਕੇ ਮੈਂ ਅਮਰਜੀਤ ਚੰਦਨ, ਗੁਰਭਜਨ ਗਿੱਲ ਦੇ ਵੱਡੇ ਭਾਈ ਸਨ ਕੁਝ ਇਹਨਾਂ ਦੀ ਪ੍ਰੇਰਨਾ ਸਦਕਾ ਤੇ ਕੁਝ ਆਪਣੇ ਅੰਦਰਲੇ ਰੋਹ ਕਾਰਨ ਮੈਨੂੰ ਲੱਗਦਾ ਕਿ ਕਿਸੇ ਵੀ ਤਰ੍ਹਾਂ ਏਸ ਗਰੀਬੀ ਦੀ ਜ਼ਲਾਲਤ ਵਿਚੋਂ ਨਿਕਲਿਆ ਜਾਵੇ ਅਤੇ ਆਪਣੇ ਅੰਦਰਲੇ ਵਿਦਰੋਹ ਨੂੰ ਲਿਖਿਆ ਜਾਵੇ। ਹੱਛਾ ਇਥੇ ਇਕ ਹੋਰ ਘਟਨਾ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਜਿਸਨੇਂ ਮੇਰੇ ਅੰਦਰ ਲਿਖਣ ਦੀ ਬੜੀ ਤੀਬਰ ਇੱਛਾ ਪੈਦਾ ਕੀਤੀ।

**? ਕੀ?**

-ਸਾਡੇ ਵਿਹੜੇ ਦਾ ਚਾਚਾ ਸੀ ਕਰਤਾਰ ਸਿਹੁੰ! ਪੁਲਿਸ ਦਾ ਟਾਊਟ। ਓਨੇ ਕਈ ਵੇਰ ਮੇਰੇ ਭਾਈਏ

ਨੂੰ ਵੀ ਵਗਾਰ ਵਿਚ ਲੈ ਜਾਣਾ, ਮੈਨੂੰ ਵੀ... ਪਰ ਪੈਸੇ ਨਾ ਦੇਣੇ। ਕੱਲਾ ਸਾਨੂੰ ਈ ਨਹੀਂ ਸਾਡੇ ਵਿਹੜੇ ਦੇ ਹੋਰ ਵੀ ਕਈਆਂ ਤੋਂ ਧੱਕੇ ਨਾਲ ਕੰਮ ਕਰਵਾਉਣੇ, ਛਿੱਤਰ ਨਾਲ। ਮੈਂ ਏਸ ਗੱਲ ਦਾ ਵਿਰੋਧ ਕਰਨਾ। ਮੈਂ ਭਾਈਏ ਨੂੰ ਵੀ ਕਿਹਾ, ਪਈ ਕਿਉਂ ਜਾਨੈ ਵਗਾਰ? ਪਰ ਕਿੱਥੇ। ਲਉ ਜੀ ਚਾਚਾ ਤਾਂ ਮੇਰੇ ਵੈਰ ਪੈ ਗਿਆ, ਓਨੇ ਕਿਹਾ ਬਈ ਇਹਨੂੰ ਮੁੰਡੇ ਨੂੰ ਟੰਗਣੈ ਜ਼ਰੂਰ, ਭਾਵੇਂ ਕਿਵੇਂ ਵੀ। ਤੇ ਛੇਤੀ ਉਹਨੂੰ ਮੌਕਾ ਵੀ ਲੱਭ ਗਿਆ।

**? ਕਿਵੇਂ?**

-ਅਸਲ 'ਚ ਸਾਡੇ ਗੁਆਂਢ 'ਚ ਇਕ ਕੁੜੀ ਸੀ ਮਿੰਦੋ, ਇਕ ਦਿਨ ਚਾਚੀ ਉਹਨੂੰ ਵੀ ਵਗਾਰ 'ਚ ਲੈ ਗਈ। ਮੈਂ ਵਿਰੋਧ ਕੀਤਾ, ਬਸ ਫੇਰ ਕੀ ਸੀ। ਚਾਚੇ ਨੇ ਮੈਨੂੰ ਇਕ ਸਾਈਕਲ ਦਿੱਤਾ ਪੈਂਚਰ ਲੁਆਉਣ ਲਈ ਉਹਦੇ ਕੇਸ ਵਿਚ ਐਹੋ ਜਿਹਾ ਫਸਾਇਆ ਕਿ ਮੇਰੇ ਤਿੰਨ ਸਾਲ ਤਬਾਹ ਹੋ ਗਏ। ਫੇਰ ਸਭ ਨੂੰ ਪਤਾ ਈ ਐ ਕਿ ਮੇਰੀ ਕਿਵੇਂ ਅੰਮ੍ਰਿਤਾ ਦੇ ਇਕ ਖਤ ਕਾਰਨ ਖਲਾਸੀ ਹੋਈ ਅਤੇ ਮੈਂ ਉਸ ਗੁੱਸੇ ਵਿਚ ਕੁਝ ਕਹਾਣੀਆਂ ਲਿਖੀਆਂ ਜਿਹੜੀਆਂ ਮੇਰੇ ਕਹਾਣੀ ਸੰਗ੍ਰਹਿ 'ਮਿੱਟੀ ਰੰਗੇ ਲੋਕ' ਵਿਚ ਪੜ੍ਹੀਆਂ ਜਾ ਸਕਦੀਆਂ ਨੇ।

**? ਪਹਿਲੀ ਕਹਾਣੀ ਕਿਹੜੀ ਛਪੀ?**

-ਉਸ ਦਾ ਨਾਂ ਸੀ 'ਇਕ ਭੁੱਲ' ਪਰ ਸ਼ੁਰੂ ਵਿਚ ਮੈਂ ਜਿਹੜੀਆਂ ਵੀ ਕਹਾਣੀਆਂ ਲਿਖੀਆਂ ਉਹਨਾਂ ਵਿਚ ਗੁੱਸਾ, ਰੋਹ, ਗੁਰਬਤ, ਜ਼ਲਾਲਤ ਅਤੇ ਉਸ ਪ੍ਰਤਿ ਇਕ ਬਗ਼ਾਵਤ ਜਿਹੀ ਨਜ਼ਰ ਆਉਂਦੀ ਹੈ ਜਿਹੜੀ ਜ਼ਿੰਦਗੀ ਮੈਂ, ਮੇਰੇ ਮਾਪਿਆਂ ਜਾਂ ਮੇਰੇ ਆਲੇ ਦੁਆਲੇ ਦੇ ਲੋਕਾਂ ਨੇ ਹੰਢਾਈ।

**? ਕਹਾਣੀ ਦੀ ਵਿਧਾ ਨੂੰ ਕਿਉਂ ਚੁਣਿਆ?**

-ਮੈਂ ਦੱਸਿਐ ਨਾ ਪਈ ਮੈਂ ਸ਼ੁਰੂ 'ਚ ਕਵਿਤਾ ਲਿਖੀ। ਖਾਲਸਾ ਕਾਲਜ ਦੇ ਮੈਗਜ਼ੀਨ 'ਬਿਆਸ' ਵਿਚ ਛਪੀ ਵੀ, ਅਮਰਜੀਤ ਚੰਦਨ, ਕਾਲੜਾ, ਚਰਨਜੀਤ ਤੇ ਪ੍ਰੇਮ ਪ੍ਰਕਾਸ਼ ਹੋਰੀ ਮਿਲਦੇ ਰਹਿੰਦੇ ਸੀਗੇ, ਉਹਨਾਂ ਨੂੰ ਮੈਂ ਆਪਣੇ ਜੀਵਨ ਅਤੇ ਗੁੱਸੇ ਬਾਰੇ ਦੱਸਿਆ। ਉਹਨਾਂ ਸਲਾਹ ਦਿੱਤੀ ਕਿ ਤੂੰ ਕਵਿਤਾ ਦਾ ਖਹਿੜਾ ਛੱਡ, ਤੇ ਕਹਾਣੀ ਲਿਖ।

**? ਤੁਹਾਡੀਆਂ ਮੁੱਢਲੀਆਂ ਕਹਾਣੀਆਂ ਦੇ ਪਾਤਰ ਬਹੁਤ ਰਿਐਕਸ਼ਨਰੀ ਹਨ। ਨਿੱਕੀ ਨਿੱਕੀ ਗੱਲ 'ਤੇ ਕੱਛ ਵਿਚੋਂ ਦਾਤਰ ਕੱਢ ਲੈਂਦੇ ਹਨ। ਉਹਨਾਂ ਕੋਲ ਬੇ ਇਨਸਾਫੀ ਨਾਲ ਲੜਨ ਦਾ ਕੋਈ ਤਰਕ ਵਿਤਰਕ ਨਹੀਂ ਹੈ। ਉਹ ਪਾਤਰ ਸਿਧਾਂਤਕ ਸੂਝ ਅਤੇ ਜੱਦੋ ਜਹਿਦ ਦੀ ਜਿੱਤ ਦੇ ਪੈਂਤੜੇ ਤੋਂ ਵੀ ਅਣਜਾਣ ਹਨ। ਇਹ ਉਹਨਾਂ ਦੀ ਮਜਬੂਰੀ ਹੈ ਜਾਂ ਬੇ ਬਸੀ?**

-ਇਸ ਸੁਆਲ ਦਾ ਅੱਧਾ ਜੁਆਬ ਤਾਂ ਮੈਂ ਦੇ ਹੀ ਚੁੱਕਾ ਹਾਂ। ਥੋੜ੍ਹਾ ਹੋਰ ਸਪਸ਼ਟ ਕਰ ਦਿੰਦਾ ਹਾਂ। ਪਹਿਲੀ ਗੱਲ ਤਾਂ ਇਹ ਕਿ ਲੇਖਕ ਦੀ ਰਚਨਾ ਉਸ ਤੋਂ ਬਹੁਤੀ ਵੱਖਰੀ ਨਹੀਂ ਹੁੰਦੀ। ਕਈ ਰੂਪਾਂ ਵਿਚ ਉਸਦੇ ਆਪੇ ਦਾ ਹੀ ਪ੍ਰਗਟਾਓ ਹੁੰਦੀ ਹੈ। ਮੈਂ ਦੱਸਿਆ ਨਾ ਕਿ ਮੈਂ ਕਿਹੋ ਜਿਹੀ ਜ਼ਿੰਦਗੀ ਜਿਉਂ ਰਿਹਾ ਸਾਂ ਅਤੇ ਮੇਰਾ ਸਾਰਾ ਆਲਾ-ਦੁਆਲਾ ਉਸ ਵਿਚੋਂ ਲੰਘ ਰਿਹਾ ਸੀ ਉਸ ਪ੍ਰਤੀ ਮੇਰੇ ਮਨ ਵਿਚ ਅੰਤਾਂ ਦਾ ਗੁੱਸਾ ਅਤੇ ਅਕਰੋਸ਼ ਸੀ ਇਹ ਗੁੱਸਾ ਕਿਸ ਕਿਸਮ ਦਾ ਸੀ ਉਹਦੇ ਬਾਰੇ ਇਕ ਨਿੱਕੀ ਜਿਹੀ ਘਟਨਾ ਹੈ ਕਿ ਕੁਝ ਬਦਮਾਸ਼ ਕਿਸਮ ਦੇ ਮੁੰਡੇ ਸਾਡੇ ਘਰਾਂ ਦੀਆਂ ਕੁੜੀਆਂ ਨੂੰ ਬਾਹਰ ਅੰਦਰ ਜਾਂਦੇ ਟੋਕਿਆ ਕਰਨ। ਜਿਸ ਦਿਨ ਮੈਨੂੰ ਪਤਾ ਲੱਗਾ ਮੈਂ ਚੁੱਕ ਕੇ ਇਕ ਬਦਮਾਸ਼ ਨੂੰ ਥੱਲੇ ਧਰ ਲਿਆ। ਮੈਨੂੰ ਵੇਖ ਕੇ ਵਿਹੜੇ ਦੇ ਦੂਜੇ ਮੁੰਡੇ ਵੀ ਹੌਂਸਲੇ 'ਚ ਹੋ ਗਏ। ਗੱਲ ਵੱਡਿਆਂ 'ਚ ਗਈ। ਸਿੱਟਾ ਇਹ ਨਿਕਲਿਆ ਕਿ ਉਸ ਤੋਂ ਬਾਅਦ ਉਹ ਬਦਮਾਸ਼ ਕਿਧਰੇ ਨਜ਼ਰ ਨਾ ਆਏ। ਹੁਣ ਜੇ ਮੈਂ ਐਹੋ ਜਿਹੀ ਬੇ ਇਨਸਾਫੀ ਜਾਂ ਧੱਕੇ ਦਾ ਹੱਲ ਕਰਾਰੇ ਹੱਥਾਂ ਨੂੰ ਸਮਝਦਾਂ ਤਾਂ ਮੇਰੇ ਪਾਤਰ ਦਲੀਲ, ਤਰਕ ਅਤੇ ਸਿਧਾਂਤ ਪਿਛੇ ਕਿਉਂ ਭੱਜਣਗੇ। ਕਜ਼ਾਕ



ਜੀ! ਗੱਲ ਸਮੇਂ ਸਮੇਂ ਦੀ ਹੁੰਦੀ ਐ, ਹੁਣ ਹੋ ਸਕਦੈ ਮੈਨੂੰ ਪਾਤਰ ਦਾ ਕੱਛ ਵਿਚੋਂ ਦਾਤਰ ਕੱਢਣਾ ਠੀਕ ਨਾ ਲੱਗੇ ਪਰ ਉਦੋਂ ਮੇਰੀ ਸੋਚ ਇਹੋ ਸੀ, ਬਈ ਹੱਥਾਂ ਬਾਜ ਕਰਾਰਿਆਂ, ਵੈਰੀ ਮਿੱਤ ਨਾ ਹੋਇ...।

**? ਤੁਸੀਂ ਉਮਰ ਦੇ ਜੁਆਨ ਵਰ੍ਹਿਆਂ ਵਿਚ ਹੀ ਜੀਵਨੀ ਲਿਖ ਲਈ। ਕੀ ਇਹ ਸਮਾਂ ਅਗੇਤਾ ਨਹੀਂ ਸੀ?**

-ਬਿਲਕੁਲ ਨਹੀਂ। ਪਹਿਲੀ ਗੱਲ ਤਾਂ ਇਹ ਕਿ ਜਿਵੇਂ ਤੁਹਾਨੂੰ ਪਤਾ ਈ ਐ ਬਈ ਪਿਛਲੇ ਦਿਨੀਂ ਮੇਰੇ ਦੋ ਵੱਡੇ ਐਕਸੀਡੈਂਟ ਹੋ ਗਏ। ਤੇ ਮੈਂ ਹੁਣ ਕਈ ਕੱਲ੍ਹ ਦੀਆਂ ਗੱਲਾਂ ਵੀ ਭੁੱਲਣ ਲੱਗ ਗਿਆਂ। ਅੱਜ ਲਿਖਦਾ ਤਾਂ ਹੋ ਸਕਦੈ ਮੈਨੂੰ ਕਈ ਘਟਨਾਵਾਂ ਯਾਦ ਈ ਨਾ ਆਉਂਦੀਆਂ। ਦੂਜੀ ਗੱਲ ਇਹ ਕਿ ਤੁਹਾਨੂੰ ਪਤਾ ਈ ਐ ਕਿ ਅੰਮ੍ਰਿਤਾ ਚਿੱਠੀਆਂ ਤਾਂ ਲਗਾਤਾਰ ਲਿਖਦੀ ਹੀ ਸੀ। ਜਦੋਂ ਕਦੇ ਮੈਂ ਮਿਲਦਾ ਤਾਂ ਉਹਨੂੰ ਮੇਰੀ ਜ਼ਿੰਦਗੀ ਬਾਰੇ ਪਤਾ ਲਗਦਾ ਕਿ ਮਾਂ ਮਜ਼ਦੂਰੀ ਕਰਦੀ ਸੀ, ਪਿਤਾ ਡੂੰਨੇਂ ਬਣਾ ਕੇ ਗੁਜ਼ਾਰਾ ਕਰਦਾ ਸੀ ਤੇ ਮੈਂ ਪਟਰੌਲ ਪੰਪ ਤੇ ਜਾਂ ਬਿਜਲੀ ਦੇ ਖੰਭਿਆਂ ਲਈ ਟੋਏ ਪੁੱਟਣ ਦੀ ਦਿਹਾੜੀ ਕਰਦਾ ਸੀ, ਪਰ ਇਹਦੇ ਬਾਵਜੂਦ ਮੈਂ ਲਿਖ ਕਿਵੇਂ ਲੈਂਦਾ ਸੀ। ਇਕ ਵੇਰ ਮੈਂ ਉਹਨਾਂ ਨੂੰ ਜਦੋਂ ਆਪਣੇ ਅਤੇ ਆਪਣੇ ਆਲੇ ਦੁਆਲੇ ਬਾਰੇ ਸਭ ਕੁਝ ਦੱਸਿਆ ਤਾਂ ਅੰਮ੍ਰਿਤਾ ਬਹੁਤ ਹੈਰਾਨ ਹੋਈ। ਨਾਲ ਖੁਸ਼ ਵੀ ਕਿ ਐਨੇ ਗੁੱਸੇ ਵਾਲਾ ਆਦਮੀ ਜੇ ਲਿਖ ਕੇ ਗੁੱਸੇ ਨੂੰ ਕੰਟਰੋਲ ਨਾ ਕਰਦਾ ਤਾਂ ਉਹ ਕੁਝ ਵੀ ਕਰ ਸਕਦਾ ਸੀ। ਇਥੋਂ ਤੱਕ ਕਿ ਕਤਲ ਵੀ... ਫਿਰ ਉਹਨਾਂ ਮੈਨੂੰ ਪ੍ਰੇਰਿਆ ਕਿ ਮੈਂ ਉਹ ਹੰਢਾਏ ਹੋਏ ਅਨੁਭਵ ਨਾਗਮਣੀ ਲਈ ਲਿਖਾਂ।

**? ਕਿਹਾ ਜਾਂਦਾ ਹੈ ਕਿ ਜੀਵਨੀਆਂ ਕੁਝ ਪ੍ਰਸੈਂਟ ਹੀ ਸੱਚ ਹੁੰਦੀਆਂ ਹਨ। ਤੁਹਾਡੀ ਜੀਵਨੀ ਕਿੰਨੇ ਪ੍ਰਸੈਂਟ ਸੱਚ ਮੰਨੀਏ?**

-ਕਿਸੇ ਹੋਰ ਦਾ ਤਾਂ ਮੈਨੂੰ ਪਤਾ ਨਹੀਂ। ਪਰ ਮੈਂ ਤਾਂ ਲਿਖੀ ਹੀ ਸੱਚ ਬਿਆਨ ਕਰਨ ਲਈ ਸੀ। ਨਾਲੇ ਮੈਂ ਕਿਹੜਾ ਨੌਕਰੀ, ਇਨਾਮ ਜਾਂ ਇੰਟਰਵਿਊ ਤੇ ਜਾਣ ਲਈ ਲਿਖੀ ਸੀ। ਇਸ ਲਈ ਗ਼ਲਤ ਬਿਆਨੀ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਆਪਣੇ ਆਪ ਨੂੰ ਨੰਗਾ ਕਰਨ ਲਈ ਤਾਂ ਜੀਵਨੀ ਲਿਖੀ। ਲਕੌਣਾ ਹੁੰਦਾ ਤਾਂ ਕਹਾਣੀ ਲਿਖਦਾ।

**? ਤੁਹਾਡੀ ਸਿਰਜਣਾ ਦਾ ਤਖਲੀਕੀ ਅਮਲ ਕਿਸ ਪ੍ਰਕਾਰ ਦਾ ਹੈ। ਮੈਂ ਸੁਣਿਐ ਕਈ ਲੇਖਕ ਕੰਨ 'ਚ ਇਤਰ ਦਾ ਫੰਬਾ ਰੱਖ ਕੇ ਲਿਖਦੇ ਨੇ। ਕਈ ਸ਼ਰਾਬ ਪੀ ਕੇ। ਕਈ ਲੇਖਕ ਇਕੋ ਬੈਠਕ ਵਿਚ ਕਹਾਣੀ ਝਟਕਾ ਦਿੰਦੇ ਨੇ। ਕਈ ਕਹਿੰਦੇ, ਲਿਖਣ ਪਿਛੋਂ ਮੈਂ ਇਕ ਅੱਖਰ ਵੀ ਨਹੀਂ ਕੱਟਦਾ ਵੱਢਦਾ। ਤੁਹਾਡਾ ਤਖ਼ਲੀਕੀ ਅਮਲ ਕੀ ਹੈ?**

-ਮੇਰੇ ਲਈ ਐਹੋ ਜਿਹੀ ਕੋਈ ਮਜ਼ਬੂਰੀ ਨਹੀਂ। ਮੇਰੇ ਸਾਹ੍ਮੇ ਤਾਂ ਕੋਈ ਗੱਲ ਹੋਣੀ ਚਾਹੀਦੀ ਐ, ਫਿਰ ਕੋਈ ਥਾਂ ਹੋਵੇ, ਰੌਲਾ ਹੋਵੇ, ਬਿਜਲੀ ਹੈ ਜਾਂ ਨਹੀਂ, ਮੈਨੂੰ ਕੋਈ ਫਰਕ ਨਹੀਂ ਪੈਂਦਾ। ਤੁਸੀਂ ਬਹੁਤ ਪਹਿਲਾਂ ਮੇਰੇ ਘਰ ਗਏ ਓ। ਬਾਹਰਲੀ ਛੰਨ ਹੇਠ ਮੇਰਾ ਮੰਜਾ ਹੁੰਦਾ ਸੀ। ਕੋਲ ਗਾਂ ਬੱਧੀ ਹੋਣੀ, ਗੋਹਾ ਮੂਤਰ, ਨੇੜੇ ਭਾਈਏ ਨੇ ਡੂੰਨੇ ਬਣਾਉਂਦੇ ਹੋਣਾ...। ਕਦੇ ਕੋਈ ਦਿੱਕਤ ਨਹੀਂ ਆਈ। ਮੈਨੂੰ ਤਾਂ ਬਿਜਲੀ ਵੀ ਚੰਡੀਗੜ੍ਹ ਆ ਕੇ ਮਿਲੀ ਐ।

**? ਗੋਰਖੀ ਤੇਰੀ ਉਸ ਝੁੱਗੀ ਦੇ ਖਿੜਕੇ ਉੱਤੇ ਪਲਾਈ 'ਤੇ ਇਕ ਪੇਂਟਿੰਗ ਸੀ। ਕੀ ਪੇਂਟਿੰਗ ਦਾ ਵੀ ਕਦੇ ਸ਼ੌਕ ਰਿਹਾ?**

-ਸ਼ੌਕ ਨਹੀਂ ਪੈਸੇ ਲਈ ਮੈਂ ਕਈ ਚਿਰ ਪੇਂਟਿੰਗ ਦਾ ਕੰਮ ਵੀ ਕੀਤਾ। ਸਾਡੇ ਨੇੜੇ ਅਸ਼ੋਕਾ ਸਟੂਡੀਓ ਸੀ। ਜਿਥੇ ਸਿਨਮੇਂ ਦੇ ਪੋਸਟਰ ਬਣਦੇ ਸੀ ਗੇ। ਉਹਨੀਂ ਦਿਨੀਂ ਮੈਂ ਅੱਠਵੀਂ ਜਾਂ ਨੌਵੀਂ ਦੇ ਪੇਪਰ ਦਿੱਤੇ ਸੀ। ਪਹਿਲਾਂ ਮੈਂ ਭਾਈਏ ਦੇ ਬਣਾਏ ਡੂੰਨੇ, ਹੱਟੀਆਂ 'ਤੇ ਦੇਣ ਜਾਣੇ, ਫਿਰ ਕੁਲਫ਼ੀਆਂ ਵੇਚਣੀਆਂ, ਸ਼ਾਮੀ ਜਿਹੜਾ ਟਾਈਮ ਬਚ ਜਾਣਾ ਉਹ ਮੈਂ ਅਸ਼ੋਕ ਸਟੂਡੀਓ ਕੰਮ ਸਿੱਖਣ ਚਲੇ ਜਾਣਾ। ਇਥੋਂ ਤੱਕ ਕਿ ਸਕੂਲ

ਜਾਣਾ ਵੀ ਛੱਡ ਦਿੱਤਾ। ਭਾਈਏ ਨੂੰ ਪਤਾ ਲੱਗ ਤਾਂ ਕੁਟਾਪਾ ਵੀ ਚੜ੍ਹਿਆ। ਪਰ ਫਿਰ ਵੀ ਪੇਂਟਿੰਗ ਦਾ ਜਾਨੂੰਨ ਕਾਫ਼ੀ ਦੇਰ ਰਿਹਾ। ਸਭ ਤੋਂ ਵੱਡੀ ਗੱਲ ਪੈਸੇ ਮਿਲਦੇ ਸੀ, ਤੇ ਪੈਸੇ ਸਾਡੇ ਲਈ ਰੱਬ ਸਨ।

**? ਕਿਹੜੀ ਕਹਾਣੀ ਹੈ ਜਿਸਨੂੰ ਲਿਖਣ ਅਤੇ ਛਪਣ ਤੋਂ ਬਾਅਦ ਲੱਗਾ ਹੋਵੇ ਕਿ ਬਿਲਕੁਲ ਠੀਕ ਲਿਖੀ ਗਈ ਹੈ ਅਤੇ ਉਹਨੂੰ ਵਾਰ ਵਾਰ ਪੜ੍ਹਨ ਤੇ ਜੀ ਕੀਤਾ ਹੋਵੇ?**

-ਕਈ ਕਹਾਣੀਆਂ ਨੇ, ਜਿਵੇਂ ਕੁੰਡਾ, ਇਕ ਟਿਕਟ ਰਾਮਪੁਰਾ ਫੂਲ, ਵਿੱਥ, ਰੁੱਝੇ ਹੋਏ ਆਦਮੀ।

**? ਤੁਹਾਨੂੰ ਆਪਣੇ 'ਤੇ ਕਿਹੜੇ ਲੇਖਕ ਦਾ ਪ੍ਰਭਾਵ ਲੱਗਦਾ ਹੈ?**

-ਮੇਰੇ 'ਤੇ ਮੈਕਸਿਮ ਗੋਰਕੀ ਤੋਂ ਬਿਨਾਂ ਕਿਸੇ ਦਾ ਪ੍ਰਭਾਵ ਨਹੀਂ। ਕਿਉਂਕਿ ਜਿਸ ਤਰ੍ਹਾਂ ਦਾ ਮੈਂ ਲਿਖਿਆ, ਉਦਾਂ ਦਾ ਮੈਨੂੰ ਕਿਧਰੇ ਲਿਖਿਆ ਮਿਲਦਾ ਤਾਂ ਪ੍ਰਭਾਵ ਪੈਂਦਾ। ਮੈਂ ਤਾਂ ਲਿਖਣਾ ਹੀ ਇਸ ਲਈ ਸ਼ੁਰੂ ਕੀਤਾ ਕਿ ਮੇਰੇ ਜਾਂ ਮੇਰੇ ਵਰਗਿਆਂ ਦੇ ਜੀਵਨ ਵਰਗਾ ਕਿਸੇ ਹੋਰ ਨੇ ਲਿਖਿਆ ਨਾ। ਇਸ ਲਈ ਮੈਂ ਕਿਸੇ ਦਾ ਪ੍ਰਭਾਵ ਨਹੀਂ ਕਬੂਲਿਆ।

**? ਤੁਹਾਡੀ ਕਹਾਣੀ 'ਕੁੰਡਾ' ਤੇ ਇਕ ਹਿੰਦੀ ਵਿਚ ਟੈਲੀਫਿਲਮ ਵੀ ਬਣੀ ਹੈ 'ਸਾਂਕਲ' ਤੁਹਾਨੂੰ ਕੀ ਲੱਗਦੈ, ਤੁਹਾਡੀ ਕਹਾਣੀ ਹੋਰ ਪ੍ਰਚੰਡ ਹੋਈ, ਹੋਰ ਵੱਧ ਪ੍ਰਭਾਵਸ਼ਾਲੀ ਬਣੀ ਜਾਂ ਨਹੀਂ?**

-ਬਿਲਕੁਲ ਨਹੀਂ, ਮੈਂ ਉਹ ਫਿਲਮ ਦੇਖੀ ਹੈ। ਪਰ ਮੈਨੂੰ ਫਿਲਮ ਨੇ ਬਹੁਤਾ ਪ੍ਰਭਾਵਿਤ ਨਹੀਂ ਕੀਤਾ। ਕਿਉਂਕਿ ਫਿਲਮ ਵਿਧਾ ਦੀਆਂ ਆਪਣੀਆਂ ਸੀਮਾਵਾਂ ਨੇ... ਗਲਪ ਵੱਧ ਪ੍ਰਭਾਵ ਪਾਉਂਦਾ ਹੈ।

**? ਮੈਂ ਤੁਹਾਡੀਆਂ ਕੁਝ ਕਹਾਣੀਆਂ ਤੇ ਖੇਡੇ ਗਏ ਨਾਟਕ ਵੀ ਦੇਖੇ ਨੇ। ਕੀ ਨਾਟਕਾਂ ਨੇ ਰਚਨਾ ਨਾਲ ਇਨਸਾਫ਼ ਕੀਤਾ?**

-ਹੋ ਸਕਦੈ ਲੋਕਾਂ ਨੂੰ ਨਾਟਕ ਚੰਗੇ ਲੱਗੇ ਹੋਣ, ਇਸ ਲਈ ਕਿ ਉਹਨਾਂ ਕਹਾਣੀਆਂ ਨਾ ਪੜ੍ਹੀਆਂ ਹੋਣ। ਪਰ ਮੈਨੂੰ ਫਿਰ ਵੀ ਲਗਦੈ ਕਿ ਕਹਾਣੀ ਵੱਧ ਪ੍ਰਭਾਵ ਪਾਉਂਦੀ ਹੈ। ਕਿਉਂਕਿ ਕਹਾਣੀ ਵਿਚ ਮੈਂ ਸੰਕੇਤ ਨਾਲ ਗੱਲ ਕਰਦਾਂ। ਨਾਟਕ ਨੇ ਕਰ ਕੇ ਵਿਖਾਣਾ ਹੁੰਦਾ ਹੈ। ਕਹਾਣੀ 'ਤੇ ਨਾਟਕ ਵਿਚ ਇਹ ਫਰਕ ਹੈ।

**? ਕੋਈ ਅਜਿਹਾ ਪਾਤਰ ਦੱਸੋ ਜਿਹਨੂੰ ਵਾਰ ਵਾਰ ਚਿੱਤਰ ਕੇ ਵੀ ਰੱਜ ਨਾ ਆਇਆ ਹੋਵੇ?**

-ਸਾਰੀਆਂ ਕਹਾਣੀਆਂ ਵਿਚ ਤਾਂ ਨਹੀਂ ਪਰ ਕਈ ਕਹਾਣੀਆਂ ਵਿਚ ਜਿਥੇ ਕੋਈ ਜਾਬਰ ਪਾਤਰ ਆਇਆ, ਮੈਂ ਚਾਚੇ ਕਰਤਾਰੇ ਨੂੰ ਚਿੱਤਰਿਆ।

**? ਕੋਈ ਉਹ ਪਾਤਰ ਜਿਸ ਬਾਰੇ ਤੁਸੀਂ ਲਿਖਣਾ ਚਾਹੁੰਦੇ ਹੋਵੋ ਤੇ ਲਿਖਿਆ ਨਾ ਗਿਆ ਹੋਵੇ?**

-ਹਾਂ ਭਾਈਏ ਬਾਰੇ ਮੈਂ ਨਿੱਠ ਕੇ ਲਿਖਣਾ ਚਾਹੁੰਨਾਂ, ਉਹ ਬੜਾ ਵੱਡਾ ਰਿਣ ਹੈ ਮੇਰੇ ਸਿਰ। ਇਹ ਰਿਣ ਮੈਂ ਮਾਮੂਲੀ ਜਿਹਾ ਲਾਹੁਣ ਦੀ ਕੋਸ਼ਿਸ਼ ਵੀ ਕੀਤੀ। ਆਪਣੇ ਇਕ ਕਹਾਣੀ ਸੰਗ੍ਰਹਿ ਦਾ ਨਾਂ ਪਿਤਾ ਦੇ ਨਾਂ ਤੇ ਰੱਖਿਆ 'ਅਰਜਨ ਸਫੈਦੀ ਵਾਲਾ' ਜਦ ਕਿ ਕਿਤਾਬ ਵਿਚ ਇਸ ਨਾਂ ਦੀ ਕੋਈ ਕਹਾਣੀ ਨਹੀਂ ਹੈ। ਤੁਹਾਨੂੰ ਤਾਂ ਪਤਾ ਹੀ ਐ ਕਿ ਜਦੋਂ ਢੱਕ (ਛਿੱਛਰੇ) ਦੇ ਪੱਤੇ ਮਿਲਣੋ ਬੰਦ ਹੋ ਗਏ ਤਾਂ ਭਾਈਏ ਨੇਂ ਸਫ਼ੈਦੀ ਵਗੈਰਾ ਦੀ ਮਜ਼ਦੂਰੀ ਕਰਕੇ ਗੁਜ਼ਾਰਾ ਕੀਤਾ।

**? ਤੁਸੀਂ ਵਿਦੇਸ਼ ਵੀ ਘੁੰਮੇ, ਉਥੇ ਕੰਮ ਵੀ ਕੀਤਾ। ਉਥੋਂ ਦੇ ਅਨੁਭਵ ਨੇ ਤੁਹਾਡੀ ਕਹਾਣੀ ਕਲਾ ਵਿਚ ਕੋਈ ਭੂਮਿਕਾ ਨਿਭਾਈ?**

-ਨਹੀਂ ਕੋਈ ਭੂਮਿਕਾ ਨਹੀਂ ਨਿਭਾਈ। ਭੂਮਿਕਾ ਤਾਂ ਤਦ ਨਿਭਾਈ ਹੁੰਦੀ ਜੇ ਮੈਂ ਉਥੋਂ ਦੇ ਸੱਭਿਆਚਾਰ ਅਤੇ ਜੀਵਨ ਰਹਿਤਲ ਨੂੰ ਬਹੁਤ ਡੂੰਘਾਈ ਨਾਲ ਸਮਝਦਾ, ਆਪਣੇ ਅਨੁਭਵ ਦੀ ਕੁਠਾਲੀ ਵਿਚੋਂ ਲੰਘਾਉਂਦਾ, ਥੋੜ੍ਹੇ ਸਮੇਂ ਵਿਚ ਇਕ ਬੇ ਹੱਦ ਅਗਾਂਹ ਵਧੂ ਸਮਾਜ ਨੂੰ ਦੇਖ ਕੇ ਕੇਵਲ ਸਤਹੀ ਪੱਧਰ 'ਤੇ ਹੀ



ਲਿਖਿਆ ਜਾ ਸਕਦਾ ਹੈ। ਮੈਂ ਜ਼ਿੰਦਗੀ ਵਿਚ ਜੋ ਵੀ ਲਿਖਿਆ ਤਜ਼ਰਬੇ ਅਤੇ ਨਿੱਜੀ ਅਨੁਭਵ ਦੇ ਆਧਾਰ 'ਤੇ ਲਿਖਿਆ। ਮੈਂ ਤਾਂ ਵਾਹ ਲਗਦੀ ਇਕੋ ਗੱਲ ਕਹਿੰਨਾ, ਕਿ ਭਾਈ ਜੋ ਆਪਣੀ ਮਿੱਟੀ ਵਿਚ ਐ ਉਹ ਹੋਰ ਕਿਤੋਂ ਨਹੀਂ ਲੱਭਣਾ।

**? ਕੋਈ ਆਲੋਚਕ-ਪਾਠਕ ਜਿਸਨੇ ਤੁਹਾਡੀਆਂ ਕਹਾਣੀਆਂ ਦਾ ਠੀਕ ਮੁੱਲ ਪਾਇਆ ਹੋਵੇ?**

-ਜੀਤ ਸਿੰਘ ਜੋਸ਼ੀ ਹਨ ਸ਼ਾਇਦ ਜੇ ਮੈਂ ਭੁੱਲਦਾ ਨਹੀਂ ਤਾਂ ਡਾ. ਅਤਰ ਸਿੰਘ ਅਤੇ ਡਾ. ਰਘਬੀਰ ਸਿੰਘ ਹੋਰਾਂ ਨੇ ਬੜਾ ਉਤਸ਼ਾਹ ਦਿੱਤਾ। ਪਰ ਕਜ਼ਾਕ ਜੀ ਮੈਂ ਇਕ ਗੱਲ ਏਥੇ ਸਪਸ਼ਟ ਕਰ ਦਿਆਂ। ਅੱਜ ਕੱਲ੍ਹ ਅਨੇਕਾਂ ਦਲਿਤ ਲੇਖਕ ਨੇ... ਠੀਕ ਐ ਉਹਨਾਂ ਦੇ ਆਪਣੇ ਅਨੁਭਵ ਨੇ, ਪਰ ਜਿਵੇਂ ਦੀ ਜ਼ਿੰਦਗੀ ਚੋਂ ਮੈਂ ਲੰਘਿਆ, ਬਹੁਤ ਘੱਟ ਬੰਦੇ ਮਿਲਣਗੇ ਥੋਨੂੰ। ਕਿਉਂਕਿ ਦਲਿਤ ਪਰਿਵਾਰ ਵਿਚ ਪੈਦਾ ਹੋਣਾ ਹੋਰ ਗੱਲ ਐ ਅਤੇ ਦਲਿਤਾਂ ਦਾ ਜੀਵਨ ਜਿਉਣਾ ਹੋਰ ਗੱਲ। ਮੈਂ ਦਲਿਤ ਉਹਨੂੰ ਮੰਨਦਾ ਜਿਹੜਾ ਦਲਿਤਾਂ ਦੀ ਜ਼ਿੰਦਗੀ ਜਿਉਂਦੈ। ਭਾਵੇਂ ਉਹ ਗ਼ੈਰ ਜ਼ਮੀਨਾ ਜੱਟ ਹੀ ਕਿਉਂ ਨਾ ਹੋਵੇ। ਦਲਿਤ ਜੇ ਪੀ ਸੀ ਐਸ ਅਫਸਰ ਲੱਗਾ ਹੋਵੇ ਤਾਂ ਕਾਹਦਾ ਦਲਿਤ ਐ।

**? ਹੱਛਾ ਗੋਰਖੀ ਆਪਾਂ ਦੋਵਾਂ ਨੇ ਰਲ ਕੇ ਇਕ ਨਿੱਕਾ ਜਿਹਾ ਪਰਚਾ ਕੱਢਿਆ ਸੀ 'ਲੋਅ' ਦੂਜਾ ਲੋਅ ਤਾਂ ਬੜਾ ਬਾਅਦ 'ਚ ਨਿਕਲਿਆ। ਉਸ ਪਰਚੇ 'ਤੇ ਆਪਾਂ ਪ੍ਰੈਸ ਦੀ ਪ੍ਰਿੰਟ ਲਾਈਨ ਵੀ ਨਹੀਂ ਸੀ ਛਾਪਦੇ। ਵੱਖ ਵੱਖ ਸ਼ਹਿਰਾਂ ਤੋਂ ਪੋਸਟ ਕਰਦੇ ਸੀ। ਬਈ ਪਤਾ ਨਾ ਲੱਗੇ ਕਿ ਕੌਣ ਕੱਢਦੈ। ਇਨਾਮਾਂ ਦੀਆਂ ਧਾਂਦਲੀਆਂ, ਸ਼ਰਾਬੀ ਲੇਖਕਾਂ ਦੀਆਂ ਘਟੀਆਂ ਹਰਕਤਾਂ ਬਾਰੇ ਲਿਖਦੇ, ਕਈ ਵੇਰੀਂ ਆਪਣੇ ਉੱਤੇ ਵੀ ਟਿੱਪਣੀ ਕਰਦੇ। ਅੱਜ ਉਹ ਹਰਕਤ ਬਚਕਾਨਾ ਲੱਗਦੀ ਹੈ ਕਿ ਡਰੂ। ਜਦ ਕਿ ਹੁਣ ਆਪਾਂ ਦੋਵੇਂ ਉਸੇ ਸਿਸਟਮ ਦਾ ਹੀ ਹਿੱਸਾ ਹਾਂ ਜਿਸ ਦੇ ਖਿਲਾਫ਼ ਆਪਾਂ ਉਹ ਪਰਚਾ ਕੱਢਿਆ?**

-ਬੜੀ ਸਿੱਧੀ ਗੱਲ ਐ। ਆਪਾਂ ਧੱਕੇ ਦੇ ਉਦੋਂ ਵੀ ਵਿਰੁੱਧ ਸਾਂ। ਅੱਜ ਵੀ ਹਾਂ। ਬੱਸ ਗੱਲ ਕਰਨ ਦਾ ਢੰਗ ਬਦਲ ਗਿਐ। ਤੁਹਾਨੂੰ ਪਤੈ ਆਪਾਂ ਜ਼ਿੰਦਗੀ 'ਚ ਕਿੰਨਾ ਨਿਰਾਦਰ ਸਹਿਆ। ਬੱਸ ਜਿਥੇ ਮੌਕਾ ਮਿਲਿਆ ਆਪਾਂ ਆਪਣੀ ਗੱਲ ਕਹੀ ਭਾਵੇਂ ਕਿਸੇ ਰੂਪ ਵਿਚ। ਸਾਡੇ ਤੋਂ ਤਾਂ ਲੋਕ ਇਸ ਕਰਕੇ ਈ ਅੱਜ ਤੱਕ ਔਖੇ ਐ ਕਿ ਇਹ ਨਿੱਕੀਆਂ ਜਾਤਾਂ ਦੇ ਲੋਕ ਐਹੋ ਜਿਹੇ ਕਿਵੇਂ ਬਣ ਗਏ।

**? ਸਾਨੂੰ ਕੁਝ ਸਮਕਾਲੀਆਂ ਨੂੰ 'ਨਾਗਮਣੀ' ਦੀ ਉਪਜ ਸਮਝਿਆ ਜਾਂਦਾ ਹੈ। ਕੀ ਲਗਦੈ ਜੇ ਸਾਨੂੰ ਅੰਮ੍ਰਿਤਾ ਏਨਾ ਨਾ ਛਾਪਦੀ ਤਾਂ ਅਸੀਂ ਅੱਜ ਜਿਸ ਥਾਂ ਤੇ ਹਾਂ ਉਥੇ ਨਾ ਹੁੰਦੇ?**

-ਘੱਟੋ ਘੱਟ ਮੈਂ ਤਾਂ ਅਜਿਹਾ ਨਹੀਂ ਸੀ ਹੋਣਾ। ਮੈਨੂੰ ਕਿਸੇ ਦੂਜੇ ਬਾਰੇ ਪਤਾ ਨਹੀਂ। ਅੰਮ੍ਰਿਤਾ ਨੇ ਮੈਨੂੰ ਸਿਰਫ ਛਾਪਿਆ ਹੀ ਨਹੀਂ ਨਾਲ ਉਤਸ਼ਾਹਿਤ ਵੀ ਕੀਤਾ। 'ਨਾਗਮਣੀ' ਨੇ ਅੱਜ ਤੱਕ ਕਿਸੇ ਨੂੰ ਆਨਾ ਨਹੀਂ ਦਿੱਤਾ ਮੈਨੂੰ ਜੀਵਨੀ ਦੇ ਅਤੇ ਨਾਵਲਿਟਾਂ ਦੀ ਅੰਮ੍ਰਿਤਾ ਨੇ ਪੇਮਿੰਟ ਕੀਤੀ। ਮੈਂ ਉਹਦੇ ਸਹਿਯੋਗ ਤੋਂ ਮੁਨਕਰ ਨਹੀਂ ਹਾਂ। ਕਿਉਂਕਿ ਨਾਗਮਣੀ ਵਿਚ ਛਪਣ ਦਾ ਮਤਲਬ ਸੀ ਪੰਜਾਬੀ ਸਾਹਿਤ ਜਗਤ ਵਿਚ ਲੇਖਕ ਵਜੋਂ ਪ੍ਰਵਾਨ ਹੋਣਾ।

**? ਅਸੀਂ ਸਾਰੇ ਜਿੰਨ੍ਹਾਂ ਵਿਚ ਮੈਂ, ਤੁਸੀਂ ਤੇ ਕਈ ਹੋਰ ਸ਼ਾਮਲ ਹਾਂ। ਕੀ ਅਸੀਂ ਆਪਣੇ ਆਪ ਨੂੰ ਅੱਜ ਦੇ ਚੰਗਾ ਲਿਖਣ ਵਾਲਿਆਂ ਤੋਂ ਪਛੜ ਗਏ ਸਮਝਦੇ ਹਾਂ, ਜਾਂ ਜੋ ਲਿਖ ਲਿਆ ਉਸ ਤੋਂ ਸੰਤੁਸ਼ਟ ਹਾਂ?**

-ਨਹੀਂ, ਅਜਿਹੀ ਕੋਈ ਗੱਲ ਨਹੀਂ। ਦੂਜਾ ਮੈਨੂੰ ਕਿਸੇ ਹੋਰ ਬਾਰੇ ਪਤਾ ਨਹੀਂ। ਮੇਰੇ ਘੱਟ ਲਿਖਣ ਦਾ ਕਾਰਨ ਤਾਂ ਮੇਰੇ ਹੇਠ ਉੱਤੇ ਹੋਏ ਐਕਸੀਡੈਂਟ ਹਨ। ਫਿਰ ਵੀ ਜਿੰਨਾਂ ਹੁੰਦਾ ਹੈ। ਲਿਖੀਦਾ ਹੈ, ਪਛੜਨ ਜਾਂ ਸੰਤੁਸ਼ਟ ਹੋਣ ਵਾਲੀ ਕੋਈ ਗੱਲ ਨਹੀਂ।

**? ਕੋਈ ਅਜਿਹਾ ਵਿਅਕਤੀ-ਪੁਸਤਕ-ਆਲੋਚਕ ਜਾਂ ਕੋਈ ਹੋਰ ਜਿਸਨੇ ਤੁਹਾਡੀ ਕਹਾਣੀ ਕਲਾ ਨੂੰ**

**ਨਿਖਾਰਨ ਵਿਚ ਕੋਈ ਭੂਮਿਕਾ ਨਿਭਾਈ ਹੋਵੇ?**

-ਕਹਾਣੀਕਾਰ ਦੋਸਤ ਹਨ ਤੁਸੀਂ, ਨਛੱਤਰ, ਚੇਤਨ, ਸੁਰਿੰਦਰ ਆਪਾਂ ਸਾਰੇ ਇਕ ਦੂਜੇ ਦੇ ਸਹਿਯੋਗ ਨਾਲ ਹੀ ਅੱਗੇ ਵਧੇ ਹਾਂ। ਤੁਹਾਡਾ ਵੱਧ ਸਹਿਯੋਗ ਰਿਹਾ। ਤੁਹਾਨੂੰ ਪਤੈ ਕਹਾਣੀ ਮੈਂ ਜਲੰਧਰ ਲਿਖਣੀ ਤੇ ਤੁਹਾਨੂੰ ਸੁਨਾਉਣ ਖਾਤਰ ਪਹੁੰਚਣਾ ਪਟਿਆਲੇ। ਬਹਿਸਾਂ ਹੋਣੀਆਂ। ਕਹਾਣੀਆਂ 'ਚ ਕੱਟ ਵੱਢ ਕਰਨੀਂ ਤੇ ਕਹਾਣੀਆਂ ਤੇ ਨਿੱਠ ਕੇ ਮਿਹਤਨ ਕਰਨੀ। ਯਾਦ ਕਰੋ ਮੈਂ ਕਈ ਕਹਾਣੀਆਂ ਤੁਹਾਡੇ ਖੂਹ ਤੇ ਪੜ੍ਹੀਆਂ। ਤੁਸੀਂ ਮੈਨੂੰ ਸੁਣਾਈਆਂ। ਇਹਦੇ ਵਿਚੋਂ ਦੀ ਦੀਵਾ ਬਲੇ ਸਾਰੀ ਰਾਤ' ਦੀਆਂ ਗੋਸ਼ਟੀਆਂ ਨਿਕਲੀਆਂ। ਜਿਨ੍ਹਾਂ ਸਾਨੂੰ ਹੀ ਨਹੀਂ ਕਈ ਦੋਸਤਾਂ ਨੂੰ ਲਿਖਣ ਵਿਚ ਮਦਦ ਕੀਤੀ।

**? ਅਖ਼ਬਾਰ ਦੀ ਨੌਕਰੀ, ਲੇਖਣ ਵਿਚ ਬਾਧਾ ਹੋਈ ਕਿ ਸਹਾਈ ਬਣੀ?**

-ਸਹਾਈ ਹੋਈ, ਕਿਉਂਕਿ ਮੈਂ ਪਰੂਫ਼ ਰੀਡਰ ਭਰਤੀ ਹੋਇਆ। ਕੋਸ਼ਿਸ਼ ਕਰਦਾ ਤਾਂ ਅੱਗੇ ਵੀ ਜਾ ਸਕਦਾ ਸੀ। ਪਰ ਮੈਂ ਸੰਤੁਸ਼ਟ ਰਿਹਾ ਅਤੇ ਬਿਨਾਂ ਕਿਸੇ ਪਰੈਸ਼ਰ ਲਿਖਦਾ ਰਿਹਾ। ਹਾਂ ਜੇ ਵੱਡੇ ਅਹੁਦਿਆਂ ਪਿੱਛੇ ਭੱਜਦਾ ਤਾਂ ਨੌਕਰੀ ਬਾਧਾ ਵੀ ਬਣਦੀ।

**? ਸਾਹਿਤ ਅਕਾਦਮੀ ਨੇ ਤੁਹਾਨੂੰ ਅਨੁਵਾਦਕ ਵਜੋਂ ਸਨਮਾਨਿਆ। ਜਦ ਕਿ ਤੁਸੀਂ ਕਹਾਣੀਕਾਰ ਸੀ। ਕੀ ਤੁਹਾਨੂੰ ਅਸਲੀ ਇਨਾਮ ਤੋਂ ਲਾਂਭੇ ਤਾਂ ਨਹੀਂ ਕਰ ਦਿੱਤਾ ਗਿਆ?**

-ਕਜ਼ਾਕ ਜੀ! ਤੁਸੀਂ ਦੱਸੋ, ਆਪਾਂ ਇਨਾਮਾਂ ਲਈ ਲਿਖਦੇ ਆਂ? ਤੁਸੀਂ ਸੋਚੋ, ਸਤਿਆਰਥੀ ਨਾਲੋਂ ਵੱਡੇ ਤਾਂ ਨਹੀਂ ਅਸੀਂ? ਉਹ ਵਿਚਾਰਾ ਬਿਨਾ ਇਨਾਮ ਤੋਂ ਚਲਾ ਗਿਆ, ਆਪਾਂ ਕੀਹਦੇ ਵਿਚਾਰੇ ਹਾਂ। ਪਾਠਕ ਕਦੇ ਇਹ ਸੋਚ ਕੇ ਕਿਤਾਬ ਨਹੀਂ ਪੜ੍ਹਦਾ ਕਿ ਇਹਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਿਐ ਕਿ ਨਹੀਂ, ਆਪਾਂ ਨੂੰ ਐਨੇ ਲੋਕ ਪੜ੍ਹਦੈ ਐ... ਜੇ ਉਹਨਾਂ ਨੂੰ ਇਨਾਮਾਂ ਨਾਲ ਕੋਈ ਫਰਕ ਨਹੀਂ ਪੈਂਦਾ ਤਾਂ ਸਾਨੂੰ ਕਿਉਂ ਪਵੇ।

**? ਨਵੀਂ ਪੀੜ੍ਹੀ ਦਾ ਕੋਈ ਚੰਗਾ ਲਿਖ ਰਿਹਾ ਹੋਵੇ?**

-ਕਈ ਨੇ, ਜਿਵੇਂ ਅਨੇਮਨ ਸਿੰਘ, ਸੁਖਜੀਤ, ਹਾਂਸ, ਰਸੂਲਪੁਰੀ, ਕਾਲੀ, ਜਿੰਦਰ, ਜਸਵੀਰ ਰਾਣਾ, ਸਰਘੀ ਕਈ ਕਹਾਣੀਕਾਰ ਨੇਂ।

**? ਹੱਛਾ ਜੇ ਤੁਸੀਂ ਆਪਨੀਆਂ ਕਹਾਣੀਆਂ ਨੂੰ ਇਹਨਾਂ ਸਭ ਨਾਲੋਂ ਵਖਰਾਉਣਾ ਹੋਵੇ ਤਾਂ ਕਿਵੇਂ ਵੱਖਰਿਆਉਗੇ। ਵਿਸ਼ੇ ਪੱਖੋਂ, ਭਾਸ਼ਾ ਪੱਖੋਂ, ਕਰਾਫਟਮੈਨਸ਼ਿਪ ਪੱਖੋਂ ਜਾਂ ਕੁਝ ਹੋਰ...?**

-ਮੈਂ ਇੰਜ ਸੋਚਦਾ ਹੀ ਨਹੀਂ। ਜਿਵੇਂ ਸਭ ਆਪਨੀ ਵਿਲੱਖਣਤਾ ਕਰਕੇ ਵਿਸ਼ੇਸ਼ ਹਨ। ਮੈਂ ਆਪਨੇ ਅਨੁਭਵ ਕਰਕੇ ਵੱਖਰਾ ਹੋ ਸਕਦਾਂ। ਅੱਜ ਦੇ ਕਹਾਣੀਕਾਰ ਪੜ੍ਹੇ ਲਿਖੇ ਨੇ... ਇਸ ਲਈ ਉਹ ਕਿਸੇ ਹੋਰ ਕਾਰਨ ਕਰਕੇ ਵੱਖਰੇ ਹੋ ਸਕਦੇ ਨੇ। ਪਰ ਮੈਂ ਤਾਂ ਇਹ ਦੇਖਦਾਂ ਬਈ ਕਹਾਣੀ ਬਣੀ ਕਿ ਨਹੀਂ, ਬੱਸ। ਬਾਕੀ ਤਾਂ ਸਭ ਵਾਧੂ ਦੀਆਂ ਗੱਲਾਂ ਨੇਂ।

ਸੰਪਰਕ-98726-44428






# ਚੌਥੇ ਪੜਾਅ ਦੀ ਕਥਾਕਾਰੀ ਵਿੱਚ ਅਜਮੇਰ ਸਿੱਧੂ ਦਾ ਰਚਨਾ-ਸੰਸਾਰ

**- ਪ੍ਰੋ. ਜੇ.ਬੀ. ਸੇਖੋਂ**

ਸਮਕਾਲੀ ਦੌਰ ਵਿੱਚ ਵਿਸ਼ਵੀਕਰਨ ਦੀ ਚੜ੍ਹਤ, ਬਸਤੀਵਾਦ ਦੇ ਨਵ ਵਿਸਤਾਰ ਉਪਭੋਗਤਾਵਾਦ, ਸੂਚਨਾ-ਸੰਚਾਰ ਦੇ ਫੈਲਾਅ, ਨਵ-ਪੂੰਜੀਵਾਦ ਦੇ ਉਭਾਰ ਅਤੇ ਵਿਚਾਰਧਾਰਕ ਧੁੰਦਵਾਦ ਦੇ ਪ੍ਰਸਾਰ ਕਾਰਨ ਸਮਾਜ-ਸੱਭਿਆਚਾਰ ਤੇ ਸਾਹਿਤ ਨਾਲ ਸੰਬੰਧਤ ਚਿੰਤਨ/ਚੇਤਨਾ ਦੇ ਖੇਤਰ ਵਿੱਚ ਨਵੀਆਂ ਅੰਤਰ-ਦ੍ਰਿਸ਼ਟੀਆਂ ਉਭਰ ਰਹੀਆਂ ਹਨ। ਸਮਾਜਿਕ ਯਥਾਰਥ ਜਟਿਲ ਤੋਂ ਜਟਿਲਤਰ ਹੋ ਰਿਹਾ ਹੈ। ਮਾਨਵੀ ਹੋਂਦ ਤਣਾਓ ਭਰੀ ਬਣ ਰਹੀ ਹੈ। ਜੀਵਨ ਵਿੱਚ ਅੰਤਰ-ਵਿਰੋਧਾਂ, ਜਟਿਲਤਾਵਾਂ, ਦੁਬਿਦਾਵਾਂ ਤੇ ਵਿਰੋਧਭਾਸਾਂ ਦੀ ਭਰਮਾਰ ਹੋ ਗਈ ਹੈ। ਵਸਤੂ-ਸਥਿਤੀਆਂ ਦਾ ਸਤਹੀ ਸੱਚ ਇਹਨਾਂ ਦੇ ਲੁਕਵੇਂ ਸੱਚ ਅੱਗੇ ਖਿੰਡ-ਪੁੰਡ ਗਿਆ ਹੈ। ਯਥਾਰਥ ਦਾ ਸਰੂਪ ਤੇ ਸੁਭਾਅ ਪਰੰਪਰਾ ਤੋਂ ਟੁੱਟ ਗਿਆ ਹੈ ਜਿਸ ਕਰਕੇ ਅਜਿਹੀ ਅਨੁਭਵ-ਸਥਿਤੀ ਸਾਹਮਣੇ ਆ ਗਈ ਹੈ ਜਿਹੜੀ ਸਾਹਿਤਕ-ਸਥਿਤੀ ਵਿੱਚ ਤਬਦੀਲ ਹੋਣ ਲਈ ਨਵੇਂ ਮਾਡਲ, ਨਵੀਂ ਵਿਧੀ ਅਤੇ ਨਵੇਂ ਪ੍ਰਤਿਮਾਨ ਤਲਾਸ਼ ਰਹੀ ਹੈ।

ਉਪਰੋਕਤ ਸੰਦਰਭ ਸਮਕਾਲੀ ਪੰਜਾਬੀ ਸਾਹਿਤ ਵਿੱਚ ਕਹਾਣੀ ਵਰਗੇ ਰੂਪਾਕਾਰ ਦੁਆਰਾ ਵਧੇਰੇ ਬਲਸ਼ਾਲੀ ਰੂਪ ਵਿੱਚ ਉਭਰ ਰਹੇ ਹਨ। ਪੰਜਾਬੀ ਕਹਾਣੀ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਵਸਤੂ, ਚਿੰਤਨ ਤੇ ਕਲਾ-ਵਿਧੀ ਪੱਖੋਂ ਜਿਸ ਪੱਧਰ ਦੇ ਗਲਪੀ-ਬਿੰਬ ਸਿਰਜੇ ਹਨ ਉਹ ਨਾ ਸਿਰਫ ਪੂਰਵਲੀ ਕਥਾ-ਪਰੰਪਰਾ ਤੋਂ ਵਿਕਲੋਤਰੇ ਹਨ ਬਲਕਿ ਪੰਜਾਬੀ ਸਮਾਜ ਦੇ ਗੁੰਝਲਦਾਰ ਜੀਵਨ-ਯਥਾਰਥ ਤੇ ਮਨੁੱਖ ਦੇ ਹਾਸ਼ੀਅਤ ਸੰਦਰਭਾਂ ਨੂੰ ਨਵੀਆਂ ਬਿਰਤਾਂਤ-ਦ੍ਰਿਸ਼ਟੀਆਂ ਤੇ ਜੁਗਤਾਂ ਤੋਂ ਪੇਸ਼ ਕਰਨ ਵਾਲੇ ਹਨ।

ਸਮਕਾਲ ਦੀ ਪੰਜਾਬੀ ਕਹਾਣੀ ਨੂੰ ਬਦਲੀ ਯੁੱਗ-ਚੇਤਨਾ ਅਨੁਕੂਲ ਸਮਾਜਿਕ-ਸਭਿਆਚਾਰਕ ਰੂਪਾਂਤਰਣ ਦੀ ਪ੍ਰਕਿਰਿਆ ਨਾਲ ਵਰ ਮੇਚਦੀ ਰੱਖਣ ਵਿੱਚ ਕੁੱਝ ਕਥਾ-ਸਿਰਜਕਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਨ੍ਹਾਂ ਨੇ ਪੰਜਾਬੀ ਕਹਾਣੀ ਨੂੰ ਯਥਾਰਥ ਦੇ ਬਦਲਦੇ ਸਰੂਪ ਅਨੁਕੂਲ ਨਵੇਂ ਬਿਰਤਾਂਤ ਸੰਗਠਨ ਤੇ ਕਥਾ-ਮਾਡਲ ਦੀ ਤਲਾਸ਼ ਨਾਲ ਜੋੜਿਆ ਹੈ ਜਿਸ ਨਾਲ ਨਿਵੇਕਲੀ ਰਚਨਾ-ਵਸਤੂ ਵਿਧੀ ਅਤੇ ਕਥਾ-ਵਿਵੇਕ ਉਪਜਿਆ ਹੈ। ਇਹ ਕਹਾਣੀਕਾਰ ਪੰਜਾਬੀ ਕਹਾਣੀ ਨੂੰ ਚੌਥੇ ਪੜਾਅ ਦੀ ਕਹਾਣੀ ਵਿੱਚ ਪ੍ਰਵੇਸ਼ ਕਰਾਉਂਦੇ ਹਨ। ਇਸ ਪੜਾਅ ਵਿੱਚ ਪੰਜਾਬੀ ਕਹਾਣੀ ਕਿਸੇ ਮੋਟੀ-ਠੁੱਲ੍ਹੀ ਵਿਚਾਰਧਾਰਾ ਦੇ ਵਹਿਣ ਤੋਂ ਮੁਕਤ ਹੈ। ਇਸ ਕਹਾਣੀ ਦਾ ਵਸਤੂ-ਅਨੁਭਵ ਇਕਹਿਰਾ ਨਾ ਹੋ ਕੇ ਬਹੁ ਪਰਤੀ ਤੇ ਬਹੁ-ਪਾਸਾਰੀ ਹੈ। ਇਨ੍ਹਾਂ ਲੇਖਕਾਂ ਦੀ ਰਚਨਾਵੀਂ-ਦ੍ਰਿਸ਼ਟੀ ਅਤੇ ਕਥਾ ਦੀਆਂ ਪ੍ਰਗਟਾ-ਜੁਗਤਾਂ ਵੀ ਵਿਲੱਖਣ ਹਨ।

ਪੰਜਾਬੀ ਕਹਾਣੀ ਵਿੱਚ ਵੀਹਵੀਂ ਸਦੀ ਦੇ ਆਖਰੀ ਦਹਾਕੇ ਅੰਦਰ ਜਿਹੜਾ ਉਪਰੋਕਤ ਵੱਢ ਪੈਂਦਾ ਹੈ ਉਸਨੇ ਪੰਜਾਬੀ ਕਹਾਣੀਕਾਰਾਂ ਦੀ ਨਵ-ਪ੍ਰਤਿਭਾ ਤੇ ਸਮਰੱਥਾ ਨੂੰ ਜਗ ਜ਼ਾਹਿਰ ਕੀਤਾ ਹੈ। ਨਵੇਂ ਕਥਾਕਾਰਾਂ ਨੇ ਪੰਜਾਬੀ ਕਹਾਣੀ ਨੂੰ ਕਿਸਾਨੀ ਜੀਵਨ, ਮੱਧ ਵਰਗੀ ਜੀਵਨ, ਔਰਤ-ਮਰਦ ਸਬੰਧਾਂ ਆਦਿ ਦੀ ਟਿਪੀਕਲ ਪੇਸ਼ਕਾਰੀ, ਇਕਹਿਰੀ ਕਥਾ ਬਣਤਰ, ਵਿਚਾਰਧਾਰਕ ਨਿਸ਼ਚੈਵਾਦ ਸਮੇਤ ਪਰੰਪਰਾਗਤ ਕਥਾ-ਪ੍ਰਤਿਮਾਨਾਂ ਦੀ ਲੋਹ ਕੈਦ ਵਿੱਚੋਂ ਮੁਕਤ ਕਰਵਾਇਆ ਹੈ। ਇਸ ਨਾਲ ਕਥਾ ਵਿਧੀ ਨੇ ਆਪਣਾ ਸੁਤੰਤਰ ਰੂਪ ਤਲਾਸ਼ਿਆ ਹੈ ਤੇ ਵਿਸ਼ੇਸ਼ ਲਹਿਰਾਂ ਤਹਿਤ ਉਪਜਦੀ 'ਜਕੜਬੰਦ ਵਿਚਾਰਧਾਰਾ' ਤੋਂ ਪੰਜਾਬੀ ਕਥਾ-ਚਿੰਤਨ ਨੂੰ ਨਿਜ਼ਾਤ ਮਿਲੀ ਹੈ।

ਸਮਕਾਲ ਦੀ ਉਕਤ ਨਵੀਨ ਕਹਾਣੀ ਦੀ ਘਾੜਤ ਵਿੱਚ ਜਿਹੜੇ ਕਥਾਕਾਰ ਮੋਹਰੀ ਬਣ ਕੇ ਨਿੱਤਰੇ ਹਨ, ਅਜਮੇਰ ਸਿੱਧੂ ਉਨ੍ਹਾਂ ਵਿਚੋਂ ਇੱਕ ਹੈ। ਅਜਮੇਰ ਸਿੱਧੂ 1995 ਤੋਂ ਕਥਾ-ਸਿਰਜਣਾ ਦੇ ਖੇਤਰ ਵਿੱਚ ਸਰਗਰਮ ਹੈ। ਉਸਦਾ ਦਾ ਪਹਿਲਾ ਕਹਾਣੀ ਸੰਗ੍ਰਹਿ 'ਨਚੀਕੇਤਾ ਦੀ ਮੌਤ' (1998) ਅਤੇ ਦੂਜਾ ਕਹਾਣੀ

ਸੰਗ੍ਰਹਿ 'ਖੂਹ ਗਿੜਦਾ ਹੈ' (2004) ਹੈ। 'ਨਚੀਕੇਤਾ ਦੀ ਮੌਤ' ਪੁਸਤਕ ਦੀਆਂ ਕਹਾਣੀਆਂ ਜਦੋਂ ਸਾਹਿਤਕ ਪਰਚਿਆਂ ਵਿੱਚ ਛਪ ਕੇ ਸਾਹਮਣੇ ਆਈਆਂ ਤਾਂ ਅਜਮੇਰ ਸਿੱਧੂ ਦੀ ਸਾਮਿਅਕ ਯਥਾਰਥ ਨੂੰ ਬਹੁਪਰਤੀ ਰੂਪ ਵਿੱਚ ਉਲੀਕਣ ਤੇ ਰਚਨਾ-ਦ੍ਰਿਸ਼ਟੀ ਦੀ ਬਹੁਪਾਸਾਰਤਾ ਸੰਬੰਧੀ ਨਵੀਂ ਚੇਤਨਾ ਪੰਜਾਬੀ ਕਹਾਣੀ ਖੇਤਰ ਵਿੱਚ ਦਾਖਿਲ ਹੁੰਦੀ ਹੈ। ਉਹ ਇਸ ਸੰਗ੍ਰਹਿ ਦੀਆਂ ਕਹਾਣੀਆਂ ਦੁਆਰਾ ਕਿਸੇ ਵਿਸ਼ੇਸ਼ ਲਹਿਰ ਜਾਂ ਟਿਪੀਕਲ ਵਿਚਾਰਧਾਰਾ ਵਾਲੀ ਕਥਾ-ਚੇਤਨਾ ਤੋਂ ਵਿੱਥ ਥਾਪਦਾ ਹੈ। ਉਹ ਪੰਜਾਬੀ ਕਹਾਣੀ ਨੂੰ ਜਟਿਲ ਤੇ ਸੰਯੁਗਤ ਵਿਸ਼ਾ ਪ੍ਰਬੰਧ ਵਾਲੀ, ਸੰਕੇਤਕ ਬਿਰਤਾਂਤ-ਦ੍ਰਿਸ਼ਟੀ ਯੁਕਤ ਅਤੇ ਨਿਵੇਕਲੇ ਕਥਾ-ਮਾਡਲ ਵਾਲੀ ਕਹਾਣੀ ਦਿੰਦਾ ਹੈ। ਇਹ ਕਹਾਣੀ ਪੰਜਾਬੀ ਜੀਵਨ-ਯਥਾਰਥ ਦੀ ਜਟਿਲਤਾ ਨੂੰ ਮਨੁੱਖ ਦੇ ਅਵਚੇਤਨੀ ਧਰਾਤਲ ਤੋਂ ਪਕੜਦੀ ਹੈ ਅਤੇ ਵਸਤੂ-ਸਥਿਤੀਆਂ ਦੇ ਗੁੰਝਲਦਾਰ ਵਰਤਾਰਿਆਂ ਨੂੰ ਪਾਤਰਾਂ ਦੀ ਮਾਨਸਿਕ ਖਹਿਬਾਜ਼ੀ, ਮਨੋ-ਸੰਵਾਦ, ਸੁਪਨਸ਼ੈਲੀ, ਪਿੱਛਲਝਾਤ, ਤਣਾਓ, ਦਵੰਦ, ਵਿਅੰਗ-ਸੰਕੇਤ, ਮਿਥਿਹਾਸ ਆਦਿ ਦੇ ਮਾਧਿਅਮ ਨਾਲ ਰੂਪਮਾਨ ਕਰਦੀ ਹੈ। ਮਾਨਵੀ ਚੇਤਨ ਤੇ ਅਵਚੇਤਨ ਦਾ ਦਵੰਦ ਅਜਮੇਰ ਸਿੱਧੂ ਦੇ ਕਥਾ-ਪ੍ਰਵਚਨ ਦਾ ਕੇਂਦਰੀ ਨੁਕਤਾ ਹੈ। ਉਹ ਹਰ ਕਹਾਣੀ ਵਿੱਚ ਕਿਸੇ ਨਾ ਕਿਸੇ ਵਿਚਾਰਧਾਰਕ ਸੂਤਰ ਨੂੰ ਸਹਿਜ ਸੁਭਾਵਕ ਹੀ ਕਥਾ-ਪ੍ਰਸਥਿਤਿਆਂ ਵਿੱਚ ਉਭਾਰਦਾ ਹੈ ਅਤੇ ਇਸ ਦੁਆਲੇ ਬਿਰਤਾਂਤ ਦੀਆਂ ਜਟਿਲ ਪਰਤਾਂ ਨੂੰ ਰਹੱਸਪੂਰਨ ਤੇ ਗਾੜ੍ਹੇ ਢੰਗ ਨਾਲ ਬੁਣਦਾ ਜਾਂਦਾ ਹੈ। ਕਥਾ ਦੇ ਗੁਣ ਵਿਸ਼ੇ ਉਸ ਦੇ ਕੇਂਦਰੀ ਵਿਸ਼ੇ ਨੂੰ ਨਿਰੰਤਰ ਕਾਰਜਸ਼ੀਲ ਰੱਖਦੇ ਹਨ ਤੇ ਗਲਪੀ-ਵਿਵੇਕ ਦਾ ਅਜਿਹਾ ਪ੍ਰਬੰਧ ਆਪਣਾ ਆਕਾਰ ਧਾਰ ਲੈਂਦਾ ਹੈ ਕਿ ਹਾਸ਼ੀਅਤ ਸਥਿਤੀ ਭੋਗਦੇ ਮਨੁੱਖ ਦਾ ਦੁਖਾਂਤਕ ਬੋਧ ਪੂਰੇ ਕਥਾ-ਕੈਨਵਸ ਨੂੰ ਮੱਲ ਲੈਂਦਾ ਹੈ। ਅਜਮੇਰ ਸਿੱਧੂ, ਕਥਾ ਦੇ ਕੇਂਦਰੀ ਪਾਤਰ ਦੀ ਵਿਅਕਤੀਕ੍ਰਿਤ ਸੰਵੇਦਨਾ ਨੂੰ ਆਧਾਰ ਬਣਾ ਕੇ ਪਰਿਵਾਰਕ ਅਤੇ ਸਮਾਜਿਕ ਗੁੰਝਲਾਂ ਦੇ ਵੱਖ-ਵੱਖ ਪਾਸਾਰਾਂ ਨੂੰ ਆਪਣੇ ਗਲਪੀ-ਬਿੰਬਾਂ ਵਿੱਚ ਫੈਲਾਉਂਦਾ ਹੈ। ਸਮਕਾਲ ਦੀ ਆਪਾਧਾਪੀ ਵਿੱਚ ਵਿਗਠਤ ਹੋਏ ਜੀਵਨ-ਯਥਾਰਥ ਵਿੱਚ ਸਿਧਾਂਤ ਤੇ ਵਿਹਾਰ ਦੀ ਵਿੱਥ, ਵਾਸਤਵਿਕਤਾ ਤੇ ਸੁਪਨੇ ਦੀ ਦੂਰੀ, ਆਦਰਸ਼ ਤੇ ਹਕੀਕਤ ਦੇ ਖੱਪੇ ਉਸ ਦੇ ਕਥਾ-ਵਿਵੇਕ ਦਾ ਅੰਗ ਬਣਦੇ ਹਨ। ਉਹ ਦਿਸਦੇ ਤੇ ਲੁਕਵੇਂ ਯਥਾਰਥ ਨੂੰ ਉਨ੍ਹਾਂ ਦੇ ਵਿਰੋਧਾਭਾਸੀ ਸਰੂਪ ਵਿੱਚ ਚਿਤਰਦਾ ਹੈ। ਇਸੇ ਕਰਕੇ ਉਸ ਦੇ ਕਥਾ-ਬਿੰਬ ਅਲਗਾਓ, ਇਕੱਲਤਾ ਤੇ ਗੁੰਮਨਾਮੀ ਭੋਗਦੇ ਉਨ੍ਹਾਂ ਲੋਕਾਂ ਦੇ ਪ੍ਰਵਚਨ ਹਨ ਜਿਹੜੇ ਜਾਤੀ/ਜਮਾਤੀ ਵਿਤਕਰਿਆਂ ਦੇ ਸ਼ਿਕਾਰ ਹਨ, ਕਾਮ ਦਮਨ ਤੋਂ ਪੀੜਤ ਹਨ, ਅਵੈਧ ਸਬੰਧਾਂ ਦਾ ਸੰਤਾਪ ਭੋਗਦੇ ਹਨ, ਅਵਚੇਤਨ ਦੁਆਰਾ ਸੰਚਾਲਤ ਹੁੰਦੇ ਹਨ। ਭ੍ਰਿਸ਼ਟ ਪ੍ਰਬੰਧ ਤੋਂ ਬਾਗੀ ਹਨ, ਮਿੱਥਾਂ ਤੇ ਮੁੱਲਾਂ ਦੀ ਗਹਿਰ ਵਿੱਚੋਂ ਨਿਕਲਣ ਲਈ ਤਾਂਘਦੇ ਹਨ ਅਤੇ ਵਿਅਕਤੀਗਤ-ਸਮਾਜਿਕ ਸੰਤਾਪ ਵਿੱਚੋਂ ਗੁਜ਼ਰਦੇ ਹਨ। ਸਿੱਧੂ ਦੀਆਂ ਕਹਾਣੀਆਂ ਦੀ ਤਾਰਕਿਕਤਾ ਦੇ ਵਿਵੇਕਸ਼ੀਲਤਾ ਵੀ ਵੱਖਰੇ ਸੰਵਾਦ ਦਾ ਵਿਸ਼ਾ ਹੈ। ਉਹ ਵਿਗਿਆਨਕ-ਚੇਤਨਾ, ਮਾਨਵੀ ਤਰਕ ਤੇ ਵਿਵੇਕ ਨੂੰ ਕਥਾ ਦੇ ਵਿਚਾਰਧਾਰਾਈ ਧਰਾਤਲ 'ਤੇ ਸਪਾਟ ਰੂਪ ਵਿੱਚ ਨਹੀਂ ਫੈਲਾਉਂਦਾ, ਉਹ ਪਾਤਰਾਂ ਨੂੰ ਉਨ੍ਹਾਂ ਦੇ ਅੰਧ-ਵਿਸ਼ਵਾਸਾਂ, ਭਰਮ ਚੇਤਨਾ ਤੇ ਕਾਮੁਕ ਵਿਕ੍ਰਤੀਆਂ ਵਿੱਚ ਪੂਰਾ ਪਸਰਨ ਤੇ ਵਿਗਸਨ ਦਾ ਮੌਕਾ ਦਿੰਦਾ ਹੈ ਪਰ ਕਥਾ-ਸਥਿਤੀਆਂ ਤੇ ਪਾਤਰਾਂ ਦੀ ਹੋਂਦ ਨੂੰ ਅਜਿਹੇ ਮੋੜ 'ਤੇ ਪਹੁੰਚਾ ਦਿੰਦਾ ਹੈ ਜਿਥੇ ਪਾਠਕ ਖੁਦ ਤਰਕਸ਼ੀਲ ਸੋਚ ਤੇ ਵਿਗਿਆਨਕ ਚਿੰਤਨ ਨਾਲ ਆਪਣੇ ਆਪ ਨੂੰ ਸਹਿਜ-ਸੁਭਾਵਕ ਜੁੜਦਾ ਮਹਿਸੂਸ ਕਰਦਾ ਹੈ। ਇਸ ਦੇ ਨਾਲ ਨਾਲ ਉਸਨੇ ਕੇਂਦਰੀ ਪਾਤਰਾਂ ਦੀ ਹਾਸ਼ੀਅਤ ਹੋਣੀ ਨੂੰ ਪੂਰੇ ਸਿਸਟਮ ਦੀ ਗਲਤ ਵਿਵਸਥਾ ਨਾਲ ਜੋੜ ਕੇ ਆਪਣੀ ਗਲਪੀ-ਸਮਰੱਥਾ ਦਾ ਸਬੂਤ ਦਿੱਤਾ ਹੈ।

ਅਜਮੇਰ ਸਿੱਧੂ ਦੀਆਂ ਕਹਾਣੀਆਂ ਦੇ ਪ੍ਰਵਚਨ ਸੰਵਾਦੀ ਹਨ। ਉਹ ਇਤਿਹਾਸ, ਮਿਥਿਹਾਸ, ਸਮਾਜ, ਧਰਮ, ਸੱਭਿਆਚਾਰ ਨਾਲ ਸਬੰਧਿਤ ਮਿੱਥਾਂ ਤੇ ਮੁੱਲਾਂ ਨਾਲ ਸੰਵਾਦ ਰਚਾਉਂਦਾ ਹੈ। ਇਹ ਸੰਵਾਦ ਪਾਤਰਾਂ ਦੇ ਅਵਚੇਤਨ ਵਿੱਚੋਂ ਨਿਕਲਦਾ ਹੈ। ਰੂੜ੍ਹੀਵਾਦੀ ਫਿਊਡਲ ਪ੍ਰਬੰਧ ਦੇ ਉਹ ਅਵਸ਼ੇਸ਼ ਜੋ ਮਾਨਵੀ ਚੇਤਨਾ ਦਾ ਇੱਕ ਪਾਸਾ ਮੱਲੀ ਖੜ੍ਹੇ ਹਨ, ਅਜਮੇਰ ਉਨ੍ਹਾਂ ਅਵਸ਼ੇਸ਼ਾਂ ਨਾਲ ਤਣਾਓ ਅਤੇ ਟਕਰਾਅ ਦੀ ਸਥਿਤੀ ਵਿੱਚ ਰਹਿੰਦਾ ਹੈ। ਉੱਤਮਪੁਰਖੀ ਬਿਰਤਾਂਤ-ਜੁਗਤ, ਟੋਟਿਆਂ ਵਿੱਚ ਬਿਰਤਾਂਤਕ-ਪਾਠ, ਬਹੁਪਾਸਾਰੀ



ਯਥਾਰਥ ਚਿਤਰਣ, ਪ੍ਰਤੀਕ-ਪ੍ਰਬੰਧ, ਕਾਟਵੇਂ ਵਾਰਤਾਲਾਪ, ਪ੍ਰਭਾਵੀ ਭਾਸ਼ਕ ਮੁਹਾਵਰਾ, ਸੰਘਣੀ ਕਥਾ-ਬੁਣਤੀ, ਵਿਅੰਗ-ਧੁਨੀਆਂ, ਜ਼ੋਰਦਾਰ ਘਟਨਾਵੀ-ਵਹਾਅ ਅਤੇ ਚਿੰਤਨੀ ਨੀਝ ਵਰਗੇ ਕਲਾ ਗੁਣਾਂ ਤੇ ਜੁਗਤਾਂ ਦੁਆਰਾ ਉਸ ਨੇ ਪੰਜਾਬੀ ਕਹਾਣੀ ਦੇ ਨਕਸ਼ ਸਪੱਸ਼ਟ ਕੀਤੇ ਹਨ।

ਨਵੀਂ ਪੰਜਾਬੀ ਕਹਾਣੀ ਨੇ ਪਰੰਪਰਕ ਪੰਜਾਬੀ ਲੋਕ ਮਨ ਤੇ ਸਮਾਜਿਕ ਪ੍ਰਬੰਧ ਦੁਆਰਾ ਸਿਰਜੇ ਮਿੱਥ ਮੰਡਲ ਨੂੰ ਨਵੀਆਂ ਅੰਤਰ ਦ੍ਰਿਸ਼ਟੀਆਂ ਨਾਲ ਚੁਣੌਤੀ ਦਿੱਤੀ ਹੈ। ਅਜਮੇਰ ਸਿੱਧੂ ਦੇ ਬਹੁਤੇ ਕਥਾ-ਬਿਰਤਾਂਤ ਪੰਜਾਬ ਦੇ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਸਿਸਟਮ ਵਿੱਚ ਸਿਧਾਂਤਕ ਕੱਟੜਤਾ ਅਖਤਿਆਰ ਕਰ ਚੁੱਕੇ ਕਈ ਮਿੱਥਾਂ, ਤੱਥਾਂ ਤੇ ਮੁੱਲ-ਪ੍ਰਬੰਧਾਂ ਨੂੰ ਵੰਗਾਰਦੇ ਹਨ। ਮਨੁੱਖ ਦਾ ਜੀਵਨ-ਯਥਾਰਥ ਤੇ ਵਿਹਾਰਕ ਸਰੂਪ ਇਨ੍ਹਾਂ ਮਿੱਥਾਂ ਨੂੰ ਚੁਣੌਤੀ ਦਿੰਦਾ ਹੈ। ਲੇਖਕ ਦਾ ਕਥਾ-ਚਿੰਤਨ ਕਿਸੇ ਧਰਮ, ਸੱਭਿਆਚਾਰ ਜਾਂ ਸਮਾਜ ਦੇ ਕੇਂਦਰੀ ਸਰੂਪ ਨੂੰ ਸੱਟ ਮਾਰਨ ਦੀ ਥਾਂ ਇਸ ਉੱਤੇ ਉਸਰੇ ਮਾਨਵੀ-ਦਮਨ ਵਾਲੇ ਪ੍ਰਬੰਧ ਨੂੰ ਤੋੜਨ ਦਾ ਹੈ। ਉਸ ਦੀ ਕਹਾਣੀ 'ਨਚੀਕੇਤਾ ਦੀ ਮੌਤ' ਕਥਾ ਦੇ ਕੇਂਦਰੀ ਪਾਤਰ ਭਾਈ ਜੀ ਦੇ ਮਾਧਿਅਮ ਦੁਆਰਾ ਪਰ ਅਤੇ ਨਿੱਜ ਦੇ ਦੁੱਖਾਂ ਦੇ ਫਰਕ ਨੂੰ ਸਿਰਜਦੀ ਹੈ ਤੇ ਦੁੱਖ ਦੇ ਸੰਬੰਧ ਵਿੱਚ ਦੂਜੀ ਧਿਰ ਨੂੰ ਸੁਣਾਏ ਭਾਣਾ ਮੰਨਣ, ਰੱਬੀ ਰਜ਼ਾ ਤੇ ਵੈਰਾਗ ਵਿੱਚ ਰਹਿਣ ਦੇ ਧਾਰਮਿਕ ਦਰਸ਼ਨ ਨੂੰ ਨਕਾਰਦੀ ਹੈ। ਲੇਖਕ ਦਾ ਕਥਾ-ਚਿੰਤਨ ਭਾਰਤੀ ਧਰਮਮੂਲਕ ਚਿੰਤਨ ਨੂੰ ਵਿਵਹਾਰਕ ਧਰਾਤਲ ਤੋਂ ਚੁਣੌਤੀ ਦੇਣ ਵਿੱਚ ਹੈ। ਗੌਣ ਪਾਤਰਾਂ ਦੇ ਦ੍ਰਿਸ਼ਟੀਕੋਣ ਦਾ ਠੀਕ ਹੋਣਾ, ਭਾਈ ਜੀ ਪਾਤਰ ਦੇ ਜੀਵਨ-ਵਿਹਾਰ ਵਿੱਚੋਂ ਨਚੀਕੇਤਾ ਦੀ ਮਿੱਥ ਦਾ ਤੁਲਨਾਵੀਂ ਗਲਪ ਚਿੱਤਰ ਤੇ ਬਿਰਤਾਂਤ ਦੀ ਗੁੰਝਲਦਾਰ ਵਿਡੰਬਨਾ ਦਾ ਸੰਤੁਲਨ ਨਾ ਸਿਰਫ ਧਰਮ ਦੇ ਸਿਧਾਂਤਕ ਤੇ ਵਿਹਾਰਕ ਭੇਦ ਵਿੱਚ ਖੜ੍ਹੇ ਮਿੱਥ-ਸੰਸਾਰ ਨੂੰ ਸੰਨ੍ਹ ਮਾਰਦੀ ਹੈ ਬਲਕਿ ਪੰਜਾਬ ਦੇ ਨਿਕਟ ਕਾਲੀ ਇਤਿਹਾਸ ਵਿੱਚ ਗੁਰਬਾਣੀ ਨੂੰ ਕੇਂਦਰ ਬਣਾ ਕੇ ਚਲਦੀ ਲਹਿਰ ਆਪਣੇ ਹੀ ਵਿਸ਼ਵਾਸੀ ਦਾ ਸਿਦਕ ਤੇ ਭਾਣੇ ਵਾਲਾ ਬਿੰਬ ਤਿੜਕਾ ਜਾਂਦੀ ਹੈ।

ਸਿੱਧੂ ਦੀਆਂ ਦੂਜੀਆਂ ਕਹਾਣੀਆਂ ਵਿੱਚ ਵੀ ਮਨੁੱਖ ਦੇ ਬਲਸ਼ਾਲੀ ਅਵਚੇਤਨ ਦੇ ਗਲਪੀ-ਪ੍ਰਗਟਾਵੇ ਮਿਲਦੇ ਹਨ। ਇਹ ਪ੍ਰਗਟਾਵੇ ਉਸ ਦੀ ਉੱਤਮ ਪੁਰਖੀ ਕਥਾ ਸ਼ੈਲੀ, ਬੇਬਾਕ ਸੰਵਾਦ ਦੇ ਵਿਭਿੰਨ ਰੂਪਾਂ ਤੇ ਕਥਾ-ਸੰਗਠਨ ਦੇ ਬਹੁਪਾਸਾਰੀ ਸਰੂਪ ਦੁਆਰਾ ਹੋਰ ਵੀ ਮੁੱਲਵਾਨ ਤੇ ਰੌਚਿਕ ਬਣਦੇ ਹਨ। 'ਇਕਬਾਲ ਹੁਸੈਨ ਮੋਇਆ ਨਹੀਂ' ਵਰਗੀ ਕਹਾਣੀ ਦੁਆਰਾ ਲੇਖਕ ਮੁਸਲਮਾਨ ਔਰਤ ਜਮੀਲਾ ਨੂੰ ਭਾਰਤ-ਪਾਕਿ ਵੰਡ ਦੇ ਕਤਲੇਆਮ ਦੌਰਾਨ ਜਬਰੀ ਧਰਮ-ਬਦਲੀ ਕਰਾ ਕੇ ਸਿੱਖ ਪਾਤਰ ਬਚਿੱਤਰ ਸਿੰਘ ਨਾਲ ਵਿਆਹ ਕਰਾਉਣ ਤੇ ਉਸ ਔਰਤ ਦੇ ਆਤਮ-ਸਨਮਾਨ ਨੂੰ ਲੱਗੀ ਢਾਹ ਨੂੰ ਬਿਆਨ ਕਰਦੀ ਹੈ।

ਜਮੀਲਾ ਆਪਣੇ ਕਤਲ ਹੋਏ ਦਾਦਾ ਇਕਬਾਲ ਹੁਸੈਨ ਨੂੰ ਆਪਣੇ ਪੁੱਤਰ ਬਲਵੀਰ ਉਰਫ ਦਾਦੂ ਸ਼ਾਹ ਵਿੱਚੋਂ ਦੇਖਦੀ ਹੈ। ਲੇਖਕ ਇਕਬਾਲ ਹੁਸੈਨ ਦੀ 'ਅਮਰਤਾ' ਨੂੰ ਜਮੀਲਾ ਦੇ ਧਾਰਮਿਕ ਸੰਸਕਾਰਾਂ ਤੇ ਉਸਦੇ ਸਨਮਾਨ ਬਹਾਲੀ ਦੇ ਜਿਉਂਦੇ-ਜਾਗਦੇ ਰੂਪ ਵਿੱਚ ਪੇਸ਼ ਕਰਦਾ ਹੈ। ਇਹ ਰੂਪ ਉਦੋਂ ਆਪਣਾ ਸਿਖਰ ਹੰਢਾਉਂਦਾ ਹੈ, ਜਦੋਂ ਅਨੰਦਪੁਰ ਸਾਹਿਬ ਵਿਖੇ ਢਾਡੀਆਂ ਵਲੋਂ ਸਾਕਾ ਸਰਹੰਦ ਦੇ ਜੋਸ਼ੀਲੇ ਪ੍ਰਸੰਗ ਨੂੰ ਸੁਣ ਕੇ ਜਮੀਲਾ ਦਾ ਅਵਚੇਤਨ ਜਾਗ ਉਠਦਾ ਹੈ। '47 ਦੀ ਵੰਡ ਸਬੰਧੀ ਨਾਰੀ-ਦਮਨ ਤੇ ਮਾਨਵੀ ਅਵਚੇਤਨ ਦੀ ਦਬੇਲ ਸੁਰ ਨੂੰ ਨਵੇਂ ਕੋਣ ਤੋਂ ਪ੍ਰਸਤੁਤ ਕਰਨ ਵਾਲੀ ਇਹ ਰਚਨਾ ਵੀ ਨਿੱਜ ਤੇ ਪਰ ਲਈ ਮਨੁੱਖ ਵਜੋਂ ਘੜੀਆਂ ਸਿਧਾਂਤਕ ਵਿੱਥਾਂ ਦਾ 'ਫਰਕ' ਸਿਰਜਦੀ ਹੈ। ਅਜਮੇਰ ਸਿੱਧੂ ਦਾ ਕਥਾ-ਸੰਸਾਰ ਪੰਜਾਬੀ ਮਾਨਸਿਕਤਾ ਦੀ ਉਸ ਇਤਿਹਾਸਕਾਰੀ ਨਾਲ ਜੁੜਿਆ ਹੈ ਜਿਹੜੀ ਲਗਾਤਾਰ ਹਾਸ਼ੀਏ 'ਤੇ ਰਹੀ ਹੈ। ਉਸਦੀਆਂ ਰਚਨਾਵਾਂ ਦੇ ਪਾਤਰ ਮਾਨਸਿਕ ਘੁੰਮਣ ਘੇਰੀਆਂ ਹੰਢਾਉਂਦੇ ਹਨ ਤੇ ਪੂਰੇ ਸਮਾਜਿਕ ਪ੍ਰਬੰਧ ਤੋਂ ਅਲੱਗ-ਥਲੱਗ ਪਏ ਹਨ। ਪਾਤਰਾਂ ਦੀ ਅਸਹਿਜ ਜ਼ਿੰਦਗੀ, ਮਨੋ-ਸੰਵਾਦ ਵਿੱਚੋਂ ਝਲਕਦੀ ਟੁੱਟ-ਭੱਜ ਅਤੇ ਅਵਚੇਤਨੀ ਸੰਸਾਰ ਦੀ ਜਕੜਬੰਦੀ ਦੇ ਗਲਪੀ-ਵੇਰਵੇ ਕਥਾਵਾਂ ਦਾ ਕੇਂਦਰ ਮੱਲੀ ਰੱਖਦੇ ਹਨ। ਇਨ੍ਹਾਂ ਦੁਆਰਾ ਲੇਖਕ ਬਾਹਰ ਦਿਸਦੇ ਵਸਤੂ-ਯਥਾਰਥ ਦੀਆਂ ਵਿਭਿੰਨ ਤੈਹਾਂ ਨੂੰ ਸੰਬੋਧਤ ਹੈ ਤੇ ਆਪਣੀ ਕਥਾ-

ਦ੍ਰਿਸ਼ਟੀ ਨੂੰ ਵਿਲੱਖਣਤਾ ਦਿੰਦਾ ਹੈ। ਕਹਾਣੀ 'ਗੌਰਜਾਂ' ਦਾ ਜਗਜੀਤ ਸਿੰਘ ਆਰਥਿਕ ਸਮਰਿੱਧੀ ਹਾਸਲ ਕਰਕੇ ਵੀ ਜਾਤੀ ਕੇਂਦਰਿਤ ਤਾਹਨੇ ਭੋਗਦਾ ਹੈ। 'ਨੋ ਮੈਨਜ਼ ਲੈਂਡ' ਦੇ ਪ੍ਰੇਮੀ-ਪ੍ਰੇਮਿਕਾ ਪਾਤਰ ਦੇਸ਼ ਵੰਡ ਦੇ ਦੁਖਾਂਤ ਦੀ ਭੇਟ ਚੜ੍ਹੇ ਪਿਆਰ ਦੀ ਪ੍ਰਵਾਨਗੀ ਲਈ ਤੜਫਦੇ ਹਨ। 'ਨਾਸੂਰ' ਤੇ 'ਪਿੱਠਭੂਮੀ' ਦੇ ਕੇਂਦਰੀ ਪਾਤਰ ਆਪੋ-ਆਪਣੀ ਮਨੋ-ਸਥਿਤੀ ਵਿੱਚ ਸਮਾਜ ਨਾਲ ਇੱਕ ਤਣਾਅ ਭੋਗਦੇ ਗੁੰਮਨਾਮੀ ਹੰਢਾਉਂਦੇ ਹਨ। 'ਸ਼ਾਇਦ ਰੰਮੀ ਮੰਨ ਜਾਏ' , 'ਦਿੱਲੀ ਦੇ ਕਿੰਗਰੇ' ਕਹਾਣੀਆਂ ਪ੍ਰਤੀਕੂਲ ਸਥਿਤੀਆਂ ਵਿੱਚ ਮਨੁੱਖੀ ਹਿੰਮਤ ਤੇ ਸੰਘਰਸ਼ ਦੀ ਦਾਸਤਾਨ ਪੇਸ਼ ਕਰਦੀਆਂ ਹਨ ਬੇਸ਼ੱਕ ਵਸਤੂ-ਸਥਿਤੀਆਂ ਦੀ ਵਿਕਰਾਲਤਾ ਨਾਲ ਕੋਈ ਤਣ-ਪੱਤਣ ਦਿਖਾਈ ਨਹੀਂ ਪੈਂਦਾ। 'ਅੰਬਰ ਵੱਲ ਉੱਠੇ ਹੱਥ' ਵਿੱਚ ਮਰਦ ਪ੍ਰਧਾਨ ਸਮਾਜ ਅੰਦਰ ਲੜਕਾ-ਲੜਕੀ ਦੇ ਫ਼ਰਕ ਨਾਲ ਪੱਛੀ ਨਾਰੀ ਸੰਵੇਦਨਾ ਹੈ ਜੋ ਚਾਰ ਭੈਣਾਂ ਦੇ ਦੁਖਾਂਤ ਦਾ ਕਾਰਨ ਬਣਦੀ ਹੈ। 'ਡਾਇਨਾਸੋਰ', 'ਕਬਰ 'ਚ ਦਫ਼ਨ ਹਜ਼ਾਰ ਵਰ੍ਹੇ' ਵਰਗੀਆਂ ਕਹਾਣੀਆਂ ਵਿਗਿਆਨਕ ਚੇਤਨਾ ਅਤੇ ਮਨੁੱਖ ਦੇ ਅਖੌਤੀ ਸੰਸਕਾਰਾਂ/ਫਿਰਕਾਪ੍ਰਸਤੀ ਵਿਚਲੇ ਵਿਰੋਧਭਾਸਾਂ ਤੇ ਟਕਰਾਅ ਨੂੰ ਪੇਸ਼ ਕਰਦੀਆਂ ਹਨ। ਇਸੇ ਪੱਧਰ ਦੇ ਦੁਖਾਂਤਕ ਪ੍ਰਵਚਨ ਦੀ ਸਿਰਜਣਾ ਉਸ ਦੀਆਂ ਕਹਾਣੀਆਂ 'ਬਲ਼ਦੇ ਚਿਰਾਗ', 'ਜਹਾਜ਼ ਵਾਲੀ ਟੈਂਕੀ' ਤੇ 'ਕਬਰ 'ਚ ਦਫ਼ਨ ਹਜ਼ਾਰ ਵਰ੍ਹੇ' ਆਦਿ ਵਿੱਚ ਹੁੰਦੀ ਹੈ। ਸੰਤਾਲੀ ਦੇ ਦੁਖਾਂਤ ਵਿੱਚ ਫਿਰਕਾਪ੍ਰਸਤੀ ਦੀ ਅਗਨ ਭੇਟ ਚੜ੍ਹੇ ਮੁਹੱਬਤੀ-ਪ੍ਰਸੰਗ 'ਬਲ਼ਦੇ ਚਿਰਾਗ' ਕਹਾਣੀ ਵਿੱਚ ਉਸ ਬਜ਼ੁਰਗ ਨਾਇਕ ਵਜੋਂ ਪੇਸ਼ ਹੋਏ ਹਨ ਜਿਹੜਾ ਵਰ੍ਹਿਆਂ ਪਿਛੋਂ ਚੜ੍ਹਦੇ ਪੰਜਾਬ ਵਿੱਚ ਆਪਣੇ ਅਤੀਤ ਦਾ ਖਿੱਚਿਆ ਆਉਂਦਾ ਹੈ। 'ਜਹਾਜ਼ ਵਾਲੀ ਟੈਂਕੀ' ਕਹਾਣੀ ਉਨ੍ਹਾਂ ਭਟਕੇ ਹੋਏ ਨੌਜਵਾਨਾਂ ਦਾ ਦੁਖਾਂਤਕ ਬਿਰਤਾਂਤ ਹੈ ਜਿਹੜੇ ਵਿਦੇਸ਼ ਜਾਣ ਦੀ ਦੌੜ ਤੋਂ ਬਾਹਰ ਹੋ ਕੇ ਨਸ਼ੇੜੀ ਬਣ ਜਾਂਦੇ ਹਨ ਤੇ ਡਾਲਰਾਂ ਦੀ ਕਥਿਤ-ਕਮਾਈ ਦੇ ਸੁਪਨੇ ਉਨ੍ਹਾਂ ਦੀ ਪੱਛੀ ਮਾਨਸਿਕਤਾ ਵਿੱਚ ਵਟ ਜਾਂਦੇ ਹਨ। 'ਕਬਰ 'ਚ ਦਫ਼ਨ ਹਜ਼ਾਰ ਵਰ੍ਹੇ' ਕਹਾਣੀ, ਭਾਰਤੀ ਮਾਨਸਿਕਤਾ ਦੇ ਉਸ ਭਾਰੂਪਣ ਨੂੰ ਮਹਿਸੂਸ ਕਰਦੀ ਹੈ ਜਿਸ ਤਹਿਤ ਵਿਗਿਆਨਕ ਦ੍ਰਿਸ਼ਟੀ ਤੇ ਸੋਚ ਨਾਲੋਂ ਫਿਰਕਾਪ੍ਰਸਤੀ, ਮਜ਼ਹਬੀ ਹੱਦਵੰਡੀਆਂ ਤੇ ਨਫ਼ਰਤ ਦੀ ਭਾਵਨਾ ਜ਼ਿੰਦਗੀ ਦਾ ਵੱਡਾ ਹਿੱਸਾ ਦੱਬੀ ਖੜ੍ਹੀ ਹੈ। 'ਹੈਲੋ ਡੋਗ' ਕਹਾਣੀ ਵਿੱਚ ਮਾਨਵੀ ਅਕ੍ਰਿਤਘਣਤਾ, 'ਖੂਹ ਗਿੜਦਾ ਹੈ' ਕਹਾਣੀ ਵਿੱਚ ਖੱਬੇ ਪੱਖੀ ਵਿਚਾਰਧਾਰਾ ਦੇ ਸਿਧਾਂਤ ਤੇ ਵਿਹਾਰ ਸਬੰਧੀ ਸੰਵਾਦ, 'ਬਾਰ ਵੇਲੇ ਦਾ ਸਕੂਟਰ' ਵਿੱਚ ਵਿਵਹਾਰਵਾਦੀ ਜੀਵਨ ਦ੍ਰਿਸ਼ਟੀ ਤੇ ਮੱਧ-ਵਰਗ, 'ਇਸ ਵਾਰ ਨਹੀਂ' ਕਹਾਣੀ ਵਿੱਚ 'ਜਾਤਾਂ/ਗੋਤਾਂ ਦੀ ਦਰਜੇਬੰਦੀ ਤੇ ਨਾਰੀ ਦਮਨ' ਸਬੰਧੀ ਸਿਰਜੇ ਬਿਰਤਾਂਤ ਯਥਾਰਥਕ ਪਾਤਰਾਂ, ਕਥਾ-ਸਥਿਤੀਆਂ ਦੀ ਸੰਘਣਤਾ ਅਤੇ ਭਾਸ਼ਾਈ ਕਲਾਤਮਿਕਤਾ ਕਾਰਨ ਪਾਠਕਾਂ ਨੂੰ ਨਵੀਨ ਕਥਾ-ਚੇਤਨਾ ਦਾ ਆਭਾਸ ਕਰਾਉਂਦੇ ਹਨ।

ਅਜਮੇਰ ਸਿੱਧੂ ਦੀਆਂ ਕਹਾਣੀਆਂ ਦਾ ਅਹਿਮ ਸੂਤਰ ਇਨ੍ਹਾਂ ਦੇ ਪਿਛੋਕੜ ਵਿੱਚ ਕਾਰਜਸ਼ੀਲ ਇਤਿਹਾਸਕ ਮਿਥਿਹਾਸਕ ਹਵਾਲੇ, ਵਿਗਿਆਨਕ/ ਤਰਕਸ਼ੀਲ ਚਿੰਤਨ ਤੇ ਯਥਾਰਥ ਦੀ ਬਹੁਪਾਸਾਰਤਾ ਹੈ। ਉਹ ਆਪਣੀਆਂ ਕਹਾਣੀਆਂ ਦੁਆਰਾ ਇੱਕ ਪਾਸੇ ਇਨਕਲਾਬੀ ਸ਼ਕਤੀਆਂ ਦੀ ਸਿਮਰਨਕਾਰੀ, ਧਾਰਮਿਕ ਪ੍ਰਬੰਧ ਦੇ ਸਿਧਾਂਤ ਤੇ ਵਿਹਾਰ ਅਤੇ ਜਾਗੀਰਦਾਰੀ ਪ੍ਰਬੰਧ ਦੀਆਂ ਮਾਨਸਿਕ ਰਹਿੰਦ-ਖੂੰਹਦਾਂ ਨਾਲ ਟਕਰਾਅ ਦੀ ਸਥਿਤੀ ਹੰਢਾਉਂਦਾ ਹੈ। ਉਹ ਇਸ ਟਕਰਾਅ ਨੂੰ ਬਿਰਤਾਂਤ ਦੇ ਸਹਿਜ-ਸਪਾਟ ਪ੍ਰਬੰਧ ਉੱਤੇ ਫੈਲਾਉਣ ਨਾਲੋਂ ਪਾਤਰਾਂ ਦੇ ਮਾਨਸਿਕ ਘੋਲ ਤੇ ਕਥਾ ਪ੍ਰਸੰਗਾਂ ਵਿੱਚੋਂ ਉਭਾਰਦਾ ਹੈ। 'ਦਿੱਲੀ ਦੇ ਕਿੰਗਰੇ' ਕਹਾਣੀ ਦਰਸ਼ਨ ਦੁਸਾਂਝ ਜਿਹੇ ਪਾਤਰਾਂ ਦੀ ਇਨਕਲਾਬੀ ਪ੍ਰਤੀਬੱਧਤਾ, ਵਿਗਿਆਨਕ ਵਿਧੀਆਂ ਦੁਆਰਾ ਕਿਸੇ ਦੀ ਯਾਦ ਨੂੰ ਪ੍ਰਿੰਟ ਕਰਨ ਦੀ ਧਾਰਨਾ ਨੂੰ ਨਕਾਰਦੀ ਹੈ। 'ਦੀ ਸੋਅਰਡ ਆਫ਼ ਬੰਦਾ ਸਿੰਘ ਬਹਾਦਰ' ਕਹਾਣੀ ਵਿੱਚ ਸਮਾਜ ਦੇ ਭ੍ਰਿਸ਼ਟ ਪ੍ਰਬੰਧ ਨਾਲ ਟੱਕਰ ਲਈ ਉਹ ਇਤਿਹਾਸਕ ਨਾਇਕ ਬੰਦਾ ਬਹਾਦਰ ਦੀ ਤਲਵਾਰ ਨੂੰ ਇਨਕਲਾਬ ਦੇ ਜੀਵੰਤ ਚਿੰਨ੍ਹ ਵਜੋਂ ਪੇਸ਼ ਕਰਦਾ ਹੈ। 'ਸ਼ਾਇਦ ਰੰਮੀ ਮੰਨ ਜਾਏ' ਕਹਾਣੀ ਵਿੱਚ ਤਾਰੋ ਉਪਭੋਗੀ ਕਲਚਰ ਦੀ ਭੇਂਟ ਚੜ੍ਹ ਕੇ ਪੈਸੇ ਦੀ ਪ੍ਰਾਪਤੀ ਲਈ ਜਿਸਮ ਦੀ ਨੁਮਾਇਸ਼



ਵੱਲ ਲਿਜਾ ਰਹੀ ਆਪਣੀ ਧੀ 'ਰੰਮੀ' ਦੇ ਕਦਮ ਵੀ ਆਖਿਰ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਸੁਖਦੇਵ ਅਤੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਵੱਲ ਹੀ ਮੁੜਦੇ ਹਨ। ਇਸ ਪੱਖੋਂ ਕਹਾਣੀ ਦੇ ਅੰਤ ਵਿੱਚ ਰੰਮੀ ਦੀ ਮਾਂ ਦੇ ਕੰਨਾਂ ਵਿੱਚ ਪੈਂਦੇ ਅਵਚੇਤਨੀ ਬੋਲ 'ਸ਼ਾਇਦ' ਦੀਆਂ ਸੰਭਾਵਨਾਵਾਂ ਖਤਮ ਕਰ ਦਿੰਦੇ ਹਨ।

"ਜੇ ਭੁੱਖੇ ਮਰਦੇ ਆਂ, ਤਾਂ ਕੀ ਧੀਆਂ ਭੈਣਾਂ ਨੂੰ ਜਿਸਮ ਵੇਚਣ ਲਾ ਦੇਈਏ? ਸਾਲਿਓ ! ਸ਼ਰਮ ਕਰੋ।"

ਸਿੱਧੂ ਦੀਆਂ ਕਹਾਣੀਆਂ ਵਿਚਲੇ ਘਟਨਾਵੀ-ਪ੍ਰਸੰਗ, ਪਾਤਰਾਂ ਦੇ ਵਾਰਤਾਲਾਪ ਤੇ ਕਥਾ-ਮਾਹੌਲ ਨਾਲ ਜੁੜੇ ਦ੍ਰਿਸ਼ ਜਿੱਥੇ ਪੰਜਾਬ ਦੇ ਨਿਕਟ ਕਾਲੀ ਤੇ ਸਿੱਖ ਇਤਿਹਾਸ ਦੇ ਮੱਧਕਾਲੀ ਪ੍ਰਵਚਨਾਂ ਨਾਲ ਸੰਵਾਦ ਸਿਰਜਦੇ ਹਨ ਉਥੇ ਹੀ ਉਹ ਭਾਰਤ ਵਿੱਚ ਧਰਮ ਦੇ ਸੰਸਥਾਵੀ ਰੂਪ ਵਿੱਚ ਆਏ ਨਿਘਾਰ ਨੂੰ ਵੀ ਪੇਸ਼ ਕਰਦਾ ਹੈ। ਇਸ ਦੁਆਰਾ ਉਹ ਤਰਕਸ਼ੀਲ ਲਹਿਰ ਦੇ ਵਿਚਾਰਧਾਰਕ ਸੂਤਰਾਂ ਦਾ ਕਥਾ ਵਿੱਚ ਸਹਿਜੇ-ਸਹਿਜੇ ਪ੍ਰਵੇਸ਼ ਕਰਵਾਉਂਦਾ ਹੈ। 'ਬੰਦ ਦਰਵਾਜ਼ਾ' ਕਹਾਣੀ ਵਿੱਚ ਮਨੁੱਖ ਦੀਆਂ ਕਾਮੁਕ ਬਿਰਤੀਆਂ ਨੂੰ ਵਿਗਿਆਨਕ ਢੰਗ ਨਾਲ ਸਮਝਣ ਦੀ ਥਾਂ ਅੰਧ ਵਿਸ਼ਵਾਸੀ ਸੋਚ ਦੇ ਭਾਰੂ ਹੋਣ ਨਾਲ ਉਪਜੇ ਤਣਾਅ ਨੂੰ ਪੇਸ਼ ਕੀਤਾ ਗਿਆ ਹੈ। ਸਾਧਾਂ ਦੇ ਡੇਰੇ 'ਤੇ ਬੀਮਾਰ ਕੁੜੀ ਨਾਲ ਕੀਤਾ ਸਮੂਹਿਕ ਜਬਰ ਜਿਨਾਹ ਇਸ ਕਹਾਣੀ ਦਾ ਘਿਨਾਉਣਾ ਵਰਤਾਰਾ ਸਿੱਧ ਹੁੰਦਾ ਹੈ। 'ਨਸੂਰ' ਤੇ 'ਪਿੱਠ ਭੂਮੀ' ਕਹਾਣੀਆਂ ਵਿੱਚ ਲੇਖਕ ਦਾ ਤਰਕਸ਼ੀਲ ਪ੍ਰਵਚਨ, ਜੋਤਿਸ਼ ਸ਼ਾਸਤਰ ਦੇ ਮਾਧਿਅਮ ਨਾਲ ਮਾਨਵੀ ਕਾਮ ਇੱਛਾ ਦੇ ਅੰਨ੍ਹੇ ਵਹਾਅ ਤੋਂ ਉਪਜੇ ਸੰਕਟਾਂ ਦੀ ਪੇਸ਼ਕਾਰੀ ਕਰਦਾ ਹੈ। ਤ੍ਰਿਪਾਠੀ ਨਾਂ ਦਾ ਜੋਤਿਸ਼ੀ ਸ਼ਿਵਾ ਦੀ ਮਾਂ ਦਾ ਮਾਨਸਿਕ ਤੇ ਸਰੀਰਕ ਸ਼ੋਸ਼ਣ ਕਰਦਾ ਹੋਇਆ, ਪਰਿਵਾਰ ਦੀ ਸਮਾਜਿਕ ਹੋਂਦ ਨੂੰ ਦਮਿਤ ਤੇ ਹੀਣ ਬੋਧ ਵਾਲੀ ਬਣਾ ਦਿੰਦਾ ਹੈ। ਇਸੇ ਤਰ੍ਹਾਂ 'ਉਨੀਂਦੀ ਨਦੀ' ਕਹਾਣੀ ਵਿੱਚ ਸਮਾਜ ਦੇ ਜਨ ਸਮੂਹ ਦੀ ਜਗੀਰੂ ਮਾਨਸਿਕਤਾ ਤੇ ਡੇਰਾ ਕਲਚਰ ਦੀ ਵਿਸੰਗਤੀਆਂ ਨੂੰ ਪੇਸ਼ ਕੀਤਾ ਹੈ। ਕਹਾਣੀ ਦਾ ਦੁਖਾਂਤਕ ਪ੍ਰਵਚਨ ਉਦੋਂ ਹੋਰ ਸੰਘਣਾ ਹੁੰਦਾ ਹੈ ਜਦੋਂ ਪੁੱਤਰ ਦੀ ਕਾਮਨਾ ਵਿੱਚ ਇੱਕ ਪਰਿਵਾਰ ਦੇ ਮੈਂਬਰ ਪਹਿਲੇ ਬੱਚੇ ਨੂੰ ਕਿਸੇ ਮੱਠ 'ਤੇ ਸੁੱਖੀ ਸੁੱਖਣਾ ਅਨੁਸਾਰ ਉਸ ਡੇਰੇ 'ਤੇ ਚੜ੍ਹਾ ਦਿੰਦੇ ਹਨ। ਪਹਿਲਾ ਬੱਚਾ ਲੜਕੀ ਹੁੰਦੀ ਹੈ ਅਤੇ ਉਸਦੀ ਦਮਿਤ ਹੋਂਦ ਅਤੇ ਵਿਡੰਬਨਾ ਪਾਠਕਾਂ ਨੂੰ ਝੰਜੋੜ ਦਿੰਦੀ ਹੈ।

ਜਗੀਰੂ ਮੁੱਲਾਂ ਦੀ ਰਹਿੰਦ-ਖੂੰਹਦ, ਸਮਕਾਲੀ ਰਿਸ਼ਤਿਆਂ ਦੇ ਨਿਘਾਰ, ਕਿਸਾਨੀ ਮਸਲੇ, ਖੱਬੇ ਪੱਖੀ ਲਹਿਰ ਦੇ ਭਵਿੱਖ, ਨਾਰੀ ਦਮਨ, ਧਰਮ ਦੇ ਸੰਸਥਾਵੀ ਰੂਪ ਦੇ ਪਤਨ , ਮਾਨਵੀ ਸਰੋਕਾਰਾਂ ਦੇ ਘਾਣ ਦੇ ਬਾਵਜੂਦ ਤਾਰਕਿਕ ਜੀਵਨ-ਦ੍ਰਿਸ਼ਟੀ ਤੇ ਸੰਘਰਸ਼ ਦੀ ਚੇਤਨਾ ਫੈਲਾਉਣ ਵਾਲੇ ਅਜਮੇਰ ਸਿੱਧੂ ਦੇ ਕਥਾ-ਬਿਰਤਾਂਤ ਉਤਰ-ਆਧੁਨਿਕ ਜੀਵਨ-ਸਥਿਤੀ ਦੇ ਗਲਪੀ ਸੱਚ ਹਨ। ਅਨਿਸ਼ਚਿਤਤਾਵਾਂ ਤੇ ਪ੍ਰਸ਼ਨਵਾਚਕਾਂ ਹੇਠ ਘਿਰੀ ਇਹ ਜੀਵਨ-ਸਥਿਤੀ ਗੁੰਝਲਦਾਰ ਤੇ ਬਹੁ-ਪਾਸਾਰੀ ਸੁਭਾਅ ਵਾਲੀ ਹੈ। ਇਸੇ ਦੇ ਹਾਣ ਦੀ ਬਿਰਤਾਂਤ ਕਲਾ ਉਸਾਰਨ ਲਈ ਲੇਖਕ ਮਾਨਵੀ ਚੇਤਨ ਨਾਲੋਂ ਅਵਚੇਤਨੀ ਸਰੋਕਾਰਾਂ ਵੱਲ ਵੱਧ ਮੁੜਦਾ ਹੈ। ਕਹਾਣੀਆਂ ਦੇ ਕੇਂਦਰੀ ਪਾਤਰ ਮਨੋਬਚਨੀ ਜਾਂ ਅਰਧ ਪਾਗਲ ਅਵਸਥਾ ਵਿੱਚ ਹਨ। ਮਨੋ-ਵੇਰਵਿਆਂ ਦੀ ਵਿਕਰਾਲਤਾ ਤੇ ਉਥਲ-ਪੁਥਲ ਨਾਲ ਨਾਇਕ ਬਿਰਤਾਂਤਕਾਰ ਜ਼ਿਆਦਾ ਪ੍ਰਭਾਵੀ ਤੇ ਪ੍ਰਮਾਣਿਕ ਜਾਪਦਾ ਹੈ। ਲਕੀਰੀ ਬਿਰਤਾਂਤ ਦੀ ਥਾਂ ਕਥਾ ਦਿਖਾਉਣ ਜਾਂ ਟੁਕੜਿਆਂ ਵਿੱਚ ਪੇਸ਼ਕਾਰੀ, ਸਮਾਜਕ ਯਥਾਰਥ ਦੀ ਗੁੰਝਲਦਾਰਤਾ ਦੇ ਅਨੇਕਾਂ ਕਾਰਨਾਂ ਦੀ ਨਿਸ਼ਾਨਦੇਹੀ, ਸੰਜੁਕਤ ਰੂਪ ਵਿੱਚ ਵਿਸ਼ਿਆਂ ਦੀ ਪੇਸ਼ਕਾਰੀ, ਵਿਸ਼ੇਸ਼ ਵਾਦ ਸਿਧਾਂਤ ਤੋਂ ਮੁਕਤੀ, ਭਾਸ਼ਾ ਦੀ ਸੰਵਾਦਨੁਮਾ ਵਰਤੋਂ, ਕਾਟਵੇਂ ਵਾਰਤਾਲਾਪ, ਯਥਾਰਥ ਦੇ ਲੁਕਵੇਂ ਪ੍ਰਸੰਗਾਂ ਦੀ ਤਸਵੀਰਕਸ਼ੀ , ਪ੍ਰਤੀਕਾਂ ਦੀ ਅਧਿਕ ਵਰਤੋਂ, ਕਹਾਣੀ ਦੇ ਪ੍ਰੰਪਰਕ ਆਦਿ-ਮੱਧ-ਅੰਤ ਤੋਂ ਮੁਕਤੀ, ਪਿੱਛਲਝਾਤ ਕਥਾ ਜੁਗਤਾਂ ਤੇ ਉਤਮਪੁਰਖੀ ਕਥਾ ਸ਼ੈਲੀ ਵਰਗੇ ਕਲਾ-ਲੱਛਣਾਂ ਕਾਰਨ ਅਜਮੇਰ ਸਿੱਧੂ ਦੀ ਕਹਾਣੀ ਨੇ ਪੂਰਵਲੀ ਪੰਜਾਬੀ ਕਹਾਣੀ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ।

ਉਸ ਦੀਆਂ ਕਹਾਣੀਆਂ ਆਪਣੀ ਵਿਚਾਰਧਾਰਾ, ਕਲਾ ਤੇ ਦ੍ਰਿਸ਼ਟੀ ਪੱਖੋਂ ਬਹੁ-ਪਾਸਾਰੀ ਹਨ।ਉਸਦੇ ਕਥਾ-ਬਿੰਬਾਂ ਵਿਚਲੇ ਖਾਮੋਸ਼ ਪਾਠ ਪਾਠਕਾਂ ਨੂੰ ਤਰਕਸ਼ੀਲ ਦ੍ਰਿਸ਼ਟੀ ਤੇ ਵਿਗਿਆਨਕ ਚਿੰਤਨ ਨਾਲ ਜੋੜਦੇ ਹਨ।ਮਨੁੱਖ ਦੀ ਸਾਲਮ-ਸਬੂਤੀ ਹੋਂਦ 'ਤੇ ਲੱਗੇ ਪ੍ਰਸ਼ਨ ਵਾਚਕ ਚਿੰਨ੍ਹਾਂ ਨੂੰ ਲੇਖਕ ਵਿਭਿੰਨ ਕੋਣਾਂ ਤੋਂ ਦਿਖਾ ਕੇ ਆਪਣੀ ਗਲਪੀ ਸਮਰੱਥਾ ਦੇ ਪ੍ਰਮਾਣ ਦਿੰਦਾ ਹੈ।ਨਵੀਂ ਪੰਜਾਬੀ ਕਹਾਣੀ ਨੂੰ ਨਵੀਨਤਾ ਦੇ ਅਰਥ ਘੇਰਿਆਂ ਨਾਲ ਜੋੜਦੇ ਚੌਥੇ ਪੜਾਅ ਦੇ ਕਥਾਕਾਰਾਂ ਵਿੱਚ ਅਜਮੇਰ ਸਿੱਧੂ ਨੇ ਮੋਹਰੀ ਭੂਮਿਕਾ ਨਿਭਾਈ ਹੈ। ਪਹਿਲੀ ਕਹਾਣੀ ਵਿੱਚ ਪੇਸ਼ ਸਮਾਜਿਕ ਸੰਕਟਾਂ ਦੇ ਦਿਸਦੇ ਕਾਰਨ ਸਪੱਸ਼ਟ ਭਾਂਤ ਵਿੱਚ ਕਥਾਕਾਰਾਂ ਨੇ ਫੜੇ ਸਨ, ਸਿੱਧੂ ਨੇ ਇਨ੍ਹਾਂ ਸੰਕਟਾਂ ਦੇ ਅਣਗੌਲ੍ਹੇ ਤੇ ਅਣਪਛਾਤੇ ਪਾਸਾਰਾਂ ਨੂੰ ਕਲਾਮਈ ਸਰੋਕਾਰਾਂ ਨਾਲ ਰੂਪਮਾਨ ਕੀਤਾ ਹੈ। ਉਹ ਕਹਾਣੀ ਦੀ ਜਟਿਲ ਬਣਤਰ ਦੀ ਸੰਕੇਤਕ ਰੂਪ ਵਿੱਚ ਪੇਸ਼ਕਾਰੀ ਕਰਦਾ ਕਿਸੇ ਨਾ ਕਿਸੇ ਰੂਪ ਵਿੱਚ ਆਪਣੀ ਤਰੱਕੀ ਪਸੰਦ ਕਥਾ ਦ੍ਰਿਸ਼ਟੀ ਨੂੰ ਵਿਚਾਰਧਾਰਕ ਸੂਤਰ ਵਿੱਚ ਵਿਉਂਤਦਾ ਹੈ ਤੇ ਕਹਾਣੀ ਦੀ ਪ੍ਰੰਪਰਕ ਸ਼ੁਰੂਆਤ ਤੇ ਅੰਤ ਨਾਲੋਂ ਹੱਟ ਕੇ ਨਵੀਆਂ ਕਥਾ ਜੁਗਤਾਂ ਨਾਲ ਕਹਾਣੀ ਦੀ ਘਾੜਤ ਘੜਦਾ ਹੈ।ਉਸ ਦੀਆਂ ਲੱਗਭਗ ਸਭ ਕਹਾਣੀਆਂ ਦੇ ਆਰੰਭ ਪਾਠਕਾਂ ਦੀ ਉਤਸੁਕਤਾ ਨੂੰ ਤੁਰੰਤ ਲੀਹ 'ਤੇ ਪਾ ਲੈਂਦੇ ਹਨ-

-ਚੰਦ ਨੂੰ ਗ੍ਰਹਿਣ ਲੱਗ ਗਿਆ।ਨੇਰ੍ਹਾ ਖਾਣ ਨੂੰ ਪੈਂਦਾ।ਮੈਂ ਤਾਂ ਡਰਦੀ ਅੰਦਰ ਆ ਵੜੀ।

(ਇਸ ਵਾਰ ਨਹੀਂ)

-ਸਰਦੀਆਂ ਦੇ ਦਿਨ ਨੇ। ਪਿੱਠ 'ਤੇ ਪਾਣੀ ਦੀਆਂ ਤਤੀਰੀਆਂ ਵਹਿ ਰਹੀਆਂ ਨੇ। ਜੈਂਪਰ ਤੇ ਸਲਵਾਰ ਭਿੱਜੇ ਪਏ ਨੇ। (ਪਿੱਠ ਭੂਮੀ)

" ਬਹਿ ਜੇ ਤੇਰਾ ਬੇੜਾ। ਤੈਨੂੰ ਨਰਕਾਂ ਵਿੱਚ ਵੀ ਢੋਈ ਨਾ ਮਿਲੇ।" ਕਾਰ ਵਿੱਚੋਂ ਉਤਰੀ ਹੀ ਹਾਂ। ਬਚਿੱਤਰ ਸਿੰਘ ਮੱਥੇ ਲੱਗਿਆ। ਤਪਿਆ ਪਿਆ -(ਇਕਬਾਲ ਹੁਸੈਨ ਮੋਇਆ ਨਹੀਂ)

ਰਚਨਾਕਾਰ ਦੀ ਗਲਪੀ-ਸਮਰੱਥਾ ਦੇ ਹੋਰ ਪ੍ਰਮਾਣ ਨਵੀਂ ਪੰਜਾਬੀ ਕਹਾਣੀ ਨੂੰ ਬਹੁ-ਧੁਨੀ ਤੇ ਬਹੁ-ਸੁਰੀ ਬਣਾਉਣ ਵਿੱਚ ਹਨ। ਪਰੰਪਰਕ ਪੰਜਾਬੀ ਕਹਾਣੀ ਆਪਣੇ ਕਥਾ-ਪਾਠ ਵਿੱਚੋਂ ਅਰਥਾਂ ਦੀਆਂ ਇਕਹਿਰੀ ਧੁਨੀਆਂ ਕੱਢਦੀ ਰਹੀ ਹੈ, ਪਾਤਰਾਂ ਦਾ ਮਨੋ-ਵਿਗਿਆਨ ਵੀ ਲਕੀਰੀ ਤੇ ਸੂਚਨਾਮਈ ਰਿਹਾ ਹੈ ਤੇ ਕੁਲ ਮਿਲਾ ਕੇ ਵਿਸ਼ੇਸ਼ ਲਹਿਰਾਂ ਜਾਂ ਨਿਸ਼ਚਤ ਦ੍ਰਿਸ਼ਟੀਆਂ ਨਾਲ ਜੁੜ ਕੇ ਇਹ ਕਥਾ-ਬਿਰਤਾਂਤ ਪੂਰਵ ਨਿਰਧਾਰਤ ਵਿਚਾਰਧਾਰਕ ਸੂਤਰ ਨੂੰ ਦ੍ਰਿੜ ਕਰਦਾ ਰਿਹਾ ਹੈ।ਅਜਮੇਰ ਸਿੱਧੂ ਜਿਹੇ ਕਥਾਕਾਰਾਂ ਨੇ ਨਵੀਂ ਕਹਾਣੀ ਦੇ ਗਲਪੀ ਵੇਰਵਿਆਂ ਨੂੰ ਬੇਲੋੜੀਆਂ ਮਾਨਸਿਕ ਗੰਢਾਂ ਵਿੱਚ ਉਲਝਾਉਣ ਨਾਲੋਂ ਇਸਦਾ ਗਲਪੀ-ਫੋਕਸ ਯਥਾਰਥ ਦੇ ਪ੍ਰਤੀਨਿਧ ਤੇ ਬਹੁ-ਪਾਸਾਰੀ ਰੂਪ 'ਤੇ ਟਿਕਾਈ ਰੱਖਿਆ ਹੈ। ਉਹ 'ਥੇਹ', 'ਇਕਬਾਲ ਹੁਸੈਨ ਮੋਇਆ ਨਹੀਂ', 'ਬੰਦ ਦਰਵਾਜ਼ਾ' ਤੇ 'ਗੌਰਜਾਂ' ਆਦਿ ਕਹਾਣੀਆਂ ਵਿੱਚ ਇੱਕੋ ਵੇਲੇ ਵਿਸ਼ਿਆਂ ਦੀ ਵੰਨ-ਸੁਵੰਨਤਾ ਵੀ ਰੱਖਦਾ ਹੈ ਤੇ ਵਿਚਾਰਧਾਰਕ ਧੁਨੀਆਂ ਨੂੰ ਵੀ 'ਅਨੇਕਤਾ ਵਿੱਚ ਏਕਤਾ' ਦੇ ਪ੍ਰਸੰਗਾਂ ਵਿੱਚ ਪੇਸ਼ ਕਰਦਾ ਹੈ।ਜਿਵੇਂ 'ਗੌਰਜਾ' ਕਹਾਣੀ ਸਧਾਰਨ ਦ੍ਰਿਸ਼ਟੀ ਤੋਂ ਵੇਖਿਆਂ 'ਦਲਿਤ ਚਿੰਤਨ' ਦੀ ਕਹਾਣੀ ਜਾਪਦੀ ਹੈ ਪਰ ਇਸ ਵਿੱਚ ਜਾਤੀ-ਪਾਤੀ ਵਿਤਕਰੇ, ਪੂੰਜੀਵਾਦੀ ਵਰਤਾਰੇ, ਨਸਲਵਾਦ, ਜਮਾਤੀ-ਵਖਰੇਵੇਂ, ਪਰਵਾਸੀ ਮੁੱਦੇ, ਪੇਂਡੂ ਧੜੇਬੰਦੀ, ਸਿਆਸੀ ਚੇਤਨਾ ਸਮੇਤ ਸਮਾਜਕ-ਪ੍ਰਬੰਧ ਦੀ ਜਟਿਲਤਾ ਤੇ ਘਿਨਾਉਣੇ ਰੂਪ ਨਾਲ ਜੁੜੇ ਅਨੇਕਾਂ ਉਪ ਵਿਸ਼ੇ ਹਾਜ਼ਰ ਹੋਏ ਹਨ। ਇਸਦਾ ਕਥਾ-ਵਿਵੇਕ ਵੀ ਵੱਖਰਾ ਹੈ। ਜਿਵੇਂ ਜੀਤੂ ਦੀ ਸਥਿਤੀ ਅਖੌਤੀ ਨੀਵੀਂ ਜਾਤ ਤੇ ਉੱਚੀ ਜਾਤ ਵਲੋਂ (ਦੋਨੋਂ ਪਾਸੀਂ) ਵਿਤਕਰੇ ਭਰੀ ਰਹਿੰਦੀ ਹੈ।'ਨਚੀਕੇਤਾ ਦੀ ਮੌਤ' ਦਾ ਭਾਈ ਜੀ ਗੁਰੂ ਦੇ 'ਲੜ' ਲੱਗ ਕੇ ਵੀ ਸੰਤਾਪ ਭੋਗਦਾ ਹੈ।'ਥੇਹ' ਕਹਾਣੀ ਨਿਰੋਲ ਏਡਜ਼ ਦੇ ਵਿਸ਼ੇ ਨੂੰ ਹੀ ਨਹੀਂ ਬਲਕਿ ਸਮਾਜਕ-ਸਭਿਆਚਾਰਕ ਬਣਤਰਾਂ ਦੀਆਂ ਸਥਾਪਤ ਮਿੱਥਾਂ ਨੂੰ ਤੋੜਦੀ ਔਰਤ ਦੀ ਵਿਅਕਤੀਗਤ-ਸਮਾਜਕ ਸਥਿਤੀ ਦਾ ਮੁਤਾਲਿਆ ਵੀ ਕਰਦੀ ਹੈ। ਇਸੇ ਤਰ੍ਹਾਂ ਵਸਤੂ-ਸਥਿਤੀਆਂ ਦੀ ਸੰਘਣਤਾ ਨੂੰ ਕਥਾ-ਪ੍ਰਬੰਧ ਵਿੱਚ ਢਾਲਦਿਆਂ



ਅਜਮੇਰ ਸਿੱਧੂ ਆਪਣੀਆਂ ਰਚਨਾਵਾਂ ਨੂੰ ਬਹੁ ਧੁਨੀ ਅਰਥਾਂ ਵਾਲੀਆਂ ਬਣਾ ਦਿੰਦਾ ਹੈ। ਯਥਾਰਥ ਦੀ ਸਿਰਜਣਾ ਸਮੇਂ ਉਸ ਦੀ ਰਚਨਾਵੀ ਯੋਗਤਾ ਮਨਭਾਉਂਦੇ ਕਥਾ-ਪ੍ਰਸੰਗ ਸਿਰਜ ਕੇ ਵੀ ਪ੍ਰਤੀਨਿਧ ਯਥਾਰਥ ਨੂੰ ਮੁਲਾਂਕਣੀ ਦ੍ਰਿਸ਼ਟੀ ਵਿੱਚ ਪਰੋਸਦੀ ਹੈ। ਪਾਤਰਾਂ ਦੇ ਮਨੋਵਿਗਿਆਨ ਨੂੰ ਚੇਤਨ ਨਾਲੋਂ ਅਵਚੇਤਨੀ ਸੰਸਾਰ ਵਿਚਲੀ ਕਸ਼ਮਕਸ਼ ਨਾਲ ਜੋੜ ਕੇ ਉਹ ਗਲਪੀ-ਬਿੰਬਾਂ ਨੂੰ ਅਧਿਕ ਪ੍ਰਮਾਣਿਕ ਤੇ ਵਿਅਕਤੀ ਕ੍ਰਿਤ ਸੰਵੇਦਨਾ ਦੇ ਨੇੜੇ ਕਰ ਦਿੰਦਾ ਹੈ।

ਅਜਮੇਰ ਸਿੱਧੂ ਵਰਗੇ ਨਵੇਂ ਕਹਾਣੀਕਾਰਾਂ ਨੇ ਯਥਾਰਥ ਦੀ ਸਿਰਜਣਾ ਤੇ ਪੇਸ਼ਕਾਰੀ ਸਬੰਧੀ ਨਵੇਂ ਪ੍ਰਤਿਮਾਨ ਸਿਰਜੇ ਹਨ ਪਰ ਕਈ ਵਾਰ ਕਹਾਣੀਆਂ ਉੱਤੇ ਤਕਨੀਕ ਦੇ ਭਾਰੂਪਣ ਕਾਰਨ ਇਹਨਾਂ ਕਥਾਵਾਂ ਦੇ ਪ੍ਰਸੰਗ ਅਮੂਰਤਵਾਦ ਤੇ ਪ੍ਰਯੋਗਵਾਦ ਦੇ ਭਾਰ ਹੇਠ ਵੀ ਦੱਬ ਜਾਂਦੇ ਹਨ।ਨਵੀਂ ਕਹਾਣੀ ਚਿੰਤਨ ਪ੍ਰਧਾਨ ਤੇ ਹੁਨਰ ਕੇਂਦਰਿਤ ਹੋਣ ਦੇ ਨਾਲ ਨਾਲ ਕਹਾਣੀਕਾਰਾਂ ਦੇ ਮਨ ਭਾਉਂਦੇ ਯਥਾਰਥ ਦੀ ਪਰਿਕਰਮਾ ਵੀ ਕਰ ਰਹੀ ਹੈ।ਮੀਡੀਆ ਤੇ ਸੂਚਨਾ ਸੰਚਾਰ ਦੇ ਪ੍ਰਸਾਰ ਅਤੇ ਪ੍ਰਭਾਵ ਕਾਰਨ ਕਥਾ ਤਕਨੀਕਾਂ ਨੂੰ ਕਲਾ-ਬਿੰਬਾਂ ਉੱਤੇ ਆਰੋਪਿਆ ਵੀ ਜਾ ਰਿਹਾ ਹੈ। ਅਜਮੇਰ ਸਿੱਧੂ ਦੀਆਂ ਕਹਾਣੀਆਂ 'ਨੋ ਮੈਨਜ਼ ਲੈਂਡ' ਵਿਚਲਾ ਰੁਮਾਂਟਿਕ ਯਥਾਰਥ ਤੇ 'ਡਾਇਨਾਸੋਰ' ਕਹਾਣੀ ਦਾ ਵਿਚਾਰਧਾਰਕ ਧਰਾਤਲ ਇਸੇ ਕਮਜ਼ੋਰੀ ਦਾ ਸ਼ਿਕਾਰ ਹੈ।

ਕੁਲ ਮਿਲਾ ਕੇ ਅਜਮੇਰ ਦੀਆਂ ਕਹਾਣੀਆਂ ਨੇ ਵਸਤੂ, ਰੂਪ ਤੇ ਦ੍ਰਿਸ਼ਟੀ ਪੱਖੋਂ ਨਵੀਂ ਪੰਜਾਬੀ ਕਹਾਣੀ ਨੂੰ ਪ੍ਰਤੀਨਿਧ ਕਥਾ-ਬਿੰਬ ਪ੍ਰਦਾਨ ਕੀਤੇ ਹਨ।ਉਸਦੇ ਕਥਾ-ਜਗਤ ਵਿੱਚ ਚੌਥੇ ਪੜਾਅ ਦੀ ਅਜਿਹੀ ਬਿਰਤਾਂਤ-ਰਚਨਾ ਉਭਰਦੀ ਹੈ ਜਿਹੜੀ ਨਵੀਂ ਪੰਜਾਬੀ ਕਹਾਣੀ ਨੂੰ ਵਿਲੱਖਣ ਕਥਾ-ਮਾਡਲ ਪ੍ਰਦਾਨ ਕਰਨ ਦੇ ਸਮਰੱਥ ਹੈ।ਸਮਾਜਕ ਤੇ ਮਨੋ-ਯਥਾਰਥ ਨੂੰ ਰਹੱਸਮਈ ਪਰ ਪ੍ਰਮਾਣਿਕ ਸੰਦਰਭਾਂ ਵਿੱਚ ਘੜਨ ਤੇ ਉਸਦੇ ਸੰਚਾਰ ਲਈ ਤਣਾਅ ਯੁਕਤ ਸਥਿਤੀਆਂ ਪੈਦਾ ਕਰਨ ਵਿੱਚ ਉਸਦੀ ਭੂਮਿਕਾ ਵਿਸ਼ੇਸ਼ ਹੈ।ਦਿਸਦੇ ਵਰਤ-ਵਰਤਾਰਿਆਂ ਨੂੰ ਮੋਟੇ ਠੁੱਲ੍ਹੇ ਕਥਾ-ਸੰਦਰਭਾਂ ਵਿੱਚ ਉਲੀਕਣ ਨਾਲੋਂ ਉਹ ਦ੍ਰਿਸ਼ਟੀ ਦੀ ਮਹੀਨਤਾ ਤੇ ਬਾਰੀਕੀ ਸਦਕਾ ਆਪਣੇ ਬਿਰਤਾਂਤ-ਜਗਤ ਵਿੱਚ ਅਜਿਹੇ ਉਲਟ ਫੇਰ ਕਰਨ ਦੇ ਯੋਗ ਹੈ ਜਿਹਨਾਂ ਨਾਲ ਪਰੰਪਰਕ ਚਿੰਤਨ ਦੀ ਜਕੜ ਟੁੱਟਦੀ ਹੈ ਤੇ ਕਥਾ ਘੜਨ ਦੀ ਰਵਾਇਤੀ ਪਰੰਪਰਾ ਵੀ ਤਿੜਕਦੀ ਹੈ।'ਬੰਦ ਦਰਵਾਜ਼ਾ', 'ਨਾਸੂਰ', 'ਜਹਾਜ਼ ਵਾਲੀ ਟੈਂਕੀ' ਤੇ 'ਇਵਾਨ ਇਲੀਚ ਦੀ ਦੂਜੀ ਮੌਤ' ਵਰਗੀਆਂ ਕਹਾਣੀਆਂ ਦੁਆਰਾ ਉਹ ਆਪਣੀ ਕਥਾ-ਸਮਰੱਥਾ ਦੇ ਉਕਤ ਪ੍ਰਮਾਣ ਸਥਾਪਤ ਕਰਦਾ ਹੈ।

ਲੇਖਕ ਨੇ 1947 ਦੇ ਦੁਖਾਂਤ ਸਬੰਧੀ 'ਜਮੀਲਾ' ਵਰਗੀ ਮੁਸਲਮਾਨ ਔਰਤ ਪਾਤਰ ਦੀ ਉਸਾਰੀ ਕਰਕੇ '47 ਦੇ ਦੁਖਾਂਤਕ ਕਤਲੇਆਮ ਤੋਂ ਉਪਜੇ ਵਿਸ਼ਾਦ ਨੂੰ ਸੈਕੂਲਰ ਕਥਾ ਦ੍ਰਿਸ਼ਟੀ ਨਾਲ ਚਿਤਰਿਆ ਹੈ। ਇਸ ਤੋਂ ਇਲਾਵਾ 'ਦਿੱਲੀ ਦੇ ਕਿੰਗਰੇ' ਵਿੱਚ 'ਦਰਸ਼ਨ ਦੁਸਾਂਝ' ਦੀ ਇਨਕਲਾਬੀ ਬਿੰਬਕਾਰੀ, 'ਨਾਸੂਰ' ਤੇ 'ਪਿਠ-ਭੂਮੀ' ਕਹਾਣੀ ਦੇ ਸ਼ਿਵਾ ਤੇ ਉਸਦੀ ਮਾਂ ਰੂਪ ਪਾਤਰ, 'ਨਚੀਕੇਤਾ ਦੀ ਮੌਤ' ਕਹਾਣੀ ਦਾ ਭਾਈ ਜੀ ਗਿਆਨੀ ਕੇਵਲ ਸਿੰਘ ਪਾਤਰ, 'ਹੈਲੋ ਡੌਗ' ਦਾ ਜਸਦੀਪ, 'ਬਾਰ ਵੇਲੇ ਦਾ ਸਕੂਟਰ' ਕਹਾਣੀ ਦਾ ਵਕੀਲ ਪਾਤਰ ਮਲਵਿੰਦਰ ਸਿੰਘ ਸੈਂਭੀ ਆਦਿ ਪਾਤਰ ਪੰਜਾਬੀ ਕਹਾਣੀ ਪਰੰਪਰਾ ਵਿਚ ਅਸਲੋਂ ਨਵੀਨ ਵਾਧਾ ਕਰਦੇ ਹਨ ਅਤੇ ਪਾਠਕਾਂ ਦੇ ਚਿੱਤ-ਚੇਤਿਆਂ ਵਿੱਚ ਸਦੀਵੀ ਸਥਾਨ ਬਣਾਉਣ ਦੀ ਯੋਗਤਾ ਰੱਖਦੇ ਹਨ। ਕੇਂਦਰੀ ਪਾਤਰ ਦੀ ਰਵਾਇਤੀ ਬਿੰਬਕਾਰੀ ਨੂੰ ਤੋੜ ਕੇ ਉਹ ਮਾਨਵੀ ਮੁੱਲਾਂ ਨਾਲ ਭਰੇ ਅਜਿਹੇ ਮਨੁੱਖ ਦੀ ਸਿਰਜਣਾ ਦੇ ਆਹਰ ਵਿੱਚ ਹੈ ਜਿਹੜਾ ਮਾਨਸਿਕ ਗੰਢਾਂ ਦੇ ਰੂਪ ਵਿੱਚ ਰੂੜ੍ਹ ਹੋ ਚੁੱਕੀਆਂ ਮਿੱਥਾਂ ਨਾਲ ਖਹਿੰਦਾ ਹੈ ਤੇ ਅਸਹਿਜ ਜੀਵਨ-ਸ਼ੈਲੀ ਵਿਚੋਂ ਗੁਜ਼ਰਦਾ ਹੈ।ਉਸਦਾ ਕਥਾ-ਵਿਵੇਕ ਇਸ ਧਾਰਨਾ 'ਤੇ ਖੜ੍ਹਾ ਹੈ ਕਿ ਸਥਿਤੀਆਂ, ਸੱਚ ਦੀ ਸਿਰਜਣਾ ਕਰਦੀਆਂ ਹਨ ਤੇ ਕੋਈ ਵੀ ਸੱਚ ਅੰਤਿਮ ਨਹੀਂ ਹੁੰਦਾ।

ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ (ਹੁਸ਼ਿਆਰਪੁਰ)

# ਪਰਵਾਸੀ ਜੀਵਨ ਵਿਚ ਸਮਾਜਿਕ ਤਣਾਅ ਦੇ ਵਿਭਿੰਨ ਪਾਸਾਰਾਂ ਦਾ ਕਥਾ ਬਿਰਤਾਂਤ : ਬਾਰਾਂ ਬੂਹੇ / - ਡਾ. ਸੰਤੋਖ ਸਿੰਘ


ਸਥਾਨਕ, ਆਵਾਸੀ ਤੇ ਪਰਵਾਸੀ ਜੀਵਨ ਵਿਚਲਾ ਸੰਘਰਸ਼ ਸਭਿਆਚਾਰਕ ਤਣਾਵਾਂ ਨੂੰ ਪੈਦਾ ਕਰਦਾ ਹੈ ਕਿਉਂਕਿ ਸਥਾਨਕ ਲੋਕਾਂ ਦੀ ਜਿੱਥੇ ਆਪਣੇ ਭੂਗੋਲਿਕ ਆਲੇ ਦੁਆਲੇ ਤੇ ਅਧਿਕਾਰ ਸੁਚੇਤ ਤੇ ਅਚੇਤ ਤੌਰ 'ਤੇ ਹੁੰਦਾ ਹੈ ਉੱਥੇ ਆਪਣੇ ਸਥਾਨ ਦੇ ਸਭਿਆਚਾਰ ਦੀ ਮਹਾਨਤਾ ਦਾ ਅਵਚੇਤਨ ਵੀ ਭਾਰੂ ਹੁੰਦਾ ਹੈ। ਇਸ ਵਿਚੋਂ ਦੂਜੈਲੀ ਮਾਨਸਿਕਤਾ ਵੀ ਪੈਦਾ ਹੁੰਦੀ ਹੈ ਜਿਸ ਵਿਚ ਨਜ਼ਰ ਦੂਸਰੇ ਦੇ ਆਵਾਸ ਤੇ ਤਰਸ ਨਹੀਂ ਆਉਂਦਾ ਸਗੋਂ ਆਪਣੇ ਪਰਵਾਸ 'ਤੇ ਆਉਂਦਾ ਹੈ। ਦੂਸਰਾ ਪਾਸਾ ਪੰਜਾਬੀ ਲੋਕਾਂ ਦਾ ਸਮਾਜਿਕ ਖਾਸੇ ਇਸ ਕਦਰ ਪ੍ਰਸਿੱਧ ਹੋ ਗਿਆ ਕਿ ਇਹ ਜਿਥੇ ਜਾਂਦੇ ਹਨ ਉਥੇ ਆਪਣੇ ਆਪ ਨੂੰ ਭਾਵੇਂ ਮੰਡੀ ਅਨੁਸਾਰ ਢਾਲਦੇ ਹਨ ਪਰੰਤੂ ਆਪਣੇ ਸਮਾਜ ਸਭਿਆਚਾਰਕ ਅਵਚੇਤਨ ਨੂੰ ਨਾਲ ਰੱਖਦੇ ਹਨ। ਭਾਵ ਪੰਜਾਬੀਆਂ ਨੇ ਆਪਣੇ ਸਮਾਜਿਕ ਅਵਚੇਤਨ ਸਮੇਤ ਪਰਵਾਸ ਕੀਤਾ ਹੈ। ਪਰਵਾਸ ਦੀ ਮੁੱਖ ਧਾਰਨਾ ਇਹ ਹੀ ਹੈ ਕਿ ਇਥੇ ਦੇ ਆਏ ਲੋਕ ਸੱਤਾ ਪ੍ਰਾਪਤੀ ਲਈ ਉਚ ਸਭਿਆਚਾਰ ਤਹਿਤ ਇਥੋਂ ਦੀਆਂ ਔਰਤਾਂ ਨੂੰ ਵਿਆਹੁਣਾ ਤਾਂ ਚਾਹੁੰਦੇ ਹਨ ਪਰੰਤੂ ਆਪਣੀਆਂ ਲੜਕੀਆਂ ਬਾਰੇ ਉਹਨਾਂ ਦੀ ਧਾਰਨਾ ਬਦਲ ਜਾਂਦੀ ਹੈ। ਪਰਵਾਸ ਦੀ ਮੁੱਖ ਸਮਸਿਆ ਆਦਮੀ ਨੂੰ ਸਮਕਾਲੀ ਹਾਲਤਾਂ ਨਾਲ ਸਮਾਯੋਜਨ ਨਾ ਕਰ ਸਕਣ ਦੀ ਹੈ। ਪਹਿਲੀ ਹਾਲਤ ਇਹ ਹੈ ਕਿ ਇਥੋਂ ਦੇ ਗਏ ਹੋਏ ਮਾਲਕ ਪ੍ਰਵਿਰਤੀ ਦੇ ਲੋਕ ਨੌਕਰਾਂ ਵਿਚ ਤਬਦੀਲ ਹੁੰਦੇ ਹਨ। ਇਹ ਵਿਚਾਰ ਉਨ੍ਹਾਂ ਅੰਦਰ ਵਾਰ-ਵਾਰ ਟਕਰਾਉਂਦਾ ਹੈ ਪਰੰਤੂ 'ਭਵਿੱਖ' ਦੀ ਆਸ ਵਿਚ ਇਹ ਸਭ ਕੁਝ ਸਹਿਣ ਲਈ ਤਿਆਰ ਹੁੰਦੇ ਹਨ। ਭਾਵ 'ਗੱਡਿਆਂ ਵਾਲੇ ਬਸ ਦੀ ਸਵਾਰੀ ਵਿਚ ਤਬਦੀਲ' ਹੁੰਦੇ ਹਨ। ਇਥੇ ਤਕਨੋਲੋਜੀ ਦੇ ਭਾਵ ਰਹਿਤ ਹੋਣ ਦਾ ਸਬੂਤ ਮਿਲਦਾ ਹੈ। ਇਹ ਹੇਰਵੇ ਦੇ ਨੇੜੇ ਦਾ ਭਾਵ ਵੀ ਮਹਿਸੂਸ ਹੁੰਦਾ ਹੈ। ਪਰੰਤੂ ਇਹ ਭਾਵ ਦੂਸਰੀ ਪੀੜ੍ਹੀ ਤੱਕ ਪਹੁੰਚਦਿਆਂ ਖਾਰਜ ਹੋ ਰਿਹਾ ਹੈ। ਦੂਜੀ ਪੀੜ੍ਹੀ ਆਪਣੇ ਵਿਆਹ ਇਥੋਂ ਦੇ ਮੂਲ ਵਾਸੀਆਂ ਨਾਲ ਕਰ ਰਹੀ ਹੈ ਜਿਸ ਨਾਲ ਇਥੋਂ ਗਈ ਪੀੜ੍ਹੀ ਪੀੜਾ ਵਿਚ ਰਹਿੰਦੀ ਹੈ ਪਰ ਖੁਸ਼ੀ ਵੀ ਹੁੰਦੀ ਹੈ ਕਿ ਉਹਨਾਂ ਦਾ ਵਸੇਬਾ ਪੱਕੇ ਤੌਰ 'ਤੇ ਹੋ ਗਿਆ ਹੈ। ਸਾਰੇ ਤਣਾਵਾਂ ਤੇ ਟਕਰਾਵਾਂ ਅੰਦਰਲੇ ਸੰਵਾਦ ਤੋਂ ਇਹ ਸਪੱਸ਼ਟ ਹੁੰਦੀ ਹੈ ਕਿ ਪਰਵਾਸੀ ਪੰਜਾਬੀ ਲੋਕ ਕਿਸੇ ਕਿਸਮ ਦੀ ਅਧੀਨਗੀ ਨੂੰ ਮਾਨਸਿਕ ਤੌਰ 'ਤੇ ਸਵੀਕਾਰਨ ਨੂੰ ਤਿਆਰ ਨਹੀਂ ਹਨ ਪਰੰਤੂ ਹਾਲਤਾਂ ਨਾਲ ਸਮਝੌਤਾ ਕਰਕੇ ਆਪਣੇ ਆਪ ਨੂੰ ਸਥਾਪਤ ਵੀ ਕਰਨਾ ਚਾਹੁੰਦੇ ਹਨ। ਇਹਨਾਂ ਦੋਹਾਂ ਧਰੁਵਾਂ ਅੰਦਰ ਵਿਗਸ ਰਹੀ ਮਾਨਸਿਕਤਾ ਦੀ ਪੀੜਾ ਪਰਵਾਸੀ ਕਹਾਣੀ ਦਾ ਆਧਾਰ ਬਣਦੀ ਹੈ।

ਦੂਸਰਾ ਆਧਾਰ ਉਪਰਾਮਤਾ ਦਾ ਹੈ ਜਿਸ ਵਿਚ ਪਹਿਲੀ ਪੀੜ੍ਹੀ ਜੀਵਨ ਸਾਥੀ ਦੇ ਸਰੀਰਕ ਤੌਰ ਤੇ ਚਲੇ ਜਾਣ ਕਾਰਨ ਯਾਦਾਂ ਦੇ ਰੂਪ ਵਿਚ ਉਭਰਦੀ ਹੈ ਤੇ ਦੂਜੀ ਪੀੜ੍ਹੀ ਪੂਰੇ ਪ੍ਰਬੰਧ ਤੋਂ ਉਕਤਾ ਗਈ ਹੈ ਤੇ ਉਹ ਨਜਾਇਜ਼ ਸਬੰਧਾਂ ਵਿਚੋਂ ਆਪਣੀ ਖੁਸ਼ੀ ਭਾਲਦੀ ਭਾਲਦੀ ਅੰਤਰਮੁਖੀ



ਹੁੰਦੀ ਮਿਲਾਨੀ ਦਾ ਭਾਵ ਵੀ ਨਾਲ ਲੈ ਕੇ ਤੁਰ ਰਹੀ ਹੈ। ਮਰਦਾਂ ਅੰਦਰ ਇਹ ਗਿਲਾਨੀ ਭਾਵ ਪੈਦਾ ਹੋਇਆ ਹੈ ਕਿ ਉਹ ਔਰਤਾਂ ਦੀ ਸਹਾਇਤਾ ਨਾਲ 'ਪੱਕੇ' ਹੋ ਰਹੇ ਹਨ। ਪਰਵਾਸ ਦੇ ਵਰਤਾਰੇ ਵਿਚ ਸਭ ਤੋਂ ਵੱਧ ਸ਼ੋਸ਼ਤ ਔਰਤ ਹੈ। ਔਰਤ ਨੂੰ 'ਪੱਕੇ ਰਿਹਾਇਸ਼ੀ' ਬਣਨ ਦੀ ਪ੍ਰਕਿਰਿਆ ਵਿਚ ਇਕ ਵਸਤੂ ਵਾਂਗ ਵਰਤਿਆ ਜਾ ਰਿਹਾ ਹੈ। ਇਸ ਵਰਤਾਰੇ ਵਿਚ ਔਰਤ ਦੀ ਆਵਾਜ਼ ਇੱਕ ਨਵਾਂ ਪਾਸਾਰ ਉਸਾਰਦੀ ਹੈ। ਦੂਜੇ ਪਾਸੇ ਮਰਦਾਂ ਅੰਦਰ ਪਰਵਾਸ ਤੇ ਪੂਰਵਲੇ ਜੀਵਨ ਦੀਆਂ ਮਾਨਸਿਕ ਗੰਢਾ ਨੇ ਔਰਤ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ ਹੋਇਆ ਹੈ। ਸ਼ੱਕ ਮਰਦ ਦਾ ਰੋਗ ਬਣਿਆ ਹੋਇਆ ਹੈ ਜਿਸ ਨੇ ਔਰਤਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਤਰ੍ਹਾਂ ਇਹ ਕਹਾਣੀਆਂ ਸਵੈ ਦੁੱਖ, ਤੇ ਪਰ ਦੁਖ ਦੇ ਵਿਭਿੰਨ ਪਾਸਾਰਾਂ ਨੂੰ ਆਪਣੇ ਵਿਚ ਸਮੇਟਦੀਆਂ ਹਨ।

'ਬਾਰਾਂ ਬੂਹੇ' ਕਹਾਣੀ ਸੰਗ੍ਰਹਿ (ਰਚਿਤ ਹਰਪ੍ਰੀਤ ਸਿੰਘ ਸੇਖਾ, ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ 250 ਰੁਪਏ, ਪੰਨੇ 192) ਪਰਵਾਸ ਵਿਚ ਵਿਭਿੰਨ ਕਿਸਮ ਦੇ ਬੂਹੇ ਸਾਹਮਣੇ ਆਉਂਦੇ ਹਨ ਜਿਹਨਾਂ ਨਾਲ ਪਰਵਾਸ ਧਾਰਨ ਕਰ ਗਏ ਪੰਜਾਬੀ ਬੰਦੇ ਦੀ ਮਾਨਸਿਕਤਾ ਨੂੰ ਸਮਝਿਆ ਜਾ ਸਕਦਾ ਹੈ। ਪਹਿਲੀ ਕਹਾਣੀ 'ਛੱਪੜ' ਪੰਜਾਬ ਵਿਚ ਗ੍ਰਹਿਣ ਕੀਤੇ ਉਚ ਜਾਤੀ ਅਵਚੇਤਨ ਅਤੇ ਪਰਵਾਸ ਦੌਰਾਨ ਸਰਮਾਏਦਾਰੀ ਪ੍ਰਬੰਧ ਕਾਰਨ ਪੈਦਾ ਹੋਈ ਕਾਰਜ ਸ਼ੈਲੀ ਕਾਰਨ ਪੈਦਾ ਹੋਏ ਵਿਰੋਧ ਨੂੰ ਦਰਸਾਉਂਦੀ ਹੈ। ਇਸ ਕਹਾਣੀ ਵਿਚ ਉਚੇਰੇ ਸਮਾਜਿਕ ਜੀਵਨ ਜੀਣ ਦੀ ਇੱਛਾ ਪਿਛੇ ਜਿੱਥੇ ਸਵੀਮਿੰਗ ਪੂਲ ਦੀ ਤਾਂਘ ਇੱਕ ਪਾਸਾਰ ਦੇ ਰੂਪ ਵਿਚ ਉਭਰਦੀ ਹੈ, ਉੱਥੇ ਪਿੰਡ ਦੀ ਨਿਮਨਜਾਤੀ ਔਰਤ ਦੀ ਸੁਪਰਵਿਜ਼ਨ ਹੇਠ ਕੰਮ ਕਰਨਾ ਪਾਤਰ ਦੇ ਸਵੈ ਚਿੰਤਨ ਵਿਚ ਸਮਾਜਿਕ ਮੌਤ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਜੈਲਦਾਰ ਦਾ ਪੁੱਤਰ ਜੈਲਦਾਰੀ ਦੀ ਸਮਾਜਿਕ ਧੌਂਸ




ਸਿਸਟਮ ਵਿਚ ਜੀਣਾ ਚਾਹੁੰਦਾ ਹੈ ਪਰੰਤੂ ਜੈਲਦਾਰ ਦਾ ਪੋਤਾ ਇਸ ਧੌਂਸ ਨੂੰ ਬਤ ਕਰਦਾ 'ਅੱਗੇ ਵੱਲ ਦੇਖ ਕੇ ਚਲਣ' ਦੀ ਸਲਾਹ ਦਿੰਦਾ ਹੈ। ਆਪਣੇ ਬਾਰੇ ਆਪਣੀ ਨਫ਼ਰਤ ਨੂੰ ਇਥੋਂ ਤੱਕ ਲੈ ਆਉਂਦਾ ਹੈ ਕਿ ਚੜ੍ਹਤ ਸਿੰਘ ਦੀ ਨੂੰਹ ਦੇ ਚਾਕਲੇਟ ਤੇ ਚਰਮਖ ਆਖਦਾ ਹੈ। ਇਸ 'ਦੁੱਖ' ਨੂੰ ਭੁਲਾਉਣ ਲਈ ਸਟੈਪ ਕਲੱਬ ਉੱਥੇ ਨਾਚ ਕਰਨ ਵਾਲੀ ਲੜਕੀ ਨੂੰ ਚੜ੍ਹਤ ਦੀ ਨੂੰਹ ਸਮਝ ਕੇ ਬੇਹੁਰਮਤੀ ਰਦਾ ਹੈ। ਇਸ ਕੰਮ ਕਾਰਨ ਵਿਚ ਉਹ ਸੰਕਟ ਵਿਚ ਆਉਂਦਾ ਹੈ ਤੇ ਮਾਰ ਖਾਂਦਾ ਆ ਜਾਂਦਾ ਹੈ। ਬਾਰ ਵਿਚੋਂ ਬਾਹਰ ਸੁਟਿਆ ਜਾਣਾ ਓਨਾ ਪ੍ਰੇਸ਼ਾਨ ਨਹੀਂ ਕਰਦਾ ਔਰਤ ਦੀ ਅਧੀਨਗੀ ਸਵੀਕਾਰ ਕਰਨਾ। ਮੂਲ ਰੂਪ ਵਿਚ ਇਹ ਉਚ ਜਾਤੀ ੀਆਂ ਤੇ ਬਦਲਦੀਆਂ ਹਾਲਤਾਂ ਨੂੰ ਸਵੀਕਾਰ ਕਰਨ ਲਈ ਤਿਆਰ ਨਾ ਹੋਣ ਰੋਧ ਹੈ। ਇਹੀ ਬੇਚੈਨੀ ਸਵੀਮਿੰਗ ਪੂਲ ਨੂੰ ਛੱਪੜ ਵਿਚ ਤਬਦੀਲ ਕਰਦੀ ਹੈ। ਇਹ ਅਤਰਜੀਤ ਦੀ ਕਹਾਣੀ 'ਨੂੰਹਾਂ' ਨਾਲ ਮਿਲਦੀ ਹੈ ਜਿਸ ਵਿਚ ਹਰਦਮ (ਉਚ ਜਾਤੀ ਮਜ਼ਦੂਰ) ਦਿਹਾੜੀ ਛੱਡ ਕੇ ਚਲਾ ਜਾਂਦਾ ਹੈ ਪਰ ਇੱਥੇ ਜੈਲਦਾਰ ਦਾ ਲੜਕਾ ਮਜ਼ਦੂਰੀ ਛੱਡ ਕੇ ਨਹੀਂ ਜਾ ਸਕਦਾ। ਕਹਾਣੀ ਨਿਵੇਕਲੇ ਢੰਗ ਨਾਲ ਇਸ ਗੱਲ ਬਾਰੇ ਵੀ ਇਸ਼ਾਰਾ ਕਰਦੀ ਹੈ ਕਿ ਜਾਤੀ ਮੁਕਤੀ ਦਾ ਸੰਕਲਪ ਆਰਥਿਕਤਾ ਨਾਲ ਨਹੀਂ ਜੁੜਿਆ ਸਗੋਂ ਹੋਰ ਕਾਰਕਾਂ ਨਾਲ ਵੀ ਸਬੰਧਤ ਹੈ ਜਿਸ ਦੀ ਤਲਾਸ਼ ਅਜੇ ਜਾਰੀ ਹੈ।

'ਸੂਰਾ ਸੋ ਪਹਿਚਾਨੀਐ' ਕਹਾਣੀ ਭੋਗੀ ਸਭਿਆਚਾਰ ਤੇ ਉਪਯੋਗੀ ਸਭਿਆਚਾਰ ਵਿਚਲੇ ਅੰਤਰ ਦੀ ਵਿਵੇਕਤਾ ਨੂੰ ਦਰਸਾਉਂਦੀ ਹੈ। ਕਹਾਣੀ ਦੇ ਮੁੱਖ ਦੋ ਪਾਤਰ ਗੁਰਜੀਤ ਤੇ ਸੁੱਖ ਇਹਨਾਂ

ਦੋਨਾਂ ਤਰ੍ਹਾਂ ਦੇ ਸਭਿਆਚਾਰ ਦੀ ਤਰਜਮਾਨੀ ਕਰਦੇ ਹਨ। ਗੁਰਜੀਵਨ ਵੈਨਕੂਵਰ ਕੱਨਕਸ ਦੀ ਹਾਕੀ ਟੀਮ ਦੀ ਜਿੱਤ ਤੇ ਹਾਰ ਦੇ ਰੁਮਾਂਸ ਨਾਲ ਜੁੜਿਆ ਤੇ ਖੇਡ ਦੀ ਰਾਜਨੀਤੀ ਦੇ ਅਣਜਾਣ ਉਪਭੋਗੀ ਸਭਿਆਚਾਰ ਨਾਲ ਜੁੜਿਆ ਜੀਵਨ ਵਿਵੇਕ ਤੋਂ ਟੁਟਿਆ ਹੈ ਜਦਕਿ ਸੁੱਖ ਅੰਤਰ-ਰਾਸ਼ਟਰੀ ਪੱਧਰ 'ਤੇ ਸਰਮਾਏਦਾਰੀ ਦੇ ਫੈਲਾਏ ਵਿਭਿੰਨ ਕਿਸਮ ਦੇ ਜਾਲ ਨੂੰ ਸਮਝਦਾ, ਗੁਰਜੀਵਨ ਨਾਲ ਸੰਵਾਦ ਸਿਰਜਣ ਦੀ ਕੋਸ਼ਿਸ਼ ਕਰਦਾ ਹੈ। ਮੰਡੀ ਦੇ ਸੰਮੋਹਨ ਦਾ ਸ਼ਿਕਾਰ ਮਨੁੱਖ ਮਨੁੱਖੀ ਦੀਆਂ ਮਨ ਦੀਆਂ ਖਸਲਤਾਂ ਤੋਂ ਦੂਰ ਹੋ ਰਿਹਾ ਹੈ ਜਿਸ ਨਾਲ ਸਰਮਾਏਦਾਰੀ ਦੀ ਉਮਰ ਲੰਮੀ ਹੋ ਰਹੀ ਹੈ। ਸੰਜਮ, ਸਹਿਜ, ਸੰਕੋਚ ਦਾ ਬੋਧ ਮੰਡੀ ਦੇ ਪ੍ਰਕੋਪ ਨੂੰ ਘਟਾ ਸਕਦਾ ਹੈ ਪਰੰਤੂ 'ਨਵੇਂ ਸਭਿਆਚਾਰ' ਦਾ ਦਬਾਓ ਇਕ ਮਨੁੱਖ ਨੂੰ ਆਪਣੇ ਵੱਲ ਖਿੱਚ ਰਿਹਾ ਹੈ। ਕਹਾਣੀਕਾਰ ਦੀ ਇਹ ਬਿਰਤਾਂਤਕ ਖੂਬਸੂਰਤੀ ਇਹ ਹੈ ਕਿ ਉਹ ਹਾਕੀ ਦੀ ਖੇਡ ਰਾਹੀਂ ਸਰਮਾਏਦਾਰੀ ਦੀ ਖੇਡ ਨੂੰ ਨੰਗਿਆ ਕਰਦਾ ਜਾਂਦਾ ਹੈ ਜਿਸ ਨਾਲ ਬਿਮਾਰ ਮਨੁੱਖ ਦੀਆਂ ਵਿਭਿੰਨ ਬਿਮਾਰੀਆਂ ਸਾਹਮਣੇ ਆਉਂਦੀਆਂ ਜਾਂਦੀਆਂ ਹਨ। ਸੁੱਖ ਪਾਤਰ ਇਹਨਾਂ ਬਿਮਾਰੀਆਂ ਨੂੰ ਉਭਾਰਦਾ ਨਜ਼ਰ ਆਉਂਦਾ ਹੈ ਜਿਹੜਾ ਪਹਿਲੀ ਕਹਾਣੀ 'ਛੱਪੜ' ਦਾ ਪਾਤਰ 'ਪੁੱਤਰ' ਦਾ ਨਵਾਂ ਰੂਪ ਮਹਿਸੂਸ ਹੁੰਦਾ ਹੈ ਜਿਹੜਾ ਜੀਵਨ ਦੀਆਂ ਬਦਲਦੀਆਂ ਹਾਲਤਾਂ ਪ੍ਰਤਿ ਆਲੋਚਨਾਤਮਕ ਰਵਈਆ ਰੱਖਦਾ ਇੱਕ ਤਵਾਜਨ ਵਾਲੇ ਪਾਤਰ ਦੇ ਰੂਪ ਵਿਚ ਉਭਰਦਾ ਹੈ।

'ਫੇਸਬੁਕ' ਕਹਾਣੀ ਅਡਵਾਂਸ ਅਕਾਨਮੀ ਦੇ ਦੇਸ਼ਾਂ ਦੇ ਨਾਗਰਿਕਾਂ ਅੰਦਰ ਫੈਲੀ ਹੋਈ ਖਲਬਲੀ ਨੂੰ ਪੇਸ਼ ਕਰਦੀ ਹੈ। ਫੇਸਬੁੱਕ ਦੀ ਸੁਵਿਧਾ ਨਾਲ ਮਨੁੱਖ ਦਾ ਉਹ ਪਿਛੋਕੜ ਸਾਹਮਣੇ ਆ ਗਿਆ ਹੈ ਜਿਸਨੂੰ ਉਹ ਲਕੋਣਾ ਚਾਹੁੰਦਾ ਹੈ। ਜੋ ਹੈ ਉਸ ਤੋਂ ਉਲਟ ਸਾਹਮਣੇ ਆ ਰਿਹਾ ਹੈ। ਮਨੁੱਖੀ ਸਬੰਧ ਤਿਕੋਣ ਦੇ ਰੂਪ ਵਿਚ ਸਾਹਮਣੇ ਆ ਰਹੇ ਹਨ। ਜੋ ਰਿਸ਼ਤਾ ਸਾਹਮਣੇ ਹੈ ਆਦਮੀ ਉਸ ਤੋਂ ਪੀੜਤ ਮਹਿਸੂਸ ਕਰਦਾ ਹੈ ਪਰੰਤੂ ਜੋ ਅਦਿੱਖ ਹੈ ਉਸ ਤੋਂ ਸਕੂਨ ਦੀ ਭਾਲ ਕਰ ਰਿਹਾ ਹੈ। ਭਾਵ ਮਨੁੱਖ ਦੀ ਇਕ ਰੋਗੀ ਅਲਾਮਤ ਨੂੰ ਫੇਸਬੁਕ ਇੱਕ ਰਾਹ ਦੇ ਰਹੀ ਹੈ ਭਾਵੇ ਇਹ ਵੀ ਆਪਣੇ ਆਪ ਵਿਚ ਰੋਗੀ ਹੈ। ਫੇਸਬੁਕ ਨਜਾਇਜ਼ ਸਬੰਧਾਂ ਵਿਚ ਸੈਲੀਬਰੇਸ਼ਨ ਦਾ ਇਕ ਸਾਧਨ ਬਣਕੇ ਉਭਰੀ ਹੈ। ਜਿਸ ਨੇ ਪ੍ਰਮਾਣਿਤ ਸਮਾਜਿਕ ਰਿਸ਼ਤਿਆਂ ਦੇ ਸਮਾਨਅੰਤਰ ਨਜਾਇਜ਼ ਰਿਸ਼ਤਿਆਂ ਦਾ ਪ੍ਰਚਲਨ ਕਰ ਦਿੱਤਾ ਹੈ। ਕਹਾਣੀ ਦੇ ਦੋ ਪਾਤਰ ਰੂਪ, ਬਲਰਾਜ ਫੇਸਬੁੱਕ ਰਾਹੀਂ ਆਪਣੇ ਅੰਦਰ ਫੈਲੇ ਖਲਾਅ ਨੂੰ ਬਾਹਰਲੇ ਰਿਸ਼ਤਿਆਂ ਰਾਹੀਂ ਭਰਨਾ ਚਾਹੁੰਦੇ ਹਨ। ਰੂਪ ਨੂੰ ਪਤੀ ਦੀ ਗੈਰਹਾਜ਼ਰੀ ਕਾਰਨ ਇੱਕਲ ਮਹਿਸੂਸ ਹੁੰਦੀ ਹੈ ਤੇ ਬਲਰਾਜ ਆਪਣੇ ਵਰਤਮਾਨ ਤੋਂ ਅਸੰਤੁਸ਼ਟ ਅਤੀਤ ਵਿਚੋਂ ਸੈਲੀਬਰੇਸ਼ਨ ਭਾਲ ਰਿਹਾ ਹੈ। ਸਭ ਕੁਝ ਹੁੰਦਿਆਂ ਭਾਲ ਇਸ ਯੁੱਗ ਦੀ ਪਛਾਣ ਚਿੰਨ੍ਹ ਬਣ ਰਿਹਾ ਹੈ। ਰੂਪ ਦਾ ਕਵਿਤਰੀ, ਤਲਾਕਸ਼ੁਦਾ ਤੇ ਪ੍ਰੇਮਿਕਾ ਬਣ ਕੇ ਬਣਾਏ ਤਿੰਨ ਫੇਸਬੁਕ ਖਾਤੇ ਅਜੋਕੇ ਮਨੁੱਖ ਦੀਆਂ ਵਿਭਿੰਨ ਪਰਤਾਂ ਨੂੰ ਖੋਲਦੇ ਹਨ। ਇਹਨਾ ਵਰਤਾਰਿਆਂ ਵਿਚ ਇਕ ਪਾਤਰ ਤੇ ਹੈਰਾਨੀ, ਉਦਾਸੀ ਤੇ ਤਰਸ ਇਕੋ ਸਮੇਂ ਪੈਦਾ ਹੁੰਦਾ ਹੈ ਕਿ ਕਿਹੜੇ ਪਾਤਰ ਨੂੰ ਕਿਹੜੀ ਜਗ੍ਹਾ ਦਿੱਤੀ ਜਾਵੇ। ਕਹਾਣੀ ਦੇ ਅਖੀਰ ਵਿਚ ਬਲਰਾਜ ਅੰਦਰ ਪੈਦਾ ਹੋਏ ਸਵਾਲ ਦਰਅਸਲ ਪੂਰੇ ਵਰਤਾਰੇ ਦੇ ਸ਼ਿਕਾਰ ਲੋਕਾਂ ਦੇ ਸਵਾਲ ਹਨ ਕਿ ਆਖਰ ਉਹ ਕੀ, ਕਿਵੇਂ ਤੇ ਕਿਉਂ ਚਾਹੁੰਦੇ ਹਨ ? ਇਸ ਤਰ੍ਹਾਂ ਦੇ ਹੀ ਰਿਸ਼ਤਿਆਂ ਨੂੰ ਪੇਸ਼ ਕਰਦੀ ਕਹਾਣੀ 'ਕਵਿਤਾ ਦੇ ਆਰ-ਪਾਰ' ਹੈ। ਜਿਹੜੀ ਪੰਜਾਬ ਦੇ ਅਖੌਤੀ ਉਚ ਸਭਿਆਚਾਰ ਨੂੰ ਵਿਹਾਰਕ ਦੀ ਕਸੌਟੀ ਤੇ ਪਰਖਦੀ ਇਥੋਂ ਦੇ ਲੋਕਾਂ ਦੇ ਬਣਾਉਟੀ ਕਿਰਦਾਰ ਨੂੰ ਉਭਾਰਦੀ ਹੈ। ਪੰਜਾਬੀ ਲੋਕ ਖੁਦ ਨੂੰ ਵਿਰਾਸਤ ਦੇ ਮਸਲੇ ਰਾਹੀਂ ਸਿੱਖੀ ਸਭਿਆਚਾਰ ਨਾਲ ਜੋੜਦੇ ਤਾਂ ਹਨ ਪਰੰਤੂ



ਉਥੋਂ ਕੋਈ ਜੀਵਨ ਦ੍ਰਿਸ਼ਟੀ ਲੈਣ ਤੋਂ ਇਨਕਾਰੀ ਹਨ। ਕਹਾਣੀ ਦੀ ਮੈਂ ਪਾਤਰ ਦੀਪ ਅੰਤਰ ਜਾਤੀ ਤੇ ਅੰਤਰ ਧਰਮ ਵਿਆਹ ਕਰਵਾ ਕੇ ਸਾਬਤ ਕਰਦੀ ਹੈ ਕਿ ਸੁਚੱਜਾ ਜੀਵਨ ਜੀਵਿਆ ਜਾ ਸਕਦਾ ਹੈ। ਪਰੰਤੂ ਉਸ ਦਾ ਚਾਚਾ ਜੋ ਮਸ਼ਹੂਰ ਕਵੀ ਹੈ ਪੰਜਾਬੀਅਤ ਦੀ ਆਪਣੇ ਨਜਰੀਏ ਤੋਂ ਵਿਆਖਿਆ ਕਰਦਾ ਉਸ ਨੂੰ ਸੀਮਤ ਕਰਦਾ ਹੈ ਤੇ ਅਖੀਰ ਵਿਚ 'ਨੈਤਿਕਤਾ' ਦਾ ਪਾਖੰਡ ਕਰਦਾ ਇਕ ਔਰਤ ਨਾਲ ਗਲਤ ਹਾਲਤਾਂ ਵਿਚ ਫੜਿਆ ਜਾਂਦਾ ਹੈ। ਕਹਾਣੀ ਸਾਬਤ ਕਰਦੀ ਹੈ ਕਿ ਮਨਸੂਈ ਜ਼ਿੰਦਗੀ ਦਾ ਆਧਾਰ ਆਪਣੇ ਹਿੱਤਾਂ ਅਨੁਸਾਰ ਭੁਗਤਾਇਆ ਸਭਿਆਚਾਰ ਨਹੀਂ ਸਗੋਂ ਸੁਚੱਜਾ ਵਿਵਹਾਰ ਹੋਣਾ ਚਾਹੀਦਾ ਹੈ।

'ਪਰਛਾਵੇਂ' ਕਹਾਣੀ ਪਰਵਾਸੀ ਬੰਦੇ ਅੰਦਰ ਆਏ ਮਾਨਸਿਕ ਵਿਗਾੜਾ ਨੂੰ ਪੇਸ਼ ਕਰਦੀ 'ਮੈਂ' ਪਾਤਰ ਦੀਆਂ ਵਿਭਿੰਨ ਪਰਤਾਂ ਨੂੰ ਫਰੋਲਦੀ ਹੈ। ਇਕ ਮਰਦ ਦੀ ਬਹੁਤ ਸਾਰੀਆਂ ਔਰਤਾਂ ਨਾਲ ਸੰਵਾਦ ਜਿਥੇ ਉਸ ਅੰਦਰਲੀ ਬੇਚੈਨੀ ਨੂੰ ਪੇਸ਼ ਕਰਦਾ ਹੈ ਉੱਥੇ ਸਰਮਾਏਦਾਰੀ ਦੇ ਸਿਖਰ ਦੇ ਭੂਗੋਲਿਕ ਖਿਤਿਆਂ ਵਿਚ ਔਰਤ ਦੀ ਸਥਿਤੀ ਵੀ ਸਾਫ ਹੁੰਦੀ ਹੈ। ਭਰਜਾਈ ਦਾ ਅਵਚੇਤਨ ਲਈ ਫਿਰਦਾ ਇਹ ਬੰਦਾ ਗੈਰ-ਜ਼ਿੰਮੇਵਾਰਾਨਾ ਕਾਰਵਾਈਆਂ ਕਰਦਾ ਬਹੁਤ ਥਾਵਾਂ ਤੋਂ ਬੇਇੱਜ਼ਤ ਹੁੰਦਾ ਹੈ। ਇਸ ਤਰ੍ਹਾਂ ਇਹ ਕਹਾਣੀ ਦਾ ਆਧਾਰ ਬੰਦੇ ਅੰਦਰ ਵਸੀ ਹੋਈ ਵਿਭਿੰਨ ਕਿਸਮ ਦੀ ਗੁਲਾਮੀ ਹੈ ਜਿਸ ਦੀ ਪੂਰਤੀ ਉਹ ਨਜਾਇਜ਼ ਸਬੰਧਾਂ ਵਿਚ ਕਰ ਰਿਹਾ ਹੈ। ਅਹਿਮ ਗੱਲ ਇਹ ਹੈ ਕਿ ਪਾਤਰ ਇਸ ਵਰਤਾਰੇ ਪ੍ਰਤਿ ਸੁਚੇਤ ਹੈ ਪਰੰਤੂ ਉਹ ਇਸਦਾ ਹੱਲ ਲੱਭਣ ਤੋਂ ਅਸਮਰੱਥ ਹੈ। ਇਸ ਦਾ ਕਾਰਨ ਇਹ ਹੈ ਕਿ ਪੰਜਾਬੀ ਬੰਦਾ ਪਰਵਾਸ ਧਾਰਨ ਕਰਕੇ ਆਪਣੀ ਆਰਥਿਕ ਸਥਿਤੀ ਤਾਂ ਬਦਲਣਾ ਚਾਹੁੰਦਾ ਹੈ ਪਰੰਤੂ ਆਪਣੇ ਅੰਦਰ ਕੋਈ ਤਬਦੀਲੀ ਨਹੀਂ ਲਿਆਉਣਾ ਚਾਹੁੰਦਾ। ਇਹ ਪੰਜਾਬੀ ਬੰਦੇ ਦੀ ਸਰਮਾਏਦਾਰੀ ਦੇ ਨਿੱਤ ਬਦਲਦੇ ਛੜਜੰਤਰ ਲਈ ਜਗੀਰੂ ਅਵਚੇਤਨ ਤੋਂ ਨਿਪੁੰਸਕ ਵਿਰੋਧ ਹੈ ਜਿਸ ਦੀ ਅਭਿਵਿਅਕਤੀ ਵਿਭਿੰਨ ਗਤੀਵਿਧੀਆਂ ਵਿਚ ਕਰਦਾ ਹੈ। ਪਾਤਰ ਦੀ ਕਮਜ਼ੋਰੀ ਇਹ ਹੈ ਕਿ ਇਹ ਔਰਤਾਂ ਨੂੰ ਤਾਂ ਡਰਾਉਣਾ ਤੇ ਭੋਗਣਾ ਚਾਹੁੰਦਾ ਹੈ ਪਰੰਤੂ ਮਰਦਾਂ ਕੋਲੋਂ ਬਚਦਾ ਹੈ। ਸੰਵੇਦਨਾ ਇਹ ਹੈ ਕਿ ਉਹ ਆਪਣੇ ਬੱਚੇ ਨੂੰ ਪਿਆਰ ਕਰਦਾ ਹੈ ਪਰੰਤੂ ਮਾਮੇ ਉਸ ਨੂੰ ਮਿਲਣ ਨਹੀਂ ਦਿੰਦੇ। ਸਿਸਟਮ ਵਿਚ ਉਹ ਕੇਵਲ ਪ੍ਰਤਿਕਿਰਿਆ ਯੋਗ ਰਹਿ ਗਿਆ ਹੈ ਤੇ ਇਹ ਪ੍ਰਕਿਰਿਆ ਉਸਾਰੂ ਨਹੀਂ ਹੈ ਸਗੋਂ ਨਾਕਾਰਾਤਮਕ ਹੈ। ਇਸ ਦਾ ਆਧਾਰ ਇਹ ਬਣਦਾ ਹੈ ਕਿ ਪੂਰੇ ਪ੍ਰਬੰਧ ਨੇ ਮਨੁੱਖ ਅੰਦਰੋਂ ਸਮੁੱਚਤਾ ਦੀ ਲੜਾਈ ਨੂੰ ਖਤਮ ਕਰਕੇ ਸਵੈ ਦੀ ਲੜਾਈ 'ਤੇ ਕੇਂਦਰਤ ਕਰ ਦਿੱਤਾ ਹੈ ਤੇ ਵਿਅਕਤੀਗਤ ਲੜਾਈ ਦੇ ਸਿੱਟੇ ਅਜਿਹੇ ਹੀ ਹੋ ਸਕਦੇ ਹਨ। ਇਸੇ ਤਰ੍ਹਾਂ ਦੀ ਕਹਾਣੀ 'ਅਗਨੀ ਪ੍ਰੀਖਿਆ' ਹੈ ਵਿਚ ਅਲੋਕ ਪਾਤਰ ਮਾਨਸਿਕ ਕੁੰਠਾ ਦਾ ਸ਼ਿਕਾਰ ਬਹੁਤ ਕਿਸਮ ਦੀਆਂ ਗੰਢਾਂ ਨਾਲ ਵਿਚਰ ਰਿਹਾ ਹੈ। ਸੀਮਾ ਅਲੋਕ ਗੰਢਾ ਦੇ ਪ੍ਰਭਾਵ ਹੇਠ ਆਪਣੀਆਂ ਇਛਾਵਾਂ ਦਾ ਕਤਲ ਕਰ ਰਹੀ ਹੈ। ਉਹ ਗੀਤ ਨਹੀਂ ਸੁਣ ਸਕਦੀ, ਉਹ ਨੱਚ ਨਹੀਂ ਸਕਦੀ ਤੇ ਮਸਕਾਰਾ ਨਹੀਂ ਲਗਾ ਸਕਦੀ ਕਿਉਂਕਿ ਅਲੋਕ ਨੂੰ ਅਜਿਹੇ ਕੰਮ ਇਕ 'ਲੀਹੋਂ' ਉੱਤਰੀ ਔਰਤ ਦੇ ਲਗਦੇ ਹਨ। ਪਰੇਸ਼ਾਨ ਹੋਈ ਸੀਮਾ ਨਵਦੀਪ ਨਾਲ ਸਬੰਧ ਬਣਾਉਣਾ ਚਾਹੁੰਦੀ ਹੈ ਪਰੰਤੂ ਅੰਦਰ ਪਏ ਆਦਰਸ਼ਾਂ ਕਾਰਨ ਅਜਿਹਾ ਨਹੀਂ ਕਰਦੀ। ਇਥੇ ਆਦਰਸ਼ ਤੇ ਲੋਚਾ ਅੰਦਰਲੀ ਕਸ਼ਮਕਸ਼ ਜੀਵਨ ਦੇ ਪ੍ਰਚਲਨ ਵਿਚ ਬੇਚੈਨੀ ਤੇ ਉਦਾਸੀ ਪੈਦਾ ਕਰਦੀ ਹੈ ਤੇ ਇਹ ਪ੍ਰਵ੍ਰਿਤੀ ਹਰਪ੍ਰੀਤ ਸੇਖਾ ਦੀਆਂ ਇਹਨਾਂ ਸਾਰੀਆਂ ਕਹਾਣੀਆਂ ਵਿਚ ਦੇਖੀ ਜਾ ਸਕਦੀ ਹੈ। ਇਸ ਤਰ੍ਹਾਂ ਅਲੋਕ ਵਰਗੇ ਪਾਤਰ ਭਾਵੇਂ ਦਾਵਾ ਕਰਦੇ ਹੋਣ ਕਿ ਉਹ ਸਮਾਜਿਕ ਤੌਰ 'ਤੇ ਸੁਰੱਖਿਅਤ ਸਥਾਨ 'ਤੇ ਆ ਗਏ ਹਨ ਪਰੰਤੂ ਸਮਾਜਿਕ ਅਸੁਰੱਖਿਆ ਉਹਨਾਂ ਦੇ

ਮਨ ਦਾ ਹਿੱਸਾ ਬਣਿਆ ਹੋਇਆ ਹੈ। ਦੁਵਿਧਾ ਦੀ ਸਥਿਤੀ ਇਹ ਹੈ ਕਿ ਵਿਦੇਸ਼ਾਂ ਵਿਚ ਭਾਰਤੀ ਲੋਕ ਔਰਤਾਂ ਨੂੰ ਆਲੇ ਦੁਆਲੇ ਤੋਂ ਤਾਂ ਬਚਾਉਂਦੇ ਹਨ ਪਰੰਤੂ ਘਰ ਵਿਚ ਉਸ ਨੂੰ ਕੋਈ ਸਕੂਨ ਨਹੀਂ ਲੈਣ ਦਿੰਦੇ। ਉਹਨਾਂ ਦੀ ਸੁਰੱਖਿਆ ਸੰਕਲਪ ਦਾ ਘੇਰਾ 'ਮਰਦ ਦੀ ਇੱਜ਼ਤ' ਦੁਆਲੇ ਹੀ ਸੀਮਿਤ ਹੈ। ਜੇ ਇਸ ਦੇ ਉਲਟ ਹੁੰਦਾ ਤਾਂ ਮਰਦ ਔਰਤ ਨੂੰ ਘਰ ਵਿਚ ਵੀ ਆਜ਼ਾਦੀ ਦਿੰਦਾ। ਕੁਝ ਕਹਾਣੀਆਂ ਵਿਚ ਔਰਤ ਦੀ ਸਥਿਤੀ ਇਹੀ ਹੈ ਬਜਾਇ 'ਇਕ ਕਵਿਤਾ ਦੇ ਆਰ-ਪਾਰ' ਦੇ। ਉਸ ਵਿਚ ਮਰਦ ਪਾਤਰ ਪੰਜਾਬੀ ਸਿੱਖ ਨਹੀਂ ਹੈ ਤੇ ਉਸਨੇ ਆਪਣੀ ਪਤਨੀ ਨੂੰ ਖੁੱਲ੍ਹ ਦਿੱਤੀ ਹੈ। ਬਹੁਤ ਸਾਰੀਆਂ ਕਹਾਣੀਆਂ ਵਿਚ ਪੰਜਾਬੀ ਵੀ ਔਰਤਾਂ ਨੂੰ 'ਆਜ਼ਾਦੀ' ਦਿੰਦੇ ਹਨ ਜਿਹਨਾਂ ਵਿਚ ਲੜਕੀਆਂ ਦੇ ਵਿਆਹ ਦਾ ਮੁੱਖ ਮੁੱਦਾ ਉਭਰਦਾ ਹੈ। ਇਸ ਤਰ੍ਹਾਂ ਦੀ ਹੋਰ ਕਹਾਣੀ 'ਤੂੰ ਹੀ ਬੋਲ' ਕੁੜੀਆਂ ਦੀ ਹੋਂਦ ਨਾਲ ਸਬੰਧਤ ਹੈ। ਇਸ ਕਹਾਣੀ ਵਿਚ ਮੁਖ ਪਾਤਰ ਦਾ ਮਾਮਾ ਆਪਣੀਆਂ ਲੜਕੀਆਂ ਨੂੰ ਪੂਰੀ ਆਜ਼ਾਦੀ ਦੇਣ ਦਾ ਇਛੁਕ ਹੈ ਪਰੰਤੂ ਭਾਣਜਾ ਇਸ ਬਾਰੇ ਸੰਤੁਲਿਤ ਰਾਇ ਨਹੀਂ ਰੱਖਦਾ। ਇਥੇ ਗੱਲ ਇਹ ਵਿਚਾਰਨਯੋਗ ਬਣ ਜਾਂਦੀ ਹੈ ਕਿ ਪਰਵਾਸ ਧਾਰਨ ਕਰ ਗਏ ਪੰਜਾਬੀ ਆਪਣੀ ਔਲਾਦ ਪ੍ਰਤਿ ਇੰਨੇ ਚਿੰਤਤ ਕਿਉਂ ਹਨ? ਇਸ ਵਿਚ ਵੀ ਦੋ ਤਰ੍ਹਾਂ ਦੇ ਪ੍ਰਤਿਮਾਨ ਹਨ ਕਿ ਲੜਕਾ ਜਿਹੜੀ ਮਰਜੀ ਲੜਕੀ ਨਾਲ ਵਿਆਹ ਕਰਾਵੇ ਪਰ ਲੜਕੀ ਉਹਨਾਂ ਦੀ ਮਰਜ਼ੀ ਅਨੁਸਾਰ ਪੰਜਾਬੀ ਲੜਕੇ ਨਾਲ। ਕਹਾਣੀ 'ਵਿਆਹ' ਇਸੇ ਖੁਸ਼ੀ ਨੂੰ ਦਰਸਾਉਂਦੀ ਹੈ ਕਿ ਪੰਜਾਬੀਆਂ ਦੀ ਧੀ ਨੇ ਆਪਣੀ ਮਰਜੀ ਨਾਲ ਨਹੀਂ ਸਗੋਂ ਮਾਪਿਆਂ ਦੀ ਮਰਜੀ ਨਾਲ ਵਿਆਹ ਕਰਵਾਇਆ ਹੈ।

'ਅਗਨੀ ਪ੍ਰੀਖਿਆ' ਕਹਾਣੀ ਬਦਲੀਆਂ ਆਰਥਿਕ ਤੇ ਸਮਾਜਿਕ ਹਾਲਤਾਂ ਵਿਚ ਖੜ੍ਹੀ ਹੋਈ ਮਾਨਸਿਕ ਸਥਿਤੀ ਨੂੰ ਪ੍ਰਗਟਾਉਂਦੀ ਹੈ। ਇੱਥੇ ਸਮਾਜਿਕ ਤਣਾਓ ਔਰਤ ਤੇ ਮਰਦ ਦੇ ਸਬੰਧਾਂ ਵਿਚ ਵਾਪਰਦਾ ਹੈ। ਇਸ ਦਾ ਆਧਾਰ ਪੰਜਾਬੀ ਸਮਾਜਿਕ ਜੀਵਨ ਕਮਾਏ ਅਵਚੇਤਨ ਦਾ ਬਦਲਦੀਆਂ ਸਥਿਤੀਆਂ ਦਾ ਟਕਰਾਓ ਹੈ। ਅਲੋਕ ਪਾਤਰ ਸਟਿਲ ਮਾਨਸਿਕਤਾ ਦੇ ਬਦਲਦੇ ਸਮਾਜਿਕ ਪ੍ਰਤਿਮਾਨਾਂ ਵਿਚ ਔਰਤ ਦਾ ਚਰਿਤਰ ਫੋਕਸ ਵਿਚ ਲਿਆਉਂਦਾ ਹੈ। ਸੀਮਾ ਪਤੀ ਦੇ ਵਿਰੋਧਾਂ ਦਾ ਵਿਰੋਧ ਨਹੀਂ ਕਰਦੀ ਸਗੋਂ ਅਧੀਨਗੀ ਸਵੀਕਾਰਦੀ ਹੈ। ਉਸ ਅੰਦਰ ਨਵੇਂ ਸਬੰਧ ਸਿਰਜ ਲੈਣ ਦੀ ਤਾਂਘ ਤਾਂ ਪੈਦਾ ਹੁੰਦੀ ਹੈ ਪਰ ਉਹਨਾਂ ਨੂੰ ਅੰਜ਼ਾਮ ਨਹੀਂ ਦਿੰਦੀ। ਇਸ ਤਰ੍ਹਾਂ ਇਹ ਕਹਾਣੀ ਬਾਹਰ ਵਾਪਰਨ ਦੀ ਬਜਾਇ ਮਨੁੱਖੀ ਮਨ ਅੰਦਰ ਜ਼ਿਆਦਾ ਵਾਪਰਦੀ ਹੈ ਜਿਸ ਤੋਂ ਸਾਬਤ ਇਹ ਹੋ ਰਿਹਾ ਹੈ ਕਿ ਅਜੋਕਾ ਮਨੁੱਖ ਆਪਣੀਆਂ ਸਮੱਸਿਆਵਾਂ ਹਲ ਰਾਜਨੀਤਿਕ ਆਧਾਰਾਂ ਤੋਂ ਨਹੀਂ ਚਾਹੁੰਦਾ ਸਗੋਂ ਅੰਤਰਮੁਖੀ ਹੋ ਰਿਹਾ ਹੈ। ਪ੍ਰਤਿਕਿਰਿਆ ਦੇ ਰੂਪ ਵਿਚ ਸਮਾਨਅੰਤਰਤਾ ਸਿਰਜ ਰਿਹਾ ਹੈ ਨਾ ਕਿ ਪੂਰੇ ਪ੍ਰਬੰਧ ਨੂੰ ਬਦਲਣ ਵਿਚ ਉਸਦੀ ਰੁਚੀ ਹੈ। ਇਕ ਵਿਅਕਤੀ ਅੰਦਰ ਸਰਵਾਈਵਲ ਦਾ ਅਜਿਹਾ ਜਨੂੰਨ ਹੈ ਕਿ ਉਹ ਹਰ ਤਰ੍ਹਾਂ ਦੇ ਸਮਝੌਤੇ ਕਰਨ ਲਈ ਤਿਆਰ ਹੈ। ਪਰਵਾਸ ਵਰਤਾਰੇ ਨੇ ਪੰਜਾਬੀ ਮਾਨਸਿਕਤਾ ਦੇ ਜੁਝਾਰੂ ਪਾਸਾਰ ਨੂੰ ਖ਼ਤਮ ਕਰਕੇ ਅਧੀਨਗੀ ਦਾ ਪ੍ਰਬੰਧ ਸਿਰਜ ਦਿੱਤਾ ਹੈ। 'ਮੈਂ ਧਰਤੀ ਹੇਠਲਾ ਧਾਉਲ ਨਹੀਂ' ਤੇ 'ਫੁੱਲਾਂ ਦੀ ਮਹਿਕ' ਕਹਾਣੀਆਂ ਮਨੁੱਖੀ ਵੇਦਨਾ ਸੰਵੇਦਨਾ ਨਾਲ ਜੁੜੀਆਂ ਹਨ ਜਿਹੜੀਆਂ ਇਹ ਸਥਾਪਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਕਿ ਇੰਨੇ ਜਟਿਲ ਤੇ ਗੁੰਝਲਦਾਰ ਵਰਤਾਰਿਆਂ ਦੇ ਦੌਰ ਵਿਚ ਵੀ ਸੰਵੇਦਨਸ਼ੀਲ ਮੌਜੂਦ ਲੋਕ ਹਨ। ਇਕ ਮਨੁੱਖ ਦੀ ਅਣਹੋਂਦ ਆਦਮੀ ਅੰਦਰ ਦੁੱਖ ਪੈਦਾ ਕਰਦੀ ਹੈ ਜਿਸ ਤੋਂ ਇਹ ਸਾਬਤ ਵੀ ਹੁੰਦਾ ਹੈ ਕਿ ਮਨੁੱਖ ਅਜੇ ਵੀ ਚੰਗੇਰੇ ਮਨੁੱਖ ਦੀ ਤਲਾਸ਼ ਵਿਚ ਹੈ। 'ਮੈਂ ਧਰਤੀ ਹੇਠਲਾ ਧਾਉਲ ਨਹੀਂ' ਕਹਾਣੀ ਇੱਕ ਪਿਤਾ ਦੀ ਆਪਣੇ ਪੁੱਤਰ ਦੀ ਮੌਤ ਤੋਂ ਬਾਅਦ ਪੈਦਾ ਹੋਏ ਦੁੱਖ ਤੇ ਅੰਤਰਮਨ ਸੰਵਾਦ ਨਾਲ ਜੁੜੀ



ਹੈ। ਪੁੱਤਰ ਦੀ ਮੌਤ ਤੋਂ ਥੋੜ੍ਹੇ ਦਿਨਾ ਬਾਅਦ ਨੇੜਲੀ ਰਿਸ਼ਤੇਦਾਰੀ 'ਚ ਵਿਆਹ ਦੀ ਰਸਮ ਵਿਚ ਇਕ ਪਾਸੇ ਜਸ਼ਨ ਤੇ ਦੂਜੇ ਪਾਸੇ ਵਿਅਕਤੀ ਵਿਸ਼ੇਸ਼ ਅੰਦਰ ਸੋਗ ਮਨੁੱਖ ਅੰਦਰ ਪਏ ਅੰਤਰ ਵਿਰੋਧ ਸਾਹਮਣੇ ਆਉਂਦੇ ਹਨ। ਇਹ ਸੋਚ ਵਾਰ-ਵਾਰ ਉਭਰਦੀ ਹੈ ਕਿ ਅਜੋਕੇ ਵਰਤਾਰੇ ਨੂੰ ਮਨੁੱਖ ਦੇ ਦੁੱਖ ਦੇ ਭਾਵਾਂ ਨੂੰ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਵਿਦੇਸ਼ ਵਿਚ ਸਮੇਂ ਸਿਰ ਸੈੱਟ ਹੋਣ ਲਈ ਲੋੜੀਂਦੇ ਕਾਗਜ਼ਾਤਾਂ ਦੀ ਪੂਰਤੀ ਮਨੁੱਖ ਦੇ ਦੁੱਖ ਨਾਲੋਂ ਵੱਧ ਮਹਿਸੂਸ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਮਨੁੱਖ ਦੇ ਭਾਵਾਂ ਦੇ ਅਸੰਤੁਲਿਤ ਹੋਣ ਦਾ ਸਬੂਤ ਮਿਲਦਾ ਹੈ ਕਿ ਆਦਮੀ ਉਹ ਚੁਣਨਾ ਸ਼ੁਰੂ ਕਰ ਦਿੱਤਾ ਹੈ ਜੋ ਮਨੁੱਖ ਨਾਲੋਂ ਵੱਧ ਜ਼ਰੂਰੀ ਹਨ।

ਕਹਾਣੀ 'ਫੁੱਲਾਂ ਦੀ ਮਹਿਕ' ਪਤਨੀ ਜਗਜੀਤ ਦੀ ਮੌਤ ਤੋਂ ਬਾਅਦ ਪਤੀ ਸੁਖਚੈਨ ਦੀ ਬੇਚੈਨੀ ਤੇ ਉਦਾਸੀ ਨਾਲ ਜੁੜੀ ਅਜਿਹੀ ਕਹਾਣੀ ਹੈ ਜਿਹੜੀ ਜੀਵਨ ਸਾਥੀ ਦੀ ਅਣਹੋਂਦ ਤੇ ਉਸਦੇ ਦੁੱਖਾਂ ਨੂੰ ਪੇਸ਼ ਕਰਦੀ ਹੈ। ਅਜੋਕੇ ਵਰਤਾਰੇ ਵਿਚ ਆਦਮੀ ਨੇ ਇਹ ਭਰਮ ਸਿਰਜ ਲਿਆ ਹੈ ਕਿ ਵਸਤੂਆਂ ਦੇ ਆਸਰੇ ਨੇ ਉਸਨੂੰ ਸੰਪੂਰਨ ਕਰ ਦਿੱਤਾ ਹੈ। ਇਹ ਭਰਮ ਇਹ ਕਹਾਣੀ ਤੋੜਦੀ ਹੈ ਕਿ ਮਨੁੱਖ ਨੂੰ ਮਨੁੱਖ ਦੀ ਲੋੜ ਦੇ ਨਾਲ-ਨਾਲ ਮਨੁੱਖਤਾ ਦੀ ਵੀ ਲੋੜ ਹੈ। ਵਸਤੂਆਂ ਘਰ ਤਾਂ ਭਰ ਸਕਦੀਆਂ ਹਨ ਪਰੰਤੂ ਮਨੁੱਖ ਅੰਦਰਲੇ ਖਲਾਅ ਨੂੰ ਨਹੀਂ ਭਰ ਸਕਦੀਆਂ। ਸੁਖਚੈਨ ਅਤੀਤ ਦੀਆਂ ਘਟਨਾਵਾਂ ਨੂੰ ਵਰਤਮਾਨ ਨਾਲ ਜੋੜ ਕੇ ਆਪਣੀ ਪਤਨੀ ਨੂੰ ਯਾਦ ਕਰਦਾ ਹੈ। ਸੁਖਚੈਨ ਦਾ ਦੁੱਖ ਇਸ ਧਾਰਨਾ ਨੂੰ ਵੀ ਤੋੜਦਾ ਹੈ ਕਿ ਔਰਤ ਕੇਵਲ ਸੁਖ ਦਾ ਸਾਧਨ ਨਹੀਂ ਸਗੋਂ ਅਜਿਹਾ ਸਹਾਰਾ ਹੈ ਜਿਸ ਨਾਲ ਇਕ ਮਰਦ ਖੁਦ ਨੂੰ ਪੂਰਾ ਕਰਦਾ ਹੈ। ਸੁਖਚੈਨ ਇਸ ਦੁਖ ਨੂੰ ਆਤਮ ਸਾਤ ਕਰਦਾ ਇਸ ਦੀ ਸਮਾਨਅੰਤਰਤਾ ਕੁਦਰਤ ਦੀ ਅਰਾਧਨਾ ਵਿਚ ਸਿਰਜਦਾ ਹੈ ਜਿਹੜਾ ਖਪਤੀ ਸਭਿਆਚਾਰ ਦੇ ਸਾਹਮਣੇ ਚੇਤੰਨ ਯਤਨ ਮਹਿਸੂਸ ਹੁੰਦਾ ਹੈ।

ਕਹਾਣੀ 'ਲਾਵਾ' ਜਾਰਜ ਤੇ ਵਾਂਡਾ ਬਜ਼ੁਰਗ ਜੋੜੇ ਦੀ ਕਹਾਣੀ ਹੈ ਜਿਸ ਦਾ ਆਧਾਰ ਇਕ ਬਦਮਾਸ਼ ਦਾ ਪੈਦਾ ਕੀਤਾ ਹੋਇਆ ਡਰ ਹੈ। ਕਨੇਡੀਅਨ ਸਥਾਨਕਤਾ ਦੇ ਸਭਿਆਚਾਰ ਦੀ ਇਹ ਕਹਾਣੀ ਵੀ ਸਥਾਪਤ ਕਰਦੀ ਹੈ ਕਿ ਹਰ ਥਾਂ ਦਾ ਕਮਜ਼ੋਰ ਵਿਅਕਤੀ ਤਕੜੇ ਲੋਕਾਂ ਦਾ ਦਬਦਬਾ ਝੱਲਦਾ ਰਹਿੰਦਾ ਹੈ। ਖਪਤੀ ਸਭਿਆਚਾਰ ਨੇ ਨੈਤਿਕ ਕਦਰਾਂ ਕੀਮਤਾਂ ਨੂੰ ਖ਼ਤਮ ਕਰਨ ਦਾ ਅਹਿਦ ਕੀਤਾ ਹੋਇਆ। ਜਿਸ ਵਿਚ ਬਜੁਰਗਾਂ ਦੀ ਬੇਹੁਰਮਤੀ ਵੀ ਸ਼ਾਮਿਲ ਹੈ। ਇਹ ਕਹਾਣੀ ਸਿੱਧੇ ਟਕਰਾਓ ਦੀ ਬਜਾਇ ਮਾਨਸਿਕ ਟਕਰਾਓ ਵਿਚ ਵਿਚਰਦੀ ਹੈ। ਜਿਸ ਵਿਚ ਸੰਭਾਵਤ ਘਟਨਾਵਾਂ ਬਜੁਰਗ ਜੋੜੇ ਨੂੰ ਪਰੇਸ਼ਾਨ ਕਰ ਰਹੀਆਂ ਹਨ। ਕਹਾਣੀ ਦੁਖਾਂਤ ਤੋਂ ਸੁਖਾਂਤ ਵੱਲ ਉਦੋਂ ਮੁੜਦੀ ਹੈ ਜਦੋਂ ਜੋੜਾ ਗੁਆਂਢ ਵਿਚ ਵਸਣ ਆਏ ਬਦਮਾਸ਼ ਦੇ ਹੱਥ ਵਿਚ ਹਥਕੜੀ ਦੇਖਦਾ ਹੈ। ਇਹ ਅਜਿਹਾ 'ਲਾਵਾ' ਹੈ ਜਿਹੜਾ ਬਾਹਰ ਨਹੀਂ ਆਉਂਦਾ। ਇਹ 'ਲਾਵਾ' ਕੇਵਲ ਬੌਧਿਕਤਾ ਰਾਹੀਂ ਸਮਸਿਆ ਦਾ ਹੱਲ ਲੱਭਦਾ ਹੈ ਪਰੰਤੂ ਵਿਹਾਰਕਤਾ ਤੋਂ ਦੂਰ ਰਹਿੰਦਾ ਹੈ।

ਕਹਾਣੀ 'ਵਿਆਹ' ਇਕ ਪੰਜਾਬੀ ਪਰਿਵਾਰ ਦੀਆਂ ਆਪਣੇ ਵਿਰਸੇ ਨਾਲ ਜੁੜੀਆਂ ਰੀਝਾਂ ਦੀ ਪੂਰਤੀ ਤੇ ਅਪੂਰਤੀ ਨਾਲ ਜੁੜੀ ਹੈ। ਪਹਿਲੀ ਪੂਰਤੀ ਇਸ ਗੱਲ 'ਤੇ ਹੁੰਦੀ ਹੈ ਕਿ ਪਰਿਵਾਰ ਦੀ ਲੜਕੀ ਦੇ ਆਪਣੇ ਮਾਪਿਆਂ ਦੀ ਮਰਜੀ ਮੁਤਾਬਿਕ ਵਿਆਹ ਕਰਾਉਣ ਦਾ ਫੈਸਲਾ ਲਿਆ ਹੈ। ਇਸ ਤੋਂ ਮਤਲਬ ਇਹ ਹੈ ਕਿ ਪਰਵਾਸ ਕਰਕੇ ਗਈ ਪਹਿਲੀ ਪੀੜ੍ਹੀ ਹੱਥੋਂ ਦੂਸਰੀ ਪੀੜ੍ਹੀ ਨਿਕਲ ਰਹੀ ਹੈ। ਜਦੋਂ ਉਹਨਾਂ ਵਿਚ ਕੋਈ ਆਗਿਆਕਾਰੀ ਸਾਬਤ ਹੁੰਦਾ ਹੈ ਤਾਂ ਖੁਸ਼ੀ ਬਹੁਤ ਜ਼ਿਆਦਾ ਵਧਦੀ ਹੈ। ਪਰੰਤੂ ਇਸ ਦੇ ਉਲਟ ਵਿਦੇਸ਼ ਵਿਚ ਆਪਣੇ ਬੱਚੇ ਦਾ ਵਿਆਹ ਕਰਨਾ ਇੰਨਾ


ਖਰਚੀਲਾ ਹੈ ਕਿ ਘਰ ਦਾ ਮਾਲਕ ਪਰੇਸ਼ਾਨ ਹੋ ਜਾਂਦਾ ਹੈ। ਹੱਥੀ ਕਿਰਤ ਕਰਕੇ ਕਮਾਇਆ ਪੈਸਾ ਫਜ਼ੂਲ ਰੀਤੀਆਂ ਤੇ ਲਗਾਉਣਾ ਦੁੱਖ ਦਿੰਦਾ ਹੈ। ਦੁਬਿਧਾ ਇਹ ਬਣਦੀ ਹੈ ਕਿ ਜੱਗਾ ਤੇ ਰਾਣੀ (ਪਤੀ ਪਤਨੀ) ਦੀਆਂ ਰੁਚੀਆਂ ਵਿਚ ਬਹੁਤ ਅੰਤਰ ਹੈ। ਪਤਨੀ ਰਾਣੀ ਜਗੀਰੂ ਰੁਚੀਆਂ ਵਿਚੋਂ ਵਰਤਾਰਿਆਂ ਨੂੰ ਦੇਖ ਰਹੀ ਹੈ ਜਦਕਿ ਜੱਗਾ ਕਿਰਸ ਤੇ ਸੰਜਮ ਰਾਹੀਂ ਮਸਲੇ ਨੂੰ ਹੱਲ ਕਰਨਾ ਚਾਹੁੰਦਾ ਹੈ। ਇਸ ਲਈ ਬਹੁਤ ਵਾਰੀ ਚਲਾਕੀਆਂ ਦਾ ਆਸਰਾ ਵੀ ਲੈਂਦਾ ਹੈ। ਕਹਾਣੀ ਜਸ਼ਨ ਤੇ ਜਸ਼ਨ ਦੇ ਪਿਛੋਕੜ ਵਿਚੋਂ ਗੁਜ਼ਰਦੀ ਹੈ। ਜੱਗੇ ਦੀ ਮਿਹਨਤ ਤੇ ਮਿਹਨਤ ਕਰਦੇ ਹੋਏ ਆਪਣੇ ਸ਼ੌਕ ਮਾਰਕੇ ਰੱਖਣੇ ਪੂੰਜੀਵਾਦੀ ਸਭਿਆਚਾਰ ਵਿਚ ਮਜ਼ਾਕ ਬਣਦੇ ਹਨ। ਕਿਰਸ ਤੇ ਸੰਜਮ ਰੱਖ ਕੇ ਪੁੱਤਰੀ ਲਈ ਬਣਵਾਈ ਡਾਇਮੰਡ ਰਿੰਗ ਮਾਣ ਵਾਲੀ ਗੱਲ ਬਣਦੀ ਹੈ। ਪਰੰਤੂ ਦੁਖਾਂਤ ਇਹ ਵੀ ਉਭਰ ਆਉਂਦਾ ਏ ਕਿ ਉਸ ਦੀ ਧੀ ਆਪਣੀ ਸੱਸ ਨਾਲ ਨਹੀਂ ਰਹਿਣਾ ਚਾਹੁੰਦੀ। ਇਸ ਲਈ ਕੋਈ ਵੀ ਆਦਰਸ਼ਕ ਪਾਤਰ ਸਾਹਮਣੇ ਨਹੀਂ ਆਉਂਦਾ ਜਿਹੜਾ ਆਪਣੇ ਵਿਆਕਤੀਤਵ ਵਿਚ ਸੰਤੁਲਿਤ ਹੋਵੇ। ਇਸ ਤਰ੍ਹਾਂ ਜੱਗੇ ਦੀ ਦ੍ਰਿਸ਼ਟੀ ਦਾ ਵਿਆਹ ਜਿਥੇ ਉਸ ਨੂੰ ਖੁਸ਼ੀ ਦਿੰਦਾ ਹੈ ਤੇ ਨਾਲ ਹੀ ਦੁੱਖ ਦਿੰਦਾ ਹੈ। ਜੱਗਾ ਵਿਆਹ ਨੂੰ ਇਕ ਪਵਿੱਤਰ ਰਸਮ ਵਿਚੋਂ ਦੇਖ ਰਿਹਾ ਹੈ। ਪਰ ਹਾਲਾਤ ਇਸ ਦੇ ਉਲਟ ਹਨ। ਪੀੜ੍ਹੀਆ ਅੰਦਰਲਾ ਤਣਾਓ ਵਧ ਰਿਹਾ ਹੈ।

'ਸ਼ਨੁੱਕ' ਕਹਾਣੀ ਇੱਕ ਅਜਿਹੀ ਔਰਤ ਦੀ ਕਹਾਣੀ ਹੈ ਜਿਹੜੀ ਪੂਰੇ ਪ੍ਰਬੰਧ ਵਿਚ ਵਾਰ-ਵਾਰ ਜ਼ਲੀਲ ਕੀਤੀ ਜਾਂਦੀ ਹੈ। ਕਮਲ ਨਾਂ ਦੀ ਇਹ ਪਾਤਰ ਪਹਿਲਾਂ ਆਪਣੇ ਪਹਿਲੇ ਪਤੀ ਜਿੰਦਰ ਦੀਆਂ ਬੇਹੁਰਮਤੀਆਂ ਝਲਦੀ ਹੈ ਤੇ ਅਖੀਰ ਵਿਚ ਉਸ ਦਾ ਤਿਆਗ ਕਰਦੀ ਹੈ ਪਰੰਤੂ ਪੁੱਤਰ ਦੇ ਨਾਂ ਨਾਲ ਪਿਤਾ ਦਾ ਗੋਤਰ ਜੁੜਿਆ ਰਹਿੰਦਾ ਹੈ। ਜਦੋਂ ਉਹ ਦੂਸਰਾ ਵਿਆਹ ਗੁਰਚਰਨ ਨਾਲ ਕਰਾਉਂਦੀ ਹੈ ਤਦ ਗੁਰਚਰਨ ਕਮਲ ਬੱਚੇ ਦੇ ਨਾ ਨਾਲ ਲੱਗਿਆ ਗੋਤਰ ਹਟਾਉਣ ਦੀ ਜ਼ਿੱਦ ਕਰਦਾ ਹੈ। ਜਦਕਿ ਕਮਲ ਗੁਰਚਰਨ ਦੇ ਦੋਵਾਂ ਬੱਚਿਆਂ ਨੂੰ ਵੀ ਸਾਂਭਦੀ ਹੈ। ਪਿਤਾ ਦੇ ਪਰਿਵਾਰ ਵਿਚ ਭਰਾ ਦੇ ਭਾਰੂ ਰੋਲ ਤੇ ਭਰਜਾਈ ਦੀਆਂ ਈਰਖਾਲੂ ਗਤੀਵਿਧੀਆਂ ਕਾਰਨ ਪੇਕੇ ਪਰਿਵਾਰ ਵੱਲੋਂ ਵੀ ਦੁੱਖ ਝੱਲਦੀ ਹੈ। ਇਸ ਤਰ੍ਹਾਂ ਇਹ ਕਹਾਣੀ ਅਡਵਾਂਸ ਅਕਾਨਮੀ ਵਿਚ ਪਿਛੜੇ ਸਮਾਜਾਂ ਦੇ ਪੈਦਾ ਕੀਤੇ ਕਲੇਸ਼ ਕਾਰਨ ਬੇਚੈਨੀ, ਉਦਾਸੀ ਤੇ ਤਕਲੀਫ਼ ਝੱਲ ਰਹੀ ਹੈ। ਪਰਵਾਸ ਵਿਚ ਉਹੀ ਲੜਾਈ ਝਗੜੇ ਹਨ ਜਿਹੜੇ ਪੰਜਾਬ ਵਿਚ ਰਹਿੰਦਿਆਂ ਦੇਖੇ ਹਨ। ਇਹ ਗੱਲ ਵਿਚਾਰਨਯੋਗ ਹੈ ਕਿ ਪਰਵਾਸ ਦੀ ਪ੍ਰਕਿਰਿਆ ਵਿਚ ਔਰਤ ਦਾ ਸ਼ੋਸ਼ਣ ਬਹੁਤ ਜ਼ਿਆਦਾ ਵਧਿਆ ਹੈ। ਇਹ ਸ਼ੋਸ਼ਣ ਜਗੀਰੂ ਆਰਥਿਕਤਾ ਦੇ ਮੁਕਾਬਲੇ ਬਹੁਤ ਜੁਲਮੀ ਹੈ ਪਰੰਤੂ ਵਿਦੇਸ਼ਾਂ ਦੀ ਚਕਾਚੌਂਧ ਵਿਚ ਲੋਕਾਂ ਦੇ ਸਮਝ ਨਹੀਂ ਆ ਰਿਹਾ। ਕਮਲ ਵਰਗੀ ਸੰਵੇਦਨਸ਼ੀਲ ਲੜਕੀ ਇਹਨਾਂ ਹਾਲਤਾਂ ਵਿਚ ਕਦੇ ਰੁਸਦੀ ਹੈ, ਕਦੇ ਗੁੱਸੇ ਹੁੰਦੀ ਤੇ ਕਦੇ ਉਦਾਸ ਹੁੰਦੀ ਹੈ। ਪੇਕੇ ਤੇ ਸਹੁਰੇ ਪਰਿਵਾਰਾਂ ਤੇ ਗੁੱਸਾ ਆਉਂਦਾ ਹੈ। ਕਮਲ ਦੀ ਮਨੋਬਚਨੀ ਘਰਾਂ ਅੰਦਰਲੇ ਸੰਕਟਾਂ ਨੂੰ ਸਾਹਮਣੇ ਲਿਆਉਂਦੀ ਹੈ ਕਿ ਘਰਾਂ ਅੰਦਰ ਔਰਤਾਂ ਦੀ ਹਾਲਤ ਬਹੁਤ ਅੱਛੀ ਨਹੀਂ ਹੈ। ਸੋ ਸਮੁੱਚੇ ਰੂਪ ਵਿਚ ਇਹ ਕਥਾ ਪੁਸਤਕ ਕਨੇਡਾ ਅੰਦਰ ਵਸੇ ਪੰਜਾਬੀਆਂ ਵਿਚ ਸਮਾਜਿਕ ਤਣਾਓ ਦੀਆਂ ਵਿਭਿੰਨ ਪਰਤਾਂ ਕਾਰਜਸ਼ੀਲ ਹਨ। ਇਸ ਵਿਚ ਪੰਜਾਬੀ ਬੰਦਾ ਆਪਣੇ ਅਤੀਤ ਤੇ ਵਰਤਮਾਨ ਦੀਆਂ ਸਥਿਤੀਆਂ ਪ੍ਰਸਥਿਤੀਆਂ ਨਾਲ ਟਕਰਾਉਂਦਾ ਤਣਾਓ ਦਾ ਸ਼ਿਕਾਰ ਹੁੰਦਾ ਹੈ। ਉਹ ਉਸ ਦੁਆਲੇ ਵਾਪਰਦੇ ਸਾਰੇ ਵਰਤਾਰਿਆਂ ਪ੍ਰਤਿ ਪ੍ਰਤਿਕਿਰਿਆ ਦਿਖਾਉਂਦਾ ਹੈ ਜਿਸ ਦੀ ਦ੍ਰਿਸ਼ਟੀ ਕਦੇ ਜਗੀਰੂ ਅਵਚੇਤਨ ਤੋਂ ਪ੍ਰੇਰਿਤ ਹੈ ਤੇ ਕਦੇ ਸਰਮਾਏਦਾਰੀ ਦੀਆਂ ਅਲਾਮਤਾ ਤੋਂ।

ਸੰਪਰਕ-88725-11179



## ਦਾਰੋ ਘਤਿੱਤੀ-ਨਿਮਨ ਧਿਰਾਂ ਦੇ ਸੰਕਟ 'ਤੇ ਸੰਘਰਸ/-ਡਾ. ਸਤਿੰਦਰ ਸਿੰਘ ਰੈਬੀ




ਦਲਿਤ ਹੋਣ ਦੀ ਵੇਦਨਾ ਸੰਵੇਦਨਾ, ਚੇਤਨਾ, ਸੰਕਟਾਂ ਤੇ ਸੰਘਰਸਾਂ ਨੂੰ ਸਿਰਜਦੀ ਕਹਾਣੀ ਜੋ ਕਿ 'ਦਲਿਤ ਕਹਾਣੀ' ਵਜੋਂ ਪਛਾਣ ਰੱਖਦੀ ਹੈ, ਮੰਜ਼ਿਲਾਂ ਮਾਰਦੀ ਅੱਜ ਇਕ ਮਕਾਮ ਹਾਸਲ ਕਰ ਚੁੱਕੀ ਹੈ। ਇਸ ਮਕਾਮ ਦੇ ਹਾਣੀ ਹੋਣਾ ਜਾਂ ਇਸਤੋਂ ਇਕ ਕਦਮ ਅੱਗੇ ਨਿਕਲਣਾ ਦਲਿਤ ਕਹਾਣੀ ਦੇ ਕਹਾਣੀਕਾਰ ਲਈ ਚੁਣੌਤੀਪੂਰਨ ਕਾਰਜ ਹੈ। ਅਤਰਜੀਤ, ਪ੍ਰੇਮ ਗੋਰਖੀ, ਭਗਵੰਤ ਰਸੂਲਪੁਰੀ, ਮੱਖਣ ਮਾਨ, ਮੋਹਨ ਲਾਲਾ ਫਿਲੌਰੀਆਂ ਅਤੇ ਅਜਿਹੇ ਹੋਰਨਾਂ ਕਹਾਣੀਕਾਰਾਂ ਨੇ ਦਲਿਤ ਹੋਂਦ ਦੇ ਸਮਾਜ ਸਾਂਸਕ੍ਰਿਤਿਕ ਤੇ ਆਰਥਿਕ ਸੰਕਟਾਂ ਨੂੰ ਗਲਪੀ ਬਿੰਬ ਵਿਚ ਢਾਲ ਇਸ ਕਹਾਣੀ ਨੂੰ ਵਿਲੱਖਣ ਪਛਾਣ ਦਿਵਾਈ। ਇਨ੍ਹਾਂ ਵਿਚ ਹੀ ਇਕ ਨਾਂ 'ਪ੍ਰੀਤ ਨੀਤਪੁਰ' ਹੈ। 'ਦਾੜ੍ਹੀ 'ਚ ਗਵਾਚੇ ਹੰਝੂ' (1988) ਤੋਂ ਬਾਅਦ 'ਦਾਰੋ ਘਤਿੱਤੀ' ਕਹਾਣੀ ਸੰਗ੍ਰਹਿ ਰਾਹੀਂ ਉਸਨੇ ਦਮਿਤ, ਦਲਿਤ ਭਾਈਚਾਰੇ ਦੇ ਜੀਣ ਥੀਣ ਦੇ ਸੰਕਟਾਂ ਨੂੰ ਗਲਪ ਸਿਰਜਣਾ ਵਿਚ ਢਾਲਣ ਦਾ ਉਪਰਾਲਾ ਕੀਤਾ ਹੈ।

ਕਥਾ ਸੰਗ੍ਰਹਿ ਦੇ ਸਿਰਲੇਖ ਵਾਲੀ ਕਹਾਣੀ 'ਦਾਰੋ ਘਤਿੱਤੀ' ਦੇ ਕੇਂਦਰੀ ਪਾਤਰ 'ਦਾਰੋ' ਅਤੇ ਸਿਰਜਿਤ ਦਲਿਤ ਭਾਈਚਾਰੇ ਰਾਹੀਂ ਕਹਾਣੀਕਾਰ ਇਹ ਪ੍ਰਵਚਨ ਪੇਸ਼ ਕਰ ਰਿਹਾ ਹੈ ਕਿ ਸਮਾਜ ਦਾ ਇਹ ਅੰਗ ਆਪਣੇ ਖਿਲਾਫ਼ ਅਖੌਤੀ ਉੱਚ ਸ੍ਰੇਣੀਆਂ ਤੇ ਸਵਰਨ ਜਾਤੀਆਂ ਦੇ ਵਿਤਕਰੇ ਭਰਪੂਰ ਤੇ ਅਮਾਨਵੀ ਵਿਹਾਰ ਨੂੰ ਚੁੱਪ ਕਰਕੇ ਜਰ ਜਾਣ ਦੀ ਮਾਨਸਿਕਤਾ ਤੋਂ ਪਾਰ ਪਾ ਰਿਹਾ ਹੈ। 'ਦਾਰੋ' ਇਸ ਇਤਿਹਾਸਕ ਤਬਦੀਲੀ ਦਾ ਪ੍ਰਤਿਨਿਧ ਪਾਤਰ ਹੈ। ਇਹ ਪਾਤਰ ਪਿੰਡ ਪੱਧਰ ਤੇ ਉੱਚ ਸ਼੍ਰੇਣੀ ਦਾ ਚਿਹਨ ਬਣੇ ਗਰੇਵਾਲ ਸਰਦਾਰ ਤੋਂ ਉਸਦੇ ਨਕਾਰਾ ਹੋਏ ਕਾਮੇ ਨੂੰ ਉਸਦਾ ਬਣਦਾ 'ਹੱਕ' ਦਿਵਾਉਣ ਜਾਣਦਾ ਹੈ, ਅਖੌਤੀ ਸਵਰਨ ਜਾਤੀ ਕੱਟੜਪੰਥੀਆਂ ਦੁਆਰਾ ਧਾਰਮਿਕ ਸਥਾਨਾਂ ਤੇ ਕੀਤੇ ਜਾਂਦੇ ਵਿਤਕਰੇ ਤੇ ਜਾਤੀ ਭੇਦ ਭਾਵ ਦਾ ਵਿਰੋਧ ਕਰਨਾ ਜਾਣਦਾ ਹੈ ਅਤੇ ਆਪਣੇ ਹੀ ਸ਼ਰੀਕੇ ਦੇ ਮਿਹਣਿਆਂ ਦੇ ਜਵਾਬ ਵਿਚ ਵੱਡੀ ਉਮਰੇ ਵਿਆਹ ਕਰਾ ਕੇ ਆਪਣੀ 'ਜੜ੍ਹ' ਲਗਾਉਣ ਤੇ ਹਿੰਡ ਪੁਗਾਉਣ ਵਾਲਾ ਪਾਤਰ ਹੈ। ਕਹਾਣੀ ਅਖੌਤੀ ਉੱਚ ਜਾਤੀ ਕੱਟੜਪੰਥੀਆਂ ਦੁਆਰਾ ਧਾਰਮਿਕ ਸਥਾਨਾਂ ਤੇ ਨਿਮਨ ਵਰਗ ਨਾਲ ਕੀਤੇ ਜਾਂਦੇ ਭੇਦ ਭਾਵ ਤੇ ਵਿਤਕਰੇ ਕਾਰਨ ਹੌਲੀ ਹੌਲੀ ਨਿਮਨ ਧਿਰਾਂ ਦਾ 'ਡੇਰਿਆਂ' ਨਾਲ ਜੁੜਨ ਦੀ ਵਸਤੂ ਸਥਿਤੀ ਦਾ ਪ੍ਰਤਿਨਿਧ ਯਥਾਰਥ ਸਿਰਜਦੀ ਹੈ। ਬੇਸ਼ੱਕ ਧਰਮ ਦੇ ਪਰਿਪੇਖ ਤੋਂ ਨਿਮਨ ਵਰਗ ਦੀ ਇਹ ਅਗਲੇਰੀ ਨਵੀਂ ਸਥਿਤੀ ਹੈ। ਜਦ ਕਹਾਣੀਕਾਰ 'ਡੇਰੇ' 'ਦਲਿਤ ਜਾਗ੍ਰਿਤੀ ਮੰਚ' ਨਾਲ ਜੋੜ ਦਿੰਦਾ ਹੈ ਤਾਂ ਇਸ ਪਿਛੇ ਦਲਿਤ ਸਮਾਜ ਦੇ ਸਮੂਹਿਕ ਅਵਚੇਤਨਾ ਵਿਚਲੇ ਬੇਗਮਪੁਰੇ ਦੇ ਸੰਕਲਪ ਅਤੇ ਦਲਿਤ ਵਿਚਾਰਧਾਰਾ ਚੇਤਨਾ ਦੇ ਜੋੜ ਪੈਣ ਦੀ ਆਦਰਸ਼ਕ ਸਥਿਤੀ ਸਿਰਜਣ ਦਾ ਯਤਨ ਨਜ਼ਰ ਆਉਂਦਾ ਹੈ। ਪਰ ਇਸ ਆਦਰਸ਼ਕ ਸਥਿਤੀ ਦੇ 'ਗਲਪੀ ਬਿੰਬ' ਵਿਚ ਢਲਦਿਆਂ ਵਿਚਾਰਧਾਰਕ ਤੇ ਕਲਾਤਮਕ ਧਰਾਤਲਾਂ ਤੇ ਕਈ ਤਰ੍ਹਾਂ ਦੇ ਸੰਕਟ ਨਜ਼ਰ ਆਉਣ ਲਗਦੇ ਹਨ। ਕਹਾਣੀਕਾਰ ਦਲਿਤ ਪਾਤਰਾਂ ਨੂੰ ਜਿਸ ਡੇਰੇ ਦੇ ਲੜ ਲਾ ਰਿਹਾ ਹੈ ਉਹ ਕਦੇ 'ਪੁੱਛਾਂ' ਤੇ ਚੌਂਕੀਆਂ ਭਰਨ ਦਾ ਕੰਮ ਕਰਦਾ

ਰਿਹਾ ਹੈ ਨਵਾਂ ਬਣਿਆ ਡੇਰੇਦਾਰ ਜਲੌਰਾ ਜਿਸਦੇ ਆਉਣ ਨਾਲ ਡੇਰੇ ਵਿਚ ਗੁਣਾਤਮਕ ਤਬਦੀਲੀ ਵਾਪਰਦੀ ਹੈ ਉਹ ਢੋਲੀ ਰਹਿ ਚੁੱਕਾ ਹੈ, ਸ਼ੌਕੀਨ ਹੈ, ਅਪਾਹਜ ਭਿੰਦੇ ਦੀ ਔਰਤ ਤੇਜੋ ਨਾਲ ਸ਼ਰੇਆਮ ਨਾਜਾਇਜ਼ ਸੰਬੰਧਾਂ ਵਿਚ ਹੈ। ਜਿਆਦਾਤਰ ਡੇਰਿਆਂ ਦੇ ਡੇਰੇਦਾਰਾਂ ਦੀ ਵਸਤੂ ਸਥਿਤੀ ਦਾ ਇਹ ਪ੍ਰਤਿਨਿੱਧ ਯਥਾਰਥ ਹੈ। ਆਮ ਇਨਸਾਨ ਦਾ ਆਪਣੀ ਚੇਤਨਾ ਦੀ ਸੀਮਾ ਸਦਕਾ ਅਤੇ ਲੋਕ ਧਰਮ ਤੇ ਧਰਮ ਦੇ ਸੰਸਕਾਰਾਂ ਸਦਕਾ ਧਾਰਮਿਕ 'ਓਟ' ਲਈ ਅਜਿਹੇ ਡੇਰਿਆਂ ਦੀ ਪਨਾਹ ਵਿਚ ਜਾਣਾ ਵੀ ਸੁਭਾਵਿਕ ਮੰਨਿਆ ਜਾ ਸਕਦਾ ਹੈ ਪਰ ਮਸਲਾ ਖ਼ੁਦ ਕਹਾਣੀਕਾਰ ਦੀ ਨਜ਼ਰ ਦੀ ਕਾਣ ਤੇ ਵਿਚਾਰਧਾਰਕ ਕਚਿਆਈ ਦਾ ਹੈ। ਉਹ ਜਲੌਰ ਢੋਲੀ ਦੇ ਜਲੌਰਾ ਸਿੰਘ 'ਡੇਰੇਦਾਰ' ਬਣ ਕੇ ਭੇਖ਼ ਧਾਰਨ ਨੂੰ ਕਿਧਰੇ ਵੀ ਭੰਡਦਾ ਨਹੀਂ ਬਲਕਿ ਉਸਦਾ 'ਭਗਵਾਂ ਚੋਲਾ' ਗਲ਼ ਮੋਟੇ ਮਣਕਿਆਂ ਦੀ ਮਾਲ਼ਾ , ਕਾਲੀਆਂ ਐਨਕਾਂ, ਮਹਿੰਗੇ ਸਲੀਪਰ, ਸੁਨਹਿਰੀ ਮੁੱਠ ਵਾਲੀ ਖੂੰਢੀ, ਚਿਹਰੇ ਦਾ ਜਲਾਲ ਤੇ ਅੱਖਾਂ ਵਿਚ ਨੂਰ ਕਹਾਣੀਕਾਰ ਨੂੰ ਉਸਦੇ 'ਸੰਤ' ਹੋਣ ਦੀ ਸ਼ਾਹਦੀ ਭਰਦੇ ਦਿਖਾਈ ਦਿੰਦੇ ਹਨ। ਗਲਪ ਦਾ 'ਧਰਮ' ਭ੍ਰਾਂਤੀਆਂ ਦਾ ਸ਼ਿਕਾਰ ਹੋਇਆ ਲਗਦਾ ਹੈ, ਜਲੌਰਾ ਜੋ ਖੇਡ ਖੇਡਦੇ ਡੇਰੇਦਾਰ ਆ ਬਣਿਆ ਹੈ, ਅਤੇ ਜੋ ਭੇਖ ਧਾਰਨ ਕਰੀ ਬੈਠਾ ਹੈ, ਨਿਸ਼ਚੇ ਹੀ ਪਦਾਰਥਵਾਦੀ ਭੋਗਵਾਦੀ ਰੁਚੀਆਂ ਦਾ ਮਾਲਕ ਹੈ। ਕਹਾਣੀਕਾਰ ਅਜਿਹੇ ਡੇਰੇਦਾਰ ਦੇ ਲੜ ਸਮਾਜ ਦੇ ਇਸ ਅੰਗ ਨੂੰ ਵੀ ਲਾ ਰਿਹਾ ਹੈ ਤੇ ਨਾਲ ਹੀ ਦਲਿਤ ਜਾਗ੍ਰਿਤੀ ਮੰਚ ਨੂੰ ਵੀ। ਵਸਤੂ ਸਥਿਤੀ ਦਾ ਇਹ ਪ੍ਰਤਿਨਿਧ ਯਥਾਰਥ ਹੈ, ਪੇਸ਼ ਆਲੋਚਨਾਤਮਕ ਨਜ਼ਰੀਏ ਤੋਂ ਹੋਣਾ ਚਾਹੀਦਾ ਸੀ ਜਦਕਿ ਕਹਾਣੀਕਾਰ ਇਸਦਾ ਰੁਮਾਂਸ ਸਿਰਜਣ ਕਰ ਗਿਆ ਹੈ। ਨਿਰਧਾਰਿਤ ਮਨੋਰਥ ਨੂੰ ਸਿੱਧ ਕਰਨ ਲਈ ਕਹਾਣੀਕਾਰ ਪਾਤਰਾਂ ਨਾਲ ਵੀ ਖਿਲਵਾੜ ਕਰਦਾ ਹੈ। ਕੁਝ ਪਾਤਰ ਉਸਦੇ ਬੁਲਾਏ ਬੋਲਦੇ ਹਨ ਜਾਂ ਪਾਤਰਾਂ ਦੀ ਥਾਵੇਂ ਆਪ ਬੋਲਦਾ ਹੈ ਤੇ ਜਿੰਨ੍ਹਾਂ ਪਾਤਰਾਂ ਦੀ ਸਥਿਤੀ ਕਹਾਣੀਕਾਰਾਂ ਦੇ ਨਿਰਧਾਰਿਤ ਮਨੋਰਥ ਨੂੰ 'ਕੱਟਣ' ਜਾਂ ਉਸ ਵਿਚ ਅੰਤਰ ਵਿਰੋਧ ਪੈਦਾ ਕਰਨ ਦੀ ਹੈ, ਉਨ੍ਹਾਂ ਨੂੰ ਜਾਂ ਤਾਂ ਚੁੱਪ ਕਰਾ ਦਿੱਤਾ ਗਿਆ ਹੈ ਜਾਂ ਚਿਤਰਪਟ ਤੋਂ ਲਾਂਭੇ ਕਰ ਦਿੱਤਾ ਗਿਆ ਹੈ। ਇਸੇ ਲਈ ਜਲੌਰੇ ਖਿਲਾਫ਼ ਭਿੰਦੇ ਦੀ ਛਟਪਟਾਹਟ ਨੂੰ ਕਿਧਰੇ ਥਾਂ ਨਹੀਂ। ਅਸਹਿਮਤੀ ਦੇ ਵਿਰੋਧ ਦੇ ਇਕ ਅੱਧ ਵੇਰਵੇ ਤੋਂ ਬਾਅਦ 'ਭਿੰਦਾ' ਕਥਾ ਚਿਤਰਪਟ ਤੋਂ ਹਟਾ ਦਿੱਤਾ ਗਿਆ ਹੈ। ਡੇਰੇਦਾਰ ਜਲੌਰੇ ਦੀ ਰਖੇਲ ਮਹਿਕੂਮ ਭਿੰਦੇ ਦੀ ਪਤਨੀ ਤੇਜੋ ਦੀ ਪ੍ਰੇਰਣਾ ਸਦਕਾ ਵਿਹੜਾ ਡੇਰੇ ਦੇ ਲੜ ਲਗਦਾ ਦੱਸਿਆ ਗਿਆ ਹੈ ਤੇ ਵਿਚੇ ਹੀ ਭਿੰਦਾ ਵੀ। ਬਲਕਿ ਡੇਰੇ ਦੀ ਸੁਧਾਰਵਾਦੀ ਲਹਿਰ ਸਦਕਾ ਨਸ਼ਾ ਰਹਿਤ ਹੋ ਭਿੰਦਾ ਡੇਰੇ ਦੀ ਮਹਿਮਾ ਦਾ ਗਵਾਹ ਬਣਦਾ ਦੱਸਿਆ ਗਿਆ ਹੈ। ਭਿੰਦੇ ਦੇ ਆਪਣੀ ਪਤਨੀ ਤੇ ਜਲੌਰੇ ਦੇ ਨਾਜਾਇਜ਼ ਸੰਬੰਧਾਂ ਵਿਰੋਧ ਰੋਸ ਵਿਦਰੋਹ ਤੇ ਅੰਦਰ ਦੀ ਗਿਲਾਨੀ ਨੂੰ ਕੋਈ ਥਾਂ ਨਹੀਂ। ਇੰਜ ਹੀ ਸ਼ਾਇਦ ਜੁਲਫ਼ੀ ਉਰਫ਼ ਮਿਸ ਨੀਲਮ ਦਾ ਪਾਤਰ ਵੀ ਬੋਲਣਾ ਚਾਹੁੰਦਾ ਹੈ। ਇਸ ਪਾਤਰ ਰਾਹੀਂ ਸਥਾਨਕ ਸਮਾਜ ਵਿਚ ਹਿਜ਼ਰਿਆਂ ਦੀ ਹਾਸ਼ੀਆਗਤ ਸਥਿਤੀ ਤੇ ਉਨ੍ਹਾਂ ਦੇ 'ਸੰਤਾਪ' ਦਾ ਪਰਿਪੇਖ ਜ਼ਰੂਰ ਖੁੱਲ੍ਹਦਾ ਹੈ।

ਔਰਤ ਮਰਦ ਵਿਚਾਲੇ ਨਾਜਾਇਜ਼ ਸੰਬੰਧਾਂ ਦਾ ਵਿਸ਼ਾ ਆਰੰਭ ਤੋਂ ਹੀ ਪੰਜਾਬੀ ਕਹਾਣੀ ਦਾ ਚਹੇਤਾ ਵਿਸ਼ਾ ਰਿਹਾ ਹੈ। ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ 'ਦਾਰੋ ਘਤਿੱਤੀ' , 'ਕੱਚੀ ਇੱਟ' 'ਮਰਦ ਕਣੀ', 'ਪਿਆਸੀ ਨਦੀ' ਇਸੇ ਵਿਸ਼ੇ ਨਾਲ ਸੰਬੰਧਿਤ ਹਨ। 'ਕੱਚੀ ਇੱਟ' ਵਿਚਲੀ ਪਾਲੋ 'ਮਨੀ' ਨਾਲ ਨਾਜਾਇਜ਼ ਸੰਬੰਧਾਂ ਵਿਚ ਹੈ, ਹਰ ਹੀਲੇ 'ਨਸ਼ਰ' ਹੋਣੋਂ ਬਚਦੀ ਹੈ। ਪਤੀ ਗੁਰਮੁਖ ਸਿੰਘ ਜਾਣ ਕੇ ਵੀ ਅਣਜਾਣ ਬਣਿਆ ਹੈ। ਪਰ ਉਸਦੇ ਸਹਿਜ ਬੋਲ 'ਜਾਹ ਤੂੰ ਜਾ ਕੇ ਕੁੰਡਾ ਲਾਇਆ। ਨਾਲੇ ਇੱਟ ਚੁੱਕ ਕੇ ਅੰਦਰ ਰੱਖਦੀਂ... ਐਵੇਂ ਨਾ ਕਿਤੇ ਅਗਲਾ ...।" ਪਤਨੀ ਨੂੰ ਅਸਹਿਜ ਕਰ ਜਾਂਦੇ ਹਨ। ਹੁਣ ਉਹ ਪਤੀ ਸਾਹਵੇਂ ਹੀ ਨਹੀਂ ਖ਼ੁਦ ਸਾਹਵੇਂ



ਵੀ ਬੇਪਰਦ ਹੈ। ਲੁਕਾਵੇ ਤੇ ਭਰਮ ਦੀ ਗੁੰਜਾਇਸ਼ ਨਹੀਂ ਬਚੀ। ਹੁਣ ਉਹ ਸਮਾਜ, ਪਤੀ ਤੇ ਖ਼ੁਦ ਸਾਹਵੇਂ ਕਟਹਿਰੇ 'ਚ ਹੈ। ਘੜੀ ਫੈਸਲੇ ਦੀ ਹੈ। ਮਰਿਯਾਦਾ 'ਚ ਆਉਣ ਦੀ ਜਾਂ ਨਿਲੱਜ ਹੋਣ ਦੀ। ਚੋਣ ਕਿਸੇ ਇਕ ਦੀ ਹੀ ਹੋ ਸਕਦੀ ਹੈ। 'ਦੰਭ' ਹੁਣ ਅੱਗੇ ਨਹੀਂ ਚੱਲਣਾ।

'ਪਿਆਸੀ ਨਦੀ' ਦੀ ਪਾਤਰ ਜਸਪ੍ਰੀਤ ਆਪਣੀ ਦੇਹੀ ਪਿਆਸ ਦੀ ਤ੍ਰਿਪਤੀ ਲਈ ਭਈਏ ਸੁਮੇਰ ਤੱਕ ਰਸਾਈ ਕਰਦੀ ਹੈ। ਪਤੀ ਨਸ਼ੇੜੀ ਹੈ, ਵਿਆਹ ਬਾਹਰੇ ਸੰਬੰਧਾਂ ਵਿਚ ਹੈ ਅਤੇ ਪਤਨੀ ਜਸਪ੍ਰੀਤ ਦੁਆਰਾ ਜ਼ਮੀਨ ਆਪਣੇ ਨਾਂ ਕਰਵਾ ਲੈਣ ਦੇ ਵਿਰੋਧ ਵਿਚ ਉਸ ਨਾਲੋਂ ਸਰੀਰਿਕ ਸੰਬੰਧ ਤੋੜ ਚੁੱਕਾ ਹੈ। ਅਜਿਹੀ ਸਥਿਤੀ ਵਿਚ ਦੇਹੀ ਨਾਦ ਹਮਦਰਦ ਭਈਏ ਤੱਕ ਲੈ ਆਇਆ ਹੈ। ਜਸਪ੍ਰੀਤ ਦੇ ਪੱਖ ਨੂੰ ਹਰ ਪੱਖੋਂ ਜਸਟੀਫਾਈ ਕੀਤਾ ਗਿਆ ਹੈ। 'ਕੱਚੀ ਇੱਟ' ਦਾ ਕਥਾ ਬਿਰਤਾਂਤ ਜਿਥੇ ਪਾਲੋ ਨੂੰ ਅਸਥਿਰ ਕਰਕੇ ਰੁਕ ਰਿਹਾ ਹੈ ਉਥੇ 'ਪਿਆਸੀ ਨਦੀ' ਜਸਪ੍ਰੀਤ ਦੀ ਸੰਤੁਸ਼ਟੀ ਤੇ ਆ ਕੇ ਰੁਕ ਰਹੀ ਹੈ।

"ਤੇ ਹੁਣ ਰੋਜ਼ਾਨਾ ਕੁੱਕੜ ਦੀ ਪਹਿਲੀ ਬਾਂਗ ਨਾਲ ਹਵੇਲੀ 'ਚ ਪਜੇਬਾਂ ਦਾ ਸੰਗੀਤ ਗੂੰਜਦਾ ਹੈ। ਸੁਮੇਰ ਧਾਰਾਂ ਕੱਢਦਾ ਹੈ।" ਸਥਿਤੀ ਸੰਤੁਸ਼ਟੀ ਦੀ ਹੈ। ਬਿਰਤਾਂਤ ਇਥੇ ਹੀ ਸੰਪੂਰਨ ਹੋ ਰਿਹਾ ਹੈ। ਪਰ ਕੀ ਕਥਾ ਸੰਪੂਰਨ ਹੈ? ਆਪਣੇ ਹੀ ਬੱਚੇ ਦੀ ਛੋਹ ਤੋਂ ਪੈਦਾ ਹੋਈ ਕਾਮੁਕਤਾ ਦੇ ਅਹਿਸਾਸ ਕਰਕੇ ਅਪਰਾਧ ਬੋਧ ਨਾਲ ਭਰ ਜਾਣ ਵਾਲੀ ਇਹ ਪਾਤਰ ਇਨ੍ਹਾਂ ਨਾਜਾਇਜ਼ ਸੰਬੰਧਾਂ ਵਿਚ ਕਦ ਤੱਕ ਸੰਤੁਸ਼ਟ ਰਹੇਗੀ? ਅਪਰਾਧ ਬੋਧ ਫਿਲਹਾਲ ਸਥਗਿਤ ਹੈ। ਸੰਤੁਸ਼ਟੀ ਅਜੇ ਸੰਤਾਪ ਵਿਚ ਨਹੀਂ ਬਦਲੀ। ਧਾਰਾਂ ਦੀ ਮਿਠਾਸ ਨੇ ਅਜੇ ਜ਼ਹਿਰ ਬਣਨਾ ਹੈ। ਵਰਤਮਾਨ ਕਹਾਣੀ 'ਤਣਾਓ ਤੋਂ ਤਣਾਓ' ਤੱਕ ਦਾ ਸਫ਼ਰ ਇਸੇ ਸਦਕਾ ਮੰਨੀ ਜਾਂਦੀ ਹੈ। ਪਰ ਇਹ ਕਹਾਣੀ ਸੰਤੁਸ਼ਟਤਾ ਤੇ ਸਮਾਪਤ ਹੋ ਰਹੀ ਹੈ। ਜਦਕਿ ਵਸਤੂ ਸਥਿਤੀ ਵਿਚ ਐਸੀ ਸੰਤੁਸ਼ਤਾ ਆਰਜੀ ਹੈ, ਅੰਤਿਮ ਨਹੀਂ। ਸ਼ਾਇਦ ਬਿਰਤਾਂਤਕਾਰ ਦਾ ਮਨੋਰਥ ਇਥੇ ਹੀ ਸਿੱਧ ਹੋ ਰਿਹਾ ਹੈ।

'ਮਰਦ ਕਣੀ' ਵਿਚ ਵੀ ਔਰਤ ਦੀ ਨਾਜਾਇਜ਼ ਸੰਬੰਧਾਂ ਦੀ ਚਾਹਤ ਨੂੰ ਪਤੀ ਦੇ ਨਸੇੜੀ ਹੋਣ ਤੇ ਘਰ ਦਾ ਨਿਰਬਾਹ ਨਾ ਚਲਾ ਸਕਣ ਦੀ ਸਥਿਤੀ ਵਿਚ ਮਜਬੂਰੀ ਦਾ ਤਰਕ ਦੇ ਕੇ ਜਾਇਜ਼ ਠਹਿਰਾਉਣ ਤੇ ਬਲ ਹੈ। ਨੈਤਿਕ ਵਿਧਾਨ ਬਦਲ ਰਿਹਾ ਹੈ, "ਔਰਤ ਉਹੀ ਸਿਆਣੀ ਹੁੰਦੀ ਆ। ਜਿਹੜੀ ਸੱਪ ਵੀ ਮਾਰੇ ਤੇ ਸੋਟਾ ਵੀ ਨਾ ਟੁੱਟਣ ਦੇਵੇ।'

ਸਮਾਜ ਸਾਂਸ਼ਕ੍ਰਿਤਿਕ ਨਜ਼ਰੀਏ ਤੋਂ ਇਹ ਤ੍ਰੀਆ ਚਰਿਤਰ ਹੈ ਜੋ ਸੱਸ ਨੂੰਹ ਨੂੰ ਸਿਖਾ ਰਹੀ ਹੈ। ਸਮੁੱਚੇ ਬਿਰਤਾਂਤ ਵਿਚ ਮੇਲੋ ਕਿਧਰੇ ਵੀ ਘਰ ਦੇ ਨਿਰਬਾਹ ਲਈ ਮਿਹਨਤ ਮਜ਼ਦੂਰੀ ਕਰਕੇ ਪਤੀ ਦਾ ਸਾਥ ਦੇਣ ਬਾਰੇ ਨਹੀਂ ਸੋਚਦੀ ਉਹ ਜਾਂ ਪੇਕਿਆਂ ਤੋਂ ਮੰਗਦੀ ਹੈ ਜਾਂ ਆਪਣੀ ਦੇਹ ਦਾ ਮੁੱਲ ਵੱਟਦੀ ਹੈ। ਨਵ-ਪੂੰਜੀਵਾਦ ਦੇ ਵਰਤਮਾਨ ਵਰਤਾਰੇ ਵਿਚ ਉਂਜ ਵੀ ਕਿਰਤ ਨਾਲ ਦੇਹ ਦਾ ਮੁੱਲ ਵਧੇਰੇ ਪੈ ਰਿਹਾ ਹੈ। ਔਰਤ ਦੀ ਦੇਹ ਦਾ ਵਸਤੂ ਰੂਪ ਇਹ ਘਟਿਤ ਹੋਣਾ ਨਵ ਪੂੰਜੀਵਾਦ ਦੇ ਵਰਸੋਏ ਬਜ਼ਾਰ ਨੂੰ ਮੁਆਫ਼ਕ ਹੈ। ਇਹ 'ਖੇਡ' ਬਾਜ਼ਾਰ ਦੀ ਚੂਲ ਸਾਬਤ ਹੋ ਰਹੀ ਹੈ, ਬਾਜ਼ਾਰ ਦੇ ਚੱਲਣ ਵਿਚ ਹੀ ਮੁਨਾਫ਼ਾ ਹੈ। ਮੇਲੋ ਵੀ ਜੀਤੇ ਰਾਹੀਂ ਕਈਆਂ ਤੱਕ ਪਹੁੰਚਦੀ ਹੈ। ਹਰ ਧਿਰ ਰਾਜ਼ੀ ਹੈ, ਅੜਚਣ ਸਮਾਜਕ ਮੂੰਹ ਮੁਲਾਹਜ਼ੇ ਦੀ ਹੈ। ਪਤੀ, ਵਿਵਸਥਾ ਦੀ ਮਾਰ ਝੱਲਦਾ ਜੇਕਰ ਘਰ ਦਾ ਨਿਰਬਾਹ ਪੂਰੀ ਤਰ੍ਹਾਂ ਨਹੀਂ ਕਰ ਪਾਉਂਦਾ ਤਾਂ ਉਸਦਾ ਪਤਨੀ ਨੂੰ ਵਰਜਣਾ ਵੀ ਬਿਰਤਾਂਤਕਾਰ ਤੇ ਉਸਦੇ ਪਾਤਰਾਂ ਦੀ ਨਜ਼ਰ ਵਿਚ 'ਮਰਦ ਹਉਮੈ' ਨੂੰ ਪੱਠੇ ਪਾਉਣ ਲਈ ਰਚੇ ਡਰਾਮੇ ਤੋਂ ਵੱਧ ਕੁਝ ਨਹੀਂ। ਬੇਸ਼ੱਕ ਪਤੀ ਇਸ ਡਰਾਮੇ ਦਾ ਇਕ ਪਾਤਰ ਹੈ, ਪਰ ਬਿਰਤਾਂਤਕਾਰ ਇਸ ਇਕੱਲੇ ਉੱਤੇ ਸਭ ਦੋਸ਼ ਥੋਪ ਰਿਹਾ ਹੈ। ਵਿਅਕਤੀ ਤੋਂ ਵਿਵਸਥਾ ਤੱਕ ਨਹੀਂ ਪਹੁੰਚਿਆ ਗਿਆ। ਮੇਲੋ ਦੇ ਚਲਣ ਨੂੰ ਹਰ ਹੀਲ

ਜਾਇਜ਼ ਠਹਿਰਾਉਣ ਦਾ ਯਤਨ ਹੈ ਪਰ ਬਿਰਤਾਂਤ ਅੰਦਰਲੇ ਵੇਰਵੇ ਮੇਲੋ ਦੀ ਚੁਗਲੀ ਕਰਦੇ ਹਨ, "ਮੇਲੋ ਦੀ ਚਾਲ ਢਾਲ ਬੁੱਲ੍ਹ ਤੇ ਅੱਖਾਂ ਲੋਹੜੇ ਮਾਰੀਆਂ ਸੀ। ਉਹ ਸੁਰਮਾ ਪਾਉਣ ਤੇ ਮਟਕਾਉਣਾ ਜਾਣਦੀ ਸੀ। ਉਹ ਅੱਖਾਂ ਨਾਲ ਗੱਲਾਂ ਕਰਦੀ ਸੀ। ਪੈਰਾਂ ਨਾਲ ਪਤਾਸੇ ਭੋਰਦੀ ...ਮੁੰਡਿਆ ਨੂੰ ਖੁਸ਼ ਰੱਖਣਾ ਜਾਣਦੀ ਸੀ। ... ਗੱਭਰੂਆਂ ਦੀ ਜਾਨ ਕੱਢ ਲੈਣ ਵਾਲਾ ਨਖ਼ਰਾ।"

ਸੰਕੇਤ ਇਹ ਵੀ ਮਿਲਦੇ ਹਨ ਕਿ ਉਸਦੇ ਅੰਦਰ ਦਾ ਸ਼ੈਤਾਨ ਉਸਨੂੰ ਕਦੋਂ ਤੋਂ ਪੁੱਠੇ ਪਾਸੇ ਪ੍ਰੇਰਦਾ। ਜੇ 'ਪੁੱਠੇ' ਪਾਸੇ ਨਾਲ ਸਭ ਕੁਝ ਪ੍ਰਾਪਤ ਹੋ ਰਿਹਾ ਹੈ ਤਾਂ ਮੇਲੋ ਕਿਰਤ ਵੱਲ ਕਿਉਂ ਜਾਵੇ? ਕਿਰਤ ਜਿਸ ਤੋਂ ਹੁਣ ਪੂਰਾ ਨਹੀਂ ਪੈਦਾ। ਇਹ ਨਵ ਪੂੰਜੀਵਾਦੀ ਵਿਵਸਥਾ ਨੂੰ ਮੁਆਫਕ ਸਥਿਤੀ ਹੈ। ਅਤੇ ਇਹ ਹੈ ਨਵ ਪੂੰਜੀਵਾਦੀ ਸਾਂਚੇ ਵਿਚ ਢਲੀ ਉਪਭੋਗੀ ਮਾਨਸਿਕਤਾ। ਮਸਲੇ ਦੀ ਗੁੰਝਲ ਨੂੰ ਮੇਲੋ ਦਾ ਪਿਤਾ ਬਿਹਤਰ ਸਮਝਦਾ ਹੈ,

"ਇਸ ਪਦਾਰਥਵਾਦੀ ਯੁੱਗ 'ਚ ਮੋਹ ਮਮਤਾ ਅਤੇ ਪਵਿੱਤਰ ਰਿਸ਼ਤੇ ਜਮਾਂ ਈ ਨਕਾਰਾ ਹੋ ਕੇ ਰਹਿ ਗਏ ਨੇ। ਸ਼ਾਇਦ ਅੱਜ ਦੀ ਇਹ ਸਭ ਤੋਂ ਵੱਡੀ ਤ੍ਰਾਸਦੀ ਹੈ।"

ਵਰਤਮਾਨ ਵਿਵਸਥਾ ਵਿਚ ਨਿਮਨ ਸ਼੍ਰੇਣੀਆਂ ਦੀ ਕਿਰਤ ਦੀ ਹੁੰਦੀ ਲੁੱਟ ਉਨ੍ਹਾਂ ਦੇ ਸਮਾਜਕ ਆਰਥਿਕ ਸੰਕਟਾਂ ਨਾਲ ਸੰਬੰਧਿਤ ਵਿਸ਼ਿਆਂ ਨੂੰ ਕਹਾਣੀਕਾਰ ਨੇ ਹੋਰਨਾਂ ਦੇ ਮੁਕਾਬਲੇ ਬਿਹਤਰ ਵਿਚਾਰਧਾਰਕ ਸਪੱਸ਼ਟਤਾ ਤੇ ਕਲਾਤਮਕ ਸੂਝ ਨਾਲ ਸਿਰਜਿਆ ਹੈ। ਜੇਕਰ 'ਉਮੀਦਾਂ ਦੀ ਮੌਤ' ਵਿਚ ਪਿੰਡ ਪੱਧਰ ਤੇ ਨਿਮਨ ਸ਼੍ਰੇਣੀ ਦੇ ਕਿਰਤੀ ਦੀ ਲੁੱਟ ਪਿੰਡ ਦੀ ਰਾਜਸੀ ਆਰਥਿਕ ਸਮਾਜਿਕ 'ਸੱਤਾ' ਤੇ ਕਾਬਜ 'ਜੱਟ ਕਿਸਾਨ' ਧਿਰ ਕਰਦੀ ਹੈ ਤਾਂ 'ਪੈੜਾਂ' ਵਿਚ ਇਹ ਲੁੱਟ 'ਠੇਕੇਦਾਰ' ਧਿਰ ਕਰ ਰਹੀ ਹੈ। 'ਉਮੀਦਾਂ ਦੀ ਮੌਤ' ਦਾ ਗਲਪ ਬਿੰਬ ਦੱਸਦਾ ਹੈ ਕਿ ਦਲਿਤ ਅਨੁਭਵ ਵਿਚ 'ਜੱਟ' , 'ਸੱਪ' ਕਿਉਂ ਹੈ। ਇਹ ਕਹਾਣੀ ਪਿੰਡ ਪੱਧਰ ਦੀ 'ਸੱਤਾ' ਤੇ ਕਾਬਜ਼ 'ਜੱਟ ਕਿਸਾਨ' ਧਿਰ ਵਲੋਂ ਦਲਿਤ ਕਾਮਿਆਂ ਦੇ ਆਰਥਿਕ ਸ਼ੋਸ਼ਣ ਦਾ ਪ੍ਰਵਚਨ ਸਿਰਜਦੀ ਹੈ। 'ਬੀਰੇ' ਦੀ ਇਹ ਬੋਲ ਪੇਂਡੂ ਜੱਟ ਕਿਸਾਨ ਦੇ ਖੁੱਲ ਦਿਲੇ ਮਾਨਵੀ, ਹਮਦਰਦ ਹੋਣ ਦੇ 'ਮਿਥਿਕ ਬਿੰਬ' ਨੂੰ ਤੋੜ ਜਾਂਦੇ ਹਨ,

"ਮੈਂ ਬਿਸ਼ਨੇ ਕਿਆਂ ਨਾਲ ਕੰਮ ਤੇ ਨੀਂ ਲੱਗਣਾ, ਉਹ ਕਸਾਈਆਂ ਵਾਂਗੂੰ ਕੰਮ ਲੈਂਦਾ, ਤੇ ਪੈਸਾ ਧੇਲਾ ਦੇਣ ਲੱਗਾ ਊਂ ਜਮਾਂ ਈ ਮਰ ਜਾਂਦੈ, ਤੇ ਨਾਲੇ ਉਹ ਕਾਮਿਆਂ ਨੂੰ ਰੋਟੀ ਟੁੱਕ ਕੈਦੀਆਂ ਨਾਲੋਂ ਵੀ ਭੈੜੀ ਦਿੰਦੈ।

'ਸੋਸ਼ਣ' ਤੇ 'ਧੱਕੇ' ਖਿਲਾਫ਼ ਸਮੁੱਚੇ ਪ੍ਰਬੰਧ ਵਿਚ ਕਿਧਰੇ ਕੋਈ ਨਿਆ ਨਹੀਂ। ਸਰਪੰਚ ਜਾਤੀਗਤ ਤੇ ਰਾਜਸੀ ਸਮੀਕਰਨਾਂ ਦੇ ਚਲਦੇ 'ਪੱਲਾ' ਨਹੀਂ ਫੜਾਉਂਦਾ ਅਤੇ ਸਰਪੰਚ ਦੇ ਇਹ ਬੋਲ ਕਿ ਜੇ ਠਾਣੇ ਜਾਨੇ ਆ ਉਨੇ ਉੱਤੇ ਲਗ ਜਾਣੇ ਆ।" ਸਮੁੱਚੇ ਪ੍ਰਬੰਧ ਵਿਚ ਨਿਆ ਪ੍ਰਾਪਤੀ ਦੇ ਨੰਗੇ ਸੱਚ ਨੂੰ ਸਾਹਵੇਂ ਲਿਆ ਧਰਦੇ ਹਨ। ਇਸ ਅਨਿਆਂ ਦਾ ਟਾਕਰਾ 'ਜਾਤੀ ਏਕਤਾ' ਤੇ ਰਾਜਸੀ ਚੇਤਨਾ ਰਾਹੀਂ ਕੀਤੇ ਜਾਣ ਵੱਲ ਸੰਕੇਤ ਕੀਤਾ ਗਿਆ ਹੈ। ਵਰਤਮਾਨ ਸਮੇਂ ਵਿਚ ਜਦ 'ਸੱਤਾ' ਤੇ ਕਾਬਜ਼ ਧਿਰਾਂ ਵਿਸ਼ਵੀਕਰਨ ਉਦਾਰੀਕਰਨ, ਨਿੱਜੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਕੇ ਵਿਕਾਸ ਦੇ ਦਾਅਵੇ ਕਰਦੀਆਂ ਨਹੀਂ ਥੱਕਦੀਆਂ ਅਜਿਹੇ ਵਿਚ ਆਬਾਦੀ ਦਾ ਵੱਡਾ ਭਾਗ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਵੀ ਵਿਰਵਾ ਹੈ। 'ਚਿੰਤਾ' ਕਹਾਣੀ ਦਾ ਪਾਤਰ 'ਗੇਜੂ' ਵਿਆਹ ਵਾਲੇ ਘਰੋਂ ਲਿਆਂਦੇ 'ਬਾਸੀ' ਫੁਲਕੇ ਖਾ ਕੇ ਸੌਂ ਜਾਣ ਦੀ ਉਮੀਦ ਵਿਚ ਹੈ ਪਰ ਆਟੇ ਦਾ ਸੱਖਣਾ ਪੀਪਾ' ਤੇ ਅਗਲੇ ਦਿਨ ਦਿਹਾੜੀ ਲੱਗਣ ਨਾ ਲੱਗਣ ਦੀ ਅਨਿਸ਼ਚਿਤਤਾ 'ਨੀਂਦ' ਕਿਵੇਂ ਆਉਣ ਦੇਵੇ? ਰੋਜ਼ੀ ਰੋਟੀ ਦੀ ਚਿੰਤਾ ਏਨੀ ਡਾਢੀ ਹੈ ਕਿ 'ਅਵਚੇਤਨ' ਵਿਚ 'ਧਸ' ਚੁੱਕੀ ਹੈ। ਗੇਜੂ ਦਿਹਾੜੀਦਾਰ ਕਾਮਾ ਹੈ ਤੇ ਉਸਦੀ ਪਤਨੀ ਛਿੰਨੋ ਉਸਦਾ ਸਾਥ ਦੇਣ ਲਈ ਲੋਕਾਂ ਦੇ ਘਰੀਂ ਕੰਮ ਕਰਦੀ ਹੈ ਦੂਜੇ ਪਾਸੇ 'ਮਰਦ ਕਨੀ' ਵਿਚ 'ਮੇਲੋ' ਇਸੇ ਸਥਿਤੀ ਵਿਚ ਆਪਣੀ ਦੇਹ ਨੂੰ ਬਜ਼ਾਰ ਲਈ 'ਵਸਤੂ' ਬਣਾ ਦੇਂਦੀ ਹੈ। ਦੋਹਾਂ ਪਾਤਰਾਂ ਨੂੰ



ਤੁਲਨਾਤਮਕ ਪਰਿਪੇਖ ਵਿਚ ਵਿਚਾਰਿਆ ਜਾਣਾ ਬਣਦਾ ਹੈ।

'ਪੈੜਾਂ' ਕਹਾਣੀ ਆਰਥਿਕ ਸੰਕਟਾਂ 'ਚ ਜੂਝਦੇ ਦਿਹਾੜੀਦਾਰ ਕਾਮੇ ਦੇ ਕਿਰਤੀ ਤੋਂ ਦਾਰੋ ਲੁਟੇਰੇ ਵਿਚ ਵਟਣ ਦਰਮਿਆਨ ਵਰਤਦੇ ਵਰਤਾਰੇ ਤੇ ਫੋਕਸ ਕਰਦੀ ਹੈ। ਨਿਮਨ ਧਿਰ ਦੇ ਦਿਹਾੜੀਦਾਰ ਨੂੰ ਘਰ ਦੀ ਗਰੀਬੀ, ਬਦਹਾਲੀ ਦੀ ਸਥਿਤੀ ਵਿਚ ਜਦ ਦਿਹਾੜੀ ਨਹੀਂ ਮਿਲਦੀ ਤਾਂ ਰੋਸ ਆਕ੍ਰੋਸ਼ ਦੇ ਰਲੇ ਮਿਲੇ ਭਾਵਾਂ ਵਿਚ ਉਹ ਰਾਤ ਨੂੰ 'ਲੁੱਟ ਖੋਹ' ਕਰਨ ਦਾ ਇਰਾਦਾ ਧਾਰਦਾ ਹੈ। ਕਹਾਣੀ ਮਜ਼ਦੂਰ ਯੂਨੀਅਨਾਂ ਦੇ ਅੰਦਰਲੇ ਵਿਰੋਧਾਂ ਸੰਘਰਸ਼ਾਂ ਦੀ ਨਿਹਫਲਤਾ ਕਿਰਤੀਆਂ ਦੇ 'ਪ੍ਰਤਿਨਿਧਾਂ' ਦੁਆਰਾ ਠੇਕੇਦਾਰਾਂ ਨਾਲ ਮਿਲਕੇ ਨਿੱਜੀ ਸਵਾਰਥਾਂ ਨੂੰ ਪਹਿਲ ਦੇਣ, 'ਠੇਕੇਦਾਰਾਂ' ਦੇ ਹੱਥ ਠੋਕੇ ਬਣਨ ਅਤੇ ਅਜਿਹੀ ਸਾਜਿਸ਼ ਵਿਚ 'ਜੰਟੇ' ਜਿਹਿਆਂ ਨੂੰ 'ਦਿਹਾੜੀ' ਨਾ ਮਿਲਣ ਦੇ ਵਿਤਕਰੇ ਭਰੇ ਵਰਤਾਰੇ ਨੂੰ ਸਿਰਜਦੀ ਹੈ। ਪੂੰਜੀਵਾਦ ਕੇਵਲ ਵਿਵਸਥਾ ਨਹੀਂ ਰਿਹਾ, ਮਾਨਸਿਕਤਾ ਬਣ ਗਿਆ ਹੈ। ਅਜਿਹੇ ਵਿਚ ਪਿਛਲੱਗਾਂ ਨੂੰ ਟੁੱਕੜ ਪਾ ਦਿੱਤਾ ਜਾਂਦਾ ਹੈ, ਗੁਗਨੀ ਕੱਬੇ ਜਿਹੇ ਜਥੇਬੰਦੀ ਤੇ ਕਿਰਤੀਆਂ ਪ੍ਰਤਿ ਸੁਹਿਰਦ, ਦਲੇਰ ਤੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਸਰਕਾਰੀ ਮਸ਼ੀਨਰੀ ਹੱਥੋਂ ਜਾਨ ਗਵਾ ਬੈਠਦੇ ਹਨ ਅਤੇ ਉਸਦੀਆਂ ਪੈੜਾਂ ਤੇ ਚੱਲਣ ਵਾਲੇ ਜੰਟੇ ਮਹੁਰੇ ਜਿਹੇ 'ਸੰਗਠਨ' ਤੇ 'ਸੇਧ' ਦੀ ਅਣਹੋਂਦ ਵਿਚ ਵਿਵਸਥਾ ਦੇ ਵਿਰੋਧ ਹਿੱਤ ਤੇ ਗੁਰਬਤ ਨਾਲ ਨਜਿੱਠਣ ਹਿੱਤ ਲੁੱਟ ਖੋਹ ਕਰਨ ਲਈ ਮਜਬੂਰ ਕਰ ਦਿੱਤੇ ਜਾਂਦੇ ਹਨ। ਅਵਚੇਤਨ ਵਿਚ ਪਿਆ ਜੱਗਾ ਡਾਕੂ ਜੀਅ ਉੱਠਦਾ ਹੈ। ਪਰ ਨਤੀਜਾ ਕੀ ਹੋਵੇਗਾ? ਸੰਭਾਵਿਤ ਰੂਪ ਵਿਚ ਜੱਗੇ ਵਾਲਾ ਤੇ ਗੁਗਨੀ ਕੱਬੇ ਵਾਲਾ ਇਸ ਰਾਹ ਤੇ ਚਲਦਿਆਂ ਵਿਵਸਥਾ ਨੇ 'ਜਿੱਤ' ਲਈ ਰਾਹ ਨਹੀਂ ਦੇਣਾ ਪਰ ਇਸ ਸੰਘਰਸ਼ ਵਿਚ 'ਗੌਰਵ' ਜ਼ਰੂਰ ਹੈ।

ਊਂ ਮਰਨ ਨੂੰ ਭਾਵੇਂ ਮਰ ਗਿਆ, ਗੁਗਨੀ। ਊਂ ਕੇਰਾਂ ਤਾਂ ਛੱਡ ਗਿਆ, ਧਰਤੀ ਤੇ ਪੈੜਾਂ ਆਪਣੀਆਂ ਪੈੜਾਂ ਦੇ ਨਿਸ਼ਾਨ। ਵਾਹ! ਉਏ ਸ਼ੇਰਾ!!"

ਜੇਕਰ ਵਿਵਸਥਾ ਆਪਣੇ ਮਾਰੂ ਰੂਪ ਵਿਚ ਬਰਕਰਾਰ ਹੈ ਤਾਂ ਵਿਰੋਧ ਦੀਆਂ ਪੈੜਾਂ' ਵੀ ਅਮਿੱਟ ਹਨ।

ਇਸ ਕਹਾਣੀ ਤੱਕ ਆਉਂਦਿਆਂ ਕਹਾਣੀਕਾਰ ਦੀ ਕਲਾਤਮਕ ਸੂਝ ਵੀ ਵਧਦੀ ਹੈ। 'ਦਾਰੋ ਘਤਿੱਤੀ' 'ਮਮਤਾ 'ਚ ਖੋਟ ਨਹੀਂ ਹੁੰਦੀ' ਜਿਹੀਆਂ ਕਹਾਣੀਆਂ ਵਿਚ ਪਿੱਛਲਝਾਤ ਤੇ ਚੇਤਨਾ ਪ੍ਰਵਾਹ ਦੀ ਜੁਗਤ ਵਰਤ ਜ਼ਰੂਰ ਹੋਈ ਹੈ ਪਰ ਇਨ੍ਹਾਂ ਵਿਚ ਚੇਤਨਾ ਦਾ ਪ੍ਰਵਾਹ 'ਅਖੰਡ' ਚੱਲਦਾ ਹੈ। ਜਦਕਿ 'ਪੈੜਾਂ' ਵਿਚ ਇਹ ਪ੍ਰਵਾਹ ਖੰਡ ਖੰਡ ਹੋ ਕੇ ਤੁਰਦਾ ਹੈ। ਬਾਹਰੀ ਪ੍ਰੇਰਕ ਉਸਨੂੰ 'ਅੰਤਰਮੁਖੀ' ਬਣਾਉਂਦੇ ਉਸਦੀ ਚੇਤਨਾ ਨੂੰ ਪ੍ਰਵਾਹਮਾਨ ਕਰਦੇ ਹਨ ਅਤੇ ਫਿਰ ਕਿਸੇ 'ਬਾਹਰੀ' ਵਜਹ ਕਰਕੇ ਸੁਰਤੀ ਟੁੱਟਦੀ ਹੈ।

ਸਮੁੱਚੇ ਸੰਗ੍ਰਹਿ ਵਿਚ ਜੇਕਰ ਕੁਝ ਵਧੇਰੇ 'ਅੱਖੜਦਾ' ਹੈ ਤਾਂ ਉਹ ਬਿਰਤਾਂਤਕਾਰ ਦੀ ਬਿਰਤਾਂਤ ਵਿਚ ਵਾਰ ਵਾਰ ਸਿੱਧੀ ਦਖ਼ਲ ਅੰਦਾਜ਼ੀ। ਕਥਾ ਬਿਰਤਾਂਤ ਤੇ ਪਾਤਰ ਆਪਣੀ 'ਸੁਭਾਵਿਕਤਾ ਤੇ ਵਿਲੱਖਣਤਾ ਵਿਚ ਚੱਲਣਾ ਚਾਹੁੰਦੇ ਪ੍ਰਤੀਤ ਹੁੰਦੇ ਹਨ ਪਰ ਬਿਰਤਾਂਤਕਾਰ ਜਿਵੇਂ 'ਜਬਰੀ' ਖਿਚ ਕੇ ਉਨ੍ਹਾਂ ਨੂੰ ਨਿਰਧਾਰਿਤ ਆਸ਼ੇ' ਤੇ ਲਿਆ ਰਿਹਾ ਹੋਵੇ। ਪਾਤਰਾਂ ਦੀ 'ਵਾਰਤਾਲਾਪ' ਵੀ 'ਸਹਿਜ' ਰੂਪੀ ਨਹੀਂ ਰਹਿ ਜਾਂਦੀ। 'ਪਿਆਸੀ ਨਦੀ' ਦੀ ਪਾਤਰ ਜਸਪ੍ਰੀਤ ਜਦ ਜਸਵੰਤ ਨੂੰ ਬਘਿਆੜ ਬਣ ਟੱਕਰਦੀ ਹੈ ਤਾਂ ਉਸਦੀ ਵਾਰਤਾਲਾਪ ਸੁਭਾਵਿਕ ਅਕ੍ਰੋਸ਼ ਤੇ ਰੋਸ ਵਾਲੀ ਘੱਟ ਤੇ ਬਿਰਤਾਂਤਕਾਰ ਦੇ 'ਵਿਚਾਰਧਾਰਕ ਪ੍ਰਵਚਨ' ਦੀ ਸਿਰਜਕ ਵਧੇਰੇ ਲਗਦੀ ਹੈ। ਕਹਾਣੀਕਾਰ ਕੋਲ ਵਸਤੂ ਯਥਾਰਥ ਦੇ ਅਨੁਭਵ ਦਾ ਖ਼ਜ਼ਾਨਾ ਹੈ, ਲੋੜ ਵਿਚਾਰਧਾਰਕ ਪੱਧਰ ਤੇ ਵਧੇਰੇ 'ਸਪੱਸ਼ਟ' ਹੋਣ ਤੇ ਕਲਾਤਮਕ ਨਿਪੁੰਨਤਾ ਦੀ ਹੈ।

# ਜ਼ਿੰਦਗੀ ਦੇ ਮੇਲੇ (ਬੂਟਾ ਸਿੰਘ ਸ਼ਾਦ) -ਡਾ. ਬਲਦੇਵ ਸਿੰਘ 'ਬੱਦਨ'




ਕਹਾਣੀ ਤੇ ਨਾਵਲੀ ਵਿਧਾ ਵਿੱਚ ਇਕੋ ਜਿਹੀ ਪੈੜ ਰੱਖਣ ਵਾਲੇ ਬੂਟਾ ਸਿੰਘ ਸ਼ਾਦ ਦੀ ਨਵੀਨ ਪੁਸਤਕ 'ਜ਼ਿੰਦਗੀ ਦੇ ਮੇਲੇ' ਇਕ ਤਰ੍ਹਾਂ ਨਾਲ ਉਨ੍ਹਾਂ ਦੇ ਆਪਣੇ ਜੀਵਨ ਵਿੱਚ ਘਟ ਚੁੱਕੀਆਂ ਘਟਨਾਵਾਂ ਤੇ ਯਾਦਾਂ ਨਾਲ ਸੰਬੰਧਿਤ ਹਨ। ਬੂਟਾ ਸਿੰਘ ਸ਼ਾਦ ਨੇ ਆਪਣੇ ਬਚਪਨ ਤੇ ਜਵਾਨੀ ਦੇ ਅਰੰਭਕ ਦਿਨਾਂ ਦੀ ਇਕ ਤਰ੍ਹਾਂ ਪਾਠਕਾਂ ਨਾਲ ਸਾਂਝ ਪੁਆਈ ਹੈ। ਇਸ ਵਿੱਚ ਉਸ ਨੇ ਚੋਣਵੀਆਂ ਦਸ ਘਟਨਾਵਾਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਦੀ ਚੋਣ ਬੜੀ ਢੁੱਕਵੀਂ ਤੇ ਸਾਰਥਕ ਇਸ ਕਰਕੇ ਵੀ ਜਾਪਦੀ ਹੈ ਕਿਉਂਕਿ ਹਰ ਘਟਨਾ ਇਕ ਨਵਾਂ ਸੰਦੇਸ਼ ਦੇਂਦੀ ਹੈ। ਨਾਲ ਹੀ ਇਨ੍ਹਾਂ ਰਾਹੀਂ ਲੇਖਕ ਉਸ ਵੇਲੇ ਦੇ ਮਾਹੌਲ ਤੇ ਜੀਵਨ ਨੂੰ ਵੀ ਦਰਸਾਉਂਦਾ ਜਾਂਦਾ ਹੈ। ਹਰ ਘਟਨਾ ਵਿੱਚ ਪੇਸ਼ ਪਾਤਰ ਆਪਣੀ ਹੀ ਕਿਸਮ ਦਾ ਕਿਰਦਾਰ ਹੈ, ਜੋ ਸਾਦਗੀ ਭਰਪੂਰ ਹੋਣ ਦੇ ਨਾਲ ਨਾਲ ਉੱਚੇ ਸੁੱਚੇ ਨੈਤਿਕ ਮੁੱਲਾਂ ਆਦਰਸ਼ਾਂ ਦਾ ਧਾਰਨੀ ਵੀ ਜਾ ਬਣਿਆ ਹੈ। ਇਨ੍ਹਾਂ ਕਿਰਦਾਰਾਂ ਵਿੱਚ ਅਤਿਕਥਨੀ ਇਸ ਕਰਕੇ ਪ੍ਰਤੀਤ ਨਹੀਂ ਹੁੰਦੀ, ਕਿਉਂਕਿ ਜਿਸ ਸਮੇਂ ਦੀਆਂ ਇਹ ਘਟਨਾਵਾਂ ਬਾਤ ਪਾਉਂਦੀਆਂ ਹਨ ਉਸ ਸਮੇਂ ਵਿਚ ਉਹੋ ਜਿਹੇ ਹੀ ਮਨੁੱਖ ਵਸਦੇ ਸਨ। ਜਿਹੜੇ ਧਰਮ ਵਿੱਚ ਹੀ ਨਹੀਂ ਮਾਨਵਤਾ ਵਿੱਚ ਯਕੀਨ ਰਖਦੇ ਸਨ। ਇਨ੍ਹਾਂ ਪੁਸਤਕਾਂ ਰਾਹੀਂ ਲੇਖਕ ਦੇ ਬਾਬਾ, ਬਾਪੂ, ਮਾਂ, ਛੋਟੇ ਭਰਾ ਤੇ ਪਿੰਡ ਦੇ ਹੋਰ ਕਈ ਲੋਕਾਂ ਆਦਿ ਬਾਰੇ ਵੀ ਪਤਾ ਲੱਗਦਾ ਹੈ।

'ਉੱਠ ਗਏ ਗੁਆਂਢੋ ਯਾਰ' ਵਿੱਚ ਲੇਖਕ ਆਪਣੇ ਦਾਦਾ ਜੀ ਦਾ ਜ਼ਿਕਰ ਕਰਦਾ ਹੈ ਜੋ ਸੱਚੇ-ਸੁੱਚੇ ਇਨਸਾਨ ਸਨ। ਸਿੱਖੀ ਅਸੂਲਾਂ ਵਿੱਚ ਯਕੀਨ ਰੱਖਣ ਵਾਲੇ ਤੇ ਮਿਠ ਬੋਲੜਾ ਹੋਣ ਕਾਰਣ ਵੱਡੇ ਨਿੱਕੇ ਸਾਰਿਆਂ ਵਲੋਂ ਸਤਿਕਾਰ ਪਾਉਂਦੇ ਸਨ। ਵੰਡ ਦੇ ਤਿੰਨ ਸਾਲ ਮਗਰੋਂ ਆਪਣੇ ਪਿੰਡ ਵਿਚੋਂ ਮੁਸਲਮਾਨ ਵੀਰਾਂ ਦੇ ਚਲੇ ਜਾਣ ਨੇ ਹੋਰ ਬਜ਼ੁਰਗਾਂ ਵਾਂਗ ਉਸ ਦੇ ਬਾਬੇ ਨੂੰ ਵੀ ਉਦਾਸ ਕਰ ਦਿੱਤਾ ਸੀ। ਪੁਸਤਕ ਵਿੱਚ ਲੇਖਕ ਬਾਬੇ ਦੇ ਆਖਰੀ ਸਮੇਂ ਨਾਲ ਜੁੜੀ ਇਕ ਘਟਨਾ ਦਾ ਬਿਆਨ ਕਰਦਾ ਹੈ, ਜਦੋਂ ਇਕ ਦਿਨ ਉਸ ਦੇ ਬਾਬੇ ਨੇ ਉਸ ਦੇ ਬਾਪੂ ਨੂੰ ਦੁਪਹਿਰ ਵੇਲੇ ਰੋਟੀ ਨਾ ਖਾਣ ਦਿੱਤੀ ਕਿ ਉਹ ਜਾ ਕੇ ਪਹਿਲਾਂ ਕਿਸ਼ੋਰ ਮੱਲ ਦਾ ਹਿਸਾਬ ਚੁਕਤਾ ਕਰ ਕੇ ਖਾਤੇ ਵਿਚ ਉਸ ਕੋਲੋਂ ਰਕਮ ਪ੍ਰਾਪਤੀ ਦੀ ਝਰੀਟ ਪੁਆ ਲਿਆਵੇ। ਬਾਬੇ ਦੀ ਅਜਿਹੀ ਹੜਬੜੀ ਨੇ ਬਾਪੂ ਤੇ ਕਿਸ਼ੋਰ ਮੱਲ ਨੂੰ ਹੈਰਾਨੀ ਵਿੱਚ ਪਾ ਦਿੱਤਾ ਉਹ ਸਮਝ ਗਏ, ਕੋਈ ਗੱਲ ਜ਼ਰੂਰ ਹੈ। ਜਦੋਂ ਕਿਸ਼ੋਰ ਮੱਲ ਨੇ ਆ ਕੇ ਬਾਬੇ ਦੇ ਕੰਨ ਵਿੱਚ ਰਕਮ ਪ੍ਰਾਪਤੀ ਬਾਰੇ ਦੱਸਿਆ ਤਾਂ ਬਾਬੇ ਨੇ ਪ੍ਰਾਣ ਤਿਆਗ ਦਿੱਤੇ। ਬਾਬਾ ਮਰਦੇ ਹੋਏ ਵੀ ਨਹੀਂ ਚਾਹੁੰਦਾ ਸੀ ਕਿ ਉਹ ਕਿਸੇ ਦਾ ਉਧਾਰ ਦਿੱਤੇ ਬਿਨ੍ਹਾਂ ਮਰ ਜਾਏ। ਇਸੇ ਤਰ੍ਹਾਂ ਉਹ ਆਪਣੇ ਬਾਪੂ ਬਾਰੇ ਇਕ ਘਟਨਾ ਵਿੱਚ ਦੱਸਦਾ ਹੈ, ਜਦੋਂ ਉਨ੍ਹਾਂ ਦੇ ਪਿੰਡ ਦੇ ਮਹਿਰੇ ਨੇ ਦੱਸਿਆ ਕਿ ਉਸ ਦੇ ਪੁੱਤਰ ਦਾ ਵਿਆਹ ਧਰਿਆ ਗਿਆ ਹੈ, ਪਰ ਘਰ ਭੰਗ ਭੁਜਦੀ ਹੈ ਤਾਂ ਬਾਪੂ ਨੇ ਕਿਹਾ, ਕੁੜੀਆਂ ਨੂੰ ਕਹੋ 'ਗੀਤ ਗਾਓ' ਬਾਕੀ ਸਭ ਕੁਝ ਪਰਮਾਤਮਾ ਆਪ ਕਰੇਗਾ। ਉਸ ਦੇ ਪਿਤਾ ਨੇ ਮਹਿਰੇ ਦੇ ਪੁੱਤਰ ਦੇ ਵਿਆਹ ਲਈ ਸਾਰਾ ਸਾਜੋ ਸਾਮਾਨ ਖਰੀਦ ਕੇ ਦਿੱਤਾ। ਘਰੋਂ ਦੇਸੀ ਘਿਓ ਦਾ ਅੱਧਾ ਘੜਾ ਦਿੱਤਾ। ਇਥੋਂ ਤਕ ਕਿ



ਲੇਖਕ ਨੂੰ ਉਸ ਦੇ ਮੁੰਡੇ ਦਾ ਸਰਬਾਲਾ ਵੀ ਬਣਾਇਆ ਕਿਉਂਕਿ ਹੋਰ ਕੋਈ ਮੁੰਡਾ ਸਰਬਾਲਾ ਬਨਣ ਲਈ ਤਿਆਰ ਨਹੀਂ ਹੋਇਆ ਸੀ। ਸੁਹਣੇ ਤਰੀਕੇ ਨਾਲ ਮਹਿਰੇ ਦੇ ਮੁੰਡੇ ਦਾ ਵਿਆਹ ਹੋ ਗਿਆ। ਸਭ ਕੁਝ ਕਰ ਕਰਾ ਕੇ ਦੇਣ ਤੇ ਵੀ ਉਸ ਦੇ ਬਾਪੂ ਦੇ ਮੂੰਹ ਤੇ ਇਹ ਸ਼ਬਦ ਨਹੀਂ ਆਏ ਕਿ ਉਸ ਨੇ ਇਸ ਸਾਰੇ ਦਾ ਖਰਚ ਤੇ ਇੰਤਜ਼ਾਰ ਕੀਤਾ ਹੈ ਸਗੋਂ ਇਹੀ ਕਿਹਾ ਪਰਮਾਤਮਾ ਆਪ ਹੀ ਸਹਾਈ ਹੁੰਦਾ ਹੈ।

ਲੇਖਕ ਆਪਣੀਆਂ ਯਾਦਾਂ ਵਿੱਚ ਉਨ੍ਹਾਂ ਘਟਨਾਵਾਂ ਦਾ ਵੀ ਜ਼ਿਕਰ ਕਰਦਾ ਹੈ ਜਦੋਂ ਉਸ ਨੇ ਗਲਤੀਆਂ ਕੀਤੀਆਂ ਤੇ ਬਾਪੂ ਕੋਲੋਂ ਮਾਰ ਵੀ ਖਾਧੀ। ਉਹ ਮਾਰ ਜੋ ਅੱਜ ਤਕ ਉਸ ਨੂੰ ਯਾਦ ਸੀ। 'ਇਕ ਭੁੱਲ' ਵਿੱਚ ਉਹ ਦੱਸਦਾ ਹੈ ਕਿ ਉਹ ਮਾਰ ਜੋ ਅੱਜ ਤੱਕ ਉਸ ਨੂੰ ਯਾਦ ਰਹੀ। 'ਇਕ ਭੁੱਲ' ਵਿੱਚ ਉਹ ਦੱਸਦਾ ਹੈ ਕਿ ਉਹ ਕਿਵੇਂ ਉਚ ਨੀਚ ਦੇ ਭੇਦਭਾਵ ਨੂੰ ਮੰਨਣ ਕਾਰਣ ਆਪਣੇ ਘਰ ਕੰਮ ਕਰਨ ਵਾਲੇ ਸੀਰੀਆਂ ਨਾਲ ਇਉਂ ਵਿਹਾਰ ਕਰਦਾ, ਕਿਧਰੇ ਉਨ੍ਹਾਂ ਦੇ ਛੂਹ ਜਾਣ ਨਾਲ ਉਹ ਭਿੱਟ ਨਾ ਜਾਏ। ਜਦੋਂ ਇਕ ਵਾਰ ਉਹ ਆਪਣੇ ਸੀਰੀ ਨੂੰ ਮਾਂ ਵਲੋਂ ਉਸ ਦਾ 'ਤਾਇਆ' ਕਹਿਣ ਤੇ ਉਸ ਨੂੰ ਰੋਟੀ ਦੇਣ ਵੇਲੇ ਦਾਲ ਉਤੋਂ ਦੀ ਕਰਕੇ ਬਾਟੀ ਵਿੱਚ ਪਾਈ ਤਾਂ ਬਾਪੂ ਦਾ ਇੱਟ ਵਰਗਾ ਹੱਥ ਉਸ ਦੀ ਖੱਬੀ ਗਲ੍ਹ ਉੱਤੇ ਵੱਜਾ ਤੇ ਬਾਪੂ ਨੇ ਕਿਹਾ, ਇਕ ਗੁਰਸਿੱਖ ਦੇ ਪੁੱਤ ਨੇ ਇਹੋ ਮਤ ਲਈ ਹੈ।" ਇਸ ਭੁੱਲ ਦੀ ਮਾਫ਼ੀ ਉਸ ਨੇ ਆਪਣੇ ਬਾਪੂ ਕੋਲੋਂ ਹਮੇਸ਼ਾਂ ਲਈ ਮੰਗ ਲਈ। ਇਸੇ ਤਰ੍ਹਾਂ 'ਨਵਾਂ ਰੰਗ' ਵਿੱਚ ਉਹ 1951 ਵਰ੍ਹੇ ਦੀ ਉਹ ਘਟਨਾ ਦੱਸਦਾ ਹੈ ਜਦੋਂ ਉਸ ਦੀ ਆਵਾਜ਼ ਬਦਲਣ ਲੱਗੀ ਸੀ। ਸਰੀਰ ਵਿਚ ਤਬਦੀਲੀ ਆਉਣੀ ਸ਼ੁਰੂ ਹੋਈ ਸੀ। ਉਦੋਂ ਮਾਸਟਰ ਵਲੋਂ ਬੇਮਤਲਬ ਹੀ ਇਕ ਦੋ ਵਾਰ ਕੁੱਟਿਆ ਤਾਂ ਗੁੱਸੇ ਨਾਲ ਉਸ ਕਿਸ਼ੋਰ ਮਾਸਟਰ ਨੂੰ ਅਜਿਹਾ ਢਾਹਿਆ ਕਿ ਉਸ ਦੀ ਹਾਲਤ ਗੰਭੀਰ ਹੋ ਗਈ। ਪੁਲਿਸ ਕੇਸ ਬਣਨ ਤੇ ਥਾਣੇਦਾਰ ਨੇ ਉਸ ਨੂੰ ਸਮਝਾਉਣ ਦੇ ਇਰਾਦੇ ਨਾਲ ਇਕ ਰਾਤ ਹਵਾਲਾਤ ਰੱਖਿਆ ਤੇ ਉਸ ਨੂੰ ਇਹ ਦੱਸਿਆ ਕਿ ਮਾੜਾ ਕੰਮ ਕਰਨ ਵਾਲਿਆਂ ਦੀ ਕੀ ਹਾਲਤ ਥਾਣਿਆਂ ਵਿੱਚ ਕੀਤੀ ਜਾਂਦੀ ਹੈ। ਉਸ ਕਿਸ਼ੋਰ ਅਵਸਥਾ ਵਿੱਚ ਹੀ ਉਸ ਨੂੰ ਜ਼ਿੰਦਗੀ ਦਾ ਅਜਿਹਾ ਨਵਾਂ ਰੰਗ ਦੇਖਣ ਨੂੰ ਮਿਲਿਆ ਜਿਸ ਨੇ ਸਾਰੀ ਉਮਰ ਲਈ ਉਸ ਨੂੰ ਇਕ ਸਬਕ ਪੜ੍ਹਾ ਦਿੱਤਾ।

ਆਪਣੇ ਪਿੰਡ ਨਾਲ ਸੰਬੰਧਿਤ ਹੋਰ ਵੀ ਕੁਝ ਕੁ ਘਟਨਾਵਾਂ ਤੇ ਪਾਤਰਾਂ ਦਾ ਜ਼ਿਕਰ ਕਰਦਾ ਹੈ, ਜਿਵੇਂ 'ਭਾਈ' ਇਸਤਰੀ ਬਾਰੇ ਜ਼ਿਕਰ ਕਰਕੇ ਦੱਸਦਾ ਹੈ ਕਿ ਉਹ ਬੇਹੱਦ ਸਮਝਦਾਰ ਇਸਤਰੀ ਸੀ। ਉਸ ਦੇ ਬਾਪੂ ਕਿਸੇ ਵੀ ਵੱਡੇ ਝਗੜੇ ਵਿੱਚ ਫੈਸਲੇ ਵੇਲੇ ਉਸ ਨੂੰ ਬੁਲਾਂਦੇ ਸਨ। ਉਸ ਦੇ ਪਤੀ ਦੀ ਮੌਤ ਮਗਰੋਂ ਉਸ ਨੇ ਵਿਹੜੇ ਵਾਲਿਆਂ ਦੀ ਸਾਂਝੀ ਸਲਾਹ ਉਤੇ ਇਕ ਇਕ ਕਰਕੇ ਦੋ ਬੁੱਢਿਆਂ ਨੂੰ ਆਪਣੇ ਸਿਰ ਦਾ ਸਾਈਂ ਮੰਨ ਲਿਆ। ਉਨ੍ਹਾਂ ਦੀ ਸੇਵਾ ਵੀ ਕੀਤੀ, ਪਰ ਰੱਬ ਦੀ ਕਰਨੀ ਇਕ ਇਕ ਮਹੀਨੇ ਵਿੱਚ ਉਹ ਬੁੱਢੇ ਪੂਰੇ ਹੋ ਗਏ। ਭਾਈ ਨੇ ਉਨ੍ਹਾਂ ਦੀਆਂ ਆਖਰੀ ਕ੍ਰਿਆਵਾਂ ਮਨ ਨਾਲ ਕੀਤੀਆਂ। ਪਰ ਚੌਥੀ ਵਾਰ ਵਿਹੜੇ ਵਾਲਿਆਂ ਦੇ ਕਹਿਣ ਤੇ ਉਹ ਉਨ੍ਹਾਂ ਨੂੰ ਟੁੱਟ ਕੇ ਪੈ ਗਈ ਤੇ ਉਨ੍ਹਾਂ ਸਾਰਿਆਂ ਨੂੰ ਆਪਣੇ ਘਰੋਂ ਭਜਾ ਦਿੱਤਾ।

'ਮੇਲਾ ਮੁਕਤਸਰ ਦਾ ਜੁੱਤੀਆਂ ਤੋੜ ਵਿਸਾਖੀ' ਵਿੱਚ ਉਹ ਇਕ ਮਜ਼ੇਦਾਰ ਘਟਨਾ ਦਾ ਬਿਆਨ ਕਰਦਾ ਹੈ ਜੋ ਇਕ ਪਾਸੇ ਧਰਮ ਨਾਲ ਜਾ ਜੁੜਦੀ ਹੈ ਤੇ ਦੂਜੇ ਪਾਸੇ ਹਾਸੇ ਨਾਲ ਵੀ ਜਾ ਜੋੜਦਾ ਹੈ। ਨਿਹੰਗ ਸਿੰਘਾਂ ਦਾ ਬੁੱਢਾ ਦਲ ਆਪਣੇ ਇਕ ਨਿਹੰਗ ਮੱਘਰ ਸਿੰਘ ਨੂੰ ਇਸ ਕਰਕੇ ਛਿਆਨਵੇਂ ਕਰੋੜੀ ਦਾ ਦੰਡ ਦੇਂਦਾ ਹੈ ਕਿ ਉਸ ਨੇ ਗੁਰੂ ਦਾ ਸਿੱਖ ਹੋਣ ਦੇ ਬਾਵਜੂਦ ਕਿਸੇ ਮੀਏਂ ਦੀ ਕਬਰ ਤੇ ਸੁੱਖ ਮੰਗੀ ਤੇ ਮਨੋਕਾਮਨਾ ਪੂਰੀ ਹੋਣ ਤੇ ਪਤਾਸੇ ਵੀ ਚੜ੍ਹਾਏ ਸਨ। ਮੱਘੜ ਸਿੰਘ ਦੰਡ ਮਿਲਣ ਦੇ ਬਾਵਜੂਦ ਇਸ ਗੱਲ ਦਾ ਬਕਾਇਦਾ ਦਾਅਵਾ ਕਰ ਰਿਹਾ ਸੀ ਕਿ ਉਹ ਗੁਰੂ ਦਾ ਪੂਰਨ ਗੁਰਸਿੱਖ ਹੈ, ਕਿਉਂਕਿ ਉਸ ਦਾ ਕਹਿਣਾ ਸੀ ਉਸ ਦੇ ਘੋੜੇ ਨੂੰ ਬੰਨ੍ਹ ਪੈ

ਗਿਆ, ਜੋ ਸੁਖਣਾ ਮੰਨਣ ਤੇ ਪੂਰਾ ਹੋ ਗਿਆ। ਪੰਜ ਪੈਸਿਆਂ ਦੀ ਮੀਏਂ ਦੀ ਕਬਰ ਤੇ ਸੁਖ ਮੰਗਣਾ ਠੀਕ ਸੀ। ਆਖਿਰ ਉਹ ਆਪਣੇ ਗੁਰੂ ਨੂੰ ਭਲਾ ਹੁਣ ਘੋੜੇ ਦੀ ਲਿੱਦ ਕੱਢਣ ਲਈ ਨਹੀਂ ਲਗਾ ਸਕਦਾ ਸੀ। ਇਹ ਸੁਣ ਸਾਰੇ ਖੁਸ਼ ਹੋ ਗਏ ਤੇ ਸਜ਼ਾ ਮਾਫ਼ ਕਰ ਜੈਕਾਰੇ ਲਾਉਣ ਲੱਗੇ।

ਇਸੇ ਤਰ੍ਹਾਂ 'ਮੇਲਾ' ਕਹਾਣੀ ਵਿੱਚ ਉਹ ਫਿਰ ਇਕ ਵਾਰ ਆਪਣੇ ਬਾਪੂ ਜੀ ਦੇ ਅਸੂਲਮਈ ਚਰਿਤਰ ਨੂੰ ਉਘਾੜਦਾ ਹੈ। ਬੱਚਿਆਂ ਨੂੰ ਮੇਲਾ ਦੇਖਣ ਦਾ ਸ਼ੌਕ ਹੁੰਦਾ ਹੈ। ਲੇਖਕ ਤੇ ਉਸ ਦਾ ਛੋਟਾ ਭਰਾ ਬਾਪੂ ਨਾਲ ਮੇਲਾ ਦੇਖਣ ਗਏ। ਬਾਪੂ ਕੋਲੋਂ ਵਾਰ ਵਾਰ ਜਲੇਬੀਆਂ ਖਾਣ ਲਈ ਪੈਸੇ ਮੰਗਦੇ ਰਹੇ। ਮੇਲੇ ਵਿੱਚ ਪਿੰਡ ਦੇ ਮਾੜੇ ਆਦਮੀ ਮੱਲੂ ਨੇ ਉਨ੍ਹਾਂ ਦੇ ਬਾਪੂ ਤੋਂ ਦੋ ਰੁਪਏ ਮੰਗੇ ਤੇ ਕੁਝ ਹੀ ਪਲਾਂ ਵਿੱਚ ਉਨ੍ਹਾਂ ਦੇ ਅੱਠ ਰੁਪਏ ਬਣਾ ਕੇ ਲੈ ਆਇਆ। ਉਸ ਨੇ ਬਾਪੂ ਨੂੰ ਅੱਠ ਰੁਪਏ ਦਿੱਤੇ ਪਰ ਬਾਪੂ ਨੇ ਦੋ ਹੀ ਰੁਪਏ ਰੱਖੇ, ਬਾਕੀ ਮੋੜ ਦਿੱਤੇ। ਮੱਲੂ ਬੱਚਿਆਂ ਲਈ ਲੱਡੂ ਤੇ ਜਲੇਬੀਆਂ ਲੈ ਆਇਆ, ਪਰ ਵਾਰ ਵਾਰ ਜਿੱਦ ਕਰਨ ਵਾਲੇ ਬੱਚਿਆਂ ਨੇ ਉਹ ਖਾਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਇਸ ਘਿਉ ਨਾਲ ਗਲਾ ਖਰਾਬ ਹੋ ਜਾਂਦਾ ਹੈ।

ਦੋ ਯਾਦਾਂ 'ਚ ਉਹ ਆਪਣੇ ਮੁੰਬਈ ਰਹਿਣ ਤੇ ਖੱਟੇ ਮਿੱਠੇ ਅਨੁਭਵਾਂ ਨੂੰ ਸਾਂਝਾ ਕਰਦਾ ਹੈ। ਇਕ ਵਿੱਚ ਉਹ ਆਪਣੀ 'ਬੇਬੇ' ਪ੍ਰਤੀ ਸਨੇਹ ਤੇ ਮੋਹ ਦਾ ਪ੍ਰਗਟਾਵਾ ਕਰਦਾ ਹੈ, ਜਦੋਂ ਇਕ ਉਸ ਨੂੰ ਬੇਬੇ ਪ੍ਰਤੀ ਅਜਿਹਾ ਹੁਸੜ ਉੱਠਿਆ ਕਿ ਉਹ ਦੋਸਤ ਨੂੰ ਗੱਡੀ ਚਾੜ੍ਹਣ ਆਉਣ 'ਤੇ ਆਪ ਹੀ ਬਿਨ੍ਹਾਂ ਟਿਕਟ ਤੇ ਸਾਮਾਨ ਦੇ ਗੱਡੀ ਚੜ੍ਹ ਬੇਬੇ ਨੂੰ ਮਿਲਣ ਲਈ ਪੰਜਾਬ ਚਲ ਪਿਆ। ਬੇਬੇ ਨੂੰ ਮਿਲਣ ਦੀ ਤੜਫ਼ ਕਾਰਣ ਉਹ ਇਕ ਇਕ ਕਰਕੇ ਆਪਣੇ ਤਿੰਨਾਂ ਭਰਾਵਾਂ ਦੇ ਘਰ ਪਹੁੰਚਿਆ ਤੇ ਅਖੀਰ ਬੇਬੇ ਨਾਲ ਮੇਲ ਹੋਇਆ। ਪਰ ਬੇਬੇ ਦੀ ਮੌਤ ਮਗਰੋਂ ਉਹ ਧਾਹਾਂ ਮਾਰ ਕੇ ਰੋ ਪਿਆ। ਇਕ ਮਿੱਤਰ ਦੀ ਮਦਦ ਕਰਨ ਖਾਤਿਰ ਉਸ ਨੇ ਔਖੇ ਸੌਖੇ ਹੋ ਕੇ ਇਕ ਲੱਖ ਰੁਪਿਆ ਇਸ ਕਰਕੇ ਦੇ ਦਿੱਤਾ ਕਿਉਂਕਿ ਮਿੱਤਰ ਨੇ ਜਾਂਦੇ ਹੀ ਪੈਸੇ ਭੇਜਣ ਦੀ ਗੱਲ ਨਹੀਂ ਸੀ। ਪਰ ਬਾਅਦ ਵਿੱਚ ਉਹ ਮਿੱਤਰ ਭੁਲ ਹੀ ਨਹੀਂ ਗਿਆ, ਸਗੋਂ ਮੁਕਰ ਵੀ ਗਿਆ ਜਦ ਕਿ ਉਹ ਆਪ ਮਿੱਤਰ ਦੇ ਘਰ ਚੰਡੀਗੜ੍ਹ ਵੀ ਦੋ ਵਾਰ ਹੋ ਆਇਆ। ਮਿੱਤਰ ਦੇ ਘਰ ਵਿਚਲੇ ਕੁੱਤੇ ਦੀ ਬਿਮਾਰੀ ਵਿੱਚ ਤੀਮਾਰਦਾਰੀ ਕਰਨ ਤੇ ਦੁੱਧ ਪਿਲਾਉਣ ਨੂੰ ਕੁੱਤੇ ਨੇ ਯਾਦ ਰੱਖਿਆ ਤੇ ਲੇਖਕ ਨਾਲ ਜਬਰਦਸਤੀ ਮੁੰਬਈ ਤਕ ਆ ਗਿਆ। ਇਸ 'ਕੁੱਤੇ ਬੰਦੇ' ਵਿੱਚ ਕੁੱਤਾ ਕੌਣ ਹੈ ਤੇ ਬੰਦਾ ਕੌਣ, ਇਹ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ।

ਇਹ ਸਾਰੀਆਂ ਯਾਦਾਂ ਬੜੀਆਂ ਦਿਲਚਸਪ ਹਨ। ਲੇਖਕ ਨੇ ਬੜੇ ਸੋਚ ਵਿਚਾਰ ਕੇ ਅਜਿਹੀਆਂ ਘਟਨਾਵਾਂ ਦੀ ਚੋਣ ਕੀਤੀ ਜੋ ਨਾ ਸਿਰਫ ਦਿਲਚਸਪ ਹਨ ਸਗੋਂ ਕੋਈ ਨਾ ਕੋਈ ਸੰਦੇਸ਼ ਵੀ ਦੇਂਦੀਆਂ ਹਨ। ਯਾਦਾਂ ਵਿੱਚ ਕਹਾਣੀਆਂ ਵਾਲੀ ਰਵਾਨੀ ਵੀ ਹੈ। ਇਹ ਯਾਦਾਂ ਵੰਡ ਤੋਂ ਮਗਰੋਂ ਦੇ ਮਾਹੌਲ ਤੇ ਮਨੁੱਖਾਂ ਦੇ ਅਜਿਹੇ ਕਿਰਦਾਰਾਂ ਨਾਲ ਜਾਣ ਪਛਾਣ ਕਰਵਾਉਂਦਾ ਹੈ ਜੋ ਅੰਦਰੋਂ ਬਾਹਰੋਂ ਚਰਿੱਤਰਵਾਨ ਤੇ ਸਾਦਗੀ ਭਰਪੂਰ ਹਨ। ਉਹ ਆਪਣੀ ਬੇਬੇ, ਬਾਪੂ ਤੇ ਬਾਬੇ ਦੇ ਨਾਲ ਨਾਲ ਆਪਣੇ ਛੋਟੇ ਭਰਾ ਦੇ ਕਈ ਕਿੱਸੇ ਸੁਣਾਉਂਦਾ ਹੈ। ਇਨ੍ਹਾਂ ਵਿੱਚ ਭੂਆ ਦਾ ਉਹ ਪੁੱਤ ਵੀ ਸ਼ਾਮਲ ਹੈ ਜਿਸ ਨੇ ਪਟਵਾਰੀ ਬਣ ਚਾਰ ਪੰਜ ਪਿੰਡਾਂ ਦੇ ਜੱਟਾਂ ਵਿੱਚ ਅਜਿਹਾ ਦਬਦਬਾ ਬਣਾਇਆ ਕਿ ਲੋਕ ਬਰਬਾਦ ਹੋਣਗੇ ਤੇ ਲੇਖਕ ਦੇ ਬਾਪੂ ਸ਼ਰਮਿੰਦਾ, ਕਿਉਂਕਿ ਉਨ੍ਹਾਂ ਨੇ ਆਪ ਹੀ ਫਰੀਦਕੋਟੀ ਰਾਜੇ ਨੂੰ ਕਹਿ ਕੇ ਪਟਵਾਰੀ ਲਗਵਾਇਆ ਸੀ।

'ਜ਼ਿੰਦਗੀ ਦੇ ਮੇਲੇ' ਵਿੱਚ ਬੜਾ ਕੁਝ ਹਾਸਿਲ ਵੀ ਹੁੰਦਾ ਹੈ ਤੇ ਗਵਾਰ ਵੀ ਜਾਂਦਾ ਹੈ। ਖੱਟੇ ਮਿੱਠੇ ਚੰਗੇ ਮਾੜੇ ਅਨੁਭਵ ਤੇ ਯਾਦਾਂ ਹੀ ਜ਼ਿੰਦਗੀ ਦਾ ਅਸਲ ਸਰਮਾਇਆ ਹੁੰਦਾ ਹੈ।



# ਜਨ ਬੋਧ

## ਦਾਰਸ਼ਨਿਕ ਵਾਲਟਰ ਬੇਂਜਾਮਿਨ ਦੀਆਂ ਲਿਖਤਾਂ

ਅਨੁਵਾਦ : ਭਗਵੰਤ ਰਸੂਲਪੁਰੀ

## ਕੁਝ ਨਿੱਕੇ ਨਿੱਕੇ ਨੁਸਖ਼ੇ ਅਤੇ ਵਿਚਾਰ

**ਚੰਗਾ ਲੇਖਕ-**

ਚੰਗਾ ਲੇਖਕ ਆਪਣੇ ਸੋਚੇ ਹੋਏ ਵਿਚਾਰ ਤੋਂ ਵਧੇਰੇ ਕੁਝ ਨਹੀਂ ਕਹਿੰਦਾ। ਉਸ ਉੱਤੇ ਬਹੁਤ ਸਾਰਾ ਨਿਰਭਰ ਵੀ ਰਹਿੰਦਾ ਹੈ ਕਿਉਂਕਿ ਭਾਸ਼ਾ ਕੇਵਲ ਵਿਚਾਰ ਨੂੰ ਅਭਿਵਿਅਕਤ ਹੀ ਨਹੀਂ ਕਰਦੀ, ਉਸ ਨੂੰ ਹਕੀਕਤ 'ਚ ਵੀ ਬਦਲਦੀ ਹੈ। ਕੁਝ ਉਸ ਤਰ੍ਹਾਂ ਜਿਵੇਂ ਦੌੜਨਾ ਮਹਿਜ ਕਿਸੇ ਮੰਜਿਲ ਤੱਕ ਪਹੁੰਚਣ ਦੀ ਚਾਹਤ ਦੀ ਉਡੀਕ ਹੀ ਨਹੀਂ, ਉਸ ਮੰਜਿਲ ਨੂੰ ਸੱਚਮੁੱਚ ਪ੍ਰਾਪਤ ਕਰ ਲੈਣਾ ਹੁੰਦਾ ਹੈ। ਪ੍ਰੰਤੂ ਇਸ ਦਾ ਦਾਰੋਮਦਾਰ ਦੌੜਨ ਵਾਲੇ ਦੇ ਅਭਿਆਸ ਉੱਤੇ ਹੁੰਦਾ ਹੈ ਕਿ ਇਸ ਪ੍ਰਕਿਰਿਆ ਵਿਚੋਂ ਲੰਘ ਕੇ ਉਹ ਸੱਚਮੁੱਚ ਉਸ ਮੰਜ਼ਿਲ ਨੂੰ ਪ੍ਰਾਪਤ ਕਰਦਾ ਹੈ ਜਾਂ ਕਿ ਉਸੇ ਚਾਹਤ 'ਚ ਹੀ ਆਪਣੇ ਆਪ ਨੂੰ ਖਰਚ ਕਰ ਦਿੰਦਾ ਹੈ। ਜਿੰਨਾ ਉਹ ਫ਼ਜ਼ਲੂ ਦੀਆਂ ਉਜੱਡ ਕਿਸਮ ਦੀਆਂ ਹਰਕਤਾ ਜਿਨ੍ਹਾਂ ਦਾ ਕੋਈ ਸਬੰਧ ਨਹੀਂ ਹੁੰਦਾ ਤੋਂ ਬਚ ਕੇ ਆਪਣੇ ਆਪ ਨੂੰ ਕਾਬੂ ਵਿਚ ਰੱਖਦਾ ਹੈ, ਓਨੀ ਹੀ ਸਵੈ ਨਿਰਭਰਤਾ ਦੀ ਸਥਿਤੀ 'ਚ ਉਹ ਹੁੰਦਾ ਹੈ ਅਤੇ ਓਨਾ ਹੀ ਉਹ ਆਪਣੇ ਸ਼ਰੀਰ ਨੂੰ ਖਰਚ ਹੋਣ ਤੋਂ ਬਚਾਉਂਦਾ ਹੈ। ਬੁਰੇ ਲੇਖਕ ਦੇ ਵਿਚਾਰ ਦਿਮਾਗ਼ ਵਿਚ ਅਣਗਿਣਤ ਹੁੰਦੇ ਹਨ, ਜਿਨ੍ਹਾਂ ਨੂੰ ਉਹ ਕਿਸੇ ਅਨਾੜੀ ਐਵੇਂ ਖੌਰੂ ਪਾਉਣ ਵਾਲੇ ਬਹੁਤ ਹੀ ਉਤਸਾਹੀ ਸਰੀਰਕ ਹਰਕਤਾ ਕਰਨ ਵਾਂਗ ਤਰਥੱਲੀ ਮਚਾਈ ਰੱਖਦਾ ਹੈ। ਅਤੇ ਇਸੇ ਕਾਰਨ ਨਾਲ ਉਹ ਕਦੀ ਵੀ ਸਪੱਸ਼ਟ ਨਹੀਂ ਕਰ ਸਕਦਾ ਕਿ ਆਖਿਰ ਸੋਚ ਕੀ ਰਿਹਾ ਹੈ। ਚੰਗੇ ਲੇਖਕ ਦੀ ਪ੍ਰਤਿਭਾ ਇਸੇ ਵਿਚ ਹੁੰਦੀ ਹੈ ਕਿ ਉਹ ਆਪਣੀ ਸ਼ੈਲੀ ਦੀ ਵਰਤੋ ਆਪਣੇ ਵਿਚਾਰਾ ਨੂੰ ਕਿਸੇ ਹੰਢੇ ਹੋਏ ਪੇਸ਼ਕਾਰ ਦੇ ਚਕਾਚੌਂਧ ਪ੍ਰਦਰਸ਼ਨ ਦੀ ਤਰ੍ਹਾਂ ਪੇਸ਼ ਕਰਨ ਦੇ ਲਈ ਕਰਦਾ ਹੈ। ਜੋ ਕੁਝ ਉਸ ਨੇ ਸੋਚਿਆ ਹੁੰਦਾ ਹੈ, ਉਸ ਤੋਂ ਵਧੇਰੇ ਉਹ ਕੁਝ ਵੀ ਨਹੀਂ ਕਹਿੰਦਾ ਅਤੇ ਇਸ ਲਈ ਉਸਦੀਆਂ ਲਿਖਤਾਂ ਉਸਦੇ ਵਿਅਕਤਿਤਵ ਦਾ ਨਹੀਂ ਬਲਕਿ ਉਸ ਵਿਚਾਰ ਦਾ ਅਰਕ ਹੁੰਦਾ ਹੈ, ਜਿਸ ਨੂੰ ਉਹ ਕਹਿਣਾ ਚਾਹੁੰਦਾ ਹੈ।

**ਨਾਵਲੀ ਪਾਠ-**

ਸਾਰੀਆਂ ਕਿਤਾਬਾਂ ਇਕ ਤਰ੍ਹਾਂ ਨਾਲ ਪੜ੍ਹਨ ਦੇ ਲਈ ਨਹੀਂ ਹੁੰਦੀਆਂ। ਉਦਾਹਰਨ ਦੇ ਤੌਰ ਤੇ ਨਾਵਲ ਪੂਰੇ ਦਾ ਪੂਰਾ ਇਕੋ ਸਾਹ ਪੜ੍ਹਨ ਵਾਲਾ ਹੁੰਦਾ। ਉਸ ਨੂੰ ਪੜ੍ਹ ਕੇ ਤ੍ਰਿਪਤੀ ਤੇ ਚੈਨ ਮਿਲਦੀ ਹੈ। ਪ੍ਰੰਤੂ ਇਸ ਵਿਚ ਸਮੂਲੀਅਤ ਦਾ ਡਰ ਨਹੀਂ ਹੁੰਦਾ। ਪਾਠਕ ਖੁਦ ਨੂੰ ਕਥਾ ਨਾਇਕ ਦੀ ਸਥਿਤੀ ਵਿਚ ਨਹੀਂ ਪਾਉਂਦਾ। ਬਲਕਿ ਨਾਇਕ ਉੱਤੇ ਜੋ ਕੁਝ ਬੀਤਦਾ ਹੈ ਉਸ ਨੂੰ ਉਹ ਆਤਮਸਾਤ ਕਰਦਾ ਜਾਂਦਾ ਹੈ। ਉਨ੍ਹਾਂ ਘਟਨਾਵਾਂ ਦੀ ਜੀਵੰਤ ਪੇਸ਼ਕਾਰੀ ਉਸ ਦੇ ਲਈ ਕਿਸੇ ਟੇਬਲ ਉੱਤੇ ਸਜੇ ਸੰਤੁਲਿਤ ਭੋਜਨ ਦੀ ਦਿਲਕਸ਼

ਪੇਸ਼ਕਾਰੀ ਦੇ ਵਾਂਗ ਹੁੰਦਾ ਹੈ। ਉਂਜ ਤਾਂ ਜਿਵੇਂ ਕੁਝ ਕੱਚੀਆਂ ਚੀਜਾਂ ਪੇਟ ਦੇ ਲਈ ਸਵਾਦਲੀਆਂ ਹੁੰਦੀਆਂ ਹਨ, ਉਸੇ ਤਰ੍ਹਾਂ ਕੁਝ ਕੱਚਾ, ਅਤੇ ਖਾਸਕਰ, ਹੱਢੀ ਹੰਢਾਇਆ ਹੋਇਆ ਅਨੁਭਵ ਲਾਭ ਕਾਰੀ ਹੁੰਦਾ ਹੈ। ਪ੍ਰੰਤੂ ਨਾਵਲੀ ਕਲਾ ਦਾ ਆਰੰਭ, ਪਵਿੱਤਰ ਸਾਸ਼ਤਰ ਦੇ ਵਾਂਗ, ਉਸ ਬਿੰਦੂ ਤੋਂ ਹੁੰਦਾ ਹੈ ਜਿੱਥੇ ਕੱਚੀਆਂ ਵਸਤੂਆਂ ਦਾ ਅੰਤ ਹੁੰਦਾ ਹੈ। ਬਹੁਤ ਸਾਰੀਆਂ ਸੰਤੁਲਿਤ ਵਸਤੂਆਂ ਕੱਚੀਆਂ ਖਾਧੀਆਂ ਜਾਣ ਦੇ ਲਈ ਠੀਕ ਨਹੀਂ ਹੁੰਦੀਆਂ। ਇਸੇ ਤਰ੍ਹਾਂ ਬਹੁਤ ਸਾਰੇ ਅਜਿਹੇ ਅਨੁਭਵਾਂ ਨੂੰ ਹੱਢੀ ਹੰਢਾਏ ਜਾਣ ਦੀ ਥਾਂ ਉਸ ਦੇ ਸਬੰਧ ਵਿਚ ਪੜ੍ਹਨਾ ਬੇਹਤਰ ਹੁੰਦਾ ਹੈ। ਬਹੁਤ ਸਾਰੇ ਲੋਕਾਂ ਦੇ ਲਈ ਇਹ ਅਨੁਭਵ ਐਨੇ ਪੀੜਾ ਦੇਣ ਵਾਲੇ ਕਸ਼ਟਦਾਇਕ ਹੋਣਗੇ ਸਾਇਦ ਨਿੱਜੀ ਰੂਪ ਵਿਚ ਉਨ੍ਹਾਂ ਨੂੰ ਹੰਢਾ ਹੀ ਨਾ ਸਕੇ। ਜੇਕਰ ਨਾਵਲ ਦੀ ਕੋਈ ਇਸ਼ਟ ਦੇਵੀ ਹੁੰਦੀ ਹੋਵੇਗੀ, ਤਾਂ ਉਸਦੀ ਸ਼ਕਲ ਜ਼ਰੂਰ ਰਸੋਈ ਘਰ ਦੀ ਕੁਸ਼ਲ ਸੁਆਣੀ ਨਾਲ ਮਿਲਦੀ ਜੁਲਦੀ ਹੋਣੀ ਚਾਹੀਦੀ ਹੈ। ਉਹ ਇਸ ਦੁਨੀਆਂ ਨੂੰ ਆਪਣੀ ਕੱਚੀ, ਬੇਢੰਗੀ ਅਵਸਥਾ ਤੋਂ ਚੁੱਕ ਕੇ ਉਸ ਨੂੰ ਇਕ ਲਜ਼ੀਜ ਭੋਜਨ ਪਦਾਰਥ ਤਿਆਰ ਕਰ ਲੈਂਦੀ ਹੈ। ਜੇਕਰ ਤੁਹਾਨੂੰ ਖਾਂਦੇ ਸਮੇਂ ਪੜ੍ਹਨਾ ਹੀ ਹੈ ਤਾਂ ਅਖ਼ਬਾਰ ਪੜ੍ਹੋ। ਪ੍ਰੰਤੂ ਨਾਵਲ ਕਦੇ ਨਾ ਪੜ੍ਹੋ ਕਿਉਂਕਿ ਅਜਿਹਾ ਕਰਨਾ ਦੋ ਪਰਸਪਰ ਵਿਰੋਧੀ ਵਿਚਾਰਾ ਦਾ ਸੰਚਾਰ ਇਕ ਸਾਥ ਕਰਨ ਵਰਗਾ ਕਾਰਜ ਹੋਵੇਗਾ।

**ਕਹਾਣੀ ਕਹਿਣ ਦੀ ਕਲਾ-**

ਅਸੀਂ ਸਵੇਰੇ ਆਪਣੇ ਨਾਲ ਦੁਨੀਆਂ ਭਰ ਦੀਆਂ ਖ਼ਬਰਾਂ ਲੈ ਕੇ ਆਉਂਦੇ ਹਾਂ। ਪ੍ਰੰਤੂ ਫਿਰ ਵੀ ਸਾਡੇ ਕੋਲ ਚੰਗੀਆਂ ਕਹਾਣੀਆਂ ਦਾ ਅੰਬਾਰ ਮਨ ਵਿਚ ਰਹਿੰਦਾ ਹੈ। ਅਜਿਹਾ ਇਸ ਲਈ ਕਿਉਂਕਿ ਕੋਈ ਵੀ ਘਟਨਾ ਸਪੱਸ਼ਟੀਕਰਨ ਦੇ ਬਰੀਕ ਛੇਕਾਂ ਵਿਚੋਂ ਲੰਘੇ ਬਗੈਰ ਸਾਡੇ ਤੱਕ ਨਹੀਂ ਪਹੁੰਚਦੀ। ਜਾਂ ਇਸ ਤਰ੍ਹਾਂ ਕਹੋ ਕਿ ਤਕਰੀਬਨ ਹਰ ਚੀਜ਼ ਸਾਡੀ ਜਾਣਕਾਰੀ ਵਿਚ ਵਾਧਾ ਮਾਤਰ ਕਰਦੀ ਹੈ ਪ੍ਰੰਤੂ ਕਹਾਣੀ ਦੇ ਪੱਖ ਵਿਚ ਹਾਂ ਪੱਖੀ ਹੁੰਗਾਰਾ ਦੇਣ ਵਾਲਾ ਉਸ ਵਿਚ ਕੁਝ ਵੀ ਨਹੀਂ ਹੁੰਦਾ। ਕਹਾਣੀ ਕਹਿਣ ਦੀ ਅੱਧੀ ਕਲਾ ਇਸੇ ਵਿਚ ਹੈ ਕਿ ਸੁਣਾਉਂਦੇ ਸਮੇਂ ਉਸ ਨੂੰ ਤਮਾਮ ਸਪੱਸਟੀਕਰਨ ਤੋਂ ਮੁਕਤ ਰੱਖਿਆ ਜਾਵੇ। ਇਸ ਦ੍ਰਿਸ਼ਟੀ ਨਾਲ ਆਦਿਕਾਲ ਦੇ ਲੋਕ, ਅਤੇ ਉਸ ਵਿਚ ਹੇਰੋਡੋਟਸ, ਇਸ ਹੁਨਰ ਨਾਲ ਮਾਹਰ ਹੈ। ਆਪਣੀ ਕਿਤਾਬ 'ਹਿਸਟਰੀਜ਼' ਦੇ ਤੀਜੇ ਖੰਡ ਦੇ ਚੌਦਵੇਂ ਅਧਿਆਏ ਵਿਚ ਉਹ ਸੈਮੇਨਿਟਸ ਦੀ ਕਹਾਣੀ ਸੁਣਾਉਂਦੇ ਹਨ। ਯੁੱਧ ਵਿਚ ਹਾਰਨ ਤੋਂ ਬਾਅਦ ਮਿਸਰ ਦੇ ਬਾਦਸ਼ਾਹ ਸੈਮੇਨਿਟਸ ਨੂੰ ਇਰਾਨ ਦੇ ਰਾਜਾ ਕੈਮਿਬਸੇਸ ਨੇ ਗੁਲਾਮ ਬਣਾ ਲਿਆ ਸੀ। ਕੈਮਿਬਸੇਸ ਗੁਲਾਮਾਂ ਨੂੰ ਨੀਚਾ ਦਿਖਾਉਣ ਲਈ ਕਾਹਲਾ ਸੀ। ਉਸਨੇ ਆਦੇਸ਼ ਦਿੱਤਾ ਕਿ ਸੈਮੇਨਿਟਸ ਨੂੰ ਉਸ ਸੜਕ ਉੱਤੇ ਲਿਆਂਦਾ ਜਾਵੇ ਜਿੱਥੋਂ ਇਰਾਨੀ ਜੇਤੂਆਂ ਦਾ ਜ਼ਲੂਸ ਨਿਕਲ ਰਿਹਾ ਸੀ। ਉਸ ਨੇ ਇਹਦਾ ਪ੍ਰਬੰਧ ਵੀ ਕੀਤਾ ਕਿ ਗੁਲਾਮ ਆਪਣੀ ਬੇਟੀ ਨੂੰ ਇਕ ਸਾਧਾਰਨ ਨੌਕਰਰਾਣੀ ਦੇ ਰੂਪ ਵਿਚ ਪਾਣੀ ਦਾ ਘੜਾ ਲਈ ਖੂਹ ਵੱਲ ਜਾਂਦੇ ਦੇਖਣ। ਇਸ ਨਜ਼ਾਰੇ ਨੂੰ ਵੇਖ ਸਾਰੇ ਮਿਸਰਵਾਦੀ ਜਿੱਥੇ ਕੁਰਲਾਉਣ ਤੇ ਵਿਰਲਾਪ ਕਰਨ ਲੱਗੇ, ਉਥੇ ਸੈਮੇਨਿਟਸ ਚੁੱਪਚਾਪ , ਖ਼ਾਮੋਸ਼ ਬਿਨਾ ਬੋਲੇ ਜ਼ਮੀਨ ਤੇ ਨਜ਼ਰਾ ਗੱਢੀ ਖੜਾ ਰਿਹਾ। ਫਿਰ ਇਸ ਤੋਂ ਬਾਅਦ ਜਦੋਂ ਉਸਦੇ ਬੇਟੇ ਨੂੰ ਫਾਂਸ਼ੀ ਦੇਣ ਦੇ ਲਈ ਜ਼ਲੂਸ 'ਚ ਲਿਜਾਇਆ ਜਾ ਰਿਹਾ ਸੀ, ਉਦੋਂ ਵੀ ਉਹ ਖ਼ਾਮੋਸ਼ ਰਿਹਾ। ਪ੍ਰੰਤੂ ਜਦੋਂ ਉਸਨੇ ਆਪਣੇ ਇਕ ਪੁਰਾਣੇ ਬੁੱਢੇ ਨੌਕਰ ਨੂੰ ਗੁਲਾਮਾਂ ਦੀ ਕਤਾਰ ਵਿਚ ਮੰਗਤਿਆਂ ਦੀ ਤਰ੍ਹਾਂ ਜਾਂਦੇ ਦੇਖਿਆ, ਤਾਂ ਉਸਨੇ ਆਪਣੇ ਸਿਰ ਵਿਚ ਜ਼ੋਰ ਜ਼ੋਰ ਨਾਲ ਹੱਥ ਮਾਰਦਿਆਂ ਗਹਿਰੀ ਪੀੜਾ ਅਤੇ ਤਕਲੀਫ਼ ਦਾ ਵਿਖਾਵਾ ਕੀਤਾ। ਇਸ ਕਹਾਣੀ ਵਿਚ ਅਸੀਂ ਕਿੱਸਾਗੋਈ ਦੀ ਅਸਲੀ ਉਦਾਹਰਨ ਵੇਖ ਸਕਦੇ ਹਾਂ। ਸੂਚਨਾ ਦਾ ਮਹੱਤਵ ਕੇਵਲ ਉਨ੍ਹਾਂ ਪਲਾ ਵਿਚ ਰਹਿੰਦਾ ਹੈ , ਜਦੋਂ ਉਹ ਨਵੀਂ ਹੁੰਦੀ ਹੈ। ਉਸ ਇਕ ਪਲ ਤੋਂ ਅੱਗੇ ਉਹ ਜਿਉਂਦੀ ਨਹੀਂ ਰਹਿੰਦੀ। ਉਸ ਇਕ ਪਲ ਦੇ ਪ੍ਰਤੀ ਸਮਰਪਤ ਹੋ ਕੇ ਉਸੇ ਨੂੰ ਬਿਨਾ ਸਮਾਂ ਨਸ਼ਟ ਕੀਤਿਆਂ ਆਪਣੇ ਆਪ ਨੂੰ ਪੇਸ਼ ਕਰ ਦੇਣਾ ਹੁੰਦਾ ਹੈ। ਕਹਾਣੀ



ਦੇ ਨਾਲ ਅਜਿਹਾ ਨਹੀਂ ਹੈ। ਉਸ ਆਪਣੇ ਆਪ ਨੂੰ ਨਸ਼ਟ ਨਾ ਕਰਦਿਆਂ ਹੋਇਆ ਆਪਣੀ ਸ਼ਕਤੀ ਨੂੰ ਆਪਣੇ ਅੰਦਰ ਸਾਂਭ ਕੇ ਰੱਖਣ ਅਤੇ ਲੰਮੇ ਸਮੇਂ ਬਾਅਦ ਉਸ ਨੂੰ ਮੁਕਤ ਕਰਨ ਦੀ ਸਕਤੀ ਰੱਖਦੀ ਹੈ। ਅਤੇ ਇਸ ਤਰ੍ਹਾਂ ਮੋਂਤੇਨ ਨੇ ਮਿਸਰ ਦੇ ਬਾਦਸ਼ਾਹ ਦੀ ਇਸ ਕਹਾਣੀ ਨੂੰ ਪੜ੍ਹਨ ਤੋਂ ਬਾਅਦ ਆਪਣੇ ਆਪ ਨੂੰ ਪੁੱਛਿਆ ਕਿ ਬਾਦਸ਼ਾਹ ਨੇ ਆਪਣੇ ਨੌਕਰ ਨੂੰ ਦੇਖਣ ਤੋਂ ਬਾਅਦ ਹੀ ਦੁੱਖ ਦਾ ਪ੍ਰਗਟਾਵਾ ਕਿਉਂ ਕੀਤਾ ਅਤੇ ਪਹਿਲਾ ਕਿਉਂ ਨਹੀਂ? ਅਤੇ ਮੋਂਤੇਨ ਨੇ ਖੁਦ ਹੀ ਉਤਰ ਦਿੰਦੇ ਹੋਏ ਕਿਹਾ, "ਕਿਉਂਕਿ ਉਹ ਐਨੀ ਪੀੜਾ ਨਾਲ ਏਥੋਂ ਤੱਕ ਸੁੰਨ ਹੋ ਚੁੱਕਾ ਸੀ ਕਿ ਇਸ ਛੋਟੇ ਜਿਹੇ ਹੋਰ ਝਟਕੇ ਦੇ ਲੱਗਣ ਨਾਲ ਉਸਦੇ ਅੰਦਰ ਦਾ ਬੰਨ੍ਹ ਟੁੱਟ ਗਿਆ।" ਕਹਾਣੀ ਨੂੰ ਇਸ ਤਰ੍ਹਾਂ ਨਾਲ ਸਮਝਿਆ ਜਾ ਸਕਦਾ ਹੈ ਪ੍ਰੰਤੂ ਇਸ ਨਾਲ ਦੂਜੇ ਸਪੱਸ਼ਟੀਕਰਨ ਦੀ ਵੀ ਗੁੰਜਾਇਸ਼ ਹੈ। ਮੋਂਤੇਨ ਦੇ ਇਸ ਸਵਾਲ ਨੂੰ ਆਪਣੇ ਦੋਸਤਾਂ ਦੇ ਵਿਚ ਪੁੱਛ ਕੇ ਕੋਈ ਵੀ ਏਥੋਂ ਤੱਕ ਪਹੁੰਚ ਸਕਦਾ ਹੈ। ਮੇਰੇ ਇਕ ਮਿੱਤਰ ਨੇ ਕਿਹਾ, "ਬਾਦਸ਼ਾਹ ਸਾਹੀ ਖਾਨਦਾਨ ਦੀ ਹੋਣੀ ਤੋਂ ਵਿਚਲਿਤ ਨਹੀਂ ਹੁੰਦਾ, ਕਿਉਂਕਿ ਇਹ ਲਹੂ ਉਸਦਾ ਆਪਣਾ ਹੈ। " ਇਕ ਹੋਰ ਨੇ ਕਿਹਾ, "ਮੰਚ ਉੱਤੇ ਸਾਨੂੰ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਵਿਚਲਿਤ ਕਰਦੀਆਂ ਹਨ, ਜਿਸ ਨਾਲ ਸੱਚਮੁੱਚ ਦੀ ਜ਼ਿੰਦਗੀ ਵਿਚ ਸਾਇਦ ਅਸੀਂ ਪ੍ਰਭਾਵਿਤ ਨਾ ਹੋਈਏ। ਬਾਦਸ਼ਾਹ ਦੇ ਲਈ ਇਹ ਨੌਕਰ ਕੇਵਲ ਇਕ ਅਭਿਨੇਤਾ ਹੈ।" ਤੀਜਾ ਬੋਲਿਆ, "ਗਹਿਰੀ ਪੀੜਾ ਉਦੋਂ ਤੱਕ ਜਮਾ ਹੁੰਦੀ ਜਾਂਦੀ ਹੈ, ਜਦੋਂ ਤੱਕ ਥੋੜੀ ਜਿਹੀ ਵਿਹਲ ਨਾ ਮਿਲ ਜਾਵੇ। ਬਾਦਸ਼ਾਹ ਦੇ ਲਈ ਨੌਕਰ ਦਾ ਦਿਸਣਾ ਵਿਹਲ ਦਾ ਅਜਿਹਾ ਹੀ ਪਲ ਸੀ।" "ਜੇਕਰ ਇਹ ਘਟਨਾ ਅੱਜ ਦੀ ਦੁਨੀਆਂ ਵਿਚ ਬੀਤੀ ਹੁੰਦੀ," ਚੌਥੇ ਨੇ ਕਿਹਾ, "ਤਾਂ ਸਾਰੀਆਂ ਅਖ਼ਬਾਰਾਂ ਨੇ ਇਹ ਦਾਅਵਾ ਕੀਤਾ ਹੁੰਦਾ ਕਿ ਸੈਮੇਨਿਟਸ ਆਪਣੇ ਨੌਕਰ ਨੂੰ ਆਪਣੇ ਬੱਚੇ ਤੋਂ ਵੀ ਵੱਧ ਚਾਹੁੰਦਾ ਸੀ।" ਖੈਰ ਜੋ ਵੀ ਹੈ, ਇਸ ਸੱਚ ਹੈ ਕਿ ਹਰ ਰਿਪੋਟਰ ਲੱਗਦੇ ਹੱਥ ਕੋਈ ਨਾ ਕੋਈ ਸਪਸ਼ਟੀਕਰਨ ਜ਼ਰੂਰ ਇਜਾਦ ਕਰ ਲਵੇਗਾ। ਹੇਰੋਡੋਟਸ ਕੋਈ ਸਪਸ਼ਟੀਕਰਨ ਨਹੀਂ ਦਿੰਦਾ। ਉਸਦਾ ਬਿਰਤਾਂਤ ਸਭ ਤੋਂ ਭਿੰਨ ਹੈ। ਅਤੇ ਇਹੋ ਕਾਰਨ ਹੈ ਕਿ ਪੁਰਾਤਨ ਮਿਸਰ ਦੀ ਇਹ ਕਹਾਣੀ ਅੱਜ ਹਜ਼ਾਰਾਂ ਸਾਲਾਂ ਬਾਅਦ ਵੀ ਸੋਚਣ ਅਤੇ ਆਪਣੇ ਵਿਚਾਰਾਂ ਨੂੰ ਜਾਗ੍ਰਿਤ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਵਿਚ ਅੰਨ ਦੇ ਉਸ ਦਾਣੇ ਜਿੰਨੇ ਗੁਣ ਹਨ, ਜਿਹੜੇ ਪਿਰਾਮਿਡਾ ਦੇ ਅੰਦਰ ਗਹਿਰੇ ਭੋਰੇ ਵਿਚ ਸੁਰੱਖਿਤ ਬੰਦ ਰਹਿਣ ਤੋਂ ਬਾਅਦ ਅੱਜ ਵੀ ਆਪਣੇ ਅੰਦਰ ਪੌਦਾ ਬਣਨ ਦੀ ਸਮਰੱਥਾ ਨੂੰ ਬਚਾਈ ਰੱਖਦੇ ਹਨ।

**ਅਨੁਭਵ-**

ਅਨੁਭਵ ਤੋਂ ਸਿੱਖਣ ਵਾਲੇ ਆਦਮੀ ਦਾ ਕਿਰਦਾਰ ਕਿਸੇ ਜੁਆ ਖੇਡਣ ਵਾਲੇ ਦੀ ਪ੍ਰਵਿਰਤੀ ਵਾਲੇ ਆਦਮੀ ਤੋਂ ਠੀਕ ਉਲਟ ਹੁੰਦਾ ਹੈ।

ਹੰਢਾ ਚੁੱਕੀਆਂ ਸਮਾਨਤਾਵਾਂ ਨੂੰ ਹੀ ਅਸੀਂ ਅਨੁਭਵਾਂ ਦੇ ਰੂਪ ਵਿਚ ਜਾਣਦੇ ਹਾਂ।

ਅਨੁਭਵ, ਅਤੇ ਵਿਸ਼ੇਸ਼-ਜੀਵਨ ਦੇ ਅਨੁਭਵਾਂ ਨੂੰ ਜੀਵ ਵਿਗਿਆਨ ਦੀ ਜ਼ਮੀਨੀ ਸਚੱਈਆਂ ਵਾਲੀਆਂ ਪ੍ਰਣਾਲੀਆਂ ਦੇ ਅਨੁਸਾਰ ਸਮਝਣ ਦੀ ਕੋਸ਼ਿਸ਼ ਤੋਂ ਵੱਡੀ ਭੁੱਲ ਦੂਜੀ ਨਹੀਂ ਹੋ ਸਕਦੀ। ਸਧਾਰਨ ਅਵਸਥਾ ਵਿਚ ਆ ਰਵਾਇਤੀ ਰੂਪ 'ਚ ਸਥਾਪਿਤ ਹੋਈਆਂ ਮਾਨਤਾਵਾਂ ਦੇ ਮੁਕਾਬਲੇ ਏਥੇ ਹੰਢਾ ਚੁੱਕੀਆਂ ਸਮਾਨਤਾਵਾਂ ਹੀ ਫੈਸਲਾਕੁਨ ਹੁੰਦੀਆਂ ਹਨ।

ਵਧੇਰੇ ਲੋਕਾਂ 'ਚ ਅਨੁਭਵ ਦੇ ਰਾਹੀਂ ਸਿੱਖਣ ਦੀ ਕੋਈ ਇੱਛਾ ਨਹੀਂ ਹੁੰਦੀ। ਇਹੀ ਨਹੀਂ ਉਨ੍ਹਾਂ ਦੀਆਂ ਇੱਛਾਵਾਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਦੀਆਂ ਹਨ।

ਇਹ ਵਿਖਾਣ ਦੀ ਜ਼ਰੂਰਤ ਹੁੰਦੀ ਹੈ ਕਿ ਅਨੁਭਵ ਅਤੇ ਅਵਲੋਕਨ ਦਰਅਸਲ ਇਕ ਹੀ ਹੈ। ਮੇਰੇ ਹੋਰ ਲੇਖ 'ਰੁਮਾਨੀ ਅਵਲੋਕਨ' ਦੇ ਸੰਕਲਪਾ ਨੂੰ ਵੇਖੋਂ। ਦਰਅਸਲ ਸਵੈ ਨਿਰਮਾਣਕਾਰੀ ਹੀ ਅਵਲੋਕਨ ਦਾ

ਅਧਾਰ ਹੈ।

**ਪੇਸ਼ਕਾਰੀ ਅਤੇ ਯਾਦਾਂ-**

ਭਾਸ਼ਾ ਨੇ ਹੁਣ ਇਹ ਸਿੱਧ ਕਰ ਦਿੱਤਾ ਹੈ ਕਿ ਯਾਦਾਂ ਬੀਤੇ ਹੋਏ ਸਮੇਂ ਦੇ ਪੁਲੰਦੇ ਦਾ ਸਾਧਨ ਨਹੀਂ, ਬਲਕਿ ਉਸੇ ਦਾ ਮਧਿਆਮ ਹੈ। ਮਾਧਿਆਮ ਉਨ੍ਹਾਂ ਸਾਰਿਆ ਦਾ, ਜਿਸ ਦਾ ਅਨੁਭਵ ਕੀਤਾ ਜਾਂਦਾ ਹੈ। ਉਸੇ ਤਰ੍ਹਾਂ ਜਿਵੇਂ ਧਰਤੀ ਉਹ ਮਧਿਆਮ ਹੈ ਜਿਸ ਵਿਚ ਪੁਰਾਤਨ ਨਗਰ ਦੱਬੇ ਪਏ ਹਨ। ਜਿਹੜਾ ਵੀ ਆਪਣੇ ਦੱਬੇ ਹੋਏ ਅਤੀਤ ਦੀ ਤਲਾਸ਼ ਵਿਚ ਨਿਕਲਦਾ ਹੈ, ਉਸਦੇ ਲਈ ਕਿਸੇ ਖੁਦਾਈ ਕਰਨ ਵਾਲੇ ਵਰਗਾ ਨਜ਼ਰੀਆ ਅਪਣਾਉਣਾ ਜ਼ਰੂਰੀ ਹੋ ਜਾਂਦਾ ਹੈ। ਸਭ ਤੋਂ ਪਹਿਲਾਂ ਤਾਂ ਉਸ ਨੂੰ ਵਾਰ ਵਾਰ ਉਸੇ ਥੇਹ ਵੱਲ ਪਰਤਣਾ, ਅਤੇ ਮਿੱਟੀ ਦੇ ਵਾਂਗ ਉਸ ਨੂੰ ਕਈ ਕਈ ਵਾਰ ਪੁੱਟਣ ਤੇ ਉਖਾੜਨ ਤੋਂ ਘਬਰਾਉਣਾ ਨਹੀਂ ਚਾਹੀਦਾ ਕਿਉਂਕਿ 'ਮਸੌਦਾ' ਕਿਸੇ ਅਜਿਹੀ ਪਰਤ ਤੋਂ ਘੱਟ ਨਹੀਂ ਹੁੰਦਾ ਜਿਸਦੇ ਅਤਿ ਦੁਰਲੱਭ ਰਹੱਸਾ ਤੱਕ ਪਹੁੰਚਣ ਦੇ ਲਈ ਬਹੁਤ ਬਰੀਕ ਬੁੱਧੀ ਦੀ ਜ਼ਰੂਰਤ ਪੈਂਦੀ ਹੈ। ਇਨ੍ਹਾਂ ਦੇ ਅੰਦਰੋਂ ਸਾਰੇ ਬਿੰਬ ਨਿਕਲਣਗੇ, ਜਿਹੜੇ ਆਪਣੇ ਤਮਾਮ ਪੁਰਾਣੀ ਸਭਿਆਤਾਵਾਂ ਦੇ ਵਾਂਗ ਕਿਸੇ ਅਜਾਇਬ ਘਰ ਵਿਚ ਪਏ ਟੁੱਟੇ ਘੜਿਆ ਦੇ ਵਾਂਗ, ਸਾਡੀ ਬਾਅਦ ਦੀ ਅੰਤਰਦ੍ਰਿਸ਼ਟੀ ਦੇ ਸੂਖ਼ਮ ਖਾਨਿਆਂ 'ਚ ਕਿਸੇ ਲੁਕੇ ਹੋਏ ਖਜ਼ਾਨਿਆਂ ਵਿਚ ਵਾਸ ਕਰ ਰਹੇ ਹੁੰਦੇ ਹਨ। ਨਿਰਸੰਦੇਹ ਇਨ੍ਹਾਂ ਖੰਡਰਾਂ ਨੂੰ ਵਿਧੀਵਤ ਤਰੀਕੇ ਨਾਲ ਪੇਸ਼ ਕਰਨਾ ਲਾਭਕਾਰੀ ਹੁੰਦਾ ਹੈ। ਪ੍ਰੰਤੂ ਦੂਜੇ ਪਾਸੇ ਹਨੇਰੇ ਨੂੰ ਸਾਵਧਾਨੀ ਨਾਲ ਚੀਰਨ ਲਈ ਲੱਭਣਾ ਕਿਸੇ ਵੀ ਤਰ੍ਹਾਂ ਘੱਟ ਅਹਿਮੀਅਤ ਨਹੀਂ ਰੱਖਦਾ ਅਤੇ ਜਿਹੜਾ ਵਿਅਕਤੀ ਅੱਜ ਦੀ ਜ਼ਮੀਨ 'ਚ ਉਨ੍ਹਾਂ ਪੁਰਾਣੇ ਦੁਰਲੱਭ ਖਜ਼ਾਨੇ ਦੀ ਸਹੀ ਸਥਿਤੀ ਦਾ ਪਤਾ ਲਗਾਏ ਬਗੈਰ ਮਹਿਜ ਆਪਣੇ ਖੋਜੀ ਹੋਣ ਤੱਕ ਸੀਮਤ ਹੋ ਕੇ ਰਹਿ ਜਾਂਦਾ ਹੈ। ਉਹ ਦਰਅਸਲ ਖੰਡਰਾਂ ਦੇ ਸਭ ਤੋਂ ਦੁਰਲੱਭ ਖਜ਼ਾਨੇ ਤੋਂ ਆਪਣੇ ਆਪ ਨੂੰ ਖਾਲੀ ਕਰ ਦਿੰਦਾ ਹੈ। ਇਨ੍ਹਾਂ ਅਰਥਾਂ ਵਿਚ ਮੌਲਿਕ ਯਾਦਾਂ ਦੇ ਸਬੰਧ ਵਿਚ ਅਨਾੜੀ ਖੋਜੀ ਦੀ ਸੂਚਨਾ ਤੋਂ ਕਿਤੇ ਮਹੱਤਵਪੂਰਨ ਹੁੰਦਾ ਹੈ ਉਸਦੇ ਉਹ ਚਿੰਨ ਕਿ ਕਿੱਥੇ ਕਿਸ ਥਾਂ ਉੱਤੇ ਉਹ ਉਸ ਨੂੰ ਹਾਸਿਲ ਕਰਨ ਵਿਚ ਕਾਮਯਾਬ ਹੋਇਆ। ਕਾਵਿਕ ਅਤੇ ਭਾਵਨਾਤਮਿਕ ਦੇ ਪ੍ਰੰਪਰਕ ਨਿਯਮਾਂ ਪ੍ਰਮਾਣਿਕ ਯਾਦਾਂ ਦਾ ਚੇਤੇ ਕਰਨਾ ਉਸੇ ਤਰ੍ਹਾਂ ਹੈ ਜਿਵੇਂ ਹੰਢਿਆ ਹੋਇਆ ਪੁਰਾਤੱਤਵ ਖੋਜੀ ਸਾਨੂੰ ਆਪਣੀ ਖੋਜ ਦੇ ਪੱਕੇ ਥੇਹ ਦੇ ਇਰਦ ਗਿਰਦ ਦੀ ਜ਼ਮੀਨ ਦੇ ਸਬੰਧ ਵਿਚ ਹੀ ਨਹੀਂ ਬਲਕਿ ਉਨ੍ਹਾਂ ਪਰਤਾਂ ਦੇ ਬਾਰੇ ਵਿਚ ਵੀ ਦੱਸਦਾ ਹੈ ਜਿਨ੍ਹਾਂ ਨੂੰ ਪਹਿਲਾਂ ਪਹਿਲ ਤੋੜ ਕੇ ਉਹ ਆਪਣੀ ਖੋਜ ਤੱਕ ਪਹੁੰਚਣ ਵਿਚ ਸਫ਼ਲ ਹੋਇਆ।

## ਨਕਲੀ ਆਲੋਚਨਾ

*(ਇਸ ਲੇਖ ਵਿਚ ਵਸਤੂਗਤ ਭ੍ਰਿਸ਼ਟਾਚਾਰ ਦੀ ਧਾਰਨਾ ਅਤੇ ਅੱਜ ਦੇ ਹਾਲਾਤ ਤੋਂ ਉਸਦੇ ਸਬੰਧਾਂ ਨੂੰ ਪਰਖਿਆ ਜਾਵੇਗਾ)*

ਵਿਅਕਤੀਗਤ ਆਲੋਚਨਾ ਅਤੇ ਵਸਤੂਗਤ ਆਲੋਚਨਾ ਵਿਚ ਅੰਤਰ-ਜਿਹੜੀ ਵਿਵਾਦ ਕਰਨ ਵਾਲੇ ਲੋਕਾਂ (ਪਾਲੀਮਿਕਸ) ਨੂੰ ਵਿਸਵਾਸ਼ ਕਰਨਯੋਗ ਬਣਾਉਣ 'ਚ ਇਕ ਪ੍ਰਮੁੱਖ ਅਸਤਰ ਦੇ ਰੂਪ 'ਚ ਇਸਤੇਮਾਲ ਹੁੰਦਾ ਹੈ, ਵਸਤੂਗਤ ਭ੍ਰਿਸ਼ਟਾਚਾਰ ਦਾ ਪ੍ਰਮੁੱਖ ਸਾਧਨ ਹੈ। ਇਹ ਪੂਰਾ ਨਿਰਦੇਸ਼ਕ ਦੀ ਭਾਂਤੀ ਪਾਲੀਮਿਕਸ ਉੱਤੇ ਇਕ ਮਾਫ਼ੀਨਾਮੇ ਦੀ ਸ਼ਕਲ ਵਿਚ ਪਹੁੰਚਦਾ ਹੈ। ਇਸ ਤੋਂ ਇਹ ਧਾਰਨਾ ਪੁਖਤਾ ਹੁੰਦੀ ਹੈ ਕਿ ਸਾਡੇ ਸਮੇਂ ਵਿਚ ਕਾਰਲ ਕਾਰਸ ਦਾ ਬਿੰਬ ਪਾਲੀਮਿਕਸ ਦੀ ਕਲਾ ਦੀ ਤਕਨੀਕ ਅਤੇ ਤਾਕਤ 'ਚ ਇਕਮਾਤਰ ਜੇਤੂ ਦੇ ਵਾਂਗ ਦਿਸਦੀ ਹੈ। ਪਾਲੀਮਿਕਸ 'ਚ ਉਸਦੀ ਮਹਾਰਤ ਪਹਿਲਾਂ ਤੋਂ ਨਿਸਚਿਤ ਸ਼ਰਤ



ਇਹ ਹੈ ਕਿ ਲੋਕਾਂ ਉੱਤੇ ਉਹ ਕੀ ਹੈ ਦੀ ਥਾਂ ਉਹ ਕਰਦੇ ਕੀ ਹਨ... ਇਸ ਨੂੰ ਲੈ ਕੇ ਵਧੇਰੇ ਹਮਲਾ ਕਰਦਾ ਹੈ। ਵਧੇਰੇ ਹਮਲਾ ਇਸ ਗੱਲ ਉੱਤੇ ਕਿ ਉਹ ਕੀ ਕਹਿੰਦੇ ਹਨ, ਬਲਕਿ ਇਸਦੇ ਕਿ ਉਹ ਕੀ ਲਿਖਦੇ ਹਨ। ਘੱਟੋ ਘੱਟ ਆਪਣੀਆਂ ਕਿਤਾਬਾਂ ਵਿਚ ਉਹ ਕੀ ਲਿਖਦੇ ਹਨ। ਆਲੋਚਨਾ ਦੀ ਪ੍ਰਮਾਣਿਤ ਧਾਰਨਾਵਾਂ ਦੇ ਅਨੁਸਾਰ ਤਾਂ ਜੋ ਲਿਖਿਆ ਜਾਂਦਾ ਹੈ ਉਹੀ ਕੇਵਲ ਅਧਿਐਨ ਦਾ ਵਿਸ਼ਾ ਹੋਣਾ ਚਾਹੀਦਾ। ਵਿਵਾਦੀ ਲੋਕ (ਪਾਲੀਮਿਕਸ) ਸਮੁੱਚੇ ਵਿਅਕਤੀ ਨੂੰ ਆਪਣੇ ਦਇਰੇ ਵਿਚ ਲੈ ਲੈਂਦੇ ਹਨ। ਕਰਾਸ ਤਾਂ ਹੋਰ ਅੱਗੇ ਚਲੇ ਜਾਂਦਾ ਹੈ। ਉਹ ਖੁਦ ਨੂੰ ਸਮਰਪਿਤ ਕਰ ਦਿੰਦਾ ਹੈ। ਇਸ ਗੱਲ ਦੇ ਮਹੱਤਵ ਨੂੰ ਵਿਸਥਾਰ ਦੇਣਾ ਚਾਹੀਦਾ ਹੈ।

ਬੋਧਿਕਵਾਦ ਵਸਤੂਗਤ ਭ੍ਰਿਸ਼ਟਾਚਾਰ ਦੇ ਅਧਾਰ ਦੇ ਵਾਂਗ (ਕਰਾਸ ਹਮੇਸ਼ਾਂ ਲੜਾਕੂ ਤਰੀਕੇ ਨਾਲ ਇਸਦੇ ਵਿਰੋਧ 'ਚ ਸੀ।) ਬੋਧਿਕਵਾਦ ਬਿਨਾ ਕਿਸੇ ਕ੍ਰਾਂਤੀਕਾਰੀ ਅਧਾਰ ਦੇ, ਕ੍ਰਾਂਤੀਕਾਰੀ ਹਾਵ ਭਾਵ ਦੀ ਨੌਟੰਕੀ ਹੈ। ਜਰਮਨ ਵਿਚ ਇਸ ਨੂੰ ਇਕ ਫ਼ੈਸਨੇਬਲ ਬਦਲਾਅ ਦੇ ਰੂਪ ਵਿਚ ਹਾਸਿਲ ਕੀਤਾ ਗਿਆ ਸੀ, ਆਲੋਚਨਾ ਦੇ ਕਿਸੇ ਨਤੀਜੇ ਦੇ ਰੂਪ ਵਿਚ ਨਹੀਂ। ਇਸੇ ਕਾਰਨ ਇਸਦੀਆਂ ਸਾਰੀਆਂ ਕਮਜ਼ੋਰੀਆਂ ਨਵੇਂ ਵਸਤੂਵਾਦ 'ਚ (ਜਿਹੜਾ ਕਿ ਇਸਦੇ ਬਾਅਦ ਆਇਆ) ਇਕ ਵੱਖਰੀ ਤਰ੍ਹਾਂ ਬਣ ਰਹੀਆਂ ਹਨ। ਇਹ ਦੋਵੇਂ ਅੰਦੋਲਨ ਬੁਰਜੁਆ ਦ੍ਰਿਸ਼ਟੀਕੋਣ ਤੋਂ ਯੁੱਧ ਦੇ ਅਨੁਭਵਾਂ ਦੇ ਨਾਲ ਇਕ ਹੀ ਤਰ੍ਹਾਂ ਦਾ ਸਲੂਕ ਕਰਦੇ ਹਨ। ਬੋਧਿਕਵਾਦ ਇਸ ਨੂੰ ਮਾਨਵਵਾਦ ਦੇ ਨਾਂ ਉੱਤੇ ਕਰਦਾ ਹੈ ਅਤੇ ਬਾਅਦ ਵਿਚ ਇਸੇ ਵਸਤੂਵਾਦ ਦੇ ਨਾਂ ਉੱਤੇ ਕੀਤਾ ਗਿਆ। ਆਧੁਨਿਕ ਜਰਮਨ ਲੇਖਕਾਂ ਦੀਆਂ ਲਿਖਤਾਂ ਪੜਾ ਦੇ ਅਜਿਹੇ ਮੁਕਾਮ ਉੱਤੇ ਹਨ ਜਿੱਥੋਂ ਸੱਜੇ ਜਾਂ ਖੱਬੇ ਪਾਸੇ ਕਦੀ ਵੀ ਕਿਸੇ ਪਲ ਮੁੜਿਆ ਜਾ ਸਕਦਾ ਹੈ। ਉਹ ਵਰਗਾਂ ਦੇ ਵਿਚਕਾਰ ਕਿਸੇ ਅਜਿਹੇ ਜਾਤੀ ਦੀ ਲਿਖਤ ਹੈ ਜਿਹੜੀ ਬਹੁਤ ਸੁਚੇਤ ਹੈ। ਇਹ ਚ੍ਰਿਤਰ ਦੇ ਲੱਛਣ, ਜਿਸਦਾ ਬੋਧਿਕਵਾਦ ਤੋਂ ਬਾਅਦ ਸਾਹਿਤ ਉੱਤੇ ਗਹਿਰਾ ਅਸਰ ਪਿਆ ਹੈ, ਇਸ ਇਕ ਗੱਲ ਤੋਂ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਸਾਹਿਤਕ ਚੌਂਕੜੀਆਂ ਦੇ ਵਿਚਕਾਰ ਕਿਸੇ ਤਰ੍ਹਾਂ ਦਾ ਕੋਈ ਸਥਾਈ ਝਗੜਾ ਨਹੀਂ। ਹਰ ਲੇਖਕ ਬਸ ਇਕ ਚੀਜ ਸਿੱਧ ਕਰਨਾ ਚਾਹੁੰਦਾ ਹੈ ਕਿ ਉਸੇ ਨਵੀਨਤਮ ਫੈਸ਼ਨ ਵਿਚ ਮਹਾਰਤ ਹਾਸਿਲ ਹੋਵੇ। ਇਹੀ ਕਾਰਨ ਹੈ ਕਿ ਨਵੇਂ ਐਲਾਨਨਾਮੇ ਲਗਾਤਾਰ ਪੁਰਾਣੇ ਨਾਵਾਂ ਵੱਲੋਂ ਦਾਗੇ ਜਾਂਦੇ ਹਨ। ਕੋਈ ਵਿਰਲਾ ਹੀ ਅਜਿਹਾ ਯੁੱਗ ਹੋਵੇਗਾ ਜਿਸ ਵਿਚ ਪੁਰਾਣੀਆਂ ਜੁੱਤੀਆਂ ਦਾ ਤਲਾ ਨੌਜਵਾਨ ਦੀ ਅੱਡੀ ਉੱਤੇ ਐਨਾ ਕੱਸਿਆ ਹੋਇਆ ਹੋਵੇ।

ਕੋਈ ਇਹ ਦਆਵਾ ਵੀ ਨਹੀਂ ਕਰ ਰਿਹਾ ਕਿ ਆਲੋਚਨਾ ਦੇ ਲਈ ਰਾਜਨੀਤਿਕ ਵਿਚਾਰਾਂ ਦਾ ਸਿੱਧਾ ਸਿੱਧਾ ਆਧਾਰਿਤ ਹੋਣਾ ਬਹੁਤ ਜ਼ਰੂਰੀ, ਬਲਕਿ ਲਾਭਕਾਰੀ ਹੈ। ਪ੍ਰੰਤੂ ਵਿਵਾਦੀ ਆਲੋਚਨਾ ਦੇ ਲਈ ਇਹ ਇਕਦਮ ਸਿੱਧਾ ਹਮਲਾ ਹੈ। ਜਿਨਾ ਵਧੇਰੇ ਲੋਕਾਂ ਦੀ ਨਿੱਜਤਾ ਨੂੰ ਸਾਹਮਣੇ ਲਿਆਂਦਾ ਜਾਵੇਗਾ, ਓਨਾ ਹੀ ਆਲੋਚਕ ਅਤੇ ਉਸਦੀ ਜਨਤਾ ਦੇ ਲਈ ਯੁੱਗ ਦੀ ਇਸ ਛਵੀ ਨਾਲ ਸਹਿਮਤ ਹੋਣਾ ਜ਼ਰੂਰੀ ਹੋਵੇਗਾ ਜਿਹੜਾ ਇਸ ਸਾਰਿਆਂ ਦੀ ਪਿੱਠ ਭੂਮੀ ਅਤੇ ਧੁਰੇ ਦੇ ਵਾਂਗ ਹੈ। ਯੁੱਗ ਦਾ ਹਰ ਪ੍ਰਮਾਣਿਕ ਚਿੱਤਰ ਰਾਜਨੀਤਿਕ ਹੁੰਦਾ ਹੈ। ਜਰਮਨੀ 'ਚ ਆਲੋਚਨਾ ਦੀ ਤੁਛ ਸਥਿਤੀ ਦਾ ਪਰਿਮਾਣ ਇਸ ਤੱਥ ਵਿਚ ਹੈ ਕਿ ਸਾਮਵਾਦ ਦੀ ਅਤਿਵਾਦੀ ਸਥਿਤੀ ਵਿਚ ਵੀ ਰਾਜਨੀਤਿਕ ਰਣਨੀਤੀਆਂ ਅਤੇ ਸਾਹਿਤਕ ਸਿਧਾਂਤ ਘਾੜਿਆ ਦੇ ਵਿਚਕਾਰ ਕੋਈ ਸਮਾਨਤਾ ਨਹੀਂ ਹੈ। ਇਹ ਆਲੋਚਨਾਤਮਕ ਵਿਚਾਰ, ਬਲਕਿ ਰਾਜਨੀਤਿਕ ਵਿਚਾਰ ਦਾ ਵੀ ਦੁਰਭਾਗਿਆ ਹੈ।

ਜੇਕਰ ਨਿੱਜੀ ਟਿੱਪਣੀ ਇਕ ਸਫ਼ਲ ਪਾਲੀਮਿਕਸ ਉੱਤੇ ਹਾਵੀ ਰਹਿੰਦੀ ਹੈ ਤਾਂ ਇਹ ਉਸ ਸਧਾਰਨ ਸੱਚ ਦੀ ਇਕ ਅੱਤਵਾਦੀ ਉਦਾਹਰਨ ਹੈ, ਜਿੱਥੇ ਇਹ ਕਿਹਾ ਜਾਂਦਾ ਹੈ। ਆਲੋਚਨਾਤਮਕ ਵਸਤੂਨਿਸ਼ਠਾ ਕੇਵਲ ਕਿਸੇ ਵਿਅਕਤੀ ਦੇ ਸਬੰਧ ਵਿਚ ਹੀ ਬਿਨਾ ਕਿਸੇ ਰੂੜੀਗਤ ਧਾਰਨਾ 'ਚ ਜਾਵੇ , ਇਕ ਇਕ ਮਸਲੇ

'ਚ ਅਪਨਾ ਫੈਸਲਾ ਦੇ ਸਕਦੀ ਹੈ। ਇਹ ਹਮੇਸ਼ਾਂ ਮਹੱਤਵਹੀਣ ਗੱਲ ਹੈ। ਇਹ 'ਵਸਤੂਨਿਸ਼ਠਤਾ' ਉਸ ਊਲ ਜਲੂਲ ਤਰੀਕੇ ਦੇ ਇਕ ਪੂਰਕ ਤੋਂ ਵੱਧ ਕੁਝ ਵੀ ਨਹੀਂ ਹੈ ਅਤੇ ਵਿਆਖਿਆ ਦੇ ਕਾਰਜ ਦਾ ਅਧਿਕਾਰ ਨਹੀਂ ਰੱਖਦਾ ਹੈ। ਇਸ ਦੇ ਕਾਰਨ ਪੱਤਰਕਾਰਤਾ ਨੇ ਆਲੋਚਨਾ ਦੇ ਕਾਰਜ ਨੂੰ ਨਸ਼ਟ ਕਰ ਦਿੱਤਾ ਹੈ।

ਇਸ ਵਸਤੂਨਿਸ਼ਟਤਾ ਦੇ ਨਾਲ (ਜਿਸ ਨੂੰ 'ਨਵਾਂ' ਪ੍ਰੰਤੂ 'ਸ਼ੱਕੀ' ਕਿਹਾ ਜਾ ਸਕਦਾ ਹੈ) ਇਹ ਸਹਿਜ ਹੀ ਹੈ ਕਿ ਇਸਦੇ ਉਪਜ ਅਤੇ ਇਸਦੀ ਕਥਿਤ ਨੇਕ ਨੀਯਤ ਉਸ 'ਮੂਲ' ਆਲੋਚਨਾਤਮਕ ਮਸਤਕ ਦੀ ਮਨਮੌਜੀ ਜਾਂ ਨਿੱਕੀ ਜਿਹੀ ਪ੍ਰਤੀਕ੍ਰਿਆ ਤੋਂ ਕੁਝ ਵੀ ਵਧੇਰੇ ਨਹੀਂ ਹੁੰਦੀ ਜਿਹੜੀ ਰੁਕਾਵਟਹੀਣ ਜਾਂ ਪਹਿਲਾਂ ਤੋਂ ਨਿਸਚਤ ਕਿਹਾ ਜਾਂਦਾ ਹੈ ਅਤੇ ਜਿਸ ਉੱਤੇ ਬੁਰਜੁਆ ਆਲੋਚਨਾ ਨੂੰ ਐਨਾ ਮਾਣ ਹੈ, ਜਿਸਦੀ ਨਾਟਕੀ ਭਾਸ਼ਾ ਅਸਲ ਵਿਚ ਹੋਰ ਕੁਝ ਨਹੀਂ, ਕੇਵਲ ਇਕ ਸ਼ਬਜਾਲ ਨਾਲ ਭਰੀ ਸਰਗਰਮੀ ਹੈ ਜਿਸ ਵਲੋਂ ਸਾਹਿਤਕ ਸਮੀਖਿਕ ਪਾਤਰ ਚਿਤਰਣ, ਸੁਭਾਅ ਪੈਦਾਇਸੀ ਅਤੇ ਵਿਅਕਤੀਆਂ ਦੀ ਮੰਗ ਨੂੰ ਪੂਰਾ ਕਰਦਾ ਹੈ। ਸਾਹਿਤਕ ਸਮੀਖਿਅਕ ਦੀ ਪ੍ਰਤੀਬੱਧਤਾ ਪ੍ਰਭਾਵ ਪੈਦਾ ਕਰਨ ਦੇ ਲਈ ਇਕ ਕਸਾਵ ਦੇ ਵਾਂਗ ਹੈ, ਜਿਨਾ ਗਹਿਰਾ ਉਸਦੇ ਵਿਸ਼ਵਾਸ ਦਾ ਸੁਰ ਹੋਵੇਗਾ, ਓਨਾ ਹੀ ਉਸਦਾ ਸਾਹ ਬਦਬੂਦਾਰ ਹੋਵੇਗਾ।

ਦੂਜੇ ਪਾਸੇ, ਸਵੈ ਪ੍ਰਗਟਾਵੇ ਦੀ ਪ੍ਰਤੀਕ੍ਰਿਆ ਆਲੋਚਨਾ ਦੀ ਬਜਾਏ ਰੋਗ ਸ਼ਾਸਤਰ ਵਿਸ਼ਾ ਵਸਤੂ ਸੀ। ਇਸਨੇ ਉਸ ਯੁੱਗ ਨੂੰ ਪਾਰ ਕਰਨ ਦਾ ਯਤਨ ਕੀਤਾ ਜਿਸਨੇ ਉਸਦੀ ਅਭਿਵਿਅਕਤੀ ਬਣ ਕੇ ਉਸ ਨੂੰ ਜਨਮ ਦਿੱਤਾ ਸੀ। ਡਾਡਾਵਾਦ ਦਾ ਮਨਾਹੀ ਵਾਲਾ ਸੁਰ ਕ੍ਰਾਂਤੀਕਾਰੀ ਸੀ। ਅਤੇ ਡਾਡਾ ਅੰਦੋਲਨ ਤੋਂ ਬਾਅਦ ਜਰਮਨ ਵਿਦਵਾਨਾ ਦੀ ਫਰਾਸ਼ ਦੇ ਵਿਦਵਾਨਾ ਦੇ ਨਾਲ ਹੋਰ ਵੀ ਵਧੇਰੇ ਏਕਤਾ ਹੋਈ। ਪ੍ਰੰਤੂ ਜਿੱਥੇ ਫਰਾਸ ਵਿਚ ਨਵ ਯਥਾਰਥਵਾਦੀ ਅੰਦੋਲਨ ਜਨਮਿਆ ਸੀ, ਜਰਮਨੀ 'ਚ ਵਿਚਾਰਾ ਨੂੰ ਨਿਪੁੰਨਸਕ ਕੀਤਾ ਗਿਆ ਸੀ ਅਤੇ 'ਨਵੇਂ ਵਸਤੂਵਾਦ' ਦਾ ਝੰਡਾ ਲਹਿਰਾ ਦਿੱਤਾ ਗਿਆ ਸੀ। ਇਸ ਅੰਦੋਲਨ ਦੀਆਂ ਸਹੀ ਪ੍ਰਵਿਰਤੀਆਂ ਨੂੰ ਕੇਵਲ ਨਵ ਯਥਾਰਥਵਾਦੀ ਅੰਦੋਲਨ ਦੇ ਨਾਲ ਤੁਲਨਾ ਵਿਚ ਹੀ ਸਮਝਿਆ ਜਾ ਸਕਦਾ ਹੈ। ਦੋਹਾਂ ਵਿਚ ਹੀ 1885 ਦੇ ਵਿਦਰੋਹ ਦੀ ਅਭਿਵਿਅਕਤੀ ਹੈ। ਇਕ ਪਾਸੇ ਸੁਡੋਰਮਾਨ ਦੇ ਵਲੋਂ ਅਤੇ ਦੂਜੇ ਪਾਸੇ ਰੇਵੇਕੋਲ ਵਲੋਂ ਬਰਾਬਰ ਖੜੇ ਹੋ ਜਾਣ ਤੇ ਦੋਹਾਂ ਵਿਚ ਇਕ ਅੰਤਰ ਹੈ।

'ਜਦੋਂ ਤੁਸੀਂ ਇਕ ਕ੍ਰਾਂਤੀਕਾਰੀ ਅੰਦੋਲਨ ਦਾ ਸਾਥ ਦਿੰਦੇ ਹੋ ਅਤੇ ਤੁਸੀਂ ਅਭਿਰੁਚੀ ਦੇ ਨਾਂ ਤੇ ਇਸ ਨੂੰ ਕੁਝ ਤੱਤਾਂ ਤੋਂ ਵੱਖਰਾ ਕਰ ਦਿੰਦੇ ਹੋ ਤਾਂ ਤੁਸੀਂ ਉਸਦੇ ਵਿਕਾਸ ਨੂੰ ਰੋਕਦੇ ਹੋ।" (ਅਪੋਲੋਨੀਅਰ) ਇਨ੍ਹਾਂ ਸ਼ਬਦਾਂ ਦੇ ਨਾਲ ਅਪੋਲੋਨੀਅਰ ਨੇ ਪੱਤਰਕਾਰਾ ਵਾਲੀ ਆਲੋਚਨਾ ਦੀ ਨਿਖੇਧੀ ਕੀਤੀ ਹੈ ਜਿਹੜੀ ਨਿਰੰਤਰ ਅਭਿਰੁਚੀ ਦੀ ਦੁਹਾਈ ਦਿੰਦੀ ਰਹਿੰਦੀ ਹੈ। ਸਧਾਰਨ ਦਰਜੇ ਦੇ ਇਸ ਸਮੀਖਿਆ ਉਦਯੋਗ ਦੀ ਇਹੀ ਵਿਸ਼ੇਸ਼ਤਾ ਹੈ ਕਿ ਉਹ ਬੜੇ ਲੁਕਵੇਂ ਰੂਪ ਨਾਲ ਆਪਣੀ ਪ੍ਰਤਿਕ੍ਰਿਆ ਨਾਲ ਲਿਪਤ ਹੋ ਜਾਂਦਾ ਹੈ। (ਨਤੀਜੇ 'ਚ ਉਹੀ ਪ੍ਰਚੱਲਤ ਟੂਕ 'ਇਹ ਮੇਰੀ ਨਿੱਜੀ ਧਾਰਨਾ ਹੈ') ਅਤੇ ਉਸਦੀ ਇਹੀ ਧੋਖੇ ਵਾਲੀ ਮੁਦਰਾ ਉਭਰਦੀ ਹੈ ਕਿ ਸੌਂਦਰਯ ਸ਼ਾਸਤਰ ਅਜੇ ਵੀ ਮਜੂਦ ਹੈ ਜਦ ਕਿ ਉਹ ਕਿਤੇ ਵੀ ਨਹੀਂ ਹੈ। ਸੱਚ ਤਾਂ ਇਹ ਹੈ ਕਿ ਆਲੋਚਨਾ ਵਿਚ ਅਸਥਿਰ ਬਿੰਦੂ ਉਤੇ ਹੀ ਇਹ ਗਿਆਨ ਹੋਣਾ ਚਾਹੀਦਾ ਹੈ ਸਾਰੇ ਮਾਮਲਿਆ ਵਿਚ ਸੌਂਦਰਯ ਪ੍ਰਤੀਮਾਨ ਪੂਰੀ ਤਰ੍ਹਾਂ ਅਰਥਹੀਣ ਹੋ ਚੁੱਕਾ ਹੈ। ਇਸ ਨੂੰ ਪੁਰਾਣੇ ਸੌਂਦਰਯ ਸ਼ਾਸਤਰ ਨਾਲ ਪੁਨਰਜੀਵਤ ਨਹੀਂ ਕੀਤਾ ਜਾ ਸਕਦਾ ਹੈ। ਫਿਰ ਭਾਵੇਂ ਕਿ ਉਹ ਜਿੰਨਾ ਮਰਜ਼ੀ ਚਲਾਕੀ ਨਾਲ ਕੀਤਾ ਗਿਆ ਆਧੁਨਿਕੀ ਕਰਣ ਹੋਵੇ। ਉਸਦੇ ਉਲਟ, ਆਲੋਚਨਾ ਕਰਮ ਨੂੰ ਆਰੰਭ ਵਿਚ ਕਿਸੇ ਵੀ ਰੂਪ 'ਚ ਕਿਸੇ ਅਜਿਹੇ ਕੰਮ ਕਾਜ ਉੱਤੇ ਅਧਾਰਿਤ ਕਰਨਾ ਚਾਹੀਦਾ ਹੈ ਜਿਹੜਾ ਕ੍ਰਾਂਤੀਕਾਰੀ ਰਾਜਨੀਤੀ ਦੇ ਪ੍ਰਤੀ ਪ੍ਰਤੀਬੱਧ ਹੋਵੇ। ਜੇਕਰ ਆਲੋਚਨਾ ਦਾ ਉਦੇਸ਼ ਆਪਣੇ ਸਾਹਮਣੇ ਮੌਜੂਦ ਚੁਣੌਤੀਆਂ ਨਾਲ ਨਿਪਟਦਾ ਹੈ। (ਅਪੋਲੀਨੀਅਨ ਦੀ ਬੇਨਤੀ ਹੋਰ ਕੁਝ ਨਹੀਂ ਬਲਕਿ ਅਜਿਹੇ ਕਿਸੇ ਕੰਮਕਾਜ ਦਾ ਕਰਨਾ ਹੈ) ਇਥੋਂ ਤੱਕ ਪ੍ਰਚੀਨ ਸੌਂਦਰਯ



ਸ਼ਾਸਤਰ ਵੀ। ਜਿਵੇਂ ਕਿ ਹੀਗਲ ਦੇ ਸੌਂਦਰਯ ਸ਼ਾਸਤਰ ਵਿਚ ਵੀ ਸਮਕਾਲੀ ਦੁਨੀਆਂ ਦੇ ਸਬੰਧ ਵਿਚ ਗਹਿਰੀ ਅੰਤਰ ਦ੍ਰਿਸ਼ਟੀ ਹੈ। ਪ੍ਰੰਤੂ ਆਧੁਨਿਕ ਆਲੋਚਨਾ ਇਸ ਪੁਰਾਣੀ ਧਾਰਨਾਵਾਂ ਵਾਲੀਆਂ ਯੋਜਨਾਵਾਂ ਨੂੰ ਨਿਰਪੱਖ ਰੂਪ ਨਾਲ ਦੇਖਦੇ ਹਨ। ਉਸੇ ਤਰ੍ਹਾਂ ਜਿਵੇਂ ਕਿ ਉਹ ਕਲਾਕ੍ਰਿਤੀਆਂ ਨੂੰ ਵੇਖਦੇ ਹਨ।

ਕ੍ਰਾਂਤੀਕਾਰੀ ਲਿਖਤਾਂ ਦੀ ਇਮਾਨਦਾਰ ਤਰੀਕੇ ਨਾਲ ਵਿਚਾਰਧਾਰਕ ਵਿਚਾਰਸ਼ੀਲਤਾ ਨੂੰ ਕਾਰਲ ਕਾਰਸ ਦੇ ਲਿਖਣ ਦੇ ਸੰਦਰਭ ਵਿਚ ਸਮਝਣ ਦਾ ਯਤਨ ਕੀਤਾ। ਅਜਿਹੀ ਲੇਖਣੀ ਦਾ ਰਵਾਇਤੀ ਮਾਪਦੰਡ। ਕਿਉਂਕਿ ਇਨ੍ਹਾਂ ਦਾ ਧਿਆਨ ਬੁਰਜੁਆ ਵਰਗ ਵਲੋਂ ਲਿਖੀਆਂ ਗਈਆਂ ਪ੍ਰਤੀਨਿੱਧ ਕਿਰਤਾ ਉੱਤੇ ਰਹਿੰਦਾ ਹੈ, ਇਹ ਇਕ ਸ਼ਾਨਦਾਰ ਤਰੀਕੇ ਨਾਲ ਇਹ ਸਮਝਾਉਂਦਾ ਹੈ ਕਿ ਇਸ ਵਰਗ ਵਲੋਂ ਰਚੀਆਂ ਗਈਆਂ ਮਹੱਤਵਪੂਰਨ ਚੀਜਾਂ ਦਾ ਬੁਰਜੁਆ ਵਰਗ ਦੇ ਅੰਦਰ ਹੀ ਵਿਰੋਧ ਹੋਵੇਗਾ ਅਤੇ ਉਹ ਕੇਵਲ ਕ੍ਰਾਂਤੀਕਾਰੀ ਤਰੀਕੇ ਨਾਲ ਹੀ ਬਚਾਈਆਂ ਜਾ ਸਕਦੀਆਂ ਹਨ। ਉਹ ਇਹ ਵੀ ਦੱਸਦਾ ਹੈ ਕਿ ਜਿਨ੍ਹਾਂ ਢੰਗਾਂ ਨਾਲ ਬੁਰਜੁਆਜੀ ਨੇ ਆਪਣਾ ਗਿਆਨ ਵਿਕਸਿਤ ਕੀਤਾ, ਜੇਕਰ ਉਹ ਤਰੀਕੇ ਕਠੋਰਤਾ ਪੂਰਵਕ ਅਤੇ ਬਿਨਾ ਕਿਸੇ ਮੌਕੇ ਦੇ ਲਾਗੂ ਕੀਤੇ ਗਏ ਤਾਂ ਉਹ ਆਪਣਾ ਧਿਆਨ ਪਰੇ ਕਰ ਦੇਣਗੇ।

ਨਵੇਂ ਵਸਤੂਵਾਦੀਆਂ ਦੇ ਨਾਲ ਆਲੋਚਨਾ ਨੇ ਉਹ ਸਾਹਿਤ ਪਾ ਲਿਆ ਹੈ ਜਿਸਦੇ ਉਹ ਯੋਗ ਹਨ।

ਸਾਡੇ ਸਾਹਿਤਕ ਉਦਮ ਦੇ ਯਤਨਾ ਦੇ ਬਤੌਰ ਘੱਟ ਕੀਮਤ ਉੱਤੇ ਇਕ ਵੱਡਾ ਅਸਰ ਪੈਦਾ ਕਰਨ ਦੇ ਯਤਨਾ ਤੋਂ ਇਲਾਵਾ ਹੋਰ ਕੁਝ ਦਿਖਾਈ ਨਹੀਂ ਦਿੰਦਾ। ਪ੍ਰਕਾਸ਼ਕਾਂ ਦਾ ਜੁਆ ਸਾਹਿਤਿਕ ਜ਼ਿੰਮੇਦਾਰੀ ਦੀ ਥਾਂ ਲੈ ਰਿਹਾ ਹੈ। ਇਹ ਗੱਲ ਕਿੰਨੀ ਹਾਸੋ-ਹੀਣੀ ਹੈ ਕਿ ਨਵੀਂ ਵਸਤੂਵਾਦੀਆਂ ਦੇ ਲੇਖਕਾਂ ਦੇ ਵਾਂਗ ਵਿਵਹਾਰ ਕੀਤਾ ਜਾਵੇ ਅਤੇ ਬਿਨਾ ਕਿਸੇ ਨਿੱਜੀ ਪ੍ਰਤੀਬੱਧਤਾ ਦੇ ਰਾਜਨੀਤਿਕ ਪ੍ਰਭਾਵ ਦਾ ਦਾਅਵਾ ਕੀਤਾ ਜਾਵੇ। ਇਹ ਪ੍ਰਤੀਬੱਧਤਾ ਵਿਹਾਰਕ ਹੋ ਸਕਦੀ ਹੈ ਅਤੇ ਇਕ ਰਾਜਨੀਤਿਕ ਦਲ ਦੇ ਅਨੁਸਾਸ਼ਤ ਵਿਵਹਾਰ 'ਚ ਹੋ ਸਕਦੀ ਹੈ, ਇਹ ਸਾਹਿਤਕ ਹੋ ਸਕਦੀ ਹੈ ਜਿਹੜੀ ਨਿੱਜੀ ਜੀਵਨ ਦੇ ਸਿਧਾਂਤ ਅਧਾਰਿਤ ਪ੍ਰਚਾਰ 'ਚ ਨਿਹਿਤ ਹੈ। ਜਿਵੇਂ ਕਿ ਫ੍ਰਾਂਸ ਵਿਚ ਅਤਿ ਯਥਾਰਥਵਾਦੀਆਂ ਅਤੇ ਜਰਮਨੀ 'ਚ ਕਾਰਲ ਕਾਰਸ ਦੇ ਕੀਤਾ। ਖੱਬੇਪੱਖੀ ਲੇਖਕ ਨਾ ਇਹ ਕਰਦੇ ਹਨ ਨਾ ਉਹ ਕਰਦੇ ਹਨ।

ਅਸੀਂ ਕਹਿ ਸਕਦੇ ਹਾਂ ਕਿ ਕਲਾ ਦੇ ਪ੍ਰਤੀ ਕੋਈ ਵੀ ਦ੍ਰਿਸ਼ਟੀਕੋਣ ਜਿਹੜਾ ਵਿਸ਼ਲੇਸ਼ਣ ਕਰਦਾ ਹੈ ਉੱਤੇ ਕਲਾਕ੍ਰਿਤੀਆਂ ਵਿਚ ਲੁਕੇ ਸਬੰਧਾਂ ਦੀ ਦੁਨੀਆਂ ਨੂੰ ਉਭਾਰਨ ਵਿਚ ਫੇਲ੍ਹ ਰਹਿੰਦਾ ਹੈ। (ਅਤੇ ਇਸ ਤਰ੍ਹਾਂ ਉਨ੍ਹਾਂ ਸਬੰਧਾਂ ਨੂੰ ਵੀ ਜਿਹੜੇ ਕਲਾ ਕ੍ਰਿਤੀਆਂ ਤੋਂ ਬਾਹਰ ਹਨ), ਉਹ ਸਮੀਖਿਆ ਕਾਰਜ 'ਚ ਮੂਲ ਉਦੇਸ਼ਾ ਨੂੰ ਖੋਹ ਦਿੰਦੇ ਹਨ। ਕਿਸੇ ਰਚਨਾ ਦੀ ਅੰਦਰਲੀ ਦੁਨੀਆਂ ਨੂੰ ਦੇਖਣ ਦਾ ਅਰਥ ਹੈ ਉਨ੍ਹਾਂ ਤਰੀਕਾਂ ਦਾ ਹਵਾਲਾ ਦੇਣਾ, ਜਿਥੇ ਰਚਨਾ ਦਾ ਸੱਚ ਅਤੇ ਭੌਤਿਕ ਦੁਨੀਆਂ ਦਾ ਸੱਚ ਇਕ ਦੂਜੇ ਵਿਚ ਪ੍ਰਵੇਸ਼ ਕਰਦਾ ਹੈ। ਆਲੋਚਨਾ ਦਾ ਉਹ ਰੂਪ ਜਿਹੜਾ ਰਚਨਾ ਵਿਚ ਨਿਹਿਤ ਸੱਚ ਦੇ ਨਾਲ ਇਕ ਮਿਕ ਨਹੀਂ ਹੁੰਦਾ ਜਿਹੜਾ ਕੇਵਲ ਬਾਹਰੀ ਗੱਲਾਂ ਵਿਚ ਹੀ ਉਲਝਿਆ ਰਹਿੰਦਾ ਹੈ। ਉਸ ਦੇ ਸਬੰਧ ਵਿਚ ਗੱਲ ਕਰਨ ਦੀ ਜ਼ਰੂਰਤ ਹੀ ਨਹੀਂ ਹੈ। ਦੁਰਭਾਗ ਇਹ ਹੈ ਕਿ ਮਾਰਕਸਵਾਦੀ ਆਲੋਚਨਾ ਦੇ ਨਾਂ ਉੱਤੇ ਇਹੀ ਚੀਜ਼ ਅੱਜ ਵਧੇਰੇ ਕਰਕੇ ਦਿਖਾਈ ਦਿੰਦੀ ਹੈ। ਤਕਰੀਬਨ ਹਰ ਉਦਾਹਰਨ ਵਿਚ ਅਸੀਂ ਵੇਖਦੇ ਹਾਂ ਕਿ ਇਕ ਮੋਟੀ ਚਮੜੀ ਵਾਲੀ ਖੋਜ ਉਸ ਸਮਾਜਿਕ ਵਿਸ਼ਾ ਵਸਤੂ ਨੂੰ ਲੱਭਦੀ ਹੈ ਜਿਹੜੀ ਸਤਾ ਉੱਤੇ ਹੀ ਜ਼ਰੂਰੀ ਹੈ। ਇਹ ਕਿਸੇ ਵੀ ਰੂਪ ਵਿਚ ਰਚਨਾ ਦੇ ਅੰਦਰੂਨੀ ਦੁਨੀਆਂ ਵਿਚ ਪ੍ਰਵੇਸ਼ ਨਹੀਂ ਕਰਦੀ-ਉਹ ਕੇਵਲ ਉਸ ਸਬੰਧ ਵਿਚ ਜਾਣਕਾਰੀ ਦਿੰਦੀ ਹੈ। ਇਸਦੇ ਉਲਟ, ਮਾਰਕਸਵਾਦੀਆਂ ਦੀ ਇਹ ਆਸ਼ਾ ਕਿ ਉਹ ਇਸ ਸਮਾਜ ਸ਼ਾਸ਼ਤਰੀ ਦੀ ਨਜ਼ਰ ਨਾਲ ਕਲਾ ਦੇ ਅੰਦਰ ਉਤਰ ਸਕੇਗਾ, ਪੂਰੀ ਤਰ੍ਹਾਂ ਨਿਰਾਸ਼ਾ ਵਿਚ ਬਦਲ ਜਾਂਦੀ ਹੈ। ਉਹ ਅਨੁਮਾਨਿਤ ਅਤੇ ਤਰਕਪੂਰਨ ਸੌਂਦਰਯ ਸ਼ਾਸਤਰ (ਡਿਡਕਿਟਵ ਅਸਥੈਟਿਕ) ਜਿਸਦੀ ਮਾਰਕਸਵਾਦੀਆਂ ਨੂੰ ਸਭ ਤੋਂ ਵਧੇਰੇ

ਲੋੜ ਹੈ, ਅਜੇ ਤੱਕ ਵਿਕਸਿਤ ਨਹੀਂ ਹੋਈ ਹੈ। ਰਚਨਾ ਦੀ ਉਹ ਅੰਦਰੂਨੀ ਬਣਤਰ ਜਿੱਥੇ ਸੱਚ ਦਾ ਅੰਸ਼ ਅਤੇ ਭੌਤਿਕ ਅੰਸ਼ ਆਪਸ ਵਿਚ ਮਿਲਦਾ ਹੈ, ਕਲਾ ਦਾ ਉਹ ਦਾਇਰਾ ਹੈ ਨਿਸਚਿਤ ਰੂਪ ਵਿਚ ਪਿੱਛੇ ਰਹਿ ਜਾਂਦਾ ਹੈ। ਇਸ ਮੋੜ ਉੱਤੇ ਆ ਕੇ ਸੌਂਦਰਿਆ ਦੇ ਉਹ ਸਾਰੇ ਸੰਦੇਹ ਵੀ ਗਾਇਬ ਹੋ ਜਾਂਦੇ ਹਨ-ਭਾਵ ਕਿ ਇਸ ਤਰ੍ਹਾਂ ਦੇ ਝਗੜੇ ਕਿ ਵਸਤੂ ਪ੍ਰਮੁੱਖ ਹੈ ਜਾਂ ਰੂਪ।

ਅੰਤਿਮ ਭਾਗ ਦਾ ਢਾਂਚਾ ਇਨ੍ਹਾਂ ਤੱਤਾਂ ਨਾਲ ਬਣੇਗਾ-1. ਰਚਨਾਵਾਂ ਜੀਉਂਦੀਆਂ ਰਹਿੰਦੀਆਂ ਹਨ। 2. ਉਸਦੇ ਜੀਉਂਦਿਆਂ ਰਹਿਣ ਵਾਲੇ ਨਿਰਧਾਰਤ ਕੀਤੇ ਨਿਯਮ ਸੁੰਗੜ ਜਾਂਦੇ ਹਨ। 3. ਕਲਾ ਕ੍ਰਿਤੀਆਂ ਦੇ ਜੀਉਂਦੇ ਰਹਿਣ ਨਾਲ ਕਲਾ ਦੇ ਰੂਪ 'ਚ ਉਸਦੀ ਵਿਸ਼ੇਸ਼ਤਾ ਘਟਦੀ ਜਾਂਦੀ ਹੈ। 4. ਆਲੋਚਨਾ ਦਾ ਇਕ ਸਫ਼ਲ ਰੂਪ ਸੌਂਦਰਿਆ ਸ਼ਾਸਤਰ ਹੀ ਦੁਨੀਆਂ ਦੀਆਂ ਹੱਦਾਂ ਨੂੰ ਤੋੜ ਨਿਕਲਦਾ ਹੈ। 5. ਜਾਦੂਈ ਆਲੋਚਨਾ ਦੀ ਤਕਨੀਕ ਇਨ੍ਹਾਂ ਸ਼੍ਰੈਣੀਆਂ ਦੇ ਵਿਰੋਧ ਵਿਚ ਹੈ 'ਸੰਪੂਰਣਤਾ' ਅਤੇ 'ਪ੍ਰਮਾਣਿਕਤਾ'

## ਸਾਹਿਤ ਆਲੋਚਨਾ ਦਾ ਕਾਰਜ

ਸੰਤੁਲਿਤ ਆਲੋਚਨਾ ਨੂੰ ਫਿਰ ਤੋਂ ਆਪਣਾ ਸਹੀ ਵਿਵੇਕ ਹਾਸਿਲ ਕਰਨਾ ਹੈ। ਮਤਲਬ ਇਹ ਕਿ ਆਲੋਚਨਾ ਦੇ ਕਾਰਜ ਨੂੰ ਪੂਰਨ ਚੇਤਨਾ ਦੇ ਪੱਧਰ ਤੱਕ ਚੁੱਕਣਾ ਹੈ। ਹੌਲੀ-ਹੌਲੀ ਇਕ ਇਕਦਮ ਨਿਢਾਲ ਅਤੇ ਬੇਅਸਰ ਹੋ ਚੁੱਕੀ ਹੈ। ਅਜਿਹੀ ਹਾਲਤ ਵਿਚ ਭ੍ਰਿਸ਼ਟ ਚ੍ਰਤਿਰ ਦੇ ਵੀ ਕੁੱਝ ਆਪਣੇ ਲਾਭ ਹਨ। ਘਟੋ ਘਟ ਇਸਦੀ ਆਪਣੀ ਪਛਾਣ ਤਾਂ ਹੁੰਦੀ ਹੈ, ਇਕ ਨਿਸ਼ਚਿਤ ਚਿਹਰਾ ਮੋਹਰਾ ਤਾਂ ਹੁੰਦਾ ਹੈ।

ਗਲਤੀ ਦਾ ਇਕ ਮੁੱਖ ਕਾਰਨ ਇਹ ਭਰਮ ਹੈ ਕਿ ਇਸ ਭ੍ਰਸ਼ਿਟਾਚਾਰ ਨੂੰ ਸਮੀਖਿਆ ਦੀ ਨਿੱਜੀ ਇਮਾਨਦਾਰੀ ਦੇ ਜ਼ੋਰ ਉੱਤੇ ਰੋਕਿਆ ਜਾ ਸਕਦਾ ਹੈ। ਹੁਣ ਸਥਿਤੀ ਇਹ ਹੈ ਕਿ ਇਸ ਗੰਦੇ ਪਰਜੀਵੀ ਦੇ ਲਈ ਆਪਣਾ ਕਾਰਜ ਸੱਚੇ ਮਨ ਨਾਲ ਕਰ ਸਕਣਾ ਬਹੁਤ ਹੀ ਦੁਰਲੱਭ ਹੈ। ਅਤੇ ਜਿਨੀ ਵਧੇਰੇ ਰਿਸ਼ਵਤ ਹੋਵੇਗੀ ਓਨਾ ਹੀ ਘੱਟ ਇਸ ਨੂੰ ਮਹਿਸੂਸ ਹੋਵੇਗਾ ਕਿ ਉਸਨੂੰ ਖਰੀਦਿਆ ਜਾ ਰਿਹਾ ਹੈ।

ਪਹਿਲਾਂ ਤੋਂ ਨਿਰਧਾਰਤ ਕੀਤੇ ਗਏ ਦ੍ਰਿਸ਼ਟੀਕੋਣ ਰਾਹੀਂ ਕੀਤੀ ਗਈ ਇਮਾਨਦਾਰ ਆਲੋਚਨਾ ਬੇਸਵਾਦ ਅਤੇ ਸਾਹ ਸਤ ਹੀਣ ਹੋਵੇਗੀ। ਕਿਸੇ ਵੀ ਆਲੋਚਨਾਤਮਿਕ ਕਾਰਜ ਦੇ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਕਿਸੇ ਠੋਸ ਨਕਸ਼ੇ ਉਤੇ ਅਧਾਰਿਤ ਹੈ ਜਾਂ ਨਹੀਂ ਭਾਵ ਕਿ ਉਹਦੀ ਕੋਈ ਕਾਰਜ ਕਰਨ ਵਾਲੀ ਨੀਤੀ ਤਾਂ ਨਹੀਂ ਜਿਸ ਦਾ ਆਪਣਾ ਤਰਕ ਹੋਵੇ, ਆਪਣਾ ਇਮਾਨ ਹੋਵੇ।

ਇਸ ਸਬੰਧ ਵਿਚ ਚੇਤਨ ਕਾਲ ਦੇ ਨਿਮਨਲਿਖਤ ਆਲੋਚਨਾਤਮਿਕ ਕਰਮ ਦੀ ਵਰਤੋ ਕੀਤੀ ਜਾਣੀ ਚਾਹੀਦੀ ਹੈ। ਜਰਮਨ ਦੇ ਪਾਠਕ-ਸਮਾਜ ਦੀ ਸਰੰਚਨਾ ਖਾਸ ਕਿਸਮ ਦੀ ਹੈ। ਇਸ ਨੂੰ ਲਗਭਗ ਬਰਾਬਰ ਦੋ ਭਾਗਾ ਵਿਚ ਵੰਡਿਆ ਜਾ ਸਕਦਾ ਹੈ। ਪਬਲਿਕ ਭਾਵ ਕਿ ਆਮ, ਅਤੇ ਸਾਹਿਤਕ ਵਰਗ ਭਾਵ ਕਿ ਖਾਸ। ਪਬਲਿਕ ਸਮਝਦੀ ਹੈ ਕਿ ਸਾਹਿਤ ਮੰਨੋਰੰਜਨ ਦਾ ਸਾਧਨ ਹੈ, ਥੋੜੀ ਉਤੇਜਨਾ ਵਾਲਾ ਵੀ, ਜਾਂ ਸਮਾਜਿਕ ਸਰੋਕਾਰਾਂ ਨੂੰ ਗਹਿਰਾ ਕਰਨ ਵਾਲਾ... ਵੱਡੇ ਜਾਂ ਛੋਟੇ ਅਰਥਾਂ ਵਿਚ ਮਨਪ੍ਰਚਾਵੇ ਵਾਲਾ, ਦਿਨ ਲੰਘਾਉਣ ਦਾ ਸਾਧਨ। ਸਾਹਿਤਕ ਵਰਗ ਪੁਸਤਕ ਨੂੰ ਜੀਵਨ ਦੀ ਪੁਸਤਕ ਸਮਝਦਾ ਹੈ, ਬੁੱਧੀਮਾਨੀ ਦਾ ਸਰੋਤ, ਆਪਣੇ ਛੋਟੇ ਸਮੂਹਾ ਦਾ ਸੰਵਿਧਾਨ ਉਹ ਸਮੂਹ ਜਿਹੜਾ ਇਕਮਾਤਰ ਅੰਨਦਾਤਾ ਹੈ। ਅਜੇ ਤੱਕ ਆਲੋਚਨਾ ਦਾ ਵਾਸਤਾ ਕੇਵਲ ਉਸ ਚੀਜ਼ ਨਾਲ ਰਿਹਾ ਹੈ ਜਿਹੜੀ ਪਬਲਿਕ ਦੀ ਨਜ਼ਰ ਵਿਚ ਠੀਕ ਲੱਗੇ... ਅਤੇ ਇਹ ਬਹੁਤ ਗ਼ਲਤ ਹੈ।

ਸਾਹਿਤਕ ਵਰਗ ਦੇ ਸਾਹਿਤ ਦੀ ਨਿਸ਼ਾਨਦੇਹੀ ਕਾਫੀ ਮੁਸ਼ਕਲ ਅਤੇ ਜ਼ੋਖ਼ਮ ਭਰਿਆ ਕਾਰਜ



ਹੋਵੇਗਾ। ਨਾਲ ਹੀ, ਇਹ ਵੀਹਵੀਂ ਸਦੀ 'ਚ ਜਰਮਨ ਸੰਕੀਰਣਤਾਵਾਦ ਦੇ ਇਤਿਹਾਸ ਦਾ ਇਕ ਆਰੰਭਿਕ ਪਾਠ ਵੀ ਹੋਵੇਗਾ। ਪਹਿਲੀ ਨਜ਼ਰ ਸੰਕੀਰਣਤਾਵਾਦ ਦੇ ਇਸ ਬਹੁਤ ਹੀ ਸ਼ਕਤੀਸ਼ਾਲੀ ਅਤੇ ਤਿੱਖੇ ਵਿਕਾਸ਼ ਦੇ ਸਰੋਤ ਦਾ ਪਤਾ ਲਗਾਉਣਾ ਬਹੁਤ ਕਠਿਨ ਹੈ। ਅਸੀਂ ਕੇਵਲ ਇਹੀ ਅਨੁਮਾਨ ਕਰ ਸਕਦੇ ਹਾਂ ਇਹ ਸੰਕੀਰਣਤਾਵਾਦ ਉਸ ਤਬਾਹੀ ਦਾ ਅਸਲੀ ਰੂਪ ਹੋਵੇਗਾ ਜਿਹੜਾ ਸਾਮਵਾਦ ਦੇ ਅਸਫ਼ਲ ਹੋਣ ਉੱਤੇ ਜਰਮਨੀ ਨੂੰ ਗ੍ਰਸ ਲਵੇਗਾ। ਪ੍ਰੰਤੂ ਅਸੀਂ ਇਹ ਨਿਸਚਿਤ ਮੰਨੀਏ ਕਿ ਕਰਮਕਾਂਡੀ ਵਿਧਾਨਾ ਦੇ ਇਸ ..... ਧਮਾਕੇ ਪਿੱਛੇ ਇਹ ਕੋਸ਼ਿਸ਼ ਹੈ ਜਿਹੜਾ ਵਿਅਕਤੀ ਉੱਤੇ ਰਵਾਇਤੀ ਸਮੂਹਿਕਤਾ ਵਿਚੋਂ ਕੱਢ ਕੇ ਉਸ ਨੂੰ ਨਵੀਂ ਸਮੂਹਿਕਤਾ 'ਚ ਧਕੇਲਣਾ ਚਾਹੁੰਦੀ ਹੈ ਅਤੇ ਅਸਲ ਵਿਚ ਸਮੂਹਿਕ ਕਰਮ ਨਾਲ ਕਿਸੇ ਵੀ ਸਬੰਧ ਦੀ ਅਣਹੋਂਦ ਹੋਵੇ ਇਸੇ ਪਾਗਲਪਨ ਦੇ ਲੱਛਣਾਂ ਦਾ ਰੂਪ ਦਿੰਦਾ ਹੈ।

ਇਸਦੇ ਇਲਾਵਾ ਆਲੋਚਨਾ ਨੂੰ ਆਪਣੀ ਸ਼ਕਤੀ ਹਾਸਿਲ ਕਰਨ ਦੇ ਲਈ ਪੁਸਤਕ ਬਜ਼ਾਰ 'ਚ ਉਤਪਾਦਨ ਸਬੰਧਾਂ ਦੇ ਪ੍ਰਤੀ ਵਧੇਰੇ ਪ੍ਰਭਾਵਸ਼ਾਲੀ ਧਿਆਨ ਕਰਨਾ ਚਾਹੀਦਾ। ਸਾਰੇ ਜਾਣਦੇ ਹਨ ਕਿ ਬਹੁਤ ਜ਼ਿਆਦਾ ਕਿਤਾਬਾਂ ਪ੍ਰਕਾਸ਼ਤ ਹੁੰਦੀਆਂ ਰਹਿੰਦੀਆਂ ਹਨ। ਇਸ ਤੋਂ ਵੱਧ ਹੈਰਾਨੀ ਵਾਲੀ ਗੱਲ ਹੈ ਕਿ ਬਹੁਤ ਹੀ ਘੱਟ ਚੰਗੀਆਂ ਕਿਤਾਬਾਂ ਛਪਦੀਆਂ ਹਨ। ਅਤੇ ਜਿਹੜੀਆਂ ਚੰਗੀਆਂ ਛਪਦੀਆਂ ਵੀ ਹਨ ਉਨ੍ਹਾਂ ਦਾ ਕੋਈ ਬਹੁਤਾ ਅਸਰ ਨਹੀਂ ਪੈਂਦਾ। ਹੁਣ ਤੱਕ ਇਹੀ ਹੁੰਦਾ ਰਿਹਾ ਹੈ ਕਿ ਜਦੋਂ ਆਲੋਚਨਾ ਨੇ ਕਿਸੇ ਕਿਤਾਬ ਨੂੰ ਰੱਦ ਕਰਨਾ ਚਾਹਿਆ ਤਾਂ ਲੇਖਕ ਉੱਤੇ ਆਪਣਾ ਗੁੱਸਾ ਕੱਢਿਆ। ਇਸ ਤੋਂ ਉਸ ਨੂੰ ਕੁਝ ਖਾਸ ਪ੍ਰਾਪਤ ਨਹੀਂ ਹੋਇਆ। ਉਨ੍ਹਾਂ ਦੇ ਫੈਸਲਿਆ ਉੱਤੇ ਫਾਂਸ਼ੀ ਤਾਂ ਲੱਗਦੀ ਨਹੀਂ। ਇਸ ਤਰ੍ਹਾਂ ਜੀਰੋ ਹੋਏ ਹਰ ਲੇਖਕ ਦੇ ਬਦਲਾ ਵਿਚ ਘੱਟੋ ਘਟ ਹੋਰ ਨੌਂ ਲੇਖਕ ਪੈਦਾ ਹੋ ਜਾਂਦੇ ਹਨ। ਇਨ੍ਹਾਂ ਪ੍ਰਤੀ ਇਕ ਬਦਲਵਾ ਰਵੱਈਆ ਇਹ ਹੋ ਸਕਦਾ ਹੈ ਕਿ ਆਲੋਚਕ ਇਕ ਸੀਮਾ ਦੇ ਅੰਦਰ ਰਹਿ ਕੇ ਪ੍ਰਕਾਸ਼ਕਾਂ ਦੀ ਆਰਥਿਕ ਜਵਾਬਦੇਹੀ ਉੱਤੇ ਜੋਰ ਦੇਣ ਅਤੇ ਮਾੜੀਆਂ ਕਿਤਾਬਾਂ ਦੇ ਪ੍ਰਕਾਸ਼ਕ ਦਾ ਘਾਟਾ ਪੂਰਾ ਕਰਨ ਜਿਹੜਾ ਕਿਤਾਬਾਂ ਦੇ ਲਈ ਪਹਿਲਾਂ ਹੀ ਥੋੜੇ ਬਹੁਤੇ ਧੰਨ ਨੂੰ ਬਰਬਾਦ ਕਰ ਰਿਹਾ ਹੈ। ਇਥੇ ਉਦੇਸ਼ ਪ੍ਰਕਾਸ਼ਕ ਦੇ ਕਿੱਤੇ ਉੱਤੇ ਹਮਲਾ ਕਰਨਾ ਨਹੀਂ ਹੈ। ਉਸ ਪ੍ਰਕਾਸ਼ਕ ਦੀ ਆਲੋਚਨਾ ਜਿਹੜਾ ਮਾੜੀ ਕਿਤਾਬ ਛਾਪ ਕੇ ਲਾਭ ਕਮਾਉਂਦਾ ਹੈ ਜਿਵੇਂ ਕੋਈ ਵੀ ਵਪਾਰੀ ਖਰਾਬ ਮਾਲ ਵੇਚ ਕੇ ਬਲਕਿ ਉਸ ਭਟਕੇ ਹੋਏ ਆਦਰਸ਼ਵਾਦੀ ਨੂੰ ਸਮਝਾਉਣਾ ਹੈ ਜਿਹੜਾ ਖਤਰਨਾਕ ਮਾੜੇ ਉਤਪਾਦਨਾ ਨੂੰ ਪੈਦਾ ਕਰਦਾ ਹੈ।

ਚੰਗੀ ਆਲੋਚਨਾ ਵਧੇਰੇ ਕਰਕੇ ਦੋ ਤੱਤਾਂ ਤੋਂ ਬਣਦੀ ਹੈ, ਹਾਂ ਪੱਖੀ ਖੁੱਲ੍ਹੇ ਦਿਲ ਵਾਲੀ ਅਤੇ ਆਲੋਚਨਾਤਮਿਕ ਨਰਮ ਸਮੀਖਿਆ। ਬਹੁਤ ਚੰਗੀ ਖਾਮੀਆਂ ਨੂੰ ਢੱਕਣ ਵਾਲੀ ਆਲੋਚਨਾਤਮਿਕ ਸਮੀਖਿਆ ਅਤੇ ਹਾਂ ਪੱਖੀ ਦੋਹਾਂ ਦੇ ਮਿਲਾਪ ਨਾਲ ਬਣਾਈ ਜਾ ਸਕਦੀ ਹੈ। ਪ੍ਰੰਤੂ ਜਿਸ ਤੋਂ ਹਰ ਹਾਲ ਵਿਚ ਪਲੇਗ ਦੇ ਵਾਂਗ ਬਚਣਾ ਹੈ ਉਹ ਹੈ ਵਿਸ਼ਾ ਵਸਤੂ ਦੇ ਸਾਰਾਂਸ਼ ਦਾ ਪੁਨਰਕਥਨ। ਇਸ ਦੇ ਉਲਟ ਅਜਿਹੀ ਆਲੋਚਨਾ ਵਿਕਸਿਤ ਕਰਨੀ ਚਾਹੀਦੀ ਹੈ ਜਿਸ 'ਚ ਕੇਵਲ ਖੁੱਲ੍ਹਾ ਦਿਲ ਹੋਵੇ।

ਯੂਨੀਵਰਸਿਟੀਆਂ ਦਾ ਭਵਿੱਖ। ਦਸ ਸਾਲਾਂ ਵਿਚ ਯੂਨੀਵਰਸਿਟੀਆਂ ਦੀਆਂ ਕੁਰਸੀਆਂ ਅਤੇ ਚੇਅਰਾਂ ਠੱਗਾਂ ਅਤੇ ਤੰਗ ਸੋਚ ਵਾਲੇ ਉਜੱਡ ਕਿਸਮ ਦੇ ਲੋਕਾਂ ਵਿਚ ਵੰਡੀਆਂ ਜਾਣਗੀਆਂ। ਜਾਰਜ ਕੁੱਲ ਵੱਲੋਂ ਚੇਅਰਾਂ ਉੱਤੇ ਕਬਜਾ ਪਹਿਲਾਂ ਸੰਕੇਤ ਹੈ ਹੋਇਆ ਇਹ ਕਿ ਅਜੇ ਵੀ ਅਜਿਹੇ ਪੜ੍ਹਨ ਵਾਲੇ ਵਿਦਿਆਰਥੀ ਹਨ ਜਿਹੜੇ ਸਹੀ ਗਲਤ ਜਾਣਦੇ ਹਨ ਅਤੇ ਮਾਹਰ ਵੀ ਹਨ। ਪ੍ਰੰਤੂ ਉਸ ਦੇ ਲਈ ਇਸ ਗਿਆਨ ਨੂੰ ਪੇਸ਼ ਕਰਨਾ ਅਸੰਭਵ ਹੋ ਚੁੱਕਾ ਹੈ। 'ਵਿਦਿਆਰਥੀ ਕੁੱਝ ਵੀ ਨਹੀਂ ਸਿੱਖਦੇ, ਪ੍ਰੰਤੂ ਉਨ੍ਹਾਂ ਨੂੰ ਸੜਕ ਪਾਰ ਕਰਨਾ ਓਨਾ ਹੀ ਚੰਗੀ ਤਰ੍ਹਾਂ ਆਉਂਦਾ ਹੈ ਜਿਨਾਂ ਉਨ੍ਹਾਂ ਦੇ ਟੀਚਰਾਂ ਨੂੰ ਅਤੇ ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਗਿਆਨ ਦਾ ਪਸਾਰ ਉਸਦੀ ਸਿਆਣਪ ਅਤੇ ਗਿਆਨ ਉੱਤੇ ਨਿਰਭਰ ਨਹੀਂ ਕਰਦਾ।

ਇਸਦੇ ਉਲਟ ਇਹੀ ਅਸੀਂ ਗਿਆਨ ਦੀ ਨੈਤਿਕ ਜ਼ਿੰਮੇਵਾਰੀ ਤੋਂ ਵੱਧ ਸਪੱਸ਼ਟਤਾ ਨਾਲ ਦੇਖ ਸਕਦੇ ਹਾਂ।

ਆਲੋਚਨਾਤਮਿਕ ਵਿਧੀਆਂ। ਉਨ੍ਹਾਂ ਦੇ ਖਤਰੇ-

1-ਕੇਵਲ ਲੇਖਕ ਦੀ ਗੱਲ ਕਰੋ-ਕੇਵਲ ਲਿਖਤ ਦੀ ਗੱਲ ਕਰੋ।

2-ਉਸ ਲੇਖਕ ਦੀਆਂ ਹੋਰ ਲਿਖਤਾਂ ਨੂੰ ਮਿਲਾ ਕੇ ਇਸ ਲਿਖਤ ਦੀ ਗੱਲ ਕਰੋ-ਇਸ ਰਚਨਾ ਉੱਤੇ ਇਕੱਲਿਆ ਵੀ ਵਿਚਾਰ ਕਰੋ।

3-ਪੁਸਤਕ ਦੀ ਰਚਨਾ ਨੂੰ ਸਾਹਿਤਕ ਇਤਿਹਾਸਕ ਸੰਦਰਭ ਵਿਚ ਰੱਖੋ ਅਤੇ ਸ਼ੈਲੀ ਅਤੇ ਕੱਥ ਦੇ ਮਾਮਲੇ 'ਚ ਇਸਦੀ ਤੁਲਨਾ ਉਸ ਪਰੰਪਰਾ ਦੀਆਂ ਹੋਰ ਰਚਨਾਵਾਂ ਨਾਲ ਕਰੋ।

4-ਪੁਸਤਕ ਦੀ ਸਮੀਖਿਆ ਪਾਠਕ ਉੱਤੇ ਪੈਣ ਵਾਲੇ ਪ੍ਰਭਾਵ ਦੀ ਦ੍ਰਿਸ਼ਟੀ ਨਾਲ ਕਰੋ-ਵਿਵਾਦ, ਵਿਸ਼ਲੇਸ਼ਣ, ਸੰਭਾਵਿਤ ਨਤੀਜੇ।

5-ਰਚਨਾ ਕਿਸੇ ਸਿਧਾਂਤ ਦੀ ਪ੍ਰਤੀਨਿੱਧਤੀ-ਸਿਧਾਂਤ ਕਿਸੇ ਰਚਨਾ ਦੀ ਪ੍ਰਤੀਨਿੱਧਤਾ।

ਆਲੋਚਨਾ ਦਾ ਕਾਰਜ, ਵਿਸ਼ੇਸ਼ ਕਰਕੇ ਅੱਜ-'ਸ਼ੁੱਧ ਕਲਾ' ਦੇ ਨਕਾਬ ਨੂੰ ਲਹੁਣਾ ਹੈ ਅਤੇ ਦਿਖਾਉਣਾ ਹੈ ਕਿ ਕਲਾ ਦੇ ਲਈ ਕੋਈ ਤਤਪਰ ਭੂਮੀ ਨਹੀਂ ਹੈ। ਇਸ ਕਾਰਜ 'ਚ ਭੌਤਿਕਵਾਦੀ ਆਲੋਚਨਾ ਇਕ ਔਜ਼ਾਰ ਹੈ।

ਤਰੀਫ਼ ਕਰਨ ਦੇ ਖਤਰੇ-ਆਲੋਚਕ ਆਪਣਾ ਯਕੀਨ ਕਰਨ ਯੋਗ ਬਿੰਬ ਖੋਹ ਬੈਠਦਾ ਹੈ। ਰਣਨੀਤਿਕ ਰੂਪ ਵਿਚ ਦੇਖਣ ਉੱਤੇ ਪ੍ਰਸ਼ੰਸ਼ਾ ਦਾ ਹਰੇਕ ਵਾਕ ਖਾਲੀ ਚੈਕ ਹੈ। ਤਰੀਫ਼ ਕਰਨਾ ਬਹੁਤ ਬਰੀਕ ਕਲਾ ਹੈ। ਪ੍ਰੰਤੂ ਤਰੀਫ਼ ਨਾ ਕਰਨਾ ਅਤੇ ਨਾ ਪੱਖੀ ਆਲੋਚਨਾ ਵੀ ਬਰੀਕ ਕਲਾ ਹੈ।

ਯੁੱਧ (ਜੰਗ) ਨਾਵਲ ਦਾ ਸਵਾਲ-ਦੱਖਣਪੰਥੀ ਦਲ ਮਹਾਨ ਯੁੱਧ ਦੇ ਅਨੁਭਵ ਨੂੰ ਤਤਕਾਲ ਵਿਚ ਲਾਭ ਲੈਣ ਲਈ ਕਾਮਯਾਬ ਰਹੇ। ਉਨ੍ਹਾਂ ਦੀ ਵਿਸ਼ਵ ਦ੍ਰਿਸ਼ਟੀ ਇਸ ਨਾਲ ਰਤਾ ਵੀ ਨਹੀਂ ਹਿੱਲੀ। ਕਮਿਊਨਿਸ਼ਟਾ ਦੀ ਵੀ ਨਹੀਂ। ਪਰੰਤੂ ਵਿਚਕਾਰਲੇ ਰਸਤੇ ਵਾਲੇ ਦਲਾਂ ਦੇ ਲਈ ਸਥਿਤੀ ਵਿਚ ਅੰਤਰ ਹੈ। ਖਾਸ ਕਰਕੇ ਮੁੱਖ ਬੁਰਜੂਆਂ ਅਤੇ ਥੋੜੇ ਅੰਤਰ ਨਾਲ ਛੋਟੇ ਬੁਰਜੂਆਂ ਦਲਾਂ ਦੇ ਲਈ। ਇਸ ਸਵਾਲ ਉੱਤੇ ਵਿਚਾਰ ਕਰਦੇ ਸਮੇਂ ਅਸੀਂ ਇਸ ਨੂੰ ਜ਼ਰੂਰ ਧਿਆਨ ਵਿਚ ਰੱਖੀਏ। ਯੁੱਧ ਸੰਬੰਧੀ ਨਾਵਲਾਂ ਨਾਲ ਕਿਹੜਾ ਅਤੇ ਕਿਸਦਾ ਹਿੱਤ ਸੁਰੱਖਿਅਤ ਰਹਿੰਦਾ ਹੈ? ਜਿਨਾਂ ਇਨ੍ਹਾਂ ਨਾਵਲਾਂ ਦੀ 'ਵਿਸ਼ਾ ਵਸਤੂ' ਅਤੇ 'ਤੱਥਾਂ ਭਰੇ ਅੰਕੜੇ' ਉੱਤੇ ਜੋਰ ਦਿੱਤਾ ਜਾਵੇ ਓਨਾ ਹੀ ਸਾਨੂੰ ਚਾਹੀਦਾ ਕਿ ਗਹਿਰਾਈ ਨਾਲ ਉਨ੍ਹਾਂ ਲੁਕੀਆਂ ਹੋਈਆਂ ਪ੍ਰਵਿਰਤੀਆਂ ਦੀ ਖੋਜ ਕਰੀਏ ਜਿਨ੍ਹਾਂ ਦੇ ਲਈ ਇਹ ਨਾਵਲ ਤਿਆਰ ਕੀਤੇ ਜਾਂਦੇ ਹਨ। ਸਹੀ ਅਰਥਾਂ ਵਿਚ ਸਾਰੀਆਂ ਪ੍ਰਵਿਰਤੀਆਂ ਅੰਦਰ ਹੀ ਲੁਕੀਆਂ ਹੋਈਆਂ ਹੁੰਦੀਆਂ ਹਨ। ਉਦਾਹਰਣ ਦੇ ਲਈ ਅਮਨ ਪਸੰਦ ਤੱਤ ਇਕਦਮ ਨਜ਼ਰ ਦੇ ਸਾਹਮਣੇ ਹਨ। ਅਤੇ ਇਹੀ ਉਹ ਤੱਤ ਹਨ ਜਿਹੜੇ ਬਰੀਕ ਵਿਸ਼ਲੇਸ਼ਣ ਦੇ ਲਈ ਬੇਚੈਨ ਹਨ।

ਯੁੱਧ ਨਾਵਲ ਉੱਤੇ ਕੁੱਝ ਹੋਰ-ਇਸ ਸ਼ਾਂਤੀਵਾਦ ਦੇ ਸਹਾਰੇ ਨਾਲ ਜਿਹੜੀ ਗੱਲ ਦੇਖਣ ਵਾਲੀ ਹੈ ਉਹ ਇਹ ਕਿ ਸ਼ਾਂਤੀਵਾਦ ਵਰਤਮਾਨ ਪੂੰਜੀਵਾਦੀ ਹਿੱਤਾਂ ਦੀ ਸੇਵਾ ਕਰਦਾ ਹੈ ਅਤੇ ਇਹ ਵੀ ਕਿਸ ਤਰ੍ਹਾਂ ਕਰਦਾ ਹੈ। ਸਾਮਰਾਜਵਾਦ ਦੇ ਸੰਦ ਦੇ ਰੂਪ ਵਿਚ ਸ਼ਾਂਤੀਵਾਦ ਦੇ ਸਬੰਧ ਵਿਚ ਸੋਚਣਾ ਔਖਾ ਜ਼ਰੂਰ ਹੈ, ਪ੍ਰੰਤੂ ਉਸ ਤੋਂ ਵੀ ਔਖਾ ਹੈ ਇਸਦਾ ਸਬੰਧ ਯੁੱਧ ਦੇ ਵਿਸ਼ਾ ਵਸਤੂ ਅਤੇ ਤੱਥਾਂ ਭਰਪੂਰ ਯਥਾਰਥ ਨਾਲ ਸਥਾਪਿਤ ਕਰ ਸਕਣਾ। ਇਹ ਵਿਚਾਰਧਾਰਾ ਵਸਤੂਨਿਸ਼ਠ ਚਿਤ੍ਰਣ 'ਚ ਉਸ ਤਰ੍ਹਾਂ ਰਚੀ ਰਹਿੰਦੀ ਹੈ ਜਿਵੇਂ ਗੱਦੇ ਦੇ ਅੰਦਰ ਜੂੰਆਂ ਦੇ ਅੰਡੇ। ਅਸੀਂ ਇਸ ਨੂੰ ਇਸ ਤਰ੍ਹਾਂ ਰੱਖ ਸਕਦੇ ਹਾਂ- ਜਿਵੇਂ ਸ਼ਾਂਤੀਵਾਦ ਦੀ ਵਿਚਾਰਧਾਰਾ ਸਮਕਾਲੀ ਅਰਥਵਿਵਸਥਾ ਦੀ ਜ਼ਰੂਰਤ ਨਾਲ ਜੁੜੀਆਂ ਹੋਈਆਂ ਹਨ ਉਸੇ ਤਰ੍ਹਾਂ ਇਨ੍ਹਾਂ ਨਾਵਲਾਂ ਵਿਚ



ਪੇਸ਼ਕਾਰੀ ਯੁੱਧ ਦਾ ਪੇਸ਼ ਯਥਾਰਥ ਇਸਦੇ ਵਰਤਮਾਨ, ਸਮਕਾਲੀ ਯਥਾਰਥ ਨਾਲ ਜੁੜਿਆ ਹੋਇਆ ਹੈ। ਦੋਹਾਂ ਹੀ ਸਥਿਤੀਆਂ ਵਿਚ ਜਿਹੜਾ ਮਿਲਨ ਹੈ ਉਹ ਅਸਲ ਵਿਚ ਦਿਸਦਾ ਹੈ।

ਯੁੱਧ ਉੱਤੇ ਜਿਹੜੀਆਂ ਕਿਤਾਬਾਂ ਆ ਰਹੀਆਂ ਹਨ। ਉਹ ਨਿਸਚਿਤ ਰੂਪ ਵਿਚ ਯੁੱਧ ਤੋਂ ਤਤਕਾਲ ਬਾਅਦ ਲਿਖੀਆਂ ਗਈਆਂ ਸਨ। ਉਸ ਸਮੇਂ ਕਿਸੇ ਦੀ ਦਿਲਚਸਪੀ ਉਧਰ ਨਹੀਂ ਸੀ। ਉਸ ਸਮੇਂ ਦੇ ਰਵੱਈਏ ਨਾਲ ਉਸਦਾ ਮੇਲ ਨਹੀਂ ਸੀ, ਕਿਉਂਕਿ ਯਾਦਾਂ ਦਾ ਵਿਸ਼ਾਲ ਜ਼ਖ਼ੀਰਾ ਵਧੇਰੇ ਮੋਹ ਰਿਹਾ ਸੀ। ਦੂਜੇ ਪਾਸੇ ਅਭਿਵਿਅਕਤੀਵਾਦ-ਰੂਪ ਦੇ ਧੱਧਰ ਤੇ ਉਸ ਸਮੇਂ ਦੇ ਜੀਵਨ ਨੂੰ ਪੇਸ਼ ਕਰ ਰਿਹਾ ਸੀ। ਨਵੀਆਂ ਯੁੱਧ ਪੁਸਤਕਾਂ ਦੀ ਆਲੋਚਨਾ ਸਵਾਲੀਆ ਰੂਪ ਵਿਚ ਹੋਵੇਗੀ ਕਿ ਕਿਵੇਂ ਅਭਿਵਿਅਕਤੀਵਾਦ ਨਾਲ ਨਵ ਵਸਤੂਵਾਦ 'ਚ ਮਿਲਨ ਹੋਇਆ ਭਾਵ ਕਿ ਐਕਸਪ੍ਰੈਸਨਿਜ਼ਮ ਨਾਲ ਨਿਊ ਆਬਜੇਕਟਿਵਿਟੀ 'ਚ।

ਪੁਸਤਕ ਸਮੀਖਿਆ ਇਕ ਨਿਸਚਿਤ ਕਾਰਜਕਰਮ ਉੱਤੇ ਅਧਾਰਿਤ ਹੋਣੀ ਚਾਹੀਦੀ ਹੈ। ਅਜਿਹੀ ਆਲੋਚਨਾ ਜਿਹੜੀ ਆਪਣੇ ਪ੍ਰਤੀਮਾਨ ਤਰੁੰਤ ਗੱਡਦੀ ਜਾਂਦੀ ਹੈ। ਕੁਝ ਨਿੱਕੇ ਮੋਟੇ ਮਾਮਲਿਆਂ ਵਿਚ ਭਾਵੇਂ ਕਿ ਤਸੱਲੀ ਦੇ ਦੇਣ, ਪ੍ਰੰਤੂ ਜਿਸ ਚੀਜ ਦੀ ਬੇਹੱਦ ਜ਼ਰੂਰਤ ਹੈ ਉਹ ਹੈ ਇਕ ਨਿਸਚਿਤ ਯੋਜਨਾ। ਇਸਦਾ ਆਰੰਭ ਇਸ ਸਮਝ ਨਾਲ ਹੋਣਾ ਚਾਹੀਦਾ ਹੈ ਕਿ ਸੌਂਦਰਯ ਸ਼ਾਸਤਰ ਸੰਦਾਂ ਜਾਂ ਪ੍ਰਤੀਮਾਨਾਂ ਦਾ ਵਾਦ ਮੁਕਤ ਰੂਪ ਨਾਲ ਮੁਲੰਕਣ ਹੋ ਚੁੱਕਾ ਹੈ। ਅਤੇ ਕਿਸੇ ਵੀ ਵਿਧੀ ਨਾਲ ਪੁਰਾਣੇ ਸੌਂਦਰਯ ਸ਼ਾਸਤਰ ਪੁਨਰ ਉਥਾਨ ਸੰਭਵ ਨਹੀਂ ਹੈ। ਇਸਦੇ ਉਲਟ ਅੱਜ ਜ਼ਰੂਰੀ ਹੈ ਭੌਤਿਕਵਾਦੀ ਸੌਂਦਰਯ ਸ਼ਾਸਤਰ 'ਚੋ ਹੋ ਕੇ ਇਕ ਰਸਤੇ ਦੀ ਖੋਜ ਤਾਂ ਕਿ ਰਚਨਾ ਨੂੰ ਉਸਦੇ ਯੁੱਗ ਦੇ ਸੰਦਰਭ ਵਿਚ ਸਥਿਤ ਕੀਤਾ ਜਾ ਸਕੇ। ਅਜਿਹੀ ਆਲੋਚਨਾ ਇਕ ਨਵੀਂ ਗਤੀਸ਼ੀਲ ਦਵੰਧਆਤਮਕ ਸੌਂਦਰਯ ਸਾਸ਼ਤਰ ਦੇ ਵੱਲ ਲੈ ਜਾਵੇਗੀ। ਪੁਰਾਣੇ ਸੌਂਦਰਯ ਸ਼ਾਸਤਰ 'ਚ ਵੀ ਕਈ ਵਾਰ ਸਮਕਲੀਨ ਵਿਸ਼ਵ ਦੇ ਪ੍ਰਤੀ ਗਹਿਰੀ ਅੰਤਰਦ੍ਰਿਸ਼ਟੀ ਮਿਲਦੀ ਸੀ। ਪ੍ਰੰਤੂ ਅੱਜ ਦਾ ਆਲੋਚਕ ਇਨ੍ਹਾਂ ਪ੍ਰਚੀਨ ਧਾਰਨਾਵਾਂ ਅਤੇ ਵਿਚਾਰਾਂ ਨੂੰ ਰਚਨਾਵਾਂ ਦੇ ਵਾਂਗ ਹੀ ਨਿਰਪੱਖ ਤੇ ਨਿੱਗਰ ਸਮਝ ਬੈਠਾ ਹੈ। ਉਸ ਸਮਝ ਬੈਠਾ ਹੈ ਕਿ ਸਾਰਾ ਕੁਝ ਹਰ ਸਮੇਂ ਸੰਭਵ ਹੈ। ਪੁਸਤਕ ਸਮੀਖਿਆ ਦਾ ਫਿਲਮੀ ਸਮੀਖਿਆ ਨਾਲ ਜਿਹੜਾ ਸਬੰਧ ਹੋਣਾ ਚਾਹੀਦਾ ਹੈ ਉਸਦੇ ਉਲਟ ਹੈ। ਪੁਸਤਕ ਸਮੀਖਿਆ ਨੂੰ ਫਿਲਮ ਸਮੀਖਿਆ ਤੋਂ ਸਿੱਖਣਾ ਚਾਹੀਦਾ ਜਦਕਿ ਫਿਲਮ ਸਮੀਖਿਆ ਪੁਸਤਕ ਸਮੀਖਿਆ ਦੀ ਨਕਲ ਕਰਦੀ ਹੈ।

ਕਲਾ ਦੇ ਬਗੀਚੇ 'ਚੋਂ ਪੌਦੇ ਲਓ ਅਤੇ ਉਨ੍ਹਾਂ ਨੂੰ ਵਿਗਿਆਨ ਦੀ ਅਜਨਬੀ ਮਿੱਟੀ 'ਚ ਲਗਾ ਦਿਓ, ਤਾਂ ਰੰਗ ਅਤੇ ਰੂਪ 'ਚ ਹੋਣ ਵਾਲੇ ਸੂਖ਼ਮ ਪਰਿਵਰਤਨ ਦੀ ਵਿਸ਼ਾਲ ਤਸਵੀਰ ਪਾ ਸਕੋ। ਸਭ ਤੋਂ ਅਹਿਮ ਪੱਖ ਹੈ ਕੋਮਲ ਸਪਰਸ਼, ਉਹ ਸਹਿਲਾਉਣਾ ਜਿਸਦੇ ਸਾਥ ਨਾਲ ਉਹ ਰਚਨਾ ਆਪਣੀਆਂ ਜੜ੍ਹਾਂ ਸਮੇਤ ਲਾਈ ਜਾਂਦੀ ਹੈ। ਕਿਉਂਕਿ ਇਹੀ ਉਹੀ ਚੀਜ਼ ਹੈ ਜਿਹੜੀ ਗਿਆਨ ਦੀ ਮਿੱਟੀ ਨੂੰ ਉਨਤ ਬਣਾਉਂਦੀ ਹੈ। ਬਾਕੀ ਸਾਰਾ ਕੁਝ ਆਪਣੇ ਆਪ ਹੁੰਦਾ ਜਾਵੇਗਾ। ਕਿਉਂਕਿ ਰਚਨਾ ਦੇ ਗੁਣ ਹੀ ਸਭ ਤੋਂ ਵੱਡੇ ਅਰਥਾਂ ਵਿਚ ਆਲੋਚਨਾ ਦੇ ਨਾਂ ਦੇ ਹੱਕਦਾਰ ਹੁੰਦੇ ਹਨ।

ਆਧੁਨਿਕ ਆਲੋਚਨਾ ਦਾ ਇਕ ਖਾਸ ਲੱਛਣ ਇਹ ਹੈ ਕਿ ਪ੍ਰਸ਼ੰਸ਼ਾ ਦੀ ਹਨੇਰੀ ਜਿਹੜੀ ਸਭ ਤੋਂ ਵਧੇਰੇ ਰਚਨਾਕਾਰ ਨੂੰ ਹੀ ਅਨੰਦਤ ਕਰਦੀ ਹੈ ਅਤੇ ਅੰਤ ਵਿਚ ਠੀਕ ਗੱਲ ਇਹ ਇਸ ਲਈ ਹੈ ਕਿ ਆਲੋਚਕ ਅਕਸਰ ਫ਼ਜ਼ੂਲ ਪੁਸਤਕਾਂ ਦੀ ਪ੍ਰਸ਼ੰਸ਼ਾ ਕਰਨਾ ਵਧੇਰੇ ਪਸੰਦ ਕਰਦੇ ਹਨ। ਹਾਲਾਂਕਿ ਮਹੱਤਵਪੂਰਨ ਪੁਸਤਕਾਂ ਦੇ ਨਾਲ ਵੀ ਕੋਈ ਵੱਖਰਾ ਵਿਹਾਰ ਨਹੀਂ ਹੁੰਦਾ।

## ਯਾਦਾਂ ਦੇ ਵਰਕੇ / - ਹਰਭਜਨ ਦਾਸ ਬਾਲੂ



*ਹਰਭਜਨ ਦਾਸ ਬਾਲੂ*

**(ਮੇਰੇ ਪਿਤਾ ਜੀ ਪਿਛਲੇ ਦਿਨੀਂ ਕੈਨੇਡਾ ਵਿਖੇ ਵਿਛੋੜਾ ਦੇ ਗਏ। ਉਨ੍ਹਾਂ ਨੇ ਆਪਣੀ ਜ਼ਿੰਦਗੀ ਬਾਰੇ ਕੁਝ ਯਾਦਾਂ ਲਿਖੀਆਂ ਉਨ੍ਹਾਂ ਦੇ ਕੁਝ ਵਰਕੇ ਤੁਹਾਡੇ ਨਾਲ ਸਾਂਝੇ ਕਰ ਰਹੀ ਹਾਂ। ਪਿਤਾ ਜੀ ਪੰਜਾਬੀ ਸਾਹਿਤ ਦੇ ਸੂਝਵਾਨ ਪਾਠਕ ਵੀ ਸਨ। -ਸਰੋਜ ਰਾਣੀ)**

ਮੇਰਾ ਜਨਮ ਚਾਰ ਅਗਸਤ ਉਨੀ ਸੌ ਉਨੰਜਾ ਨੂੰ ਹੋਇਆ ਪਿਤਾ ਦਾ ਨਾਂ ਦਲੀਪਾ ਰਾਮ ਤੇ ਮਾਤਾ ਜੀ ਦਾ ਨਾਂ ਕਰਤਾਰੀ ਦੇਵੀ ਸੀ। ਬਾਬਾ ਜੀ ਦਾ ਨਾਂ ਨਾਮਾ ਰਾਮ ਤੇ ਦਾਦੀ ਦਾ ਨਾਂ ਪ੍ਰਤਾਪੀ ਸੀ। ਪੜਦਾਦਾ ਦੇ ਨਾਂ ਖਜ਼ਾਨਾ ਰਾਮ ਤੇ ਪੜਦਾਦੀ ਦਾ ਨਾਂ ਅੱਛਰੋ ਸੀ। ਪਰਿਵਾਰ ਪਿੰਡ ਬੀਸਲਾ ਜ਼ਿਲ੍ਹਾ ਨਵਾਂ ਸ਼ਹਿਰ ਵਿਖੇ ਰਹਿੰਦਾ ਸਨ। ਪਿਤਾ ਜੀ ਨੇ ਪੜਾਈ ਕਰਕੇ ਮਾਲ ਮਹਿਕਮੇ ਵਿਚ ਪਟਵਾਰੀ ਦੀ ਨੌਕਰੀ ਕੀਤੀ ਸੀ। ਪਰ ਉਹਨਾਂ ਨੂੰ ਮਾਲ ਮਹਿਕਮਾ ਰਾਸ ਨਹੀਂ ਆਇਆ। ਸ਼ਾਇਦ ਉਹਨਾਂ ਦੇ ਸੁਭਾਅ ਨਾਲ ਮੇਲ ਨਹੀਂ ਖਾਂਦਾ ਸੀ ਮਾਤਾ ਪਿਤਾ ਜੀ ਬਹੁਤ ਨੇਕ ਇਨਸਾਨ ਸਨ। ਉਹਨਾਂ ਦੇ ਵਿਚਾਰ ਬਹੁਤ ਧਾਰਮਿਕ ਸਨ। ਗੀਤਾ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਰੋਜ਼ ਪਾਠ ਕਰਦੇ ਸਨ। ਮੈਂ ਪੰਜਵੀਂ ਵਿਚ ਪੜ੍ਹਦਾ ਸੀ ਜਦੋਂ ਉਹਨਾਂ ਨੇ ਮੈਨੂੰ 'ਉਮ ਨਮੋ ਭਗਵਤੇ ਬਾਸੁਦੇਵ ਆਏ ...' ਸਲੋਕ ਦਾ ਪਾਠ ਸਿਖਾ ਦਿੱਤਾ ਸੀ ਜੋ ਕਿ ਮੈਨੂੰ ਅੱਜ ਤੱਕ ਯਾਦ ਹੈ। ਅਠਾਰਾ ਸਾਲ ਦੀ ਉਮਰ ਵਿਚ ਅਚਾਨਿਕ ਪਿਤਾ ਜੀ ਦੀ ਮੌਤ ਹੋ ਗਈ। ਦੋ ਨਵੰਬਰ ਉੱਨੀ ਸੌ ਸਤਾਹਟ ਦਾ ਦਿਨ ਸੀ ਪਿੰਡ ਵਿਚ ਹੀ ਆਪਣੇ ਦੋਸਤ ਦੇ ਘਰ ਰਾਤ ਰਹਿ ਕੇ ਸਵੇਰੇ ਘਰ ਆਏ ਤੇ ਚੁੱਪ ਚਾਪ ਆ ਕੇ ਮੰਜੇ ਤੇ ਪੈ ਗਏ ਜਦ ਮੈਂ ਰਾਤ ਨੂੰ ਅੱਠ ਕੁ ਵਜੇ ਉਹਨਾਂ ਨੂੰ ਦੇਖਿਆ ਤਾਂ ਉਹਨਾਂ ਨੇ ਮੇਰੇ ਹੱਥਾਂ ਵਿਚ ਆਖਰੀ ਸਾਹ ਲਿਆ। ਉਸ ਵੇਲੇ ਮੈਂ ਦਸਵੀਂ ਪਾਸ ਕਰਨ ਤੋਂ ਬਾਅਦ ਮੈਂ ਰਾਮਗੜ੍ਹੀਆਂ ਪੋਲੀਟੈਕਨਿਕ ਫਗਵਾੜਾ ਵਿਚ ਇੰਜੀਨੀਰੀਅਰ ਦੀ ਪੜ੍ਹਾਈ ਕਰਦਾ ਸੀ। ਹਾਲੇ ਦੂਜਾ ਸਾਲ ਸੀ। ਪੜ੍ਹਾਈ ਵਿਚੇ ਛਡ ਕੇ ਮੈਂ ਗਿਆਰਾ ਨਵੰਬਰ ਉਨੀ ਸੌ ਸਤਾਹਟ ਨੂੰ ਬੰਗਾ ਕੋਅਪਰੇਟਿਵ ਮਾਰਕੀਟਿੰਗ ਸੋਸਾਇਟੀ ਵਿਖੇ ਨੌਕਰੀ ਸ਼ੁਰੂ ਕਰ ਦਿੱਤੀ ਸੀ। ਬਾਅਦ ਵਿਚ ਪੰਜਾਬ ਮਾਰਕਫੈੱਡ ਵਿਚ ਚਲਾ ਗਿਆ ਤੇ ਚਾਲੀ ਸਾਲ ਨੌਕਰੀ ਕਰਕੇ ਅਪ੍ਰੈਲ ਦੋ ਹਜ਼ਾਰ ਸੱਤ ਵਿਚ ਰਿਟਾਇਰ ਹੋਇਆ। ਇਤਫਾਕ ਦੀ ਗੱਲ ਹੈ ਤਿੰਨ ਨਵੰਬਰ ਉਨੀ ਸੌ ਸਤਾਹਟ ਨੂੰ ਪਿਤਾ ਦੀ ਦੀ ਮੌਤ ਤੋਂ ਬਾਅਦ ਨੌਕਰੀ ਸ਼ੁਰੂ ਕੀਤੀ ਤੇ ਤਿੰਨ ਮਈ ਦੋ ਹਜ਼ਾਰ ਸੱਤ ਨੂੰ ਮਾਤਾ ਜੀ ਦੀ ਮੌਤ ਤੋਂ ਤਿੰਨ ਦਿਨ ਪਹਿਲਾ ਨੌਕਰੀ ਤੋਂ ਰਿਟਾਇਰ ਹੋਇਆ। ਜੀਵਨ ਸਾਥਣ ਰੇਸ਼ਮ ਕੌਰ ਬਹੁਤ ਹੀ ਨੇਕਦਿਲ ਸੁੱਘੜ ਸਿਆਣੀ ਮਿਹਨਤੀ ਔਰਤ ਸੀ। ਅਚਾਨਿਕ ਉਸਦੀ ਐਕਸੀਡੈਂਟ ਨਾਲ ਮੌਤ ਹੋ ਗਈ। ਹੁਣ ਵੀ ਜਦੋਂ ਉਹ ਮੌਕਾ ਚੇਤੇ ਆਉਂਦਾ ਹੈ ਤਾਂ ਬਹੁਤ ਦੁੱਖ ਹੁੰਦਾ ਹੈ। ਜਦੋਂ ਮੇਰੇ ਪਿਤਾ ਦੀ ਮੌਤ ਹੋਈ ਸੀ ਪ੍ਰਮਾਤਮਾ ਨੇ ਮੈਨੂੰ ਸ਼ਕਤੀ ਦਿੱਤੀ ਮੈਂ ਨੌਕਰੀ ਸ਼ੁਰੂ ਕਰ ਦਿੱਤੀ। ਇਕ ਸਾਲ ਬਾਅਦ ਮੇਰਾ ਵਿਆਹ ਹੋ ਗਿਆ। ਮੰਗਣੀ ਪਿਤਾ ਜੀ ਕਰ ਗਏ ਸੀ। ਕਬੀਲਦਾਰੀ ਬਹੁਤ ਵੱਡੀ ਸੀ। ਪਿਤਾ ਜੀ ਦੀਆਂ ਪੰਜ ਭੈਣਾਂ ਸਨ ਦੋ ਭੂਆ ਸਨ। ਦਾਦੀ ਮਾਂ ਵੀ ਸੀ। ਜੀਵਨ ਸਾਥਣ ਐਨੀ ਵਧੀਆ ਮਿਲੀ ਕਿ ਮੈਂ ਤਾਂ ਸਿਰਫ ਨੌਕਰੀ ਹੀ ਕਰਦਾ ਸੀ। ਬਾਕੀ ਸਾਰੇ ਕਬੀਲਦਾਰੀ ਦੇ ਕੰਮ ਉਹ ਆਪ ਹੀ ਕਰਦੀ ਸੀ। ਬੱਚਿਆਂ ਦੀ ਦੇਖਭਾਲ, ਪਾਲਣ ਪੋਸ਼ਣ, ਪੜ੍ਹਾਈ ਲਿਖਾਈ ਦੀ ਜ਼ਿੰਮੇਵਾਰੀ ਉਸਨੇ ਬੜੀ ਲਗਨ ਇਮਾਨਦਾਰੀ ਨਾਲ ਨਿਭਾਈ। ਮੈਂ ਤਕਰੀਬਨ ਚਾਲੀ ਸਾਲ ਨੌਕਰੀ ਕੀਤੀ ਪਹਿਲੇ ਪੰਝੀ ਕੁ ਸਾਲ ਦਾ ਤਾਂ ਪਤਾ ਹੀ ਨਹੀਂ ਲੱਗਿਆ ਕਦੋਂ ਬੀਤ ਗਏ। ਪਿਛਲੇ ਪੰਦਰਾਂ ਸਾਲ ਦਾ ਕੁਝ ਪਤਾ ਲੱਗਿਆ ਕਿ ਨੌਕਰੀ ਕੀ ਹੁੰਦੀ ਹੈ। ਇਸ ਦੌਰਾਨ ਹੀ ਬੱਚਿਆਂ ਦੇ ਵਿਆਹਾਂ ਦਾ ਕੰਮ ਸ਼ੁਰੂ ਹੋ ਗਿਆ। ਕੋ. ਅ. ਮਾਰਕੀਟਿੰਗ ਸੋਸਾਇਟੀ ਵਿਖੇ ਕੰਮ ਕਰਦਿਆਂ ਮੇਰੀ ਡਿਊਟੀ ਕੈਸ਼ੀਅਰ ਦੀ ਸੀ। ਜ਼ਿੰਮੀਦਾਰਾਂ ਦੇ




ਕਣਕ ਤੇ ਝੋਨੇ ਦੇ ਪੈਸੇ ਵੰਡਦਿਆਂ ਕਈ ਵਾਰ ਰਾਤ ਦੇ ਬਾਰਾ ਵਜ ਜਾਂਦੇ ਸਨ। ਪਤਾ ਨਹੀਂ ਸੀ ਲਗਦਾ ਦਿਨ ਕਿਹੜੇ ਵੇਲੇ ਬੀਤ ਜਾਂਦਾ ਸੀ। ਤੇ ਰਾਤ ਕਿਹੜੇ ਵੇਲੇ ਬੀਤ ਜਾਂਦੀ ਹੈ। ਇੰਨੀ ਜ਼ਿੰਦਗੀ ਬਿਜੀ ਸੀ ਕਿ ਸਮੇਂ ਦਾ ਪਤਾ ਹੀ ਨਹੀਂ ਲਗਦਾ ਸੀ। ਜਨਵਰੀ 1980 ਵਿਚ ਮੈਂ ਮਾਰਕਫੈੱਡ ਵਿਚ ਚਲਾ ਗਿਆ ਤੇ ਮੇਰੀ ਨਿਯੁਕਤੀ ਬਤੌਰ ਲੇਖਾਕਾਰ ਗੜ੍ਹਸ਼ੰਕਰ ਹੋ ਗਈ। ਜਦ ਮੈਂ ਉਥੇ ਬਰਾਂਚ ਵਿਚ ਗਿਆ ਤਾਂ ਉਥੇ ਕੋਈ ਬਰਾਂਡ ਅਫਸਰ ਨਹੀਂ ਸੀ ਤੇ ਮੈਨੂੰ ਆਪਣੀ ਡਿਊਟੀ ਦੇ ਨਾਲ ਨਾਲ ਬਰਾਂਚ ਅਫਸਰ ਦੀ ਡਿਊਟੀ ਵੀ ਕਰਨੀ ਪਈ। ਬਰਾਂਚ ਦਾ ਕੰਮ ਥੋੜ੍ਹਾ ਸੀ ਇਸ ਕਰਕੇ ਮੈਂ ਲੇਖਾਕਾਰ-ਬਰਾਂਚ ਅਫਸਰ ਦੀਆਂ ਸੇਵਾਵਾ 1992 ਤੱਕ ਨਿਭਾਈਆਂ। ਦਸੰਬਰ 1992 ਵਿਚ ਮੇਰੀ ਬਦਲੀ ਨਵਾਂ ਸ਼ਹਿਰ ਬਰਾਂਚ ਦੀ ਹੋ ਗਈ ਤੇ ਉਥੇ ਵੀ ਮੈਨੂੰ ਲੇਖਾਕਾਰ-ਬਰਾਂਚ ਅਫ਼ਸਰ ਦਾ ਕੰਮ ਕਰਨਾ ਪਿਆ। ਥੋੜਾ ਜਿਹਾ ਔਖਾ ਸਮਾਂ ਵੀ ਆਇਆ ਪਰ ਜ਼ਿਲ੍ਹਾ ਪ੍ਰਬੰਧਕ ਬਹੁਤ ਵਧੀਆਂ ਸਨ। 1999 ਮਾਰਚ ਵਿਚ ਮੇਰੀ ਤਰੱਕੀ ਬਤੌਰ ਲੇਖਾ ਅਫ਼ਸਰ ਹੋ ਗਈ ਤੇ ਮੈਨੂੰ ਜ਼ਿਲ੍ਹਾ ਦਫ਼ਤਰ ਵਿਚ ਲਾ ਦਿੱਤਾ ਗਿਆ ਜਿਥੋਂ ਮੈਂ 30 ਅਪ੍ਰੈਲ,2007 ਨੂੰ ਰਿਟਾਇਰ ਹੋਇਆ।

ਮਿਲਣ ਗਿਲਣ ਦਾ ਮੈਨੂੰ ਸ਼ੁਰੂ ਤੋਂ ਸ਼ੌਕ ਸੀ ਮੇਰੇ ਦੋਸਤ ਕਹਿੰਦੇ ਹੁੰਦੇ ਸਨ ਤੂੰ ਸਾਰਿਆਂ ਨੂੰ ਬਹੁਤ ਪਿਆਰ ਨਾਲ ਬਲਾਉਂਦਾ ਏਂ ਕਿਤੇ ਤੂੰ ਐਮ. ਐਲ. ਏ. ਦੀ ਇਲੈਕਸ਼ਨ ਤਾਂ ਨਹੀਂ ਲੜਨੀ। ਖ਼ੈਰ ਮੈਂ ਤਾਂ ਇਲੈਕਸ਼ਨ ਨਹੀਂ ਲੜੀ ਪਰ ਮੇਰੇ ਦੋਸਤ ਜ਼ਰੂਰ ਐਮ. ਐਲ. ਏ. ਬਣੇ। ਕਾਮਰੇਡ ਹਰਬੰਸ ਸਿੰਘ ਬੀਕਾ, ਮੇਰਾ ਬਹੁਤ ਵਧੀਆ ਦੋਸਤ ਸੀ। 1978 ਵਿਚ ਬੰਗਾ ਹਲਕੇ ਤੋਂ ਉਹ ਮਾਰਕਸਵਾਦੀ ਕਮਿਊਨਿਸ਼ਟ ਪਾਰਟੀ ਵਲੋਂ ਐਮ. ਐਲ. ਏ. ਚੁਣਿਆ ਗਿਆ। ਇਸੇ ਤਰ੍ਹਾਂ ਬਲਵੰਤ ਸਿੰਘ ਸਰਹਾਲ, ਸਤਨਾਮ ਸਿੰਘ ਕੈਂਥ, ਹਰਭਜਨ ਲਾਖਾ ਆਦਿ ਐਮ. ਐਲ. ਏ. , ਐਮ. ਪੀ. ਬਣੇ ਇਨ੍ਹਾਂ ਨਾਲ ਮੇਰੀ ਦੋਸਤੀ ਗੂੜ੍ਹੀ ਸੀ।

ਕਈ ਵਾਰ ਮੈਂ ਪੜ੍ਹਦਾ ਹਾਂ ਤੇ ਦੂਜਿਆਂ ਤੋਂ ਸੁਣਦਾ ਹਾਂ ਕਿ ਕੈਨੇਡਾ ਬਹੁਤ ਸੋਹਣਾ ਮੁਲਕ ਹੈ ਜਿਸ ਜਗ੍ਹਾ ਅਸੀਂ ਰਹਿੰਦੇ ਹਾਂ ਬੀ. ਸੀ. ਕਲੋਨਾ ਸ਼ਹਿਰ ਹੈ ਉਸ ਨੂੰ ਦੁਨੀਆਂ ਦਾ ਸਭ ਤੋਂ ਸੁੰਦਰ ਸ਼ਹਿਰ ਮੰਨਿਆ ਜਾਂਦਾ ਹੈ। ਸਵਰਗ ਹੈ। ਮੇਰੇ ਇਕ ਚਾਚੇ ਦਾ ਲੜਕਾ ਟਰਾਂਟੋ ਰਹਿੰਦਾ ਹੈ। ਉਸਦਾ ਵੀ ਜਦੋਂ ਫੋਨ ਆਉਂਦਾ ਹੈ ਕਹਿੰਦਾ ਹੈ ਆਪਾ ਸਵਰਗ ਵਿਚ ਆ ਗਏ ਹਾਂ। ਪਰ ਦੂਜੇ ਪਾਸੇ ਮੈਂ ਜਦੋਂ 2002 'ਚ ਕੈਨੇਡਾ ਆਇਆ ਤਾਂ ਆਪਣੇ ਦੋਸਤ ਨੂੰ ਸਰੀ ਮਿਲਣ ਗਿਆ ਮੈਂ ਉਸ ਨਾਲ ਪਾਰਕ ਵਿਚ ਘੁੰਮ ਰਿਹਾ ਸੀ ਉਹ ਮੈਨੂੰ ਕਹਿਣ ਲੱਗਾ ਜਿੰਨੇ ਬੰਦੇ ਤੈਨੂੰ ਮਿਲਣਗੇ ਕੋਈ ਵੀ ਹੱਸਦਾ ਨਹੀਂ ਹੈ। ਵਾਕਿਆ ਮੈਂ ਦੇਖਿਆ ਕਿਸੇ ਦੇ ਚਿਹਰੇ ਤੇ ਖੁਸ਼ੀ ਨਹੀਂ ਸੀ। ਮੈਨੂੰ ਇੰਜ ਲੱਗਾ ਕਿ ਫਿਰਦੇ ਕੈਨੇਡਾ ਵਿਚ ਹਾਂ ਪਰ ਇਹਨਾਂ ਨੂੰ ਭੌਂ-ਹੇਰਵਾ ਹੈ। ਇਹ ਪੰਜਾਬ ਨੂੰ ਚੇਤੇ ਕਰਦੇ ਰਹਿੰਦੇ ਹੋਣਗੇ। ਹਰ ਕੋਈ ਇਹੀ ਕਹਿੰਦਾ ਹੈ ਕੈਨੇਡਾ ਤਾਂ ਆ ਗਏ ਹਾਂ ਪਰ ਆਪਣਾ ਦੇਸ਼ ਵਧੀਆ ਹੈ। ਕੈਨੇਡਾ ਵਿਚ ਬਜ਼ੁਰਗਾਂ ਦੀਆਂ ਇਕੋ ਜਿਹੀਆਂ ਸਮੱਸਿਆਵਾਂ ਹਨ। ਜਿਹੜਾ ਸੁਖ ਉਹਨਾਂ ਨੇ ਇੰਡੀਆ ਵਿਚ ਦੇਖਿਆ ਹੁੰਦਾ ਹੈ ਉਹ ਕੈਨੇਡਾ ਆ ਕੇ ਨਹੀਂ ਮਿਲਦਾ। ਮੈਂ ਇਕ ਦਿਨ ਪਾਰਕ ਵਿਚ ਬੈਠਾ ਸੀ ਇਕ ਬਜ਼ੁਰਗ ਤੇ ਉਸਦੀ ਘਰ ਵਾਲੀ ਮੇਰੇ ਨਾਲ ਗੱਲਾਂ ਕਰਨ ਲੱਗ ਪਏ ਉਹ ਆਪਣੇ ਪੋਤੇ ਤੇ ਪੋਤੀਆਂ ਨਾਲ ਆਏ ਹੋਏ ਸਨ ਮੈਂ ਵੀ ਆਪਣੇ ਪੋਤਿਆਂ ਨਾਲ ਗਿਆ ਹੋਇਆ ਸੀ ਉਹ ਆਪਣੇ ਦੋ ਮੁੰਡਿਆ ਨਾਲ ਰਹਿੰਦੇ ਸਨ। ਬਜ਼ੁਰਗ ਕਹਿਣ ਲੱਗਾ ਬਾਈ ਜੀ ਫਾਰਮ ਚੋਂ ਕੰਮ ਕਰਕੇ ਆਈਦਾ ਹੈ ਤਾਂ ਘਰ ਆ ਕੇ ਨਹਾਂ ਕੇ ਬੈਠ ਜਾਂਦਾ ਹਾਂ, ਨੂੰਹਾਂ 9.30 ਰੋਟੀ ਬਣਾਉਂਦੀਆਂ ਵਜਾ ਦਿੰਦੀਆਂ ਹਨ। ਮੈਂ ਉਹਨਾਂ ਦੀ ਘਰ ਵਾਲੀ ਨੂੰ ਕਿਹਾ ਕਿ ਭੈਣ ਜੀ ਤੁਸੀਂ ਸਮੇਂ ਸਿਰ ਰੋਟੀ ਬਣਾ ਕੇ ਭਾਜੀ ਹੁਣਾਂ ਨੂੰ ਦਿਆ ਕਰੋ ਕਹਿਣ ਲੱਗੀ 'ਜੇ ਮੈਂ ਰੋਟੀ ਬਣਾ ਕੇ ਦਿੰਦੀ ਹਾਂ ਤਾਂ ਨੂੰਹਾਂ ਗੁੱਸੇ ਹੋ ਜਾਣਗੀਆਂ।' ਫਿਰ ਮੈਂ ਭਾਜੀ ਨੂੰ ਕਿਹਾ 'ਭਾਈ ਸਾਹਿਬ ਜਦੋਂ ਰੋਟੀ ਮਿਲਦੀ ਹੈ ਪ੍ਰਮਾਤਮਾ ਦਾ ਨਾਂ ਲੈ ਕੇ ਖਾ ਲਿਆ ਕਰੋ। ਇਸ ਵਿਚ ਹੀ ਸਾਰਿਆਂ ਦਾ ਭਲਾ ਹੈ।' *


# ਪੁਸਤਕ ਰੀਵਿਊ-




**ਸੱਭਿਆਚਾਰਕ ਬਦਲਾਓ ਅਤੇ ਪੰਜਾਬੀ ਕਹਾਣੀ (ਡਾ. ਨੀਲਮ ਸ਼ਰਮਾ)**

**ਪ੍ਰਕਾਸ਼ਕ ਪਰਵਾਜ਼ ਪ੍ਰਕਾਸ਼ਨ, ਜਲੰਧਰ,ਮੁੱਲ 320 ਰੁਪਏ, ਪੰਨੇ 160**

ਡਾ. ਨੀਲਮ ਸ਼ਰਮਾ ਦੀ ਆਲੋਚਨਾ ਦੇ ਖੇਤਰ ਵਿਚ ਇਹ ਪਹਿਲੀ ਪੁਸਤਕ ਹੈ। ਜਿਸ ਵਿਚ ਉਹਨਾਂ ਨੇ ਸਮਾਜਿਕ ਸਭਿਆਚਾਰਕ ਬਦਲਾਓ ਦੀ ਸੰਰਚਨਾ, ਸੰਕਲਪ ਤੇ ਸਰੂਪ ਨੂੰ ਸਮਝਣ ਦੇ ਨਾਲ ਨਾਲ ਇਸ ਵਿਚ ਇਤਿਹਾਸਿਕ ਕਾਲ ਕ੍ਰਮ ਅਨੁਸਾਰ ਆਈਆਂ ਤਬਦੀਲੀਆਂ ਦਾ ਅਧਿਐਨ ਕੀਤਾ ਹੈ। ਪੰਜਾਬੀ ਜਨ ਜੀਵਨ ਦੀ ਵਿਸ਼ਾਲ ਤਸਵੀਰ ਨੂੰ ਰੂਪਮਾਨ ਕਰਨ ਦਾ ਯਤਨ ਕੀਤਾ ਹੈ ਅਤੇ ਪੰਜਾਬੀ ਸਮਾਜ ਸਭਿਆਚਾਰ ਨੂੰ ਪੰਜਾਬੀ ਕਹਾਣੀ ਦੀ ਤਰਕਸ਼ੀਲ ਪ੍ਰਸੰਗਤਾ ਦੇ ਅੰਤਰਗਤ ਹਵਾਲਣ ਦਾ ਯਤਨ ਕੀਤਾ ਗਿਆ ਹੈ। ਹਰੀ ਕ੍ਰਾਂਤੀ ਉਪਰੰਤ ਪੰਜਾਬ ਦੀ ਆਰਥਿਕਤਾ ਨੂੰ ਮਾਨਵੀ ਸੰਬੰਧਾਂ ਦੇ ਅੰਤਰਗਤ ਜਿਵੇਂ ਪੰਜਾਬੀ ਕਹਾਣੀ ਵਿਚ ਪੇਸ਼ ਕੀਤਾ ਗਿਆ, ਉਸ ਵਰਣਿਤ ਸਮਾਜਿਕ ਸਭਿਆਚਾਰ ਨੂੰ ਵੀ ਵਿਹਾਰਕ ਦ੍ਰਿਸ਼ਟੀ ਤੋਂ ਪਕੜਿਆ ਗਿਆ ਹੈ। ਪੰਜਾਬੀ ਕਹਾਣੀ ਦੇ ਜਟਿਲ ਬਹੁਪਰਤੀ ਅਤੇ ਸੂਖ਼ਮ ਸਰੂਪ ਨੂੰ ਹੰਗਾਲਿਆ ਗਿਆ ਹੈ। ਮਾਨਵ ਦੇ ਤਿੜਕ ਰਹੇ ਸਦਾਚਾਰਕ ਬਿੰਬ ਨੂੰ ਛੋਹਿਆ ਗਿਆ ਹੈ। ਹੱਥਲੀ ਪੁਸਤਕ ਵਿਚ ਡਾ. ਨੀਲਮ ਸ਼ਰਮਾ ਨੇ ਆਪਣੀ ਇਮਾਨਦਾਰੀ ਅਤੇ ਸਮਰੱਥਾ ਨਾਲ ਪੰਜਾਬੀ ਕਹਾਣੀ ਅਤੇ ਸਭਿਆਚਾਰਕ ਬਦਲਾਓ ਨੂੰ ਉਲੀਕਿਆ ਹੈ।




**ਅਣਖੀ ਬਿਰਤਾਂਤ ਦਾ ਸਮਾਜ ਸ਼ਾਸਤਰ (ਡਾ. ਨੀਲਮ ਸ਼ਰਮਾ)**

**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ ਜਲੰਧਰ, ਮੁੱਲ : 180ਰੁ:, ਪੰਨੇ : 96**


ਪੰਜਾਬੀ ਕਹਾਣੀ ਆਲੋਚਨਾ ਖੇਤਰ ਵਿਚ ਡਾ. ਨੀਲਮ ਸ਼ਰਮਾ ਇਕ ਨਿਵੇਕਲੀ ਹਸਤਾਖ਼ਰ ਹੈ। 'ਸਭਿਆਚਾਰਕ ਬਦਲਾਓ ਅਤੇ ਪੰਜਾਬੀ ਕਹਾਣੀ' ਉਪਰੰਤ ਉਸਦੀ ਹਥਲੀ ਕਹਾਣੀ ਆਲੋਚਨਾ ਪੁਸਤਕ ਉਸਦਾ ਕਹਾਣੀ ਆਲੋਚਨਾ ਪ੍ਰਤੀ ਦ੍ਰਿੜ੍ਹ ਸਨੇਹ ਦਰਸਾਉਂਦੀ ਹੈ। ਰਾਮ ਸਰੂਪ ਅਣਖੀ ਮਾਲਵੇ ਦਾ ਸਿਰਕੱਢ ਸਾਹਿਤਕਾਰ ਹੈ। ਅਜਿਹੇ ਸਾਹਿਤਕਾਰ ਦੀ ਸਾਹਿਤਿਕਤਾ ਦੀ ਪੜਚੋਲ ਕਰਨੀ ਇਕ ਬਹੁਤ ਵੱਡਾ ਜੇਰਾ ਹੈ ਅਤੇ ਡਾ. ਸ਼ਰਮਾ ਇਸ ਲਾਸਾਨੀ ਸ਼ਖ਼ਸੀਅਤ ਦੀ ਕਿਰਤ ਦੀ ਆਲੋਚਨਾ ਕਰਨ ਦਾ ਜ਼ੇਰਾ ਰੱਖਦੀ ਹੈ। ਆਪਣੇ ਪਹਿਲੇ ਅਧਿਆਇ ਵਿਚ ਉਹ ਰਾਮ ਸਰੂਪ ਅਣਖੀ ਦੀ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨੂੰ ਬਿਆਨਦੀ ਹੈ। ਦੂਸਰੇ ਅਧਿਆਇ ਵਿਚ ਸਮਾਜ ਦਾ ਸ਼ਾਸਤਰ ਅਤੇ ਸਾਹਿਤ ਸੰਦਰਭ ਦਾ ਡੂੰਘਾ ਅਧਿਐਨ ਕਰਦੀ ਹੋਈ ਸਮਾਜ ਅਤੇ ਸਾਹਿਤ ਦੇ ਸੰਬੰਧ ਨੂੰ ਸਾਕਾਰ ਕਰਦੀ ਹੈ। ਤੀਸਰੇ ਅਧਿਆਇ ਵਿਚ ਰਾਮ ਸਰੂਪ ਅਣਖੀ ਬਿਰਤਾਂਤ ਦਾ ਸਮਾਜ ਸ਼ਾਸਤਰੀ ਅਧਿਐਨ ਕਰਦੀ ਹੋਈ ਉਸ ਦੀਆਂ ਕਹਾਣੀ ਦੇ ਹਰੇਕ ਪਹਿਲੂ ਨੂੰ ਆਪਣੇ ਨਜ਼ਰੀਏ ਤੋਂ ਦ੍ਰਿਸ਼ਟੀਗਤ ਕਰਦੀ ਹੈ। ਕੁਲ ਮਿਲਾ ਕੇ ਹਥਲੀ ਪੁਸਤਕ ਕਹਾਣੀਕਾਰ ਅਣਖੀ ਦੀ ਕਹਾਣੀ ਦੇ ਬਹੁ ਪੱਖਾਂ ਨੂੰ ਸਾਕਾਰ ਕਰਦੀ ਹੋਈ ਇਕ ਉੱਤਮ ਕਿਰਤ ਹੈ।

**-ਡਾ. ਅੰਮ੍ਰਿਤਪਾਲ ਕੌਰ**



**ਪ੍ਰੋ. ਹਰਭਜਨ ਸਿੰਘ ਬਿਰਤਾਂਤ ਤੇ ਦ੍ਰਿਸ਼ਟੀ (ਆਲੋਚਨਾ, ਸੰਪਾਦਕ ਡਾ. ਮੋਹਨ ਤਿਆਗੀ)**

**ਪ੍ਰਕਾਸ਼ਕ : ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ**





**ਮੁੱਲ : 300 ਰੁਪਏ, ਪੰਨੇ : 232**

ਮੋਹਨ ਤਿਆਗੀ ਨੇ ਕਬੀਲਿਆ ਤੇ ਤਿੱਖੀ ਦ੍ਰਿਸ਼ਟੀ ਨਾਲ ਕਾਰਜ ਕੀਤਾ ਹੈ। ਪ੍ਰੰਤੂ ਉਸ ਦਾ ਮੁੱਖ ਖੋਜ ਕਾਰਜ ਗਲਪ ਰਿਹਾ ਹੈ। ਹੱਥਲੀ ਪੁਸਤਕ ਡਾ. ਤਿਆਗੀ ਨੇ ਹਰਭਜਨ ਸਿੰਘ ਦੇ ਨਾਵਲ ਤੇ ਕਹਾਣੀ ਸੰਗ੍ਰਹਿ ਦੀ ਆਲੋਚਨਾ ਪੁਸਤਕ ਸੰਪਾਦਕ ਕੀਤੀ ਹੈ। ਡਾ. ਧਨਵੰਤ ਕੌਰ, ਡਾ. ਮਾਨ ਸਿੰਘ ਢੀਂਡਸਾ, ਡਾ. ਜਸਵਿੰਦਰ ਸਿੰਘ, ਡਾ. ਸਰਬਜੀਤ ਸਿੰਘ, ਡਾ. ਬਲਕਾਰ ਸਿੰਘ, ਡਾ. ਰਜਿੰਦਰ ਪਾਲ ਸਿੰਘ ਬਰਾੜ, ਡਾ. ਲਾਭ ਸਿੰਘ ਖੀਵਾ, ਡਾ. ਸੰਤੋਖ ਸਿੰਘ ਸੁੱਖੀ ਸਮੇਤ ਅਨੇਕਾਂ ਨੇ ਉਸ ਦੇ ਗਲਪ ਦਾ ਭਿੰਨ ਭਿੰਨ ਪਸਾਰਾ ਦਾ ਵਿਸ਼ਲੇਸ਼ਣ ਕੀਤਾ ਹੈ। ਵਿਦਵਾਨਾ ਨੇ ਆਲੋਚਨਾ ਦਾ ਮੁੱਖ ਪੁਸਤਕਾਂ ਬਿਨ ਸਿੰਗੇ ਸਾਨ੍ਹ, ਰੇਸ, ਕਲਾਸ ਤੇ ਜੰਗ, ਗਰਾਊਂਡ ਜ਼ੀਰੋ ਆਦਿ ਨੂੰ ਅਧਾਰ ਬਣਾਇਆ ਹੈ। ਅੰਤ ਵਿਚ ਪ੍ਰੋ. ਹਰਭਜਨ ਸਿੰਘ ਦੀਆਂ ਤਿੰਨ ਮੁਲਾਕਾਤਾਂ ਵੱਖ ਵੱਖ ਵਿਦਵਾਨਾਂ ਵਲੋਂ ਕੀਤੀਆਂ ਹੋਈਆਂ ਛਾਪੀਆਂ ਗਈਆਂ ਹਨ। ਜਿਨ੍ਹਾਂ ਤੋਂ ਉਨ੍ਹਾਂ ਦੀਆਂ ਲਿਖਤਾਂ ਨੂੰ ਸਮਝਿਆ ਜਾ ਸਕਦਾ ਹੈ। ਲੇਖਕ ਦੀਆਂ ਲਿਖਤਾਂ ਵਿਚੋਂ ਵੱਖ ਵੱਖ ਪਾਸਾਰਾਂ ਦਾ ਨਿੱਠ ਕੇ ਵਿਸ਼ਲੇਸ਼ਣ ਹੋਇਆ ਹੈ। ਪ੍ਰੋ. ਹਰਭਜਨ ਸਿੰਘ ਦੇ ਗਲਪੀ ਸੰਸਾਰ ਨੂੰ ਸਮਝਣ ਲਈ ਬੜੀ ਮੁੱਲਵਾਨ ਪੁਸਤਕ ਹੈ।

**ਪੰਜਾਬ ਦੇ ਖਾਨਾਬਦੋਸ਼ ਕਬੀਲੇ-ਸਭਿਆਚਾਰ ਅਤੇ ਲੋਕ ਜੀਵਨ ( ਡਾ. ਮੋਹਨ ਤਿਆਗੀ)**


**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ**




**ਮੁੱਲ : 200 ਰੁਪਏ, ਪੰਨੇ : 242**

'ਬਾਜੀਗਰ ਕਬੀਲੇ ਦਾ ਸਭਿਆਚਾਰ' ਤੋਂ ਬਾਅਦ ਲੇਖਕ ਦੀ ਇਹ ਕਬੀਲੇ ਸਭਿਆਚਾਰ ਦੀ ਦੂਜੀ ਪੁਸਤਕ ਹੈ। ਪੰਜਾਬ ਦੀ ਸਭਿਆਚਾਰਕ ਇਤਿਹਾਸਕਾਰੀ ਨੇ ਨਾ ਮਾਤਰ ਕਾਰਜ ਹੀ ਹੁਣ ਤੱਕ ਹੋਇਆ ਹੈ। ਲੇਖਕ ਦਾ ਇਹ ਜਤਨ ਬਹੁਤ ਹੀ ਸਲਾਘਾਯੋਗ ਹੈ। ਪੁਸਤਕ ਵਿਚ ਬਾਜ਼ੀਗਰ, ਸਿਕਲੀਗਰ, ਸਾਂਸੀ, ਮਰਾਸੀ, ਬੌਰੀਆ, ਗੁਜ਼ਰ, ਬੰਗਾਲਾ, ਨਟ ਆਦਿ ਕਬੀਲਿਆਂ ਦੇ ਸਭਿਆਚਾਰ, ਰਸਮੋ ਰਿਵਾਜ਼, ਰਹਿਣ ਸਹਿਣ, ਰੀਤੀ ਰਿਵਾਜ਼ ਆਦਿ ਬਾਰੇ ਤਰਕ ਨਾਲ ਇਤਿਹਾਸਕਾਰੀ ਕੀਤੀ ਗਈ ਹੈ। ਇਤਿਹਾਸਕਾਰੀ ਅਤੇ ਹਰ ਕਬੀਲੇ ਨਾਲ ਜੁੜੀਆਂ ਮਿੱਥਾਂ ਦਾ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ। ਇਨ੍ਹਾਂ ਕਬੀਲਿਆਂ ਦਾ ਤੁਲਨਾਤਮਿਕ ਅਧਿਐਨ ਕਰਦਿਆਂ ਇਹ ਧਾਰਨਾ ਉਭਰਦੀ ਹੈ ਕਿ ਇਹ ਕਬੀਲੇ ਆਪਣਾ ਪਿਛੋਕੜ ਰਾਜਸਥਾਨ-ਗੁਜਰਾਤ ਨਾਲ ਜੋੜਦੇ ਹਨ। ਅੱਗੇ ਕਬੀਲਿਆਂ ਦੀ ਬੋਲੀ, ਪਹਿਰਾਵਾ, ਟੋਟਮ ਤੇ ਟੈਬੂ ਆਦਿ ਦੀ ਵੀ ਪੜਚੋਲ ਕੀਤੀ ਗਈ ਹੈ। ਸਾਰੇ ਕਬੀਲਿਆਂ ਵਿਚ ਅਨੇਕਾਂ ਪੇਸ਼ਾਵਰ ਕਲਾਕਾਰ ਵਜੋਂ ਮਾਨਤਾ ਪ੍ਰਾਪਤ ਕਰਦੇ ਹਨ। ਪੰਜਾਬ ਦੇ ਲੋਕ ਨਾਚਾਂ, ਲੋਕ ਨਾਟਾਂ, ਸੰਗੀਤ, ਕੋਮਲ

ਕਲਾਵਾਂ, ਲੋਕ ਸਾਜ਼ਾਂ, ਲੋਕ ਮੰਨੋਰੰਜਨ ਆਦਿ ਖੇਤਰਾਂ ਵਿਚ ਇਨ੍ਹਾਂ ਕਲਾਕਾਰਾਂ ਦੀ ਵਿਸ਼ੇਸ਼ ਭੂਮਿਕਾ ਰਹਿੰਦੀ ਹੈ। ਪ੍ਰੰਤੂ ਇਸ ਦੇ ਬਾਵਜੂਦ ਵੀ ਇਹ ਸਾਰੇ ਕਬੀਲੇ ਹਰ ਫਰੰਟ ਤੇ ਹਾਸ਼ੀਏ ਤੇ ਰਹਿੰਦੇ ਹਨ। ਪੁਸਤਕ ਪੜ੍ਹਨ ਵਿਚ ਰੌਚਿਕ ਤੇ ਵਿਧੀਵਧ ਤਰੀਕੇ ਨੇ ਲਿਖੀ ਗਈ ਹੈ।





**ਪੰਜਾਬ ਦੇ ਟੱਪਰੀਵਾਸ ( ਸੰਪਾਦਕ ਬਲਦੇਵ ਸਿੰਘ 'ਬੱਦਨ')**

**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ**

**ਮੁੱਲ : 125 ਰੁਪਏ, ਪੰਨੇ : 130**

ਪੰਜਾਬ ਦੇ ਕਬੀਲਿਆਂ ਦੇ ਅਧਿਆਨ ਅਤੇ ਅਧਿਆਪਨ ਕਾਰਜ ਕਰਨ ਵਾਲੇ ਪੰਜਾਬ ਦੇ ਅੱਠ ਵਿਦਵਾਨਾ ਆਲੋਚਨਾ ਲੇਖਾਂ ਨੂੰ ਡਾ. ਬੱਦਨ ਨੇ ਇਸ ਪੁਸਤਕ ਵਿਚ ਸੰਪਾਦਤ ਕੀਤਾ ਹੈ। ਕਿਰਪਾਲ ਕਜ਼ਾਕ, ਡਾ. ਦਰਿਆ, ਡਾ. ਬੂਟਾ ਸਿੰਘ ਬਰਾੜ, ਡਾ. ਮੋਹਨ ਤਿਆਗੀ, ਡਾ. ਜਸਵਿੰਦਰ ਸ਼ਰਮਾ, ਮਨਜੀਤ ਸਿੰਘ ਚਹਿਲ, ਬੱਲਮ ਲੀਂਬਾ ਤੇ ਪ੍ਰਿੰਸਟਨ ਆਦਿ ਨੇ ਵੱਖ ਵੱਖ ਕਬੀਲਿਆ ਦੇ ਭਿੰਨ ਭਿੰਨ ਪੱਖਾਂ ਦਾ ਅਧਿਐਨ ਕਰਕੇ ਆਪਣੀ ਕੁਝ ਧਾਰਨਾ ਬਣਾਉਣ ਦਾ ਜਤਨ ਕੀਤਾ ਹੈ। ਜਿਨ੍ਹਾਂ ਦੇ ਅਧਾਰ ਤੇ ਅਸੀਂ ਇਨ੍ਹਾਂ ਕਬੀਲਿਆਂ ਸਥਿਤੀ ਅਤੇ ਸਮਾਜ ਵਿਚ ਇਨ੍ਹਾਂ ਸਪੇਸ਼ ਨੂੰ ਨਿਰਧਾਰਤ ਕਰਨ ਲਈ ਕੁਝ ਨੁਕਤੇ ਪੈਦਾ ਕਰਦੇ ਹਾਂ। ਕਜ਼ਾਕ ਨੇ ਕਬੀਲੇ ਦੇ ਸਿਧਾਂਤਕ ਪਰਿਪੇਖ ਅਧੀਨ ਪਰਖ ਕੀਤੀ ਹੈ। ਸਮਕਾਲੀ ਪ੍ਰਸੰਗ ਵਿਚ ਪੰਜਾਬ ਦੇ ਕਬੀਲਿਆਂ ਨੂੰ ਦਰਿਆ ਦਾ ਪਰਖਿਆ ਹੈ। ਇਨ੍ਹਾਂ ਦੀ ਭਾਸ਼ਾ ਨੇ ਬੂਟਾ ਸਿੰਘ ਬਰਾੜ ਨਾ ਅਧਿਐਨ ਕੀਤਾ ਹੈ। ਬਾਜ਼ੀਗਰ ਕਬੀਲੇ ਬਾਰੇ ਤਿਆਗੀ ਨੇ ਸਿਧਾਂਤਕ ਨੁਕਤੇ ਪੇਸ਼ ਕੀਤੇ ਹਨ। ਇਸੇ ਤਰ੍ਹਾਂ ਬਾਵਰੀਆ, ਮਰਾਸੀ ਅਤੇ ਸਾਂਸੀ ਕਬੀਲੇ ਬਾਰੇ ਵੀ ਵਿਦਵਾਨਾਂ ਨੇ ਆਪਣੇ ਆਪਣੇ ਅਧਿਆਨ ਦਾ ਅਧਾਰ ਬਣਾਇਆ ਹੈ। ਨਿਸਚੇ ਹੀ ਇਹ ਪੁਸਤਕ ਪੰਜਾਬ ਦੇ ਕਬੀਲਿਆਂ ਦੀ ਸੱਭਿਆਚਾਰਕ ਬਣਤਰ ਨੂੰ ਬਹੁਤ ਮੁੱਲਵਾਨ ਜਾਣਕਾਰੀ ਦਿੰਦੀ ਹੈ।




**ਲੋਲਿਤਾ (ਵਲਾਦੀਮੀਰ ਨਾਬੋਕੋਵ, ਅਨੁ. ਬਲਦੇਵ ਸਿੰਘ 'ਬੱਦਨ')**

**ਪ੍ਰਕਾਸ਼ਕ : ਆਰਸ਼ੀ ਪਬਲਿਸ਼ਰਜ਼, ਦਿੱਲੀ**

**ਮੁੱਲ : 275 ਰੁਪਏ, ਪੰਨੇ : 14**

ਲੋਲਿਤਾ ਜਗਤ ਪ੍ਰਸਿੱਧ ਨਾਵਲ ਹੈ, ਜਿਸ ਵਿਚ ਨਾਵਲਕਾਰ ਨੇ ਇਕ ਅਜਿਹੇ ਮਾਨਸਿਕ ਤੌਰ ਤੇ ਬਿਮਾਰ ਵਿਦਵਾਨ ਨੂੰ ਚਿਤਰਿਆ ਹੈ ਜਿਹੜਾ ਆਪਣੀ ਕਾਮ ਤ੍ਰਿਪਤੀ ਦੇ ਲਈ ਬਾਰਾਂ ਤੋਂ ਚੌਦਾ ਸਾਲ ਦੀਆਂ ਅੱਲੜ ਕੁੜੀਆਂ ਦਾ ਸ਼ਿਕਾਰ ਕਰਦਾ ਹੈ। ਉਸ ਵੱਡੀ ਉਮਰ ਦੇ ਬੰਦੇ ਦਾ ਕਰੂਰ ਚਿਹਰਾ ਲੇਖਕ ਨੇ ਚਿਤਰਿਆ ਹੈ। ਉਸ ਦੀ ਅਵਾਰਗੀ, ਮੈਲ਼ਾਪਨ, ਗੈਰ ਵਿਹਾਰਕ ਗੱਲਾਂ ਕਰਦਾ ਹੋਇਆ ਅਜਿਹੀ ਮਾਨਸਿਕ ਵਿਕ੍ਰਤੀ ਦਾ ਸ਼ਿਕਾਰ ਹੋ ਜਾਂਦਾ ਹੈ। ਨਾਵਲ ਦੀ ਲੋਲਿਤਾ ਅਜਿਹੀ ਔਰਤ ਹੈ ਜਿਸ ਰਾਹੀ ਨਾਵਲ ਦਾ 'ਮੈਂ' ਪਾਤਰ ਇਕ ਹੋਰ ਮਾਨਸਿਕ ਤੌਰ ਤੇ ਬਿਮਾਰ ਕਿਵਲਟੀ ਪਾਤਰ ਨੂੰ ਪੂਰੀ ਤਰ੍ਹਾਂ ਉਸਰਦਾ ਹੈ। ਨਾਵਲ ਦਾ ਅਨੁਵਾਦ ਡਾ 'ਬੱਦਨ' ਬੜੀ ਕੁਸ਼ਲਤਾ ਨਾਲ ਕੀਤਾ ਹੈ।

**-ਸਰੋਜ**



## ਹੁੰਗਾਰਾ

ਕਹਾਣੀ ਧਾਰਾ ਦਾ ਮਰਾਠੀ ਦਲਿਤ ਕਹਾਣੀ ਅੰਕ-35 ਮੈਨੂੰ ਮਿਲ ਗਿਆ ਹੈ। ਮੈਂ ਇਸ ਨੂੰ ਪੜ੍ਹ ਤਾਂ ਨਹੀਂ ਸਕਦਾ। ਪਰ ਮੈਨੂੰ ਇਕ ਗੱਲ ਦੀ ਖੁਸ਼ੀ ਹੋਈ ਹੈ ਕਿ ਤੁਸੀਂ ਮਰਾਠੀ ਕਹਾਣੀ ਪੰਜਾਬੀ ਪਾਠਕਾਂ ਤੱਕ ਲੈ ਕੇ ਗਏ ਹੋ। ਮਰਾਠੀ ਵਿਚ ਦਲਿਤ ਸਾਹਿਤ ਦੀ ਧਾਰਾ ਵਹਿ ਰਹੀ ਹੈ ਉਹ ਪੰਜਾਬ 'ਚ ਪਹੁੰਚੀ ਹੈ ਮੈਨੂੰ ਇਸ ਗੱਲ ਦੀ ਬਹੁਤ ਤਸੱਲੀ ਹੈ। ਪਿਛਲੇ ਹਫ਼ਤੇ ਤੁਹਾਡੇ ਰਸਾਲੇ ਦਾ ਜ਼ਿਕਰ ਮੈਂ ਇਥੋਂ ਦੀ ਇਕ ਯੂਨੀਵਰਸਿਟੀ ਵਿਚ ਕਰ ਕੇ ਆਇਆ ਹਾਂ... ਵਧਾਈ। - **ਸ਼ਰਣ ਕੁਮਾਰ ਲਿੰਬਾਲੇ**, ਪੂਨਾ, ਮਹਾਂਰਾਸ਼ਟਰ

ਕਹਾਣੀ-ਧਾਰਾ ਦਾ ਪਿਛਲਾ ਅੰਕ 'ਮਰਾਠੀ ਦਲਿਤ- ਕਹਾਣੀ ਅੰਕ' ਪੜਿਆ, ਬਹੁਤ ਵਧੀਆ ਲੱਗਿਆ। ਮਰਾਠੀ ਦਲਿਤ ਕਹਾਣੀ ਰਾਹੀਂ ਮਰਾਠੀ ਦਲਿਤ ਚੇਤਨਾ, ਮਰਾਠੀ ਕਹਾਣੀ-ਕਲਾ, ਮਰਾਠੀ ਸੱਭਿਆਚਾਰ ਨੂੰ ਅਨੁਵਾਦ ਰਾਹੀਂ ਪੰਜਾਬੀ ਪਾਠਕਾਂ ਦੇ ਸਨਮੁੱਖ ਰੱਖਣ ਲਈ ਭਗਵੰਤ ਰਸੂਲਪੁਰੀ ਵਧਾਈ ਦੇ ਪਾਤਰ ਹਨ। ਕਹਾਣੀਆਂ ਦਾ ਅਨੁਵਾਦ ਪੜਦੇ ਹੋਏ ਮੌਲਿਕ ਲਿਖਤ ਪੜਨ੍ਹ ਵਰਗਾ ਅਨੰਦ ਆਇਆ। ਪਰਚੇ ਵਿੱਚ ਸ਼ਾਮਿਲ ਸਾਰੀਆਂ ਹੀ ਕਹਾਣੀਆਂ ਸਾਡੇ ਭਾਰਤੀ ਸਮਾਜ ਵਿੱਚ ਹੁਣ ਤੱਕ ਪ੍ਰਚਲਿਤ ਜਾਤ-ਪਾਤ ਅਤੇ ਛੂਤ-ਛਾਤ ਉਤੇ ਗਹਿਰਾ ਵਿਅੰਗ ਹਨ। ਜੇਕਰ ਕਹਾਣੀਆਂ ਦੇ ਵਿਸ਼ੇ ਦੀ ਗੱਲ ਕਰੀਏ ਤਾਂ ਅਤਿ ਦੀ ਗਰੀਬੀ ਵਿੱਚ ਜੀਵਨ ਲਈ ਸੰਘਰਸ਼ ਕਿੰਨਾ ਕਰੁਣਾਮਈ ਹੋ ਜਾਂਦਾ ਹੈ, ਇਹ ਸਾਨੂੰ ਕਹਾਣੀ 'ਕਬਰਿਸਤਾਨ ਦਾ ਸੋਨਾ' ਪੜ੍ਹ ਕੇ ਪਤਾ ਲੱਗਦਾ ਹੈ, ਜਿਸ ਵਿੱਚ ਇੱਕ ਲਾਸ਼ ਲਈ ਮਨੁੱਖ ਅਤੇ ਗਿੱਦੜਾਂ ਦਾ ਖੂਨੀ ਸੰਘਰਸ਼ ਦਿਖਾਇਆ ਗਿਆ ਹੈ। ਇਸੇ ਤਰ੍ਹਾਂ ਕਹਾਣੀ 'ਪਡ' ਵਿੱਚ ਮਰੀ ਹੋਈ ਗਊ ਦੇ ਮਾਸ ਲਈ ਮਨੁੱਖ ਅਤੇ ਕੁੱਤਿਆਂ- ਕਾਵਾਂ ਵਿੱਚ ਸੰਘਰਸ਼ ਹੁੰਦਾ ਹੈ। ਜਿਆਦਾਤਰ ਕਹਾਣੀਆਂ ਵਿੱਚ ਜਾਤ-ਪਾਤ ਅਤੇ ਛੂਤ-ਛਾਤ ਮੁੱਖ ਵਿਸ਼ਾ ਹੈ। ਕਹਾਣੀ 'ਸਾਰਾ ਅਕਾਸ਼ ਫਟ ਚੁੱਕਾ ਹੈ' ਵਿੱਚ ਬਿਨਾਂ ਕਿਸੇ ਗਲਤੀ ਤੋਂ ਸਕਾ ਚਾਚਾ ਉਤੇ ਉਬਲ਼ਦਾ ਪਾਣੀ ਸੁੱਟਣਾ ਅਤੇ ਕਹਾਣੀ 'ਬਦਲਾ' ਵਿੱਚ ਗੁਣਵੰਤ ਨੂੰ ਸਿਰਫ ਉਚ ਜਾਤੀ ਵਾਲ਼ਿਆਂ ਦੇ ਬਾਗ ਦਾ ਪਾਣੀ ਪੀਣ ਲਈ ਜ਼ਲੀਲ ਕਰਨਾ ਉਨ੍ਹਾਂ ਲੋਕਾਂ ਦੀ ਸੌੜੀ ਸੋਚ ਉਤੇ ਚੋਟ ਹੈ।

ਕੁੱਝ ਕਹਾਣੀਆਂ ਵਿੱਚ ਦਲਿਤਾਂ ਦੇ ਸਮਾਜਿਕ ਅਤੇ ਆਰਥਿਕ ਜੀਵਨ ਪੱਧਰ ਨੂੰ ਉਚਾ ਚੱਕਣ ਲਈ ਹੱਲ ਵੀ ਸੁਝਾਏ ਗਏ ਹਨ, ਜਿਵੇਂ ਕਹਾਣੀ 'ਇਹਨੂੰ ਛੱਡ ਕੇ ਕੋਈ ਵੀ' ਵਿੱਚ ਸਿਰਫ ਇੱਕ ਇਮਾਨਦਾਰ ਅਫਸਰ ਹੀ ਇਲਾਕੇ ਦੇ ਕਿੰਨੇ ਦਲਿਤਾਂ ਦਾ ਜੀਵਨ ਪੱਧਰ ਉਚਾ ਚੁੱਕ ਦਿੰਦਾ ਹੈ, ਉਹ ਵੀ ਸੰਵਿਧਾਨ ਵਿੱਚ ਮੌਜੂਦ ਉਨ੍ਹਾਂ ਦੇ ਅਧਿਕਾਰ ਉਨ੍ਹਾਂ ਨੂੰ ਦੇ ਕੇ। ਇਸੇ ਪ੍ਰਕਾਰ ਕਹਾਣੀ 'ਜਾਲ' ਵਿੱਚ ਦਲਿਤਾਂ ਦਾ ਏਕਾ ਉਨ੍ਹਾਂ ਦੀ ਤਾਕਤ ਬਣ ਜਾਂਦਾ ਹੈ ਅਤੇ ਉਹ ਜ਼ਾਲਮ ਵਰਗ ਦਾ ਮੁਕਾਬਲਾ ਨੰਗੇ ਧੜ ਕਰਦੇ ਹਨ।

ਇਹ ਕਹਾਣੀਆਂ ਕਲਾ ਪੱਖੋਂ ਵੀ ਸ਼ਕਤੀਸ਼ਾਲੀ ਹਨ। ਕਹਾਣੀਕਾਰਾਂ ਨੇ ਕਹਾਣੀਆਂ ਵਿਚਲਾ ਵਾਤਾਵਰਨ ਬਾਖੂਬੀ ਪੇਸ਼ ਕੀਤਾ ਹੈ। ਕਹਾਣੀ 'ਸ਼ਮਸ਼ਾਨ' ਵਿੱਚ ਮੀਂਹ ਵਾਲ਼ੀ ਹਨੇਰੀ ਰਾਤ, ਸ਼ਮਸ਼ਾਨ ਵਿੱਚਲਾ ਚਿੱਕੜ ਅਤੇ ਚਿੱਕੜ ਵਿੱਚ ਹੋ ਰਹੀ ਪੁਟਾਈ ਪਾਠਕਾਂ ਦੇ ਅੱਖਾਂ ਸਾਹਮਣੇ ਵਾਪਰਦੇ ਦਿਖਾਈ ਦਿੰਦੇ ਹਨ। ਕਹਾਣੀ 'ਕਬਰਿਸਤਾਨ ਦਾ ਸੋਨਾ' ਵਿੱਚ ਤਾਂ ਭੀਮਾ ਦੁਆਰਾ ਲਾਸ਼ ਕੱਢਣ ਦਾ ਦ੍ਰਿਸ਼ ਬਹੁਤ ਹੀ ਸਜੀਵ ਹੈ। ਇਸ ਤੋਂ ਬਿਨਾਂ ਕਹਾਣੀਆਂ ਦੀ ਭਾਸ਼ਾ ਅਤੇ ਵਾਰਤਾਲਾਪ ਬਹੁਤ ਢੁੱਕਵੇਂ ਹਨ। ਸਾਰੀਆਂ ਕਹਾਣੀਆਂ ਅਮੀਰ ਅਨੁਭਵ ਅਤੇ ਸੰਵੇਦਨਾ ਦੀ ਉਪਜ ਪ੍ਰਤੀਤ ਹੁੰਦੀਆਂ ਹਨ। ਕਹਾਣੀ 'ਉਦਾਸੀ' ਵਿੱਚ ਵਰਤੀ ਉਤਮ- ਪੁਰਖੀ ਵਿਧਾ ਬਹੁਤ ਪ੍ਰਭਾਵਿਤ ਕਰਦੀ ਹੈ। ਕਹਾਣੀ 'ਇਹਨੂੰ ਛੱਡ ਕੇ ਕੋਈ ਵੀ' ਦੀ ਸ਼ੈਲੀ ਵਿਲੱਖਣ ਹੀ ਹੈ, ਸਾਰੀ ਕਹਾਣੀ ਵਾਰਤਾਲਾਪਾਂ ਰਾਹੀਂ ਹੀ ਪੇਸ਼ ਕੀਤੀ ਗਈ ਹੈ - **ਸੰਦੀਪ ਸਿੰਘ, ਲਾਡਪੁਰ**